
PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
29th Jan - 5th Feb 2026 • Issue No. 3115
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!


Immigration Advice Bureau
Tel: 020 8571 6680
www.iabl.co.uk




ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ.,
ਯੂਰਪ ਐਂਡ ਅਬਰੋਡ ਵੱਲੋਂ
**ਵਿਸ਼ੇਸ਼ ਅੰਕ**

ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ., ਯੂਰਪ ਅਤੇ ਅਬਰੋਡ ਤੇ ਸਾਰੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ
ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 1 ਫਰਵਰੀ 2026 ਨੂੰ ਅਵਤਾਰ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ

**ਇਸ ਸਾਲ ਦਾ ਵਿਸ਼ੇਸ਼ ਪ੍ਰੋਗਰਾਮ ਸ੍ਰੀ ਗੁਰੂ ਰਵਿਦਾਸ ਭਵਨ ਬੈਡਫੋਰਡ ਵਿਖੇ 29 ਤੋਂ 31 ਮਈ ਤੱਕ ਹੋਵੇਗਾ**
**VENUE: SRI GURU RAVIDASS BHAWAN, GURU RAVIDASS LANE, BEDFORD, MK40 1ED, U.K.**

# PANJAB TIMES

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

Bridle Gate Lane, Derby, DE24 0QW, U.K. • Tel: 01332-372851
WhatsApp: 07966 388388 • Email: panjabtimes@aol.com • Est: 1965
www.panjabtimes.uk facebook PunjabTimesUK YouTube PunjabTimesUK

# 2026

60th ANNIVERSARY

## ਮੂਲ ਨਾਨਕਸ਼ਾਹੀ ਕੈਲੰਡਰ (2003) NANAKSHAHI CALENDAR

## ਗੁਰਪੁਰਬ

| | |
|---|---|
| ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 05-01 |
| ਅਵਤਾਰ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ | 31-01 |
| ਗੁਰਿਆਈ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ | 14-03 |
| ਜੋਤੀ ਜੋਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 19-03 |
| ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 16-04 |
| ਗੁਰਿਆਈ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 16-04 |
| ਜੋਤੀ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 16-04 |
| ਗੁਰਿਆਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 16-04 |
| ਅਵਤਾਰ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 18-04 |
| ਅਵਤਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 18-04 |
| ਅਵਤਾਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 02-05 |
| ਅਵਤਾਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 23-05 |
| ਗੁਰਿਆਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 11-06 |
| ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 16-06 |
| ਅਵਤਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 05-07 |
| ਸ਼ਸਤਰ ਧਾਰਨ ਦਿਵਸ ਪਾਤਿਸ਼ਾਹੀ ਛੇਵੀਂ | 21-07 |
| ਅਵਤਾਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 23-07 |
| ਸੰਪੂਰਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30-08 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲਾ ਪ੍ਰਕਾਸ਼ | 01-09 |
| ਜੋਤੀ ਜੋਤ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 16-09 |
| ਗੁਰਿਆਈ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 16-09 |
| ਜੋਤੀ ਜੋਤ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 16-09 |
| ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 16-09 |
| ਗੁਰਿਆਈ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 18-09 |
| ਜੋਤੀ ਜੋਤ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 22-09 |
| ਅਵਤਾਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 09-10 |
| ਜੋਤੀ ਜੋਤ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ | 20-10 |
| ਗੁਰਿਆਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 20-10 |
| ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਨੰਦੇੜ) | 20-10 |
| ਜੋਤੀ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 21-10 |
| ਅਵਤਾਰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 24-11 |
| ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 24-11 |
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 24-11 |

## ਇਤਿਹਾਸਕ ਦਿਹਾੜੇ

| | |
|---|---|
| ਸ਼ਹੀਦੀ ਭਾਈ ਗੁਰਦੇਵ ਸਿੰਘ ਜੀ ਕਾਉਂਕੇ | 01-01 |
| ਸ਼: ਭਾ: ਕੇਹਰ ਸਿੰਘ ਅਤੇ ਭਾ: ਸਤਵੰਤ ਸਿੰਘ | 06-01 |
| ਲੋਹੜੀ | 12-01 |
| ਮੇਲਾ ਮਾਘੀ ਮੁਕਤਸਰ | 13-01 |
| ਜਨਮ ਦਿਨ ਭਗਤ ਰਵਿਦਾਸ ਜੀ | 01-02 |
| ਜਨਮ ਦਿਨ ਸਾਹਿਬਜ਼ਾਦਾ ਅਜੀਤ ਸਿੰਘ | 11-02 |
| ਸ਼ਹੀਦੀ ਸਾਕਾ ਨਾਨਕਾਣਾ ਸਾਹਿਬ ਗੰਗਸਰ ਜੈਤੋ | 21-02 |
| ਹੋਲਾ ਮਹੱਲਾ (ਅਨੰਦਪੁਰ ਸਾਹਿਬ) | 04-03 |
| ਨਾਨਕਸ਼ਾਹੀ ਸੰਮਤ 557/58 ਆਰੰਭ | 14-03 |
| ਸ਼ਹੀਦੀ ਦਿਨ ਸ: ਭਗਤ ਸਿੰਘ | 23-03 |
| ਜਨਮ ਦਿਨ ਸਾਹਿਬਜ਼ਾਦਾ ਜੁਝਾਰ ਸਿੰਘ ਜੀ | 09-04 |
| ਵਿਸਾਖੀ (ਖਾਲਸੇ ਦੀ ਸਾਜਣਾ) | 14-04 |
| ਜਨਮ ਦਿਨ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ | 05-05 |
| ਸ਼ਹੀਦੀ ਜਨਰਲ ਲਾਭ ਸਿੰਘ | 12-05 |
| ਸ਼ਹੀਦੀ ਭਾਈ ਅਵਤਾਰ ਸਿੰਘ ਬ੍ਰਹਮਾ | 21-05 |
| ਸ਼ਹੀਦੀ ਭਾਈ ਮਹਿੰਗਾ ਸਿੰਘ ਬੱਬਰ | 01-06 |
| ਘੱਲੂਘਾਰਾ (ਦਰਬਾਰ ਸਾਹਿਬ ਅੰਮ੍ਰਿਤਸਰ–84) | 06-06 |
| ਸ਼ਹੀਦੀ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ | 06-06 |
| ਸ਼ਹੀਦੀ ਭਾਈ ਅਮਰੀਕ ਸਿੰਘ ਜੀ | 06-06 |
| ਸ਼ਹੀਦੀ ਭਾਈ ਸੁਬੇਗ ਸਿੰਘ ਜੀ | 06-06 |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ | 25-06 |
| ਬਰਸੀ ਮਹਾਰਾਜਾ ਰਣਜੀਤ ਸਿੰਘ | 29-06 |
| ਸ਼ਹੀਦੀ ਦਿਨ ਭਾਈ ਮਨੀ ਸਿੰਘ ਜੀ | 09-07 |
| ਸ਼ਹੀਦੀ ਭਾਈ ਤਾਰੂ ਸਿੰਘ ਜੀ | 16-07 |
| ਸ਼ਹੀਦੀ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ | 29-07 |
| ਸ਼ਹੀਦੀ ਦਿਨ ਸ: ਊਧਮ ਸਿੰਘ ਜੀ ਸ਼ਹੀਦ | 31-07 |
| ਸ਼ਹੀਦੀ ਭਾਈ ਸੁਖਦੇਵ ਸਿੰਘ ਬੱਬਰ | 09-08 |
| ਸ਼ਹੀਦੀ ਦਿਨ ਭਾਈ ਦਿਲਾਵਰ ਸਿੰਘ ਬੱਬਰ | 31-08 |
| ਸ਼ਹੀਦੀ ਸਾਕਾ ਸਾਰਾਗੜ੍ਹੀ | 12-09 |
| ਬਰਸੀ ਬਾਬਾ ਬੁੱਢਾ ਜੀ | 18-09 |
| ਸ਼: ਹਰਜਿੰਦਰ ਸਿੰਘ ਜਿੰਦਾ ਸੁਖਦੇਵ ਸਿੰਘ ਸੁੱਖਾ | 09-10 |
| ਸ਼ਹੀਦੀ ਭਾਈ ਨਿਰਮਲ ਸਿੰਘ ਨਿੰਮਾ | 18-10 |
| ਜਨਮ ਦਿਨ ਸਾਹਿਬਜ਼ਾਦਾ ਜ਼ੋਰਾਵਰ ਸਿੰਘ | 28-10 |
| ਸ਼ਹੀਦੀ ਦਿਨ ਭਾਈ ਬੇਅੰਤ ਸਿੰਘ | 31-10 |
| ਜਨਮ ਦਿਨ ਮਾਤਾ ਸਾਹਿਬ ਕੌਰ ਜੀ | 01-11 |
| ਬੰਦੀਛੋੜ ਦਿਵਸ ਪਾਤਿਸ਼ਾਹੀ 6ਵੀਂ, ਦੀਵਾਲੀ | 08-11 |
| ਸ਼ਹੀਦੀ ਦਿਨ ਬਾਬਾ ਦੀਪ ਸਿੰਘ ਜੀ | 13-11 |
| ਸ਼ਹੀਦੀ ਸ: ਕਰਤਾਰ ਸਿੰਘ ਸਰਾਭਾ | 16-11 |
| ਸ਼ਹੀਦੀ ਸ: ਜਸਵੰਤ ਸਿੰਘ ਖਾਲੜਾ | 25-11 |
| ਅਕਾਲ ਚਲਾਣਾ ਭਾਈ ਮਰਦਾਨਾ ਜੀ | 28-11 |
| ਜਨਮ ਦਿਨ ਸਾਹਿਬਜ਼ਾਦਾ ਫਤਹਿ ਸਿੰਘ | 12-12 |
| ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ ਸਾਹਿਬ) | 21-12 |
| ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) | 26-12 |
| ਜਨਮ ਦਿਨ ਸ਼ਹੀਦ ਸ: ਊਧਮ ਸਿੰਘ ਜੀ | 26-12 |

## ਸੰਗਰਾਂਦ

| | | |
|---|---|---|
| 13 ਜਨਵਰੀ | 15 ਮਈ | 15 ਸਤੰਬਰ |
| 12 ਫਰਵਰੀ | 15 ਜੂਨ | 15 ਅਕਤੂਬਰ |
| 14 ਮਾਰਚ | 16 ਜੁਲਾਈ | 14 ਨਵੰਬਰ |
| 14 ਅਪ੍ਰੈਲ | 16 ਅਗਸਤ | 14 ਦਸੰਬਰ |

## UK PUBLIC HOLIDAYS

| | |
|---|---|
| New Year's Day | Thursday 1st Jan |
| Good Friday | Friday 3rd Apr |
| Easter Monday | Monday 6th Apr |
| May Bank Holiday | Monday 4th May |
| Spring Bank Holiday | Monday 25th May |
| Summer Bank Holiday | Monday 31st Aug |
| Christmas Day | Friday 25th Dec |
| Boxing Day Holiday | Monday 28th Dec |

### ਜਨਵਰੀ • JANUARY • 2026

| | | | | | |
|---|---|---|---|---|---|
| ਸੋਮ Mon | | 5<br>23 ਪੋਹ | 12<br>30 ਪੋਹ | 19<br>7 ਮਾਘ | 26<br>14 ਮਾਘ |
| ਮੰਗਲ Tue | | 6<br>24 ਪੋਹ | 13<br>1 ਮਾਘ | 20<br>8 ਮਾਘ | 27<br>15 ਮਾਘ |
| ਬੁੱਧ Wed | | 7<br>25 ਪੋਹ | 14<br>2 ਮਾਘ | 21<br>9 ਮਾਘ | 28<br>16 ਮਾਘ |
| ਵੀਰ Thu | 1<br>19 ਪੋਹ | 8<br>26 ਪੋਹ | 15<br>3 ਮਾਘ | 22<br>10 ਮਾਘ | 29<br>17 ਮਾਘ |
| ਸ਼ੁੱਕਰ Fri | 2<br>20 ਪੋਹ | 9<br>27 ਪੋਹ | 16<br>4 ਮਾਘ | 23<br>11 ਮਾਘ | 30<br>18 ਮਾਘ |
| ਸ਼ਨੀ Sat | 3<br>21 ਪੋਹ | 10<br>28 ਪੋਹ | 17<br>5 ਮਾਘ | 24<br>12 ਮਾਘ | 31<br>19 ਮਾਘ |
| ਐਤ Sun | 4<br>22 ਪੋਹ | 11<br>29 ਪੋਹ | 18<br>6 ਮਾਘ | 25<br>13 ਮਾਘ | |

### ਫਰਵਰੀ • FEBRUARY • 2026

| | | | | | |
|---|---|---|---|---|---|
| ਸੋਮ Mon | | 2<br>21 ਮਾਘ | 9<br>28 ਮਾਘ | 16<br>5 ਫੱਗਣ | 23<br>12 ਫੱਗਣ |
| ਮੰਗਲ Tue | | 3<br>22 ਮਾਘ | 10<br>29 ਮਾਘ | 17<br>6 ਫੱਗਣ | 24<br>13 ਫੱਗਣ |
| ਬੁੱਧ Wed | | 4<br>23 ਮਾਘ | 11<br>30 ਮਾਘ | 18<br>7 ਫੱਗਣ | 25<br>14 ਫੱਗਣ |
| ਵੀਰ Thu | | 5<br>24 ਮਾਘ | 12<br>1 ਫੱਗਣ | 19<br>8 ਫੱਗਣ | 26<br>15 ਫੱਗਣ |
| ਸ਼ੁੱਕਰ Fri | | 6<br>25 ਮਾਘ | 13<br>2 ਫੱਗਣ | 20<br>9 ਫੱਗਣ | 27<br>16 ਫੱਗਣ |
| ਸ਼ਨੀ Sat | | 7<br>26 ਮਾਘ | 14<br>3 ਫੱਗਣ | 21<br>10 ਫੱਗਣ | 28<br>17 ਫੱਗਣ |
| ਐਤ Sun | 1<br>20 ਮਾਘ | 8<br>27 ਮਾਘ | 15<br>4 ਫੱਗਣ | 22<br>11 ਫੱਗਣ | |

### ਮਾਰਚ • MARCH • 2026

| | | | | | |
|---|---|---|---|---|---|
| ਸੋਮ Mon | 30<br>17 ਚੇਤਰ | 2<br>19 ਫੱਗਣ | 9<br>26 ਫੱਗਣ | 16<br>3 ਚੇਤਰ | 23<br>10 ਚੇਤਰ |
| ਮੰਗਲ Tue | 31<br>18 ਚੇਤਰ | 3<br>20 ਫੱਗਣ | 10<br>27 ਫੱਗਣ | 17<br>4 ਚੇਤਰ | 24<br>11 ਚੇਤਰ |
| ਬੁੱਧ Wed | | 4<br>21 ਫੱਗਣ | 11<br>28 ਫੱਗਣ | 18<br>5 ਚੇਤਰ | 25<br>12 ਚੇਤਰ |
| ਵੀਰ Thu | | 5<br>22 ਫੱਗਣ | 12<br>29 ਫੱਗਣ | 19<br>6 ਚੇਤਰ | 26<br>13 ਚੇਤਰ |
| ਸ਼ੁੱਕਰ Fri | | 6<br>23 ਫੱਗਣ | 13<br>30 ਫੱਗਣ | 20<br>7 ਚੇਤਰ | 27<br>14 ਚੇਤਰ |
| ਸ਼ਨੀ Sat | | 7<br>24 ਫੱਗਣ | 14<br>1 ਚੇਤਰ | 21<br>8 ਚੇਤਰ | 28<br>15 ਚੇਤਰ |
| ਐਤ Sun | 1<br>18 ਫੱਗਣ | 8<br>25 ਫੱਗਣ | 15<br>2 ਚੇਤਰ | 22<br>9 ਚੇਤਰ | 29<br>16 ਚੇਤਰ |

### ਅਪ੍ਰੈਲ • APRIL • 2026

| | | | | | |
|---|---|---|---|---|---|
| ਸੋਮ Mon | | 6<br>24 ਚੇਤਰ | 13<br>31 ਚੇਤਰ | 20<br>7 ਵੈਸਾਖ | 27<br>14 ਵੈਸਾਖ |
| ਮੰਗਲ Tue | | 7<br>25 ਚੇਤਰ | 14<br>1 ਵੈਸਾਖ | 21<br>8 ਵੈਸਾਖ | 28<br>15 ਵੈਸਾਖ |
| ਬੁੱਧ Wed | 1<br>19 ਚੇਤਰ | 8<br>26 ਚੇਤਰ | 15<br>2 ਵੈਸਾਖ | 22<br>9 ਵੈਸਾਖ | 29<br>16 ਵੈਸਾਖ |
| ਵੀਰ Thu | 2<br>20 ਚੇਤਰ | 9<br>27 ਚੇਤਰ | 16<br>3 ਵੈਸਾਖ | 23<br>10 ਵੈਸਾਖ | 30<br>17 ਵੈਸਾਖ |
| ਸ਼ੁੱਕਰ Fri | 3<br>21 ਚੇਤਰ | 10<br>28 ਚੇਤਰ | 17<br>4 ਵੈਸਾਖ | 24<br>11 ਵੈਸਾਖ | |
| ਸ਼ਨੀ Sat | 4<br>22 ਚੇਤਰ | 11<br>29 ਚੇਤਰ | 18<br>5 ਵੈਸਾਖ | 25<br>12 ਵੈਸਾਖ | |
| ਐਤ Sun | 5<br>23 ਚੇਤਰ | 12<br>30 ਚੇਤਰ | 19<br>6 ਵੈਸਾਖ | 26<br>13 ਵੈਸਾਖ | |

### ਮਈ • MAY • 2026

| | | | | | |
|---|---|---|---|---|---|
| ਸੋਮ Mon | | 4<br>21 ਵੈਸਾਖ | 11<br>28 ਵੈਸਾਖ | 18<br>4 ਜੇਠ | 25<br>11 ਜੇਠ |
| ਮੰਗਲ Tue | | 5<br>22 ਵੈਸਾਖ | 12<br>29 ਵੈਸਾਖ | 19<br>5 ਜੇਠ | 26<br>12 ਜੇਠ |
| ਬੁੱਧ Wed | | 6<br>23 ਵੈਸਾਖ | 13<br>30 ਵੈਸਾਖ | 20<br>6 ਜੇਠ | 27<br>13 ਜੇਠ |
| ਵੀਰ Thu | | 7<br>24 ਵੈਸਾਖ | 14<br>31 ਵੈਸਾਖ | 21<br>7 ਜੇਠ | 28<br>14 ਜੇਠ |
| ਸ਼ੁੱਕਰ Fri | 1<br>18 ਵੈਸਾਖ | 8<br>25 ਵੈਸਾਖ | 15<br>1 ਜੇਠ | 22<br>8 ਜੇਠ | 29<br>15 ਜੇਠ |
| ਸ਼ਨੀ Sat | 2<br>19 ਵੈਸਾਖ | 9<br>26 ਵੈਸਾਖ | 16<br>2 ਜੇਠ | 23<br>9 ਜੇਠ | 30<br>16 ਜੇਠ |
| ਐਤ Sun | 3<br>20 ਵੈਸਾਖ | 10<br>27 ਵੈਸਾਖ | 17<br>3 ਜੇਠ | 24<br>10 ਜੇਠ | 31<br>17 ਜੇਠ |

### ਜੂਨ • JUNE • 2026

| | | | | | |
|---|---|---|---|---|---|
| ਸੋਮ Mon | 1<br>18 ਜੇਠ | 8<br>25 ਜੇਠ | 15<br>1 ਹਾੜ | 22<br>8 ਹਾੜ | 29<br>15 ਹਾੜ |
| ਮੰਗਲ Tue | 2<br>19 ਜੇਠ | 9<br>26 ਜੇਠ | 16<br>2 ਹਾੜ | 23<br>9 ਹਾੜ | 30<br>16 ਹਾੜ |
| ਬੁੱਧ Wed | 3<br>20 ਜੇਠ | 10<br>27 ਜੇਠ | 17<br>3 ਹਾੜ | 24<br>10 ਹਾੜ | |
| ਵੀਰ Thu | 4<br>21 ਜੇਠ | 11<br>28 ਜੇਠ | 18<br>4 ਹਾੜ | 25<br>11 ਹਾੜ | |
| ਸ਼ੁੱਕਰ Fri | 5<br>22 ਜੇਠ | 12<br>29 ਜੇਠ | 19<br>5 ਹਾੜ | 26<br>12 ਹਾੜ | |
| ਸ਼ਨੀ Sat | 6<br>23 ਜੇਠ | 13<br>30 ਜੇਠ | 20<br>6 ਹਾੜ | 27<br>13 ਹਾੜ | |
| ਐਤ Sun | 7<br>24 ਜੇਠ | 14<br>31 ਜੇਠ | 21<br>7 ਹਾੜ | 28<br>14 ਹਾੜ | |

### ਜੁਲਾਈ • JULY • 2026

| | | | | | |
|---|---|---|---|---|---|
| ਸੋਮ Mon | | 6<br>22 ਹਾੜ | 13<br>29 ਹਾੜ | 20<br>5 ਸਾਵਣ | 27<br>12 ਸਾਵਣ |
| ਮੰਗਲ Tue | | 7<br>23 ਹਾੜ | 14<br>30 ਹਾੜ | 21<br>6 ਸਾਵਣ | 28<br>13 ਸਾਵਣ |
| ਬੁੱਧ Wed | 1<br>17 ਹਾੜ | 8<br>24 ਹਾੜ | 15<br>31 ਹਾੜ | 22<br>7 ਸਾਵਣ | 29<br>14 ਸਾਵਣ |
| ਵੀਰ Thu | 2<br>18 ਹਾੜ | 9<br>25 ਹਾੜ | 16<br>1 ਸਾਵਣ | 23<br>8 ਸਾਵਣ | 30<br>15 ਸਾਵਣ |
| ਸ਼ੁੱਕਰ Fri | 3<br>19 ਹਾੜ | 10<br>26 ਹਾੜ | 17<br>2 ਸਾਵਣ | 24<br>9 ਸਾਵਣ | 31<br>16 ਸਾਵਣ |
| ਸ਼ਨੀ Sat | 4<br>20 ਹਾੜ | 11<br>27 ਹਾੜ | 18<br>3 ਸਾਵਣ | 25<br>10 ਸਾਵਣ | |
| ਐਤ Sun | 5<br>21 ਹਾੜ | 12<br>28 ਹਾੜ | 19<br>4 ਸਾਵਣ | 26<br>11 ਸਾਵਣ | |

### ਅਗਸਤ • AUGUST • 2026

| | | | | | |
|---|---|---|---|---|---|
| ਸੋਮ Mon | 31<br>16 ਭਾਦੋਂ | 3<br>19 ਸਾਵਣ | 10<br>26 ਸਾਵਣ | 17<br>2 ਭਾਦੋਂ | 24<br>9 ਭਾਦੋਂ |
| ਮੰਗਲ Tue | | 4<br>20 ਸਾਵਣ | 11<br>27 ਸਾਵਣ | 18<br>3 ਭਾਦੋਂ | 25<br>10 ਭਾਦੋਂ |
| ਬੁੱਧ Wed | | 5<br>21 ਸਾਵਣ | 12<br>28 ਸਾਵਣ | 19<br>4 ਭਾਦੋਂ | 26<br>11 ਭਾਦੋਂ |
| ਵੀਰ Thu | | 6<br>22 ਸਾਵਣ | 13<br>29 ਸਾਵਣ | 20<br>5 ਭਾਦੋਂ | 27<br>12 ਭਾਦੋਂ |
| ਸ਼ੁੱਕਰ Fri | | 7<br>23 ਸਾਵਣ | 14<br>30 ਸਾਵਣ | 21<br>6 ਭਾਦੋਂ | 28<br>13 ਭਾਦੋਂ |
| ਸ਼ਨੀ Sat | 1<br>17 ਸਾਵਣ | 8<br>24 ਸਾਵਣ | 15<br>31 ਸਾਵਣ | 22<br>7 ਭਾਦੋਂ | 29<br>14 ਭਾਦੋਂ |
| ਐਤ Sun | 2<br>18 ਸਾਵਣ | 9<br>25 ਸਾਵਣ | 16<br>1 ਭਾਦੋਂ | 23<br>8 ਭਾਦੋਂ | 30<br>15 ਭਾਦੋਂ |

### ਸਤੰਬਰ • SEPTEMBER • 2026

| | | | | | |
|---|---|---|---|---|---|
| ਸੋਮ Mon | | 7<br>23 ਭਾਦੋਂ | 14<br>30 ਭਾਦੋਂ | 21<br>7 ਅੱਸੂ | 28<br>14 ਅੱਸੂ |
| ਮੰਗਲ Tue | 1<br>17 ਭਾਦੋਂ | 8<br>24 ਭਾਦੋਂ | 15<br>1 ਅੱਸੂ | 22<br>8 ਅੱਸੂ | 29<br>15 ਅੱਸੂ |
| ਬੁੱਧ Wed | 2<br>18 ਭਾਦੋਂ | 9<br>25 ਭਾਦੋਂ | 16<br>2 ਅੱਸੂ | 23<br>9 ਅੱਸੂ | 30<br>16 ਅੱਸੂ |
| ਵੀਰ Thu | 3<br>19 ਭਾਦੋਂ | 10<br>26 ਭਾਦੋਂ | 17<br>3 ਅੱਸੂ | 24<br>10 ਅੱਸੂ | |
| ਸ਼ੁੱਕਰ Fri | 4<br>20 ਭਾਦੋਂ | 11<br>27 ਭਾਦੋਂ | 18<br>4 ਅੱਸੂ | 25<br>11 ਅੱਸੂ | |
| ਸ਼ਨੀ Sat | 5<br>21 ਭਾਦੋਂ | 12<br>28 ਭਾਦੋਂ | 19<br>5 ਅੱਸੂ | 26<br>12 ਅੱਸੂ | |
| ਐਤ Sun | 6<br>22 ਭਾਦੋਂ | 13<br>29 ਭਾਦੋਂ | 20<br>6 ਅੱਸੂ | 27<br>13 ਅੱਸੂ | |

### ਅਕਤੂਬਰ • OCTOBER • 2026

| | | | | | |
|---|---|---|---|---|---|
| ਸੋਮ Mon | | 5<br>21 ਅੱਸੂ | 12<br>28 ਅੱਸੂ | 19<br>5 ਕੱਤਕ | 26<br>12 ਕੱਤਕ |
| ਮੰਗਲ Tue | | 6<br>22 ਅੱਸੂ | 13<br>29 ਅੱਸੂ | 20<br>6 ਕੱਤਕ | 27<br>13 ਕੱਤਕ |
| ਬੁੱਧ Wed | | 7<br>23 ਅੱਸੂ | 14<br>30 ਅੱਸੂ | 21<br>7 ਕੱਤਕ | 28<br>14 ਕੱਤਕ |
| ਵੀਰ Thu | 1<br>17 ਅੱਸੂ | 8<br>24 ਅੱਸੂ | 15<br>1 ਕੱਤਕ | 22<br>8 ਕੱਤਕ | 29<br>15 ਕੱਤਕ |
| ਸ਼ੁੱਕਰ Fri | 2<br>18 ਅੱਸੂ | 9<br>25 ਅੱਸੂ | 16<br>2 ਕੱਤਕ | 23<br>9 ਕੱਤਕ | 30<br>16 ਕੱਤਕ |
| ਸ਼ਨੀ Sat | 3<br>19 ਅੱਸੂ | 10<br>26 ਅੱਸੂ | 17<br>3 ਕੱਤਕ | 24<br>10 ਕੱਤਕ | 31<br>17 ਕੱਤਕ |
| ਐਤ Sun | 4<br>20 ਅੱਸੂ | 11<br>27 ਅੱਸੂ | 18<br>4 ਕੱਤਕ | 25<br>11 ਕੱਤਕ | |

### ਨਵੰਬਰ • NOVEMBER • 2026

| | | | | | |
|---|---|---|---|---|---|
| ਸੋਮ Mon | 30<br>17 ਮੱਘਰ | 2<br>19 ਕੱਤਕ | 9<br>26 ਕੱਤਕ | 16<br>3 ਮੱਘਰ | 23<br>10 ਮੱਘਰ |
| ਮੰਗਲ Tue | | 3<br>20 ਕੱਤਕ | 10<br>27 ਕੱਤਕ | 17<br>4 ਮੱਘਰ | 24<br>11 ਮੱਘਰ |
| ਬੁੱਧ Wed | | 4<br>21 ਕੱਤਕ | 11<br>28 ਕੱਤਕ | 18<br>5 ਮੱਘਰ | 25<br>12 ਮੱਘਰ |
| ਵੀਰ Thu | | 5<br>22 ਕੱਤਕ | 12<br>29 ਕੱਤਕ | 19<br>6 ਮੱਘਰ | 26<br>13 ਮੱਘਰ |
| ਸ਼ੁੱਕਰ Fri | | 6<br>23 ਕੱਤਕ | 13<br>30 ਕੱਤਕ | 20<br>7 ਮੱਘਰ | 27<br>14 ਮੱਘਰ |
| ਸ਼ਨੀ Sat | | 7<br>24 ਕੱਤਕ | 14<br>1 ਮੱਘਰ | 21<br>8 ਮੱਘਰ | 28<br>15 ਮੱਘਰ |
| ਐਤ Sun | 1<br>18 ਕੱਤਕ | 8<br>25 ਕੱਤਕ | 15<br>2 ਮੱਘਰ | 22<br>9 ਮੱਘਰ | 29<br>16 ਮੱਘਰ |

### ਦਸੰਬਰ • DECEMBER • 2026

| | | | | | |
|---|---|---|---|---|---|
| ਸੋਮ Mon | | 7<br>24 ਮੱਘਰ | 14<br>1 ਪੋਹ | 21<br>8 ਪੋਹ | 28<br>15 ਪੋਹ |
| ਮੰਗਲ Tue | 1<br>18 ਮੱਘਰ | 8<br>25 ਮੱਘਰ | 15<br>2 ਪੋਹ | 22<br>9 ਪੋਹ | 29<br>16 ਪੋਹ |
| ਬੁੱਧ Wed | 2<br>19 ਮੱਘਰ | 9<br>26 ਮੱਘਰ | 16<br>3 ਪੋਹ | 23<br>10 ਪੋਹ | 30<br>17 ਪੋਹ |
| ਵੀਰ Thu | 3<br>20 ਮੱਘਰ | 10<br>27 ਮੱਘਰ | 17<br>4 ਪੋਹ | 24<br>11 ਪੋਹ | 31<br>18 ਪੋਹ |
| ਸ਼ੁੱਕਰ Fri | 4<br>21 ਮੱਘਰ | 11<br>28 ਮੱਘਰ | 18<br>5 ਪੋਹ | 25<br>12 ਪੋਹ | |
| ਸ਼ਨੀ Sat | 5<br>22 ਮੱਘਰ | 12<br>29 ਮੱਘਰ | 19<br>6 ਪੋਹ | 26<br>13 ਪੋਹ | |
| ਐਤ Sun | 6<br>23 ਮੱਘਰ | 13<br>30 ਮੱਘਰ | 20<br>7 ਪੋਹ | 27<br>14 ਪੋਹ | |

ਪੰਜਾਬ ਟਾਈਮਜ਼ 1965 ਤੋਂ ਪੰਜਾਬੀ ਬੋਲੀ ਅਤੇ ਗੁਰਮਤਿ ਦੇ ਪ੍ਰਚਾਰ ਵਿੱਚ ਯੋਗਦਾਨ ਪਾਉਂਦਾ ਆ ਰਿਹਾ ਹੈ। ਯੂ ਕੇ ਦੇ ਬਹੁਤ ਸਾਰੇ ਪੰਜਾਬੀ ਪਰਚੇ ਬੰਦ ਹੋ ਚੁੱਕੇ ਹਨ, ਹੁਣ ਪੰਜਾਬੀ ਦਾ ਇੱਕੋ ਇੱਕ ਹਫਤਾਵਾਰ ਪਰਚਾ ਪੰਜਾਬ ਟਾਈਮਜ਼ ਹੀ ਲਗਾਤਾਰ ਹਰ ਬੁੱਧਵਾਰ ਛਪਦਾ ਹੈ ਅਤੇ ਔਨ ਲਾਈਨ ਵੀ ਹਜ਼ਾਰਾਂ ਲੋਕ ਪੜ੍ਹਦੇ ਹਨ। ਆਪਣਾ ਪਰਚਾ ਨੇੜੇ ਦੀ ਦੁਕਾਨ ਤੋਂ ਖਰੀਦ ਕੇ ਪੜ੍ਹੋ, ਤਾਂ ਕਿ ਹੋਰ ਪਰਚਿਆਂ ਵਾਂਗ ਇਹ ਵੀ ਬੰਦ ਨਾ ਹੋ ਜਾਵੇ।

ਜੇ ਪੰਜਾਬ ਟਾਈਮਜ਼ ਤੁਹਾਡੇ ਇਲਾਕੇ ਵਿੱਚ ਨਹੀਂ ਮਿਲਦਾ, ਅਗਰ ਤੁਸੀਂ ਵੱਟਸਐਪ ਰਾਹੀਂ ਫੋਨ ’ਤੇ ਮੰਗਵਾਉਣਾ ਚਾਹੁੰਦੇ ਹੋ ਤਾਂ ਆਪਣਾ ਫੋਨ ਨੰਬਰ ਭੇਜੋ।

ਪੰਜਾਬੀਆਂ ਨੂੰ ਬੇਨਤੀ ਹੈ ਕਿ ਆਓ ਸੋਹਣਾ ਸਮਾਜ ਸਿਰਜਣ ਲਈ ਸਾਰੇ ਯਤਨ ਕਰੀਏ। ਬੱਚਿਆਂ ਨੂੰ ਉਚੇਰੀ ਵਿੱਦਿਆ ਦੇ ਕੇ ਨਸ਼ੇ, ਗੁਰੂ ਡੰਮ੍ਹ, ਤਾਂਤਰਿਕ ਬਾਬਿਆਂ ਅਤੇ ਦੂਜੇ ਧਰਮਾਂ ਦੁਆਰਾ ਵਰਗਲਾਉਣ ਪ੍ਰਤੀ ਸੁਚੇਤ ਕਰੀਏ। ਸਾਨੂੰ ਤੁਹਾਡੇ ਹੋਰ ਸਹਿਯੋਗ ਦੀ ਲੋੜ ਹੈ ਤਾਂ ਕਿ ਤੁਹਾਡਾ ਮਨ ਪਸੰਦ ਅਖ਼ਬਾਰ ਪੰਜਾਬ ਟਾਈਮਜ਼ ਛਪਦਾ ਰਹਿ ਸਕੇ।

ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ, ਪਰਚਾ ਡਾਕ ਰਾਹੀਂ ਆਪਣੇ ਘਰ ਮੰਗਵਾਓ। ਸਮਾਜ ਸੇਵੀ ਸੰਸਥਾਵਾਂ ਤੇ ਕਾਰੋਬਾਰੀ ਅਦਾਰੇ ਵੀ ਪਰਚੇ ਵਿੱਚ ਇਸ਼ਤਿਹਾਰ ਦੇ ਕੇ ਮਾਂ ਬੋਲੀ ਪੰਜਾਬੀ ਦੀ ਸੇਵਾ ਕਰ ਸਕਦੇ ਹਨ।

# ਚਾਰ ਸਿੱਖ ਜਥੇਬੰਦੀਆਂ ਨੇ 'ਸਰਬੱਤ ਖ਼ਾਲਸਾ 1986' ਦੀ 40ਵੀਂ ਵਰ੍ਹੇਗੰਢ ਮੌਕੇ ਅਕਾਲ ਤਖ਼ਤ ਸਾਹਿਬ ਇਕੱਠ ਕੀਤਾ

## ✪ 'ਸਰਬੱਤ ਖਾਲਸਾ' ਤੇ 'ਗੁਰਮਤਾ' ਸੰਸਥਾਵਾਂ ਦੇ ਵਿਧੀ-ਵਿਧਾਨ ਤਿਆਰ ਕਰਕੇ ਸਿੱਖ ਪੰਥ ਸਨਮੁਖ ਪੇਸ਼ ਕਰਨ ਦਾ ਐਲਾਨ









ਅੰਮ੍ਰਿਤਸਰ-ਚਾਰ ਸਿੱਖ ਜਥੇਬੰਦੀਆਂ ਦਲ ਖ਼ਾਲਸਾ, ਭਾਈ ਜਗਤਾਰ ਸਿੰਘ ਹਵਾਰਾ ਕਮੇਟੀ, ਅਕਾਲੀ ਦਲ (ਅ) ਅਤੇ ਪੰਚ ਪ੍ਰਧਾਨੀ ਜਥਾ ਵਲੋਂ 26 ਜਨਵਰੀ, 1986 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਰਬੱਤ ਖ਼ਾਲਸਾ ਦੀ 40ਵੀਂ ਯਾਦ ਸਾਂਝੇ ਤੌਰ 'ਤੇ ਮਨਾਉਂਦਿਆਂ ਅਹਿਮ ਮਤਾ ਪਾਸ ਕਰਕੇ ਅਗਾਮੀ 29 ਅਪ੍ਰੈਲ ਨੂੰ ਖ਼ਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਵੀ ਵੱਡੇ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ ਗਿਆ।

ਇਸ ਤੋਂ ਪਹਿਲਾਂ ਉਕਤ ਜਥੇਬੰਦੀਆਂ ਵਲੋਂ ਗੁਰਦੁਆਰਾ ਸੰਤੋਖਸਰ ਸਾਹਿਬ ਦੇ ਨਜ਼ਦੀਕ ਸਾਂਝੀ ਪੰਥਕ ਕਾਨਫ਼ਰੰਸ ਵੀ ਕੀਤੀ ਗਈ ਅਤੇ ਮਾਰਚ ਦੇ ਰੂਪ ਵਿਚ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੇ ਅਤੇ ਸਾਂਝਾ ਐਲਾਨਨਾਮਾ ਜਾਰੀ ਕੀਤਾ ਗਿਆ। ਇਸ ਮਾਰਚ ਦੌਰਾਨ ਹੱਥਾਂ ਵਿਚ ਖ਼ਾਲਿਸਤਾਨ ਦੇ ਝੰਡੇ ਫੜ ਕੇ ਜਥੇਬੰਦੀਆਂ ਦੇ ਕਾਰਕੁਨਾਂ ਨੇ ਖ਼ਾਲਿਸਤਾਨ ਪੱਖੀ ਨਾਅਰੇਬਾਜ਼ੀ ਵੀ ਕੀਤੀ। ਇਸ ਤੋਂ ਪਹਿਲਾਂ ਹੋਏ ਸਮਾਗਮ ਨੂੰ ਭਾਈ ਹਵਾਰਾ ਕਮੇਟੀ ਦੇ ਬੁਲਾਰੇ ਪ੍ਰੋ. ਬਲਜਿੰਦਰ ਸਿੰਘ, ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਪੰਚ ਪ੍ਰਧਾਨੀ ਜਥੇ ਵਲੋਂ ਭਾਈ ਦਲਜੀਤ ਸਿੰਘ ਬਿੱਟੂ ਅਤੇ ਦਲ ਖ਼ਾਲਸਾ ਦੇ ਸਿਆਸੀ ਸਕੱਤਰ ਕੰਵਰਪਾਲ ਸਿੰਘ ਨੇ ਸੰਬੋਧਨ ਕੀਤਾ।ਅਰਦਾਸ ਉਪਰੰਤ ਚਾਰਾਂ ਜਥੇਬੰਦੀਆਂ ਵਲੋਂ ਸਾਂਝਾ ਐਲਾਨਨਾਮਾ ਦਲ ਖ਼ਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਪੜ੍ਹਿਆ। ਐਲਾਨਨਾਮੇ ਵਿਚ ਸੰਸਾਰ ਭਰ ਦੀਆਂ ਪੰਥਪ੍ਰਸਤ ਜਥੇਬੰਦੀਆਂ ਤੇ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕਰ ਕੇ 'ਸਰਬੱਤ ਖਾਲਸਾ' ਅਤੇ 'ਗੁਰਮਤਾ' ਸੰਸਥਾਵਾਂ ਦੇ ਵਿਧੀ-ਵਿਧਾਨ ਤਿਆਰ ਕਰਕੇ ਸਿੱਖ ਜਗਤ ਸਨਮੁਖ ਪੇਸ਼ ਕਰਨ ਦਾ ਐਲਾਨ ਕੀਤਾ ਗਿਆ।

ਉਕਤ ਜਥੇਬੰਦੀਆਂ ਨੇ ਖ਼ਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਮੌਕੇ ਬੀਤੇ ਚਾਲੀ ਸਾਲਾਂ ਦੇ ਸੰਘਰਸ਼ ਦੇ ਤਜ਼ਰਬੇ, ਅਜੋਕੇ ਪੰਥਕ ਅਤੇ ਕੌਮਾਂਤਰੀ ਹਾਲਾਤਾਂ ਨੂੰ ਧਿਆਨ ਵਿਚ ਰੱਖਦਿਆਂ ਖ਼ਾਲਿਸਤਾਨ ਦੀਆਂ ਹਾਮੀ ਸਿੱਖ ਜਥੇਬੰਦੀਆਂ, ਸੰਸਥਾਵਾਂ ਆਦਿ ਨਾਲ ਤਾਲਮੇਲ ਕਰਕੇ ਸੰਘਰਸ਼ ਦੀ ਭਵਿੱਖੀ ਰਣਨੀਤੀ ਬਾਰੇ 'ਇਕ ਸਾਂਝਾ ਨੀਤੀ ਦਸਤਾਵੇਜ' ਤਿਆਰ ਕਰਕੇ ਸਿੱਖ ਜਗਤ ਦੇ ਸਨਮੁਖ ਪੇਸ਼ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਚਰਨਜੀਤ ਸਿੰਘ ਧਾਮੀ, ਈਮਾਨ ਸਿੰਘ ਮਾਨ, ਪ੍ਰੋ. ਮਹਿੰਦਰਪਾਲ ਸਿੰਘ, ਉਪਕਾਰ ਸਿੰਘ ਸੰਧੂ, ਅਖੰਡ ਕੀਰਤਨੀ ਜਥਾ ਮੁਖੀ ਭਾਈ ਬਖਸ਼ੀਸ਼ ਸਿੰਘ, ਭਾਈ ਭੁਪਿੰਦਰ ਸਿੰਘ ਭਲਵਾਨ, ਜਸਵੀਰ ਸਿੰਘ ਖੰਡੂਰ, ਜਥੇ. ਕੁਲਬੀਰ ਸਿੰਘ ਬੜਾਪਿੰਡ, ਅਮਰੀਕ ਸਿੰਘ ਈਸੜੂ, ਬਾਬਾ ਹਰਦੀਪ ਸਿੰਘ ਮਹਿਰਾਜ, ਪਰਮਜੀਤ ਸਿੰਘ ਟਾਂਡਾ, ਭਾਈ ਨਰੈਣ ਸਿੰਘ ਚੌੜਾ, ਪ੍ਰੋ. ਜਗਮੋਹਨ ਸਿੰਘ, ਭਾਈ ਮਨਧੀਰ ਸਿੰਘ, ਮਨਜੀਤ ਸਿੰਘ ਭੋਮਾ, ਭਾਈ ਮੋਹਕਮ ਸਿੰਘ, ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਪਰਮਜੀਤ ਸਿੰਘ ਗਾਜੀ, ਭਾਈ ਸਤਨਾਮ ਸਿੰਘ ਖੰਡਾ, ਭੁਪਿੰਦਰ ਸਿੰਘ ਛੇ ਜੂਨ, ਤੇਜਿੰਦਰਪਾਲ ਸਿੰਘ ਹਾਈਜੈਕਰ, ਆਦਿ ਵੀ ਹਾਜ਼ਰ ਸਨ।

# ਸ਼ਰਨਾਰਥੀ ਸਮਝੌਤਾ ਰੱਦ ਹੋਣ ਮਗਰੋਂ ਨਵਾਂ ਵਿਵਾਦ, ਰਵਾਂਡਾ ਵੱਲੋਂ ਬਰਤਾਨੀਆ ਤੋਂ ਸੌ ਮਿਲੀਅਨ ਪੌਂਡ ਦੀ ਮੰਗ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸ਼ਰਨਾਰਥੀਆਂ ਨੂੰ ਰਵਾਂਡਾ ਭੇਜਣ ਸਬੰਧੀ ਵਿਵਾਦਿਤ ਸਮਝੌਤਾ ਰੱਦ ਹੋਣ ਤੋਂ ਬਾਅਦ ਹੁਣ ਰਵਾਂਡਾ ਸਰਕਾਰ ਨੇ ਬਰਤਾਨੀਆ ਤੋਂ ਵੱਡੀ ਰਕਮ ਦੀ ਮੰਗ ਕਰਕੇ ਨਵਾਂ ਸਿਆਸੀ ਵਿਵਾਦ ਖੜਾ ਕਰ ਦਿੱਤਾ ਹੈ। ਰਵਾਂਡਾ ਵੱਲੋਂ ਕਿਹਾ ਗਿਆ ਹੈ ਕਿ ਸਮਝੌਤਾ ਖ਼ਤਮ ਹੋਣ ਕਾਰਨ ਉਸਨੂੰ ਭਾਰੀ ਆਰਥਿਕ ਨੁਕਸਾਨ ਹੋਇਆ ਹੈ, ਜਿਸ ਦੀ ਭਰਪਾਈ ਵਜੋਂ ਸੌ ਮਿਲੀਅਨ ਪੌਂਡ ਦਿੱਤੇ ਜਾਣ।**

ਰਵਾਂਡਾ ਸਰਕਾਰ ਦਾ ਦਾਅਵਾ ਹੈ ਕਿ ਬਰਤਾਨੀਆ ਨਾਲ ਹੋਏ ਸਮਝੌਤੇ ਤਹਿਤ ਸ਼ਰਨਾਰਥੀਆਂ ਦੀ ਦੇਖਭਾਲ, ਰਹਾਇਸ਼ ਅਤੇ ਬੁਨਿਆਦੀ ਢਾਂਚੇ ਲਈ ਪਹਿਲਾਂ ਹੀ ਤਿਆਰੀਆਂ ਕੀਤੀਆਂ ਗਈਆਂ ਸਨ।ਇਸ ਉਦੇਸ਼ ਲਈ ਵੱਡੇ ਪੱਧਰ 'ਤੇ ਖ਼ਰਚਾ ਕੀਤਾ ਗਿਆ, ਪਰ ਬਰਤਾਨੀਆ ਵੱਲੋਂ ਨੀਤੀ ਬਦਲੇ ਜਾਣ ਕਾਰਨ ਇਹ ਯੋਜਨਾ ਅਚਾਨਕ ਰੱਦ ਹੋ ਗਈ।ਬਰਤਾਨੀਆ ਵਿੱਚ ਨਵੀਂ ਸਰਕਾਰ ਬਣਨ ਤੋਂ ਬਾਅਦ ਇਸ ਸਮਝੌਤੇ ਨੂੰ ਅਨਿਆਇਕ ਅਤੇ ਅਮਲਯੋਗ ਨਾ ਹੋਣ ਵਾਲਾ ਕਰਾਰ ਦਿੰਦਿਆਂ ਖ਼ਤਮ ਕਰ ਦਿੱਤਾ ਗਿਆ ਸੀ। ਸਰਕਾਰ ਦਾ ਕਹਿਣਾ ਹੈ ਕਿ ਸ਼ਰਨਾਰਥੀ ਮਸਲੇ ਦਾ ਹੱਲ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੇ ਅਧੀਨ ਹੀ ਲੱਭਿਆ ਜਾਣਾ ਚਾਹੀਦਾ ਹੈ।

ਦੂਜੇ ਪਾਸੇ ਰਵਾਂਡਾ ਦਾ ਕਹਿਣਾ ਹੈ ਕਿ ਬਰਤਾਨੀਆ ਨੇ ਇੱਕਤਰਫ਼ਾ ਤੌਰ 'ਤੇ ਸਮਝੌਤਾ ਤੋੜ ਕੇ ਉਸਦੇ ਨਾਲ ਨਾ ਇਨਸਾਫ਼ ਕੀਤਾ ਹੈ। ਰਵਾਂਡਾ ਦੇ ਅਧਿਕਾਰੀਆਂ ਅਨੁਸਾਰ ਇਹ ਰਕਮ ਸਿਰਫ਼ ਮੁਆਵਜ਼ਾ ਨਹੀਂ, ਸਗੋਂ ਪਹਿਲਾਂ ਕੀਤੇ ਗਏ ਖ਼ਰਚਿਆਂ ਦੀ ਭਰਪਾਈ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਮਾਮਲਾ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਤਣਾਅ ਪੈਦਾ ਕਰ ਸਕਦਾ ਹੈ। ਇਸ ਨਾਲ ਬਰਤਾਨੀਆ ਦੀ ਸ਼ਰਨਾਰਥੀ ਨੀਤੀ 'ਤੇ ਵੀ ਵਿਰੋਧੀ ਧਿਰ ਵੱਲੋਂ ਸਵਾਲ ਉਠਾਏ ਜਾ ਰਹੇ ਹਨ, ਜੋ ਸਰਕਾਰ ਤੋਂ ਇਸ ਮਾਮਲੇ 'ਚ ਸਪਸ਼ਟ ਜਵਾਬ ਦੀ ਮੰਗ ਕਰ ਰਹੀ ਹੈ। ਫਿਲਹਾਲ ਬਰਤਾਨੀਆ ਸਰਕਾਰ ਵੱਲੋਂ ਰਵਾਂਡਾ ਦੀ ਮੰਗ 'ਤੇ ਕੋਈ ਅੰਤਿਮ ਫੈਸਲਾ ਨਹੀਂ ਕੀਤਾ ਗਿਆ, ਪਰ ਸੂਤਰਾਂ ਅਨੁਸਾਰ ਇਸ ਮਾਮਲੇ 'ਤੇ ਕਾਨੂੰਨੀ ਅਤੇ ਕੂਟਨੀਤਕ ਪੱਧਰ 'ਤੇ ਵਿਚਾਰ ਜਾਰੀ ਹੈ।

## ਬਾਬਾ ਧੁੰਮਾ ਵਲੋਂ ਜਥੇਦਾਰ ਬਾਬਾ ਕੁਲਵੰਤ ਸਿੰਘ 'ਸੇਵਾ ਰਤਨ' ਸਨਮਾਨ ਨਾਲ ਸਨਮਾਨਿਤ

ਸ੍ਰੀ ਹਜ਼ੂਰ ਸਾਹਿਬ (ਨਾਂਦੇੜ)-ਦਮਦਮੀ ਟਕਸਾਲ ਦੇ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਨੂੰ 'ਸੇਵਾ ਰਤਨ' ਸਨਮਾਨ ਨਾਲ ਸਨਮਾਨਿਤ ਕੀਤਾ। ਤਖ਼ਤ ਸਾਹਿਬ ਵਿਖੇ ਆਯੋਜਿਤ ਸੰਖੇਪ ਸਮਾਗਮ ਦੌਰਾਨ ਇਹ ਸਨਮਾਨ ਪ੍ਰਦਾਨ ਕੀਤਾ ਗਿਆ। ਬਾਬਾ ਹਰਨਾਮ ਸਿੰਘ ਨੇ ਦੱਸਿਆ ਕਿ ਜੂਨ 1984 ਦੇ ਤੀਜੇ ਘੱਲੂਘਾਰੇ ਦੀ 41ਵੀਂ ਵਰ੍ਹੇਗੰਢ ਮੌਕੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪੰਥਕ ਇਕੱਠ ਵਿੱਚ ਬਾਬਾ ਕੁਲਵੰਤ ਸਿੰਘ ਨੂੰ ਇਹ ਸਨਮਾਨ ਦੇਣ ਦਾ ਫੈਸਲਾ ਹੋਇਆ ਸੀ, ਪਰ ਸੇਵਾ ਜ਼ਿੰਮੇਵਾਰੀਆਂ ਕਾਰਨ ਉਹ ਸ਼ਾਮਲ ਨਹੀਂ ਹੋ ਸਕੇ ਸਨ। ਇਸ ਲਈ ਅੱਜ ਇਹ ਸਨਮਾਨ ਉਨ੍ਹਾਂ ਨੂੰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਬਾਬਾ ਕੁਲਵੰਤ ਸਿੰਘ ਨੇ ਤਖ਼ਤ ਸਾਹਿਬ ਵਿਖੇ 25 ਸਾਲਾਂ ਤੱਕ ਸੇਵਾ ਨਿਭਾਈ ਹੈ।



# ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਵੱਲੋਂ ਗਣਤੰਤਰ ਦਿਵਸ ਮਨਾਇਆ ਗਿਆ



ਭਾਰਤੀ ਹਾਈ ਕਮਿਸ਼ਨ ਲੰਡਨ ਵੱਲੋਂ ਮਨਾਏ ਗਏ ਗਣਤੰਤਰ ਦਿਵਸ ਮੌਕੇ ਦੀਆਂ ਝਲਕੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 26 ਜਨਵਰੀ ਨੂੰ ਭਾਰਤ ਦੇ ਗਣਤੰਤਰ ਦਿਵਸ ਸਬੰਧੀ ਲੰਡਨ ਵਿਖੇ ਭਾਰਤੀ ਹਾਈ ਕਮਿਸ਼ਨ ਲੰਡਨ ਵੱਲੋਂ ਦੋ ਵਿਸ਼ਾਲ ਸਮਾਗਮ ਕਰਵਾਏ ਗਏ। ਸਵੇਰ ਮੌਕੇ ਭਾਰਤੀ ਭਾਈਚਾਰੇ ਦੇ ਲੋਕਾਂ ਦੀ ਮੌਜੂਦਗੀ ਵਿੱਚ ਇੰਡੀਆ ਹਾਊਸ ਵਿਖੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਸ਼ਾਮ ਨੂੰ ਗਿਲਡ ਹਾਲ ਵਿਖੇ ਵੱਡੀ ਗਿਣਤੀ ਵਿੱਚ ਹਾਜ਼ਰ ਲੋਕਾਂ ਨੇ ਭਾਰਤੀ ਸੱਭਿਆਚਾਰ ਦੀਆਂ ਪੇਸ਼ਕਾਰੀਆਂ ਦਾ ਆਨੰਦ ਮਾਣਿਆ।

ਭਾਰਤੀ ਹਾਈ ਕਮਿਸ਼ਨਰ, ਵਿਕਰਮ ਦੋਰਾਈਸਵਾਮੀ ਨੇ ਪ੍ਰਵਾਸੀ ਭਾਰਤੀਆਂ ਦੇ ਇਕੱਠ ਵਿੱਚ ਰਾਸ਼ਟਰਪਤੀ ਮੁਰਮੂ ਦੇ ਗਣਤੰਤਰ ਦਿਵਸ ਦੇ ਭਾਸ਼ਣ ਨੂੰ ਪੜ੍ਹਿਆ। ਭਾਰਤੀ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਰਾਸ਼ਟਰੀ ਗੀਤ ਦੀ ਪੇਸ਼ਕਾਰੀ ਤੋਂ ਬਾਅਦ, ਯੂ ਕੇ ਵਿੱਚ ਬੰਗਾਲ ਹੈਰੀਟੇਜ ਫਾਊਂਡੇਸ਼ਨ ਦੇ ਗਾਇਕਾਂ ਨੇ 'ਵੰਦੇ ਮਾਤਰਮ' ਦੀ 150 ਸਾਲਾ ਦਿਵਸ ਨੂੰ ਮਨਾਉਂਦਿਆਂ ਇੱਕ ਵਿਸ਼ੇਸ਼ ਪ੍ਰਦਰਸ਼ਨ ਕੀਤਾ। ਦੋਰਾਇਸਵਾਮੀ ਨੇ ਕਿਹਾ ਕਿ ਭਾਰਤੀ ਹਾਈ ਕਮਿਸ਼ਨ ਵਿਖੇ ਗਣਤੰਤਰ ਦਿਵਸ ਸਮਾਰੋਹ ਦੌਰਾਨ ਰਾਸ਼ਟਰੀ ਗੀਤ ਦੀ 150ਵੀਂ ਵਰ੍ਹੇਗੰਢ ਨੂੰ ਮਨਾਉਣਾ ਹੋਰ ਵੀ ਮਹੱਤਵਪੂਰਨ ਮੌਕਾ ਬਣ ਗਿਆ। ਇਹ ਸਿਰਫ਼ ਗੀਤ ਦੀ ਯਾਦ ਦਿਵਾਉਣ ਲਈ ਇੱਕ ਪੇਸ਼ਕਾਰੀ ਨਹੀਂ ਸੀ, ਸਗੋਂ ਸਾਡੀ ਰਾਸ਼ਟਰੀ ਮਾਨਸਿਕ ਯਾਦ ਵਿੱਚ ਇਸ ਗੀਤ ਦੇ ਮੁੱਲ ਨੂੰ ਵੀ ਦਰਸਾਉਂਦਾ ਸੀ।

ਜਦ ਕਿ ਸ਼ਾਮ ਦੇ ਸਮਾਗਮ ਵਿੱਚ ਬਰਤਾਨੀਆਂ ਦੀ ਸੰਸਦ ਦੇ ਸਪੀਕਰ ਸਰ ਲਿੰਡਸੇ ਹੋਇਲ ਮੁੱਖ ਮਹਿਮਾਨ ਵਜੋਂ ਪਹੁੰਚੇ। ਉਨ੍ਹਾਂ ਆਪਣੇ ਭਾਸ਼ਣ ਵਿੱਚ ਭਾਰਤੀ ਭਾਈਚਾਰੇ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦਿਆਂ ਬਰਤਾਨਵੀ ਆਰਥਿਕਤਾ, ਸੱਭਿਆਚਾਰ ਅਤੇ ਸਿਹਤ ਖੇਤਰ ਸਮੇਤ ਵੱਖ ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਭਾਰਤ-ਯੂਕੇ ਭਾਈਵਾਲੀ ਅਤੇ ਦੋਵਾਂ ਦੇਸ਼ਾਂ ਵਿਚਕਾਰ ਹੋਏ ਮੁਕਤ ਵਪਾਰ ਸਮਝੌਤਾ ਲਾਗੂ ਕਰਨ ਹੋ ਰਹੀਆਂ ਗਤੀਵਿਧੀਆਂ ਦਾ ਵੀ ਉਚੇਚਾ ਜ਼ਿਕਰ ਕੀਤਾ ਗਿਆ। ਪੰਜਾਬੀ ਲੋਕ ਨਾਚ ਭੰਗੜੇ ਸਮੇਤ ਭਾਰਤੀ ਸੰਸਕ੍ਰਿਤੀ ਦੇ ਦ੍ਰਿਸ਼ ਪੇਸ਼ ਕੀਤੇ। ਇਸ ਮੌਕੇ ਵਿਦੇਸ਼ ਰਾਜ ਮੰਤਰੀ ਐਮ ਪੀ ਸੀਮਾ ਮਲਹੋਤਰਾ, ਐਮ ਪੀ ਜੱਸ ਅਟਵਾਲ, ਐਮ ਪੀ ਬੌਬ ਬਲੈਕਮੈਨ, ਸਾਬਕਾ ਐਮ ਪੀ ਵਰਿੰਦਰ ਸ਼ਰਮਾ, ਬੈਰੋਨੈਸ ਸੰਦੀਪ ਵਰਮਾ, ਲਾਰਡ ਰੰਮੀ ਰੇਂਜਰ, ਕੌਂਸਲਰ ਚਰਨਕੰਵਲ ਸਿੰਘ ਸੇਖੋਂ ਸਮੇਤ ਭਾਰਤੀ ਕਾਰੋਬਾਰੀਆਂ, ਭਾਈਚਾਰਕ ਆਗੂਆਂ, ਕੌਂਸਲਰਾਂ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਭਾਰਤੀ ਮੂਲ ਦੇ ਬ੍ਰਿਟਿਸ਼ ਫੌਜ ਅਤੇ ਨੇਵੀ ਅਧਿਕਾਰੀਆਂ ਨੇ ਸ਼ਿਰਕਤ ਕੀਤੀ।

## ਦਰਬਾਰ ਸਾਹਿਬ ਦੇ ਸਰੋਵਰ ਵਿਚ ਕੁਰਲੀ ਕਰਨ ਵਾਲਾ ਮੁਲਜ਼ਮ ਗਾਜ਼ੀਆਬਾਦ ਤੋਂ ਗ੍ਰਿਫ਼ਤਾਰ

### ਸ਼੍ਰੋਮਣੀ ਕਮੇਟੀ ਦੀ ਸ਼ਿਕਾਇਤ 'ਤੇ ਬੇਅਦਬੀ ਦਾ ਮਾਮਲਾ ਦਰਜ



ਅੰਮ੍ਰਿਤਸਰ-ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਕੁਰਲੀ ਕਰਨ ਦੇ ਵਾਇਰਲ ਵੀਡੀਓ ਮਾਮਲੇ ਵਿੱਚ ਉੱਤਰ ਪ੍ਰਦੇਸ਼ ਪੁਲਿਸ ਨੇ ਮੁਲਜ਼ਮ ਸੁਬਹਾਨ ਰੰਗਰੇਜ਼ ਨੂੰ ਗਾਜ਼ੀਆਬਾਦ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਘਟਨਾ 13 ਜਨਵਰੀ ਦੀ ਹੈ, ਜਿਸ ਵਿੱਚ ਵਿਅਕਤੀ ਸਰੋਵਰ ਵਿੱਚ ਪੈਰ ਪਾ ਕੇ ਬੈਠਾ ਅਤੇ ਪਾਣੀ ਨਾਲ ਕੁਰਲੀ ਕਰਕੇ ਥੁੱਕਦਾ ਨਜ਼ਰ ਆਇਆ ਸੀ। ਵੀਡੀਓ ਵਾਇਰਲ ਹੋਣ ਤੋਂ ਬਾਅਦ ਸਿੱਖ ਭਾਈਚਾਰੇ ਵਿੱਚ ਭਾਰੀ ਰੋਹ ਫੈਲਿਆ ਅਤੇ ਬੀਤੇ ਸ਼ਨੀਵਾਰ ਨਿਹੰਗ ਸਿੰਘਾਂ ਨੇ ਗਾਜ਼ੀਆਬਾਦ ਵਿੱਚ ਉਸ ਨਾਲ ਕੁੱਟਮਾਰ ਵੀ ਕੀਤੀ ਸੀ।

ਅੰਮ੍ਰਿਤਸਰ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਐਸਜੀਪੀਸੀ ਵੱਲੋਂ 24 ਜਨਵਰੀ ਨੂੰ ਕੋਟਵਾਲੀ ਥਾਣੇ ਵਿੱਚ ਐਫਆਈਆਰ ਦਰਜ ਕਰਵਾਈ ਗਈ ਹੈ, ਜਿਸ ਵਿੱਚ ਭਾਰਤੀ ਨਿਆਂ ਸੰਹਿਤਾ ਦੀ ਧਾਰਾ 298 ਤਹਿਤ ਬੇਅਦਬੀ ਦਾ ਦੋਸ਼ ਲਾਇਆ ਗਿਆ ਸੁ। ਐਫਆਈਆਰ ਵਿੱਚ ਕਿਹਾ ਗਿਆ ਕਿ ਸੁਬਹਾਨ ਰੰਗਰੇਜ਼ ਨੇ ਜਾਣਬੁੱਝ ਕੇ ਬੇਅਦਬੀ ਕੀਤੀ, ਕਿਉਂਕਿ ਉਹ ਬਿਨਾਂ ਦਰਸ਼ਨ ਕੀਤੇ ਪਰਿਸਰ ਤੋਂ ਬਾਹਰ ਚਲਾ ਗਿਆ ਸੀ। ਸੀਸੀਟੀਵੀ ਫੁਟੇਜ ਵੀ ਪੁਲਿਸ ਨੂੰ ਸੌਂਪੀ ਗਈ ਹੈ। ਗਾਜ਼ੀਆਬਾਦ ਦੇ ਏਸੀਪੀ ਗਿਆਨ ਪ੍ਰਕਾਸ਼ ਨੇ ਪੁਸ਼ਟੀ ਕੀਤੀ ਕਿ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ ਅਤੇ ਅੰਮ੍ਰਿਤਸਰ ਲਿਆਉਣ ਲਈ ਪੁਲਿਸ ਟੀਮ ਭੇਜੀ ਜਾ ਰਹੀ ਹੈ। ਸੁਬਹਾਨ ਨੇ ਦੋ ਵੀਡੀਓ ਜਾਰੀ ਕਰਕੇ ਮੁਆਫੀ ਮੰਗੀ ਸੀ, ਕਿਹਾ ਕਿ ਉਹ ਵਜ਼ੂ ਕਰ ਰਿਹਾ ਸੀ ਅਤੇ ਮਰਿਆਦਾ ਬਾਰੇ ਅਣਜਾਣ ਸੀ, ਇਰਾਦਾ ਬੇਅਦਬੀ ਦਾ ਨਹੀਂ ਸੀ।

## ਖ਼ਾਲਸਾ ਪੰਥ ਦੇ ਡੈਲੀਗੇਟ ਇਜਲਾਸ ਵਿੱਚ ਪੰਥਕ ਕੌਂਸਲ ਦੀ ਸਥਾਪਨਾ

### ਸਤਵੰਤ ਕੌਰ ਨੂੰ ਬਣਾਇਆ ਮੁੱਖ ਸੇਵਾਦਾਰ-ਕੌਂਸਲ ਦਾ ਦਾਇਰਾ ਵਿਸ਼ਵਵਿਆਪੀ ਰੱਖਣ ਦਾ ਫੈਸਲਾ

ਅੰਮ੍ਰਿਤਸਰ-ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਅਗਵਾਈ ਵਿੱਚ ਕਰਵਾਏ ਗਏ ਖ਼ਾਲਸਾ ਪੰਥ ਦੇ ਡੈਲੀਗੇਟ ਇਜਲਾਸ ਵਿੱਚ ਪੰਥਕ ਕੌਂਸਲ ਦੀ ਸਥਾਪਨਾ ਕੀਤੀ ਗਈ ਹੈ। ਪੰਥਕ ਨਿਸ਼ਾਨਿਆਂ ਦੀ ਪੂਰਤੀ ਦੇ ਮਕਸਦ ਨਾਲ ਬਣਾਈ ਗਈ ਇਹ ਸੰਸਥਾ ਖ਼ੁਦਮੁਖ਼ਤਿਆਰੀ ਨਾਲ ਕੰਮ ਕਰੇਗੀ।

## ਯੂ ਕੇ ਵਿੱਚ ਅੱਤਵਾਦ, ਧੋਖਾਧੜੀਆਂ ਅਤੇ ਅਪਰਾਧਾਂ ਨਾਲ ਨਜਿੱਠਣ ਲਈ ਐਫ ਬੀ ਆਈ ਤਰਜ਼ ਤੇ ਬਣਾਈ ਜਾਵੇਗੀ ਨਵੀਂ ਫੋਰਸ - ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ



ਸ਼ਬਾਨਾ ਮਹਿਮੂਦ

ਲੰਡਨ: (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਅੱਤਵਾਦ, ਧੋਖਾਧੜੀਆਂ ਅਤੇ ਅਪਰਾਧਾਂ ਨਾਲ ਨਜਿੱਠਣ ਲਈ ਐਫ ਬੀ ਆਈ ਤਰਜ਼ ਤੇ ਨਵੀਂ ਫੋਰਸ ਬਣਾਈ ਜਾਵੇਗੀ। ਬਰਤਾਨੀਆਂ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਯੂ ਕੇ ਵਿੱਚ ਅੱਤਵਾਦ ਵਿਰੋਧੀ, ਧੋਖਾਧੜੀ ਅਤੇ ਹੋਰ ਗੰਭੀਰ ਗੈਂਗ ਹਿੰਸਾ ਦੀਆਂ ਜਾਂਚਾਂ ਨਾਲ ਨਜਿੱਠਣ ਲਈ "ਵਿਸ਼ਵ ਪੱਧਰੀ ਪ੍ਰਤਿਭਾ" ਨਾਲ ਬਣੀ ਇੱਕ ਨਵੀਂ ਰਾਸ਼ਟਰੀ ਪੁਲਿਸ ਸੇਵਾ ਬਣਾਈ ਜਾਵੇਗੀ।

ਅਮਰੀਕਾ ਵਿੱਚ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ ਬੀ ਆਈ) ਦੇ ਮਾਡਲ 'ਤੇ ਬਣਨ ਵਾਲੀ ਨੈਸ਼ਨਲ ਪੁਲਿਸ ਸਰਵਿਸ (ਐਨ ਪੀ ਐਸ) ਖ਼ਤਰਨਾਕ ਅਪਰਾਧੀਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਫੜਨ ਲਈ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਹੋਵੇਗੀ। ਨਵੀਂ ਰਾਸ਼ਟਰ ਵਿਆਪੀ ਫੋਰਸ ਮੌਜੂਦਾ ਏਜੰਸੀਆਂ, ਜਿਵੇਂ ਕਿ ਰਾਸ਼ਟਰੀ ਅਪਰਾਧ ਏਜੰਸੀ (ਐਨ ਸੀ ਏ) ਅਤੇ ਖੇਤਰੀ ਸੰਗਠਿਤ ਅਪਰਾਧ ਇਕਾਈਆਂ ਦੇ ਕੰਮ ਨੂੰ ਇੱਕ ਛਤਰੀ ਹੇਠ ਲਿਆਏਗੀ।

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਮੌਜੂਦਾ ਪੁਲਿਸ ਢਾਂਚਾ ਸਦੀ ਪਹਿਲਾਂ ਬਣਾਇਆ ਗਿਆ ਸੀ। ਕੁਝ ਸਥਾਨਕ ਬਲਾਂ ਕੋਲ ਗੁੰਝਲਦਾਰ ਆਧੁਨਿਕ ਅਪਰਾਧ ਜਿਵੇਂ ਕਿ ਧੋਖਾਧੜੀ, ਆਨਲਾਈਨ ਬਾਲ ਸ਼ੋਸ਼ਣ ਜਾਂ ਸੰਗਠਿਤ ਅਪਰਾਧਿਕ ਗਰੋਹਾਂ ਨਾਲ ਲੜਨ ਲਈ ਲੋੜੀਂਦੇ ਹੁਨਰ ਜਾਂ ਸਰੋਤਾਂ ਦੀ ਘਾਟ ਹੈ।

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਨਵਾਂ ਪੁਲਿਸ ਸੰਗਠਨ ਇੰਗਲੈਂਡ ਅਤੇ ਵੇਲਜ਼ ਦੇ 43 ਸਥਾਨਕ ਪੁਲਿਸ ਬਲਾਂ ਤੋਂ ਬੋਝ ਉਤਾਰ ਦੇਵੇਗੀ, ਜਿਸ ਨਾਲ ਉਨ੍ਹਾਂ ਨੂੰ ਆਪਣੇ ਅਧਿਕਾਰ ਖੇਤਰਾਂ ਵਿਚ ਰੋਜ਼ਾਨਾ ਹੋਣ ਵਾਲੇ ਅਪਰਾਧਾਂ 'ਤੇ ਧਿਆਨ ਕੇਂਦਰਿਤ ਕਰਨ ਵਿਚ ਮਦਦ ਮਿਲੇਗੀ। ਮਹਿਮੂਦ ਨੇ ਕਿਹਾ ਕਿ ਇਹ ਪ੍ਰਸਤਾਵਾਂ ਨੂੰ ਸੋਮਵਾਰ ਨੂੰ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ। ਉਮੀਦ ਕੀਤੀ ਗਈ ਹੋਰ ਤਬਦੀਲੀਆਂ ਵਿੱਚ ਇੰਗਲੈਂਡ ਅਤੇ ਵੇਲਜ਼ ਵਿੱਚ ਪੁਲਿਸ ਬਲਾਂ ਦੀ ਗਿਣਤੀ ਨੂੰ ਘਟਾਉਣਾ ਅਤੇ ਪੁਲਿਸ ਅਧਿਕਾਰੀਆਂ ਦੀ ਭਰਤੀ ਅਤੇ ਪ੍ਰਬੰਧਨ ਦੇ ਤਰੀਕੇ ਵਿੱਚ ਬਦਲਾਅ ਕੀਤੇ ਜਾਣਗੇ।

ਲੰਡਨ ਦੀ ਮੈਟਰੋਪੋਲੀਟਨ ਪੁਲਿਸ, ਜੋ ਕਿ ਅੱਤਵਾਦ ਵਿਰੋਧੀ ਕਾਰਵਾਈ ਦੀ ਅਗਵਾਈ ਕਰਦੀ ਹੈ, ਇੱਕ ਸਿੰਗਲ ਰਾਸ਼ਟਰੀ ਸੇਵਾ ਦੀ ਸਿਰਜਣਾ ਦਾ ਸੁਆਗਤ ਕਰਦੇ ਹੋਏ, ਪੁਲਿਸ ਸਰਕਲਾਂ ਵਿੱਚ ਤਬਦੀਲੀ ਦੀ ਸੰਭਾਵਨਾ ਦਾ ਸਵਾਗਤ ਕੀਤਾ ਹੈ।

# ਪਾਵਨ ਸਰੂਪਾਂ ਦੇ ਲਾਪਤਾ ਹੋਣ ਵਾਲੇ ਮਾਮਲੇ ਵਿੱਚ ਸਰਕਾਰ 'ਤੇ ਸਿਆਸਤ ਦੇ ਦੋਸ਼

## ✪ ਸ਼੍ਰੋਮਣੀ ਕਮੇਟੀ ਨੇ ਸਿਟ ਨੂੰ ਰਿਕਾਰਡ ਲੈਣ ਲਈ ਕੀਤੀ ਪੇਸ਼ਕਸ਼, ਪਰ ਨਹੀਂ ਆਇਆ ਜਵਾਬ

ਅੰਮ੍ਰਿਤਸਰ/ਚੰਡੀਗੜ੍ਹ-ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਗੁੰਮ ਹੋਣ ਵਾਲੇ ਮਾਮਲੇ ਵਿੱਚ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਤਣਾਅ ਵਧਦਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ ਸਪੱਸ਼ਟ ਕਿਹਾ ਹੈ ਕਿ ਉਹ ਵਿਸ਼ੇਸ਼ ਜਾਂਚ ਟੀਮ (ਸਿਟ) ਨੂੰ ਪੂਰਾ ਸਹਿਯੋਗ ਦੇਣ ਲਈ ਤਿਆਰ ਹੈ ਅਤੇ ਰਿਕਾਰਡ ਤਿਆਰ ਕਰਕੇ ਰੱਖ ਲਿਆ ਗਿਆ ਹੈ, ਪਰ ਸਿਟ ਵੱਲੋਂ ਅਜੇ ਤੱਕ ਰਿਕਾਰਡ ਲੈਣ ਲਈ ਕੋਈ ਹੁੰਗਾਰਾ ਨਹੀਂ ਭਰਿਆ ਗਿਆ।

### ਅਕਾਲ ਤਖ਼ਤ ਜਥੇਦਾਰ ਦੇ ਹੁਕਮਾਂ ਮੁਤਾਬਕ ਪੂਰਾ ਸਹਿਯੋਗ

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਜਾਰੀ ਹੁਕਮਾਂ ਅਨੁਸਾਰ ਕਮੇਟੀ ਨੇ ਸਿਟ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਫੈਸਲਾ ਕੀਤਾ ਹੈ। ਸਿਟ ਮੈਂਬਰਾਂ ਨੇ ਅੰਮ੍ਰਿਤਸਰ ਅਤੇ ਚੰਡੀਗੜ੍ਹ ਦਫ਼ਤਰਾਂ ਵਿੱਚ ਆ ਕੇ ਰਿਕਾਰਡ ਮੰਗਿਆ ਸੀ। ਇਸ ਤੋਂ ਬਾਅਦ ਕਮੇਟੀ ਨੇ ਸਿਟ ਮੁਖੀ, ਅੰਮ੍ਰਿਤਸਰ ਪੁਲੀਸ ਕਮਿਸ਼ਨਰ ਅਤੇ ਹੋਰ ਮੈਂਬਰਾਂ ਨੂੰ ਫੋਨ ਕਰਕੇ 27, 28 ਅਤੇ 29 ਜਨਵਰੀ ਨੂੰ ਚੰਡੀਗੜ੍ਹ ਦਫ਼ਤਰ ਵਿੱਚ ਰਿਕਾਰਡ ਲੈਣ ਦੀ ਪੇਸ਼ਕਸ਼ ਕੀਤੀ। ਪਰ ਸਿਟ ਵੱਲੋਂ ਕੋਈ ਜਵਾਬ ਨਹੀਂ ਆਇਆ, ਜਿਸ ਨਾਲ ਸਰਕਾਰ ਦੀ ਨੀਅਤ 'ਤੇ ਸਵਾਲ ਉੱਠ ਰਹੇ ਹਨ।




### ਸਰਕਾਰ ਨੇ ਅਦਾਲਤ ਵਿੱਚ ਝੂਠੇ ਬਿਆਨ ਦਿੱਤੇ: ਕਮੇਟੀ

ਸ਼੍ਰੋਮਣੀ ਕਮੇਟੀ ਦੇ ਲੀਗਲ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਨੇ ਸਰਕਾਰ 'ਤੇ ਸਿਆਸਤ ਕਰਨ ਦਾ ਗੰਭੀਰ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ 12 ਜਨਵਰੀ ਨੂੰ ਜਥੇਦਾਰ ਵੱਲੋਂ ਹੁਕਮ ਜਾਰੀ ਹੋਣ ਤੋਂ ਬਾਅਦ 13 ਜਨਵਰੀ ਨੂੰ ਸਿਟ ਨੇ ਲਿਖਤੀ ਮੰਗ ਕੀਤੀ ਸੀ। ਕਮੇਟੀ ਨੇ ਰਿਕਾਰਡ ਤਿਆਰ ਕਰਕੇ ਰੱਖ ਲਿਆ ਅਤੇ 26 ਜਨਵਰੀ ਨੂੰ ਪੱਤਰ ਵੀ ਭੇਜਿਆ। ਪਰ ਅੱਜ ਹਾਈ ਕੋਰਟ ਵਿੱਚ ਸਰਕਾਰ ਨੇ ਝੂਠ ਬੋਲਿਆ ਕਿ ਕਮੇਟੀ ਨੇ ਰਿਕਾਰਡ ਨਹੀਂ ਦਿੱਤਾ। ਇਹ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ ਅਤੇ ਮਾਮਲੇ ਨੂੰ ਜਾਣਬੁੱਝ ਕੇ ਲਮਕਾਇਆ ਜਾ ਰਿਹਾ ਹੈ।

### ਸਿਟ ਨੇ 20 ਨੁਕਤਿਆਂ 'ਤੇ ਮੰਗਿਆ ਰਿਕਾਰਡ, 16 ਵਿੱਚੋਂ 2 ਗ੍ਰਿਫ਼ਤਾਰ

ਸਿਟ ਨੇ ਕੁੱਲ 20 ਨੁਕਤਿਆਂ 'ਤੇ ਰਿਕਾਰਡ ਮੰਗਿਆ ਹੈ ਅਤੇ ਇਹ ਸਭ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਨਿਗਰਾਨੀ ਹੇਠ ਤਿਆਰ ਹਨ। ਮਾਮਲੇ ਵਿੱਚ 16 ਨਾਮਜ਼ਦ ਵਿਅਕਤੀਆਂ ਵਿੱਚੋਂ ਦੋ ਨੂੰ ਗ੍ਰਿਫ਼ਤਾਰ ਕੀਤਾ ਗਿਆ, ਦੋ ਦੀ ਮੌਤ ਹੋ ਚੁੱਕੀ ਹੈ ਅਤੇ ਕੁਝ ਵਿਦੇਸ਼ ਵਿੱਚ ਹਨ। ਮੁੱਖ ਮੰਤਰੀ ਨੇ ਕਿਹਾ ਸੀ ਕਿ 169 ਸਰੂਪ ਮਿਲੇ ਹਨ, ਪਰ ਸਿਟ ਅਜੇ ਤੱਕ ਇਹ ਸਾਬਤ ਨਹੀਂ ਕਰ ਸਕੀ ਕਿ ਇਹ 328 ਪਾਵਨ ਸਰੂਪਾਂ ਨਾਲ ਜੁੜੇ ਹਨ। ਅਗਲੀ ਸੁਣਵਾਈ 30 ਜਨਵਰੀ ਨੂੰ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਸਰਕਾਰ ਨੂੰ ਚੁਣੌਤੀ ਦਿੱਤੀ ਹੈ ਕਿ ਜਲਦੀ ਰਿਕਾਰਡ ਲੈ ਕੇ ਜਾਂਚ ਅੱਗੇ ਵਧਾਏ।



### -ਸੀਐੱਮ ਮਾਨ ਦੀ ਕਥਿਤ ਇਤਰਾਜ਼ਯੋਗ ਵੀਡੀਓ ਮਾਮਲਾ-

# ਅਕਾਲ ਤਖ਼ਤ ਨੇ ਫੋਰੈਂਸਿਕ ਜਾਂਚ ਲਈ ਵੀਡੀਓ ਤਿੰਨ ਲੈਬਾਂ ਨੂੰ ਭੇਜੀ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਹੁਕਮਾਂ ਅਨੁਸਾਰ ਸਕੱਤਰੇਤ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਜੁੜੀ ਕਥਿਤ ਇਤਰਾਜ਼ਯੋਗ ਵੀਡੀਓ ਦੀ ਫੋਰੈਂਸਿਕ ਜਾਂਚ ਲਈ ਤਿੰਨ ਲੈਬਾਂ ਨੂੰ ਭੇਜ ਦਿੱਤੀ ਹੈ। ਇਸ ਵੀਡੀਓ ਦੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਸਕੱਤਰੇਤ ਨੇ ਮੁੱਖ ਮੰਤਰੀ ਦੇ ਦਫ਼ਤਰ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਲੈਬਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਜਥੇਦਾਰ ਦੇ ਹੁਕਮਾਂ ਮੁਤਾਬਕ ਇੰਚਾਰਜ ਬਗੀਚਾ ਸਿੰਘ ਨੇ ਮੁੱਖ ਮੰਤਰੀ ਦੇ ਨਾਮ ਦੋ ਲੈਬਾਂ ਦੱਸਣ ਬਾਰੇ ਪੱਤਰ ਵੀ ਲਿਖ ਦਿੱਤਾ ਹੈ। ਇਸ ਤੋਂ ਪਹਿਲਾਂ 15 ਜਨਵਰੀ ਨੂੰ ਮੁੱਖ ਮੰਤਰੀ ਮਾਨ ਨੇ ਨਿਮਾਣੇ ਸਿੱਖ ਵਜੋਂ ਸਕੱਤਰੇਤ ਵਿੱਚ ਪਹੁੰਚ ਕੇ ਆਪਣਾ ਪੱਖ ਰੱਖਿਆ ਸੀ ਅਤੇ ਵੀਡੀਓ ਨੂੰ ਨਕਲੀ ਅਤੇ ਏਆਈ ਨਾਲ ਬਣਾਇਆ ਦੱਸਿਆ ਸੀ। ਜਥੇਦਾਰ ਨੇ ਉਨ੍ਹਾਂ ਨੂੰ ਵੀਡੀਓ ਦੀ ਜਾਂਚ ਲਈ ਦੋ ਲੈਬਾਂ ਸੁਝਾਉਣ ਲਈ ਕਿਹਾ ਸੀ। ਇਸ ਦੌਰਾਨ ਸ਼ਿਕਾਇਤਕਰਤਾ ਨੇ ਵਿਦੇਸ਼ੀ ਲੈਬ ਦੀ ਰਿਪੋਰਟ ਵੀ ਸੌਂਪੀ ਹੈ, ਜਿਸ ਦੀ ਪੁਸ਼ਟੀ ਲਈ ਸਕੱਤਰੇਤ ਨੇ ਸਬੰਧਤ ਲੈਬ ਨੂੰ ਪੱਤਰ ਲਿਖ ਕੇ ਅਧਿਕਾਰਤ ਜਾਣਕਾਰੀ ਮੰਗੀ ਹੈ। ਇਹ ਮਾਮਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਣ ਕਾਰਨ ਵੱਡੀ ਚਰਚਾ ਵਿੱਚ ਹੈ ਅਤੇ ਰਿਪੋਰਟ ਆਉਣ ਤੋਂ ਬਾਅਦ ਅਗਲੇਰਾ ਫੈਸਲਾ ਲਿਆ ਜਾਵੇਗਾ।

# ਜਥੇਦਾਰ ਗੜਗੱਜ ਵਲੋਂ ਸਿੱਖ ਕੌਮ ਦੀ ਘੱਟ ਰਹੀ ਅਬਾਦੀ 'ਤੇ ਡੂੰਘੀ ਚਿੰਤਾ

## ✪ ਘੱਟੋ-ਘੱਟ 3 ਬੱਚੇ ਪੈਦਾ ਕਰਨ ਦੀ ਅਪੀਲ ਕੀਤੀ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਕੌਮ ਦੀ ਲਗਾਤਾਰ ਘਟ ਰਹੀ ਅਬਾਦੀ ਨੂੰ ਲੈ ਕੇ ਗੰਭੀਰ ਚਿੰਤਾ ਜਤਾਈ ਹੈ। ਨਾਂਦੇੜ (ਸ੍ਰੀ ਹਜੂਰ ਸਾਹਿਬ) ਵਿਖੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸ਼ਹਾਦਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾ ਗੱਦੀ ਦੇ 350 ਸਾਲ ਪੂਰੇ ਹੋਣ ਮੌਕੇ ਵਿਸ਼ੇਸ਼ ਪ੍ਰੋਗਰਾਮ ਦੌਰਾਨ ਉਨ੍ਹਾਂ ਨੇ ਸਿੱਖ ਪਰਿਵਾਰਾਂ ਨੂੰ ਘੱਟੋ-ਘੱਟ ਤਿੰਨ ਜਾਂ ਇਸ ਤੋਂ ਵੱਧ ਬੱਚੇ ਪੈਦਾ ਕਰਨ ਦਾ ਸੰਦੇਸ਼ ਦਿੱਤਾ। ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖਾਂ ਦੀ ਗਿਣਤੀ ਵਿੱਚ ਆ ਰਹੀ ਕਮੀ ਕੌਮ ਲਈ ਬਹੁਤ ਵੱਡੀ ਚੁਣੌਤੀ ਬਣ ਰਹੀ ਹੈ। ਉਨ੍ਹਾਂ ਨੇ ਇਸ ਨੂੰ ਰੋਕਣ ਲਈ ਹਰ ਸਿੱਖ ਨੂੰ ਸੰਵੇਦਨਸ਼ੀਲਤਾ ਨਾਲ ਸੋਚਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, "ਅੱਜਕੱਲ੍ਹ ਜ਼ਿਆਦਾਤਰ ਸਿੱਖ ਜੋੜੇ ਸਿਰਫ ਇੱਕ ਜਾਂ ਦੋ ਬੱਚੇ ਹੀ ਪੈਦਾ ਕਰ ਰਹੇ ਹਨ, ਜਿਸ ਕਾਰਨ ਕੌਮ ਦੀ ਅਬਾਦੀ ਘਟ ਰਹੀ ਹੈ। ਇਸ ਨੂੰ ਰੋਕਣ ਲਈ ਹਰ ਸਿੱਖ ਪਰਿਵਾਰ ਨੂੰ ਘੱਟੋ-ਘੱਟ ਤਿੰਨ ਬੱਚੇ ਜ਼ਰੂਰ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਸਿੱਖੀ ਦੀ ਛਾਪ ਹਰ ਪਾਸੇ ਦਿਖਾਈ ਦੇਵੇ ਅਤੇ ਕੌਮ ਮਜ਼ਬੂਤ ਰਹੇ।"

ਜਥੇਦਾਰ ਨੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ 30 ਸਾਲ ਦੀ ਉਮਰ ਤੱਕ ਵਿਆਹ ਕਰ ਲੈਣ ਤਾਂ ਜੋ ਪਰਿਵਾਰਕ ਜੀਵਨ ਜਲਦੀ ਸਥਿਰ ਹੋ ਸਕੇ ਅਤੇ ਆਉਣ ਵਾਲੀ ਪੀੜ੍ਹੀ ਨੂੰ ਗੁਰਮਤਿ ਸੰਸਕਾਰ ਮਿਲ ਸਕਣ। ਉਨ੍ਹਾਂ ਕਿਹਾ, "ਸਿੱਖ ਸਮਾਜ ਨੂੰ ਅਜਿਹਾ ਬਣਾਇਆ ਜਾਵੇ ਕਿ ਹਰ ਪਾਸੇ ਸਿੱਖੀ, ਸਿੱਖ ਤੇ ਦਸਤਾਰਾਂ ਦੀ ਝਲਕ ਦਿਖਾਈ ਦੇਵੇ। ਇਸ ਲਈ ਅਬਾਦੀ ਵਧਾਉਣਾ ਬਹੁਤ ਜ਼ਰੂਰੀ ਹੈ।"

ਇਹ ਬਿਆਨ ਸਿੱਖ ਕੌਮ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਕਈ ਵਰ੍ਹਿਆਂ ਤੋਂ ਜਥੇਦਾਰਾਂ ਵੱਲੋਂ ਸਿੱਖ ਅਬਾਦੀ ਘਟਣ 'ਤੇ ਚਿੰਤਾ ਜਤਾਈ ਜਾ ਰਹੀ ਹੈ ਅਤੇ ਇਸ ਨੂੰ ਰੋਕਣ ਲਈ ਪਰਿਵਾਰ ਵਿਸਥਾਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਜਥੇਦਾਰ ਗੜਗੱਜ ਦਾ ਇਹ ਸੰਦੇਸ਼ ਵੀ ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

# ਮਹਾਰਾਸ਼ਟਰ ਵਿੱਚ ਵੱਡਾ ਵਿਮਾਨ ਹਾਦਸਾ, ਅਜੀਤ ਪਵਾਰ ਸਮੇਤ ਪੰਜਾਂ ਦੀ ਮੌਤ



ਬਾਰਾਮਤੀ-ਮਹਾਰਾਸ਼ਟਰ ਵਿੱਚ ਇੱਕ ਦੁਖਦਾਈ ਵਿਮਾਨ ਹਾਦਸਾ ਵਾਪਰਿਆ ਹੈ। ਬੁੱਧਵਾਰ ਸਵੇਰੇ ਪੁਣੇ ਜ਼ਿਲ੍ਹੇ ਦੇ ਬਾਰਾਮਤੀ ਏਅਰਪੋਰਟ 'ਤੇ ਲੈਂਡਿੰਗ ਦੌਰਾਨ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਚਾਰਟਰਡ ਵਿਮਾਨ ਕੰਟਰੋਲ ਤੋਂ ਬਾਹਰ ਹੋ ਗਿਆ ਅਤੇ ਰਨਵੇ ਤੋਂ ਬਾਹਰ ਜਾ ਕੇ ਅੱਗ ਲੱਗ ਗਈ। ਇਸ ਹਾਦਸੇ ਵਿੱਚ ਅਜੀਤ ਪਵਾਰ ਸਮੇਤ ਵਿਮਾਨ ਵਿੱਚ ਸਵਾਰ ਪੰਜਾਂ ਵਿਅਕਤੀਆਂ (ਦੋ ਸੁਰੱਖਿਆ ਕਰਮਚਾਰੀ ਅਤੇ ਦੋ ਚਾਲਕ ਦਲ ਮੈਂਬਰਾਂ ਸਮੇਤ) ਦੀ ਮੌਤ ਹੋ ਗਈ ਹੈ।

ਅਜੀਤ ਪਵਾਰ (ਉਮਰ 66) ਬਾਰਾਮਤੀ ਤੋਂ ਮੁੰਬਈ ਤੋਂ ਆ ਰਹੇ ਸਨ ਤਾਂ ਜੋ 5 ਫਰਵਰੀ ਨੂੰ ਹੋਣ ਵਾਲੇ ਜ਼ਿਲ੍ਹਾ ਪਰਿਸ਼ਦ ਚੋਣਾਂ ਲਈ ਚਾਰ ਜਨ ਸਭਾਵਾਂ ਨੂੰ ਸੰਬੋਧਨ ਕਰ ਸਕਣ। ਡੀ.ਜੀ.ਸੀ.ਏ. ਦੀ ਟੀਮ ਹਾਦਸੇ ਵਾਲੀ ਥਾਂ 'ਤੇ ਪਹੁੰਚ ਗਈ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਵੱਖ-ਵੱਖ ਰਾਜਨੀਤਿਕ ਆਗੂਆਂ ਨੇ ਇਸ ਰਾਜਨੀਤਕ ਘਾਟੇ 'ਤੇ ਦੁੱਖ ਪ੍ਰਗਟ ਕੀਤਾ ਹੈ।

# ਕੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਇੱਕ ਵਾਰ ਫਿਰ ਅਦਾਲਤੀ ਚੱਕਰਾਂ ਵਿਚ ਪਵੇਗਾ ?

## ਨਵੀਂ ਪ੍ਰਬੰਧਕ ਕਮੇਟੀ ਵੱਲੋਂ 18 ਫਰਵਰੀ 2024 ਨੂੰ ਨਿਯੁਕਤ ਕੀਤੇ ਟਰੱਸਟੀਆਂ ਦੀ ਨਿਯੁਕਤੀ ਰੱਦ ਕਰਨ ਨੂੰ 8 ਟਰੱਸਟੀਆਂ ਨੇ ਦਿੱਤੀ ਚਣੌਤੀ

## ਦੋਵੇਂ ਧਿਰਾਂ ਕਹਿ ਰਹੀਆਂ ਹਨ ਇੱਕ ਦੂਜੇ ਦੀ ਪ੍ਰਕ੍ਰਿਆ ਗੈਰਕਾਨੂੰਨੀ







ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁ-ਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਇੱਕ ਵਾਰ ਫਿਰ ਅਦਾਲਤੀ ਚੱਕਰਾਂ ਵਿੱਚ ਪੈਂਦਾ ਨਜ਼ਰ ਆ ਰਿਹਾ ਹੈ। ਪੰਥਕ ਗਰੁੱਪ ਦੀ ਪ੍ਰਬੰਧਕ ਕਮੇਟੀ ਮੌਕੇ ਜਦੋਂ ਪ੍ਰਧਾਨ ਸ: ਹਿੰਮਤ ਸਿੰਘ ਸੋਹੀ ਅਤੇ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਸਨ ਉਸ ਸਮੇਂ 18 ਫਰਵਰੀ 2024 ਦੇ ਇਜਲਾਸ ਵਿਚ ਜਿਹੜੇ 11 ਟਰੱਸਟੀਆਂ ਨੂੰ ਨਿਯੁਕਤ ਕੀਤਾ ਗਿਆ ਸੀ, ਉਹਨਾਂ ਨੂੰ ਅਕਤੂਬਰ 2025 ਵਿੱਚ ਚੁਣੀ ਗਈ ਨਵੀਂ ਕਮੇਟੀ ਨੇ ਗੈਰਸੰਵਿਧਾਨਿਕ ਕਰਾਰ ਦਿੰਦਿਆਂ ਫਾਰਗ ਕਰ ਦਿੱਤਾ ਸੀ। ਜਦ ਕਿ ਫਾਰਗ ਕੀਤੇ ਟਰੱਸਟੀਆਂ ਨੇ ਮੌਜੂਦਾ ਪ੍ਰਬੰਧਕ ਕਮੇਟੀ ਦੇ ਫੈਸਲੇ ਨੂੰ ਗੈਰ ਸੰਵਿਧਾਨਿਕ ਕਰਾਰ ਦਿੰਦਿਆਂ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਇਹ ਨੋਟਿਸ 11 ਵਿੱਚੋਂ 8 ਮੈਂਬਰਾਂ ਮਨਜੀਤ ਸਿੰਘ ਬੁਟਰ, ਗੁਰਦੇਵ ਸਿੰਘ ਬਰਾੜ, ਅਮਰਦੀਪ ਸਿੰਘ ਦੋਸਾਂਝ, ਸੁਰਜੀਤ ਸਿੰਘ ਜੌਹਲ, ਪ੍ਰੋਫੈਸਰ ਜਸਪਾਲ ਸਿੰਘ ਕੂਨਰ, ਅਰਮਿੰਦਰ ਸਿੰਘ ਖੰਗੂੜਾ, ਪਰਸ਼ੋਤਮ ਸਿੰਘ ਸੋਹੀ, ਮਨਦੀਪ ਸਿੰਘ ਥਿੰਦ ਵੱਲੋਂ ਉਹਨਾਂ ਦੇ ਵਕੀਲਾਂ ਨੇ ਭੇਜਿਆ ਹੈ। ਨੋਟਿਸ ਵਿੱਚ ਕਿਹਾ ਗਿਆ ਕਿ 2024 ਵਿੱਚ ਸੋਧੇ ਗਏ ਸੰਵਿਧਾਨ ਤਹਿਤ ਟਰੱਸਟੀਆਂ ਦੀ ਨਿਯੁਕਤੀ ਕੀਤੀ ਗਈ ਸੀ। ਜਿਸ ਨੂੰ ਸਿਰਫ ਈ ਜੀ ਐਮ ਵਿੱਚ ਹੀ ਰੱਦ ਕੀਤਾ ਜਾ ਸਕਦਾ ਹੈ। ਲੇਕਨ ਨਵੀਂ ਪ੍ਰਬੰਧਕ ਕਮੇਟੀ ਵੱਲੋਂ ਟਰੱਸਟੀਆਂ ਦੀ ਚੋਣ ਰੱਦ ਕਰਨ ਲਈ ਸੰਵਿਧਾਨਿਕ ਤਰੀਕਾ ਨਹੀਂ ਅਪਨਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਟਰੱਸਟੀਆਂ ਦੀ ਚੋਣ ਮੁੱਢੋਂ ਹੀ ਰੱਦ ਕਰਨ ਦੀ ਪ੍ਰਕ੍ਰਿਆ ਨੂੰ ਨੋਟਿਸ ਵਿੱਚ ਗਲਤ ਦੱਸਿਆ ਹੈ। ਇਥੇ ਹੀ ਨਹੀਂ ਬਲਕਿ ਕਿਹਾ ਗਿਆ ਹੈ ਕਿ 2010 ਦੇ ਸੰਵਿਧਾਨ ਨੂੰ ਅਪਨਾਉਣ ਦੀ ਪ੍ਰਕ੍ਰਿਆ ਵੀ ਗਲਤ ਹੈ, ਕਿਉਂਕਿ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ 2024 ਦੇ ਸੰਵਿਧਾਨ ਤਹਿਤ ਹੀ ਹੋਈ ਹੈ ਅਤੇ ਇਸ ਸੰਵਿਧਾਨ ਦੇ ਤਹਿਤ ਹੀ ਟਰੱਸਟੀਆਂ ਦੇ ਮੱਤਭੇਦ ਹੱਲ ਕੀਤੇ ਜਾਣ।

ਇਸ ਸਬੰਧੀ ਮਨਜੀਤ ਸਿੰਘ ਬੁੱਟਰ ਨੇ ਕਿਹਾ ਕਿ ਅਕਤੂਬਰ 2025 ਵਿੱਚ ਹੋਈਆਂ ਚੋਣਾਂ ਨਵੇਂ ਸੰਵਿਧਾਨ ਅਨੁਸਾਰ ਹੀ ਕਰਵਾਈਆਂ ਗਈਆਂ ਸਨ, ਜੋ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਗਈਆਂ। ਇਹਨਾਂ ਚੋਣਾਂ ਵਿੱਚ ਹੀ ਸੰਗਤਾਂ ਨੇ ਸ਼ੇਰ ਗਰੁੱਪ ਦੇ ਹੱਕ ਵਿੱਚ ਫੈਸਲਾ ਦਿੱਤਾ ਅਤੇ ਟਰੱਸਟ ਵੱਲੋਂ ਅਸੀਂ ਸੰਗਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਨਵੀਂ ਪ੍ਰਬੰਧਕ ਕਮੇਟੀ ਨੂੰ ਹਰ ਪੱਖੋਂ ਸਹਿਯੋਗ ਦੇਣ ਦੀ ਵਚਣਵੱਧਤਾ ਪ੍ਰਗਟ ਕਰਦਿਆਂ ਪੂਰਨ ਸਹਿਯੋਗ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ। ਪ੍ਰੰਤੂ ਨਵੀਂ ਪ੍ਰਬੰਧਕ ਕਮੇਟੀ ਨੇ ਗੈਰਸੰਵਿਧਾਨਿਕ ਤਰੀਕੇ ਨਾਲ ਟਰੱਸਟੀਆਂ ਦੀ ਨਿਯੁਕਤੀ ਨੂੰ ਰੱਦ ਕੀਤਾ ਅਤੇ ਮੁੜ 2010 ਵਾਲਾ ਸੰਵਿਧਾਨ ਲਾਗੂ ਕਰ ਦਿੱਤਾ। ਜਦ ਕਿ ਅਜੇਹਾ ਸਿਰਫ ਏ ਜੀ ਐਮ ਜਾਂ ਈ ਜੀ ਐਮ ਵਿੱਚ ਹੀ ਹੋ ਸਕਦਾ ਹੈ। ਅਸੀਂ ਆਪਣੇ ਵਕੀਲਾਂ ਰਾਹੀਂ ਪ੍ਰਬੰਧਕ ਕਮੇਟੀ ਨੂੰ ਆਪਣਾ ਫੈਸਲਾ ਵਾਪਿਸ ਲੈਣ ਲਈ ਕਾਨੂੰਨੀ ਨੋਟਿਸ ਭੇਜਿਆ ਹੈ, ਤਾਂ ਕਿ ਭਵਿੱਖ ਵਿੱਚ ਕੌਮ ਦਾ ਸਰਮਾਇਆ ਖ਼ਰਾਬ ਨਾ ਹੋਵੇ।

### ਚੈਰਿਟੀ ਕਮਿਸ਼ਨ ਵੱਲੋਂ ਦਿੱਤੇ ਸੁਝਾਅ ਮੁਤਾਬਿਕ ਹੀ ਕਾਰਵਾਈ ਕੀਤੀ ਗਈ ਹੈ -ਪ੍ਰਬੰਧਕ ਕਮੇਟੀ

ਸ਼ੇਰ ਗਰੁੱਪ ਦੀ ਨਵੀਂ ਚੁਣੀ ਪ੍ਰਬੰਧਕ ਕਮੇਟੀ ਜਿਸ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਹਨ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਅਤੇ ਸੁਰਿੰਦਰ ਸਿੰਘ ਢੱਟ ਹਨ। ਨਵੀਂ ਪ੍ਰਬੰਧਕ ਕਮੇਟੀ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਇਹ ਨਿਯੁਕਤੀਆਂ ਗੈਰਸੰਵਿਧਾਨਿਕ ਸਨ, ਇਹਨਾਂ ਵਿੱਚ ਪ੍ਰੀਵਾਰਵਾਦ ਸੀ। ਇਸੇ ਕਰਕੇ ਸ਼ੇਰ ਗਰੁੱਪ ਦੇ ਚੋਣ ਮਨੋਰਥ ਪੱਤਰ ਵਿੱਚ ਇਹਨਾਂ ਟਰੱਸਟੀਆਂ ਦੀਆਂ ਨਿਯੁਕਤੀਆਂ ਨੂੰ ਰੱਦ ਕਰਨ ਅਤੇ ਪ੍ਰੀਵਾਰਵਾਦ ਨੂੰ ਖ਼ਤਮ ਕਰਨ ਲਈ ਸੰਗਤਾਂ ਨਾਲ ਵਾਅਦਾ ਕੀਤਾ ਸੀ। ਇਸੇ ਕਰਕੇ ਹੀ ਸੰਗਤਾਂ ਨੇ ਸ਼ੇਰ ਗਰੁੱਪ ਨੂੰ ਭਰਵਾਂ ਸਹਿਯੋਗ ਦਿੱਤਾ ਅਤੇ ਸੇਵਾ ਦਾ ਮੌਕਾ ਦਿੱਤਾ ਹੈ।

ਉਹਨਾਂ ਕਿਹਾ ਕਿ 18 ਫਰਵਰੀ 2024 ਨੂੰ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਗਈਆਂ ਸਨ। ਉਸ ਸਮੇਂ ਦੀਆਂ ਵੀਡੀਓ ਵੀ ਮੌਜੂਦ ਹਨ, ਜੋ ਇਸ ਗੱਲ ਦਾ ਸਬੂਤ ਹਨ ਕਿ ਇਹਨਾਂ ਨਿਯੁਕਤੀਆਂ ਲਈ ਨਾ ਤਾਂ ਵੋਟਾਂ ਪਵਾਈਆਂ ਗਈਆਂ ਅਤੇ ਨਾ ਹੀ ਹਾਂ ਜਾਂ ਨਾਂਹ ਵਿੱਚ ਹੱਥ ਖੜ੍ਹੇ ਕਰਵਾ ਕੇ ਕੋਈ ਗਿਣਤੀ ਕੀਤੀ ਗਈ। ਇਥੇ ਹੀ ਬੱਸ ਨਹੀਂ ਚੈਰਿਟੀ ਕਮਿਸ਼ਨ ਨੂੰ ਸ਼ਿਕਾਇਤ ਕਰਨ ਤੇ ਉਹਨਾਂ ਨੇ ਜੋ ਉਸ ਸਮੇਂ ਦੀ ਪ੍ਰਬੰਧਕ ਕਮੇਟੀ ਨੂੰ ਸੁਝਾਅ ਦਿੱਤਾ ਸੀ ਕਿ ਉਹ ਇਸ ਮੱਤਭੇਦ ਨੂੰ ਸੁਲਝਾਉਣ ਲਈ ਨਿਯੁਕਤੀਆਂ ਰੱਦ ਕਰ ਸਕਦੀ ਹੈ। ਅਸੀਂ ਉਸੇ ਪ੍ਰਕ੍ਰਿਆ ਨੂੰ ਅਧਾਰ ਬਣਾ ਕੇ ਹੀ ਟਰੱਸਟੀਆਂ ਦੀ ਚੋਣ ਅਤੇ 2024 ਦੇ ਸੰਵਿਧਾਨ ਨੂੰ ਰੱਦ ਕਰਦਿਆਂ 2010 ਵਾਲੇ ਸੰਵਿਧਾਨ ਨੂੰ ਲਾਗੂ ਕੀਤਾ ਹੈ।

ਸ: ਮੱਲੀ ਨੇ ਕਿਹਾ ਕਿ 11 ਟਰੱਸਟੀਆਂ ਵਿੱਚੋਂ ਸ: ਦੀਦਾਰ ਸਿੰਘ ਰੰਧਾਵਾ ਅਤੇ ਸ: ਮਲਕੀਤ ਸਿੰਘ ਗਰੇਵਾਲ ਪਹਿਲਾਂ ਹੀ ਇਹਨਾਂ ਨਿਯੁਕਤੀਆਂ ਨੂੰ ਇਹ ਕਹਿ ਕੇ ਰੱਦ ਕਰ ਚੁੱਕੇ ਹਨ ਕਿ ਨਿਯੁਕਤੀ ਮੌਕੇ ਸੰਵਿਧਾਨ ਅਨੁਸਾਰ ਚੋਣ ਨਹੀਂ ਕੀਤੀ ਗਈ। ਸ: ਗੁਰਪ੍ਰਤਾਪ ਸਿੰਘ ਢਿਲੋਂ ਨੇ ਵੀ ਖੁਦ ਨੂੰ ਕਾਨੂੰਨੀ ਨੋਟਿਸ ਤੋਂ ਲਾਂਭੇ ਰੱਖਿਆ ਹੈ।

ਮੌਜੂਦਾ (ਸ਼ੇਰ ਗਰੁੱਪ) ਵਾਲੀ ਪ੍ਰਬੰਧਕ ਕਮੇਟੀ ਨੇ ਜਾਰੀ ਬਿਆਨਾਂ ਵਿੱਚ ਕਿਹਾ ਹੈ ਕਿ ਨਵੇਂ ਟਰੱਸਟੀਆਂ ਦੀ ਚੋਣ ਲਈ 28 ਜਨਵਰੀ ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਅਗਲੇ ਇਜਲਾਸ ਵਿੱਚ ਸੰਵਿਧਾਨ ਤਹਿਤ ਨਵੇਂ ਟਰੱਸਟੀਆਂ ਦੀ ਚੋਣ ਕੀਤੀ ਜਾਵੇਗੀ। ਕਿਸੇ ਤਰ੍ਹਾਂ ਦਾ ਕੋਈ ਪੱਖਪਾਤ ਨਹੀਂ ਹੋਵੇਗਾ। ਪ੍ਰਬੰਧਕ ਕਮੇਟੀ ਨੇ ਇਹ ਵੀ ਕਿਹਾ ਕਿ ਜਿਸ ਤਰ੍ਹਾਂ ਚੋਣ ਮਨੋਰਥ ਪੱਤਰ ਵਿੱਚ ਮੈਂਬਰਸ਼ਿਪ ਲਈ ਈਲਿੰਗ, ਹਲਿੰਗਡਨ, ਹੈਰੋ ਅਤੇ ਹੰਸਲੋ ਬਾਰੋਅ ਵਿੱਚ ਰਹਿਣ ਵਾਲੇ ਸਾਰੇ ਸਿੱਖਾਂ ਨੂੰ ਮੌਕਾ ਦਿੱਤਾ ਜਾਵੇਗਾ ਬਸ਼ਰਤੇ ਕਿ ਉਹ ਯੂ ਕੇ ਦੀ ਚੋਣ ਸੂਚੀ ਵਿੱਚ ਹੋਣ। ਸ: ਮੱਲੀ ਨੇ ਕਿਹਾ ਕਿ ਉਹਨਾਂ ਦੀ ਕਮੇਟੀ ਨੇ ਕੋਈ ਵੀ ਗੈਰਸੰਵਿਧਾਨਿਕ ਤਰੀਕਾ ਨਹੀਂ ਅਪਨਾਇਆ, ਸਗੋਂ ਉਹ ਪ੍ਰਬੰਧਾਂ 'ਚ ਸੁਧਾਰ ਲਿਆਉਣ ਲਈ ਯਤਨ ਕਰ ਰਹੇ ਹਨ। ਅਜੇਹੇ ਵਿੱਚ ਗੁਰਦੁਆਰਾ ਸਾਹਿਬ ਨੂੰ ਕਾਨੂੰਨੀ ਉਲਝਣਾ ਵਿੱਚ ਲੈ ਕੇ ਜਾਣਾ ਗਲਤ ਹੈ। ਉਹਨਾਂ ਇਹ ਵੀ ਕਿਹਾ ਕਿ ਪ੍ਰੀਵਾਰਵਾਦ ਨੂੰ ਖ਼ਤਮ ਕਰਨ ਲਈ ਹੀ ਸੰਗਤਾਂ ਨੇ ਸ਼ੇਰ ਗਰੁੱਪ ਦੇ ਸੇਵਾਦਾਰਾਂ ਨੂੰ ਸੇਵਾ ਬਖ਼ਸ਼ੀ ਹੈ। ਅਸੀਂ ਸਦਾ ਬੈਠ ਨਹੀਂ ਰਹਿਣਾ, ਸਾਡਾ ਤਾਂ ਮਕਸਦ ਸਿਰਫ ਇਹ ਹੈ ਕਿ ਭਵਿੱਖ ਵਿੱਚ ਸਿਰਫ ਸੇਵਾ ਭਾਵਨਾ ਵਾਲੇ ਸਿੱਖੀ ਸੋਚ ਵਾਲੇ ਹੀ ਪ੍ਰਬੰਧਕ ਅੱਗੇ ਆਉਣ।

ਸ: ਮੱਲੀ ਨੇ ਕਿਹਾ ਕਿ ਸਿਰਫ ਇਹ ਹੀ ਨਹੀਂ ਨੌਰਵੁੱਡ ਹਾਲ ਵਿੱਚ ਚੱਲ ਰਹੇ ਪ੍ਰਜੈਕਟਾਂ, ਗੁਰ-ਦੁਆਰਾ ਸਾਹਿਬ ਦੇ ਘਰਾਂ, ਗ੍ਰੰਥੀ ਸਿੰਘਾਂ ਦੇ ਮਾਮਲਿਆਂ ਸਮੇਤ ਕਾਫੀ ਮਾਮਲੇ ਉਲਝੇ ਹੋਏ ਹਨ। ਜਿਹਨਾਂ ਨੂੰ ਅਸੀਂ ਸੁਲਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਨਹੀਂ ਚਾਹੁੰਦੇ ਕੇ ਸੰਗਤਾਂ ਵੱਲੋਂ ਭੇਂਟ ਕੀਤੀ ਮਾਇਆ ਅਦਾਲਤਾਂ ਦੇ ਚੱਕਰਾਂ ਵਿੱਚ ਖ਼ਰਾਬ ਹੋਵੇ।

ਜਿਕਰਯੋਗ ਹੈ ਕਿ ਬੀਤੇ ਦੋ ਦਹਾਕਿਆਂ ਤੋਂ ਲਗਾਤਾਰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਕਿਸੇ ਨਾ ਕਿਸੇ ਕਾਰਨ ਕਰਕੇ ਅਦਾਲਤੀ ਚੱਕਰਾਂ ਵਿੱਚ ਰਹਿੰਦਾ ਹੈ। ਜਿਸ ਕਰਕੇ ਸਿੱਖਾਂ ਦਾ ਅਤੇ ਗੁਰ-ਦੁਆਰਾ ਗੋਲਕ ਦਾ ਲੱਖਾਂ ਪੌਂਡ ਬਰਬਾਦ ਹੋ ਚੁੱਕਾ ਹੈ।

## ਬਰਤਾਨੀਆ ਦੀ ਸੰਸਦ ਦੇ ਉਪਰਲੇ ਸਦਨ ਵਿੱਚ ਬੱਚਿਆਂ ਦੇ ਸੋਸ਼ਲ ਮੀਡੀਆ ਤੇ ਪਾਬੰਦੀ ਲਗਾਉਣ ਲਈ ਪ੍ਰਸਤਾਵ ਪਾਸ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸੰਸਦ ਦੇ ਉਪਰਲੇ ਸਦਨ ਵਿੱਚ ਬੀਤੇ ਕੱਲ ਬੱਚਿਆਂ ਦੇ ਸੋਸ਼ਲ ਮੀਡੀਆ ਦੀ ਵਰਤੋਂ ਤੇ ਚਰਚਾ ਤੋਂ ਬਾਅਦ, ਸਰਕਾਰ ਦੇ ਸਕੂਲ ਬਿੱਲ ਵਿੱਚ ਸੋਧ ਕਰਕੇ ਪਾਬੰਦੀ ਲਗਾਉਣ ਦਾ ਪ੍ਰਸਤਾਵ ਪਾਸ ਕਰ ਕੀਤਾ ਹੈ।ਹਾਊਸ ਆਫ਼ ਲਾਰਡਜ਼ ਨੇ ਯੂ ਕੇ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਪਾਬੰਦੀ ਲਗਾਉਣ ਦੇ ਕਦਮ ਦਾ ਸਮਰਥਨ ਕੀਤਾ ਹੈ। ਸੋਧ ਬਿੱਲ ਦੇ ਸਮਰਥਨ ਵਿੱਚ 261 ਵੋਟਾਂ ਪਈਆਂ ਜਦ ਕਿ ਵਿਰੋਧ ਵਿੱਚ 150 ਵੋਟਾਂ ਪਾਈਆਂ ਹਨ। ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਉਹ ਹਾਊਸ ਆਫ ਕਾਮਨਜ਼ ਵਿੱਚ ਵਿੱਚ ਸੋਧ ਨੂੰ ਉਲਟਾਉਣ ਦੀ ਕੋਸ਼ਿਸ਼ ਕਰੇਗੀ, ਜਦੋਂ ਕਿ ਇਹ ਸੰਭਾਵੀ ਪਾਬੰਦੀ 'ਤੇ ਸਲਾਹ-ਮਸ਼ਵਰਾ ਕਰੇਗੀ।ਕਈ ਲੇਬਰ ਸੰਸਦ ਮੈਂਬਰਾਂ ਨੇ ਕਿਹਾ ਹੈ ਕਿ ਉਹ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਪਾਬੰਦੀ ਦੇ ਹੱਕ ਵਿੱਚ ਵੀ ਹਨ। ਪਰ ਦੂਜੇ ਪਾਸੇ ਕੁਝ ਰਾਜਨੀਤਿਕ ਮੁਸ਼ਕਿਲਾਂ ਦਾ ਵੀ ਖ਼ਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਆਸਟ੍ਰੇਲੀਆ ਵੱਲੋਂ ਪਿਛਲੇ ਮਹੀਨੇ 10 ਪ੍ਰਮੁੱਖ ਸ਼ੋਸ਼ਲ ਪਲੇਟਫਾਰਮਾਂ ਤੋਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਪਾਬੰਦੀ ਲਗਾਉਣ ਦੇ ਕਦਮ ਤੋਂ ਬਾਅਦ ਵੈਸਟਮਿੰਸਟਰ ਵਿੱਚ ਪਾਬੰਦੀ ਦੇ ਹੱਕ ਵਿੱਚ ਰਾਜਨੀਤਿਕ ਲੋਕ ਆਏ ਹਨ।

# ਟਰੰਪ ਨੇ ਡਬਲਯੂਐਚਓ ਨੂੰ 2100 ਕਰੋੜ ਦਾ ਝਟਕਾ ਦਿੱਤਾ

## ✪ ਅਮਰੀਕਾ ਨੇ ਕਰਜ਼ਾ ਛੱਡ ਕੇ ਵਿਸ਼ਵ ਸਿਹਤ ਸੰਗਠਨ ਨੂੰ ਅਲਵਿਦਾ ਕਿਉਂ ਕਿਹਾ




### ਡਬਲਯੂਐਚਓ ਕੀ ਹੈ ਅਤੇ ਇਹ ਕੀ ਕਰਦਾ ਹੈ ?

ਵਿਸ਼ਵ ਸਿਹਤ ਸੰਗਠਨ ਸੰਯੁਕਤ ਰਾਸ਼ਟਰ ਦੀ ਇੱਕ ਵਿਸ਼ੇਸ਼ ਸਿਹਤ ਏਜੰਸੀ ਹੈ। ਇਸ ਦਾ ਕੰਮ ਮੰਕੀਪੌਕਸ, ਈਬੋਲਾ, ਪੋਲੀਓ ਵਰਗੀਆਂ ਵਿਸ਼ਵ ਬੀਮਾਰੀਆਂ ਵਿਰੁੱਧ ਅੰਤਰਰਾਸ਼ਟਰੀ ਪ੍ਰਤੀਕਿਰਿਆ ਨੂੰ ਨਿਰਦੇਸ਼ਿਤ ਕਰਨਾ ਹੈ। ਇਸ ਦਾ ਮੁੱਖ ਦਫ਼ਤਰ ਜਿਨੇਵਾ ਵਿੱਚ ਹੈ ਅਤੇ ਇਹ ਵਿਸ਼ਵ ਭਰ ਵਿੱਚ ਸਿਹਤ ਸੰਕਟਾਂ ਨਾਲ ਨਜਿੱਠਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਡਬਲਯੂਐਚਓ ਗਰੀਬ ਦੇਸ਼ਾਂ ਨੂੰ ਤਕਨੀਕੀ ਮਦਦ ਦਿੰਦਾ ਹੈ, ਵੈਕਸੀਨ ਅਤੇ ਦਵਾਈਆਂ ਦੀ ਸਪਲਾਈ ਵਿੱਚ ਸਹਿਯੋਗ ਕਰਦਾ ਹੈ ਅਤੇ ਮਾਨਸਿਕ ਸਿਹਤ, ਕੈਂਸਰ ਸਮੇਤ ਸੈਂਕੜੇ ਬੀਮਾਰੀਆਂ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਦਾ ਹੈ। ਹਾਲਾਂਕਿ ਡਬਲਯੂਐਚਓ ਕਿਸੇ ਵੀ ਦੇਸ਼ ਨੂੰ ਜ਼ਬਰਦਸਤੀ ਕੁਝ ਵੀ ਕਰਨ ਲਈ ਮਜਬੂਰ ਨਹੀਂ ਕਰ ਸਕਦਾ, ਇਹ ਸਿਰਫ਼ ਸਲਾਹ ਦਿੰਦਾ ਹੈ।

ਵਾਸ਼ਿੰਗਟਨ/ਜਿਨੇਵਾ-ਇੱਕ ਸਾਲ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਡਬਲਯੂਐਚਓ ਤੋਂ ਅਮਰੀਕਾ ਨੂੰ ਵੱਖ ਕਰਨ ਵਾਲੇ ਕਾਰਜਕਾਰੀ ਹੁਕਮ 'ਤੇ ਦਸਤਖਤ ਕੀਤੇ ਸਨ। ਉਸ ਵੇਲੇ ਟਰੰਪ ਨੇ ਇਸ ਨੂੰ "ਵੱਡਾ ਕਦਮ" ਦੱਸਿਆ ਸੀ। ਹੁਣ ਇੱਕ ਸਾਲ ਦੇ ਨੋਟਿਸ ਪੀਰੀਅਡ ਪੂਰਾ ਹੋਣ ਤੋਂ ਬਾਅਦ ਅਮਰੀਕਾ ਅਧਿਕਾਰਤ ਤੌਰ 'ਤੇ ਡਬਲਯੂਐਚਓ ਤੋਂ ਵੱਖ ਹੋ ਗਿਆ ਹੈ। ਇਸ ਨਾਲ ਅਮਰੀਕਾ ਨੇ ਸੰਗਠਨ ਨੂੰ ਲਗਭਗ 260 ਮਿਲੀਅਨ ਡਾਲਰ (ਲਗਭਗ 2100 ਕਰੋੜ ਰੁਪਏ) ਦਾ ਕਰਜ਼ਾ ਵੀ ਨਹੀਂ ਚੁਕਾਇਆ, ਜਿਸ ਨੂੰ ਵਿੱਤੀ ਧੋਖਾ ਕਿਹਾ ਜਾ ਰਿਹਾ ਹੈ। ਇਸ ਫੈਸਲੇ ਨੇ ਵਿਸ਼ਵ ਪੱਧਰ 'ਤੇ ਹਲਚਲ ਮਚਾ ਦਿੱਤੀ ਹੈ, ਅਤੇ ਵਿਸ਼ਵ ਨੇਤਾਵਾਂ ਤੇ ਅੰਤਰਰਾਸ਼ਟਰੀ ਮੀਡੀਆ ਨੇ ਇਸ ਨੂੰ ਗੰਭੀਰ ਨਤੀਜੇ ਵਾਲਾ ਕਦਮ ਦੱਸਿਆ ਹੈ।

ਟਰੰਪ ਨੇ ਡਬਲਯੂਐਚਓ ਨੂੰ ਛੱਡਣ ਦਾ ਫੈਸਲਾ ਕਿਉਂ ਲਿਆ ?

ਟਰੰਪ ਦਾ ਮੁੱਖ ਤਰਕ ਵਿੱਤੀ ਖਰਚ ਵਿੱਚ ਕਟੌਤੀ ਸੀ। ਉਨ੍ਹਾਂ ਨੇ ਕਿਹਾ ਕਿ ਡਬਲਯੂਐਚਓ ਅਮਰੀਕਾ ਤੋਂ ਜ਼ਰੂਰਤ ਤੋਂ ਵੱਧ ਪੈਸਾ ਲੈਂਦਾ ਹੈ। ਆਪਣੇ ਪਹਿਲੇ ਕਾਰਜਕਾਲ ਵਿੱਚ ਵੀ ਟਰੰਪ ਨੇ 2020 ਵਿੱਚ ਇਸੇ ਤਰ੍ਹਾਂ ਕੋਸ਼ਿਸ਼ ਕੀਤੀ ਸੀ, ਪਰ ਬਾਇਡਨ ਨੇ ਇਸ ਨੂੰ ਉਲਟਾ ਦਿੱਤਾ ਸੀ। ਹੁਣ ਦੂਜੇ ਕਾਰਜਕਾਲ ਵਿੱਚ ਟਰੰਪ ਨੇ ਇਸ ਨੂੰ ਪੂਰਾ ਕੀਤਾ ਹੈ। ਟਰੰਪ ਨੇ ਕਿਹਾ, "ਵਿਸ਼ਵ ਸਿਹਤ ਨੇ ਸਾਨੂੰ ਲੁੱਟਿਆ ਹੈ। ਹਰ ਕੋਈ ਅਮਰੀਕਾ ਨੂੰ ਲੁੱਟਦਾ ਹੈ। ਹੁਣ ਅਜਿਹਾ ਨਹੀਂ ਹੋਵੇਗਾ।"

### ਅਮਰੀਕਾ 'ਤੇ ਡਬਲਯੂਐਚਓ ਦਾ ਕਿੰਨਾ ਬਕਾਇਆ ਸੀ ?

ਅਮਰੀਕਾ ਨੂੰ 2024-25 ਵਿੱਤੀ ਸਾਲ ਲਈ ਡਬਲਯੂਐਚਓ ਨੂੰ ਭੁਗਤਾਨ ਕਰਨਾ ਸੀ। ਰਿਪੋਰਟਾਂ ਮੁਤਾਬਕ, ਅਮਰੀਕਾ 'ਤੇ ਡਬਲਯੂਐਚਓ ਦਾ ਲਗਭਗ 260 ਮਿਲੀਅਨ ਡਾਲਰ (ਲਗਭਗ 2100 ਕਰੋੜ ਰੁਪਏ) ਬਕਾਇਆ ਸੀ, ਪਰ 20 ਜਨਵਰੀ ਤੱਕ ਇਹ ਭੁਗਤਾਨ ਨਹੀਂ ਕੀਤਾ ਗਿਆ। ਇਸ ਨੂੰ ਵਿੱਤੀ ਧੋਖਾ ਕਿਹਾ ਜਾ ਰਿਹਾ ਹੈ ਕਿਉਂਕਿ ਅਮਰੀਕਾ ਨੇ ਵੱਖ ਹੋਣ ਤੋਂ ਪਹਿਲਾਂ ਆਪਣੇ ਵਿੱਤੀ ਵਚਨਬੱਧਤਾਵਾਂ ਨੂੰ ਪੂਰਾ ਨਹੀਂ ਕੀਤਾ।

ਡਬਲਯੂਐਚਓ ਨੂੰ ਫੰਡਿੰਗ ਕਿਵੇਂ ਮਿਲਦੀ ਹੈ ?

ਡਬਲਯੂਐਚਓ ਨੂੰ ਇਸ ਦੇ 193 ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਅਤੇ ਹੋਰ ਦਾਨੀਆਂ ਤੋਂ ਫੰਡਿੰਗ ਮਿਲਦੀ ਹੈ। ਇਹ ਫੰਡਿੰਗ ਦੋ ਤਰ੍ਹਾਂ ਦੀ ਹੁੰਦੀ ਹੈ - ਜ਼ਰੂਰੀ ਅਤੇ ਸਵੈਇੱਛਕ। ਜ਼ਰੂਰੀ ਯੋਗਦਾਨ ਕਿਸੇ ਵੀ ਦੇਸ਼ ਦੀ ਆਬਾਦੀ ਅਤੇ ਆਰਥਿਕ ਸਥਿਤੀ ਦੇ ਅਧਾਰ 'ਤੇ ਨਿਰਧਾਰਤ ਹੁੰਦਾ ਹੈ ਅਤੇ ਹਰ ਸਾਲ ਇਸ ਵਿੱਚ ਬਦਲਾਅ ਹੋ ਸਕਦਾ ਹੈ। ਅਮਰੀਕਾ ਲੰਬੇ ਸਮੇਂ ਤੋਂ ਡਬਲਯੂਐਚਓ ਦਾ ਸਭ ਤੋਂ ਵੱਡਾ ਦਾਨੀ ਰਿਹਾ ਹੈ, ਜੋ ਹਰ ਸਾਲ ਲਗਭਗ 160 ਮਿਲੀਅਨ ਤੋਂ 815 ਮਿਲੀਅਨ ਡਾਲਰ ਤੱਕ ਦਿੰਦਾ ਰਿਹਾ ਹੈ। ਡਬਲਯੂਐਚਓ ਦਾ ਕੁੱਲ ਸਾਲਾਨਾ ਬਜਟ ਲਗਭਗ 2 ਤੋਂ 3 ਅਰਬ ਡਾਲਰ ਹੁੰਦਾ ਹੈ।

ਅਮਰੀਕੀ ਸਰਕਾਰ ਨੇ ਦੋਸ਼ ਲਾਇਆ ਕਿ ਡਬਲਯੂਐਚਓ ਅਮਰੀਕਾ ਤੋਂ "ਅਨੁਚਿਤ ਰੂਪ ਨਾਲ ਬਹੁਤ ਜ਼ਿਆਦਾ ਭੁਗਤਾਨ" ਦੀ ਮੰਗ ਕਰਦਾ ਹੈ। ਹੁਕਮ ਵਿੱਚ ਲਿਖਿਆ ਗਿਆ ਕਿ ਅਮਰੀਕਾ ਦਾ ਯੋਗਦਾਨ ਬਾਕੀ ਦੇਸ਼ਾਂ ਨਾਲੋਂ ਕਾਫ਼ੀ ਜ਼ਿਆਦਾ ਹੈ। ਟਰੰਪ ਨੇ ਚੀਨ ਦਾ ਉਦਾਹਰਣ ਦਿੱਤਾ, ਜਿਸ ਵਿੱਚ ਕਿਹਾ ਗਿਆ ਕਿ ਚੀਨ ਦੀ ਆਬਾਦੀ 1.4 ਅਰਬ ਹੈ, ਜੋ ਅਮਰੀਕਾ ਨਾਲੋਂ ਲਗਭਗ 300 ਪ੍ਰਤੀਸ਼ਤ ਵੱਧ ਹੈ, ਫਿਰ ਵੀ ਚੀਨ ਡਬਲਯੂਐਚਓ ਨੂੰ ਅਮਰੀਕਾ ਨਾਲੋਂ ਲਗਭਗ 90 ਪ੍ਰਤੀਸ਼ਤ ਘੱਟ ਯੋਗਦਾਨ ਦਿੰਦਾ ਹੈ। ਇਹ ਅਮਰੀਕਾ ਦੀ ਸਭ ਤੋਂ ਵੱਡੀ ਵਿੱਤੀ ਸ਼ਿਕਾਇਤ ਸੀ।

ਪੈਸੇ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਨੇ ਡਬਲਯੂਐਚਓ ਦੇ ਕੰਮਕਾਜ 'ਤੇ ਵੀ ਗੰਭੀਰ ਆਰੋਪ ਲਾਏ ਸਨ। ਹੁਕਮ ਵਿੱਚ ਕਿਹਾ ਗਿਆ ਸੀ ਕਿ ਡਬਲਯੂਐਚਓ ਕੋਵਿਡ ਮਹਾਂਮਾਰੀ ਅਤੇ ਹੋਰ ਵਿਸ਼ਵ ਸਿਹਤ ਸੰਕਟਾਂ ਨਾਲ ਨਜਿੱਠਣ ਵਿੱਚ ਅਸਫਲ ਰਿਹਾ ਹੈ। ਇਸ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਕਿ ਸੰਗਠਨ ਜ਼ਰੂਰੀ ਸੁਧਾਰਾਂ ਨੂੰ ਅਪਣਾਉਣ ਵਿੱਚ ਨਾਕਾਮ ਰਿਹਾ ਅਤੇ ਰਾਜਨੀਤਿਕ ਦਬਾਅ ਤੋਂ ਆਪਣੇ ਆਪ ਨੂੰ ਸੁਤੰਤਰ ਨਹੀਂ ਰੱਖ ਸਕਿਆ। ਟਰੰਪ ਨੇ ਨਾ ਸਿਰਫ਼ ਡਬਲਯੂਐਚਓ ਬਲਕਿ 35 ਅੰਤਰਰਾਸ਼ਟਰੀ ਸੰਗਠਨਾਂ ਅਤੇ 31 ਸੰਯੁਕਤ ਰਾਸ਼ਟਰ ਸੰਸਥਾਵਾਂ ਤੋਂ ਵੱਖ ਹੋਣ ਦੀ ਯੋਜਨਾ ਵੀ ਐਲਾਨੀ ਸੀ। ਵ੍ਹਾਈਟ ਹਾਊਸ ਦੇ ਇੱਕ ਮੈਮੋ ਵਿੱਚ ਕਿਹਾ ਗਿਆ ਕਿ ਟਰੰਪ ਨੇ ਘਰੇਲੂ ਤਰਜੀਹਾਂ ਜਿਵੇਂ ਬੁਨਿਆਦੀ ਢਾਂਚਾ, ਫੌਜੀ ਤਿਆਰੀ ਅਤੇ ਸੀਮਾ ਸੁਰੱਖਿਆ 'ਤੇ ਧਿਆਨ ਕੇਂਦਰਿਤ ਕਰਨ ਲਈ ਇਹ ਫੈਸਲਾ ਲਿਆ ਹੈ।

### ਅਮਰੀਕਾ ਦੇ ਵੱਖ ਹੋਣ ਨਾਲ ਕੀ ਖ਼ਤਰਾ ਹੈ ?

ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਦੇ ਵੱਖ ਹੋਣ ਨਾਲ ਵਿਸ਼ਵ ਦੀ ਮਹਾਂਮਾਰੀ ਨਾਲ ਲੜਨ ਵਾਲੀ ਤਾਕਤ ਕਮਜ਼ੋਰ ਹੋ ਸਕਦੀ ਹੈ। ਅਮਰੀਕਾ ਲੰਬੇ ਸਮੇਂ ਤੋਂ ਡਬਲਯੂਐਚਓ ਦਾ ਸਭ ਤੋਂ ਵੱਡਾ ਦਾਨੀ ਰਿਹਾ ਹੈ ਅਤੇ ਉਸ ਨੇ ਸੰਗਠਨ ਨੂੰ ਸੈਂਕੜੇ ਪਬਲਿਕ ਹੈਲਥ ਮਾਹਿਰ ਵੀ ਦਿੱਤੇ ਹਨ। ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਵਿਸ਼ਵ ਭਰ ਵਿੱਚ ਨਵੇਂ ਵਾਇਰਸਾਂ ਦੀ ਪਛਾਣ, ਪੋਲੀਓ ਇਲਾਜ ਅਤੇ ਮਾਂ-ਬੱਚੇ ਸਿਹਤ ਵਰਗੇ ਪ੍ਰੋਗਰਾਮਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦਾ ਹੈ।

ਡਬਲਯੂਐਚਓ ਨੇ ਅਮਰੀਕਾ ਦੇ ਫੈਸਲੇ ਨੂੰ "ਅਫਸੋਸਜਨਕ" ਦੱਸਿਆ ਹੈ। ਡਬਲਯੂਐਚਓ ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਨੇ ਕਿਹਾ ਕਿ ਇਹ ਵਿਸ਼ਵ ਸਿਹਤ ਲਈ ਵੱਡਾ ਝਟਕਾ ਹੈ ਅਤੇ ਅਮਰੀਕਾ ਨੂੰ ਮੁੜ ਵਿਚਾਰ ਕਰਨ ਲਈ ਅਪੀਲ ਕੀਤੀ ਹੈ। ਯੂਰਪੀਅਨ ਯੂਨੀਅਨ ਨੇ ਇਸ ਨੂੰ "ਵਿਸ਼ਵ ਸਹਿਯੋਗ ਨੂੰ ਕਮਜ਼ੋਰ ਕਰਨ ਵਾਲਾ" ਕਦਮ ਦੱਸਿਆ ਹੈ। ਚੀਨ ਨੇ ਟਰੰਪ ਨੂੰ "ਏਕਤਰਫਾ" ਕਹਿ ਕੇ ਟਿਪਣੀ ਕੀਤੀ ਹੈ ਅਤੇ ਕਿਹਾ ਕਿ ਇਹ ਅਮਰੀਕਾ ਨੂੰ ਵਿਸ਼ਵ ਤੋਂ ਵੱਖਰਾ ਕਰ ਦੇਵੇਗਾ।

ਬੀਬੀਸੀ ਯੂਕੇ ਨੇ ਰਿਪੋਰਟ ਕੀਤੀ ਕਿ ਇਹ ਫੈਸਲਾ ਕੋਵਿਡ ਵਰਗੇ ਸੰਕਟਾਂ ਵਿੱਚ ਵਿਸ਼ਵ ਪ੍ਰਤੀਕਿਰਿਆ ਨੂੰ ਪ੍ਰਭਾਵਿਤ ਕਰੇਗਾ। ਸੀਐਨਐਨ ਨੇ ਇਸ ਨੂੰ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ ਕੀਤੀ ਕੋਸ਼ਿਸ਼ ਨਾਲ ਜੋੜ ਕੇ ਦੱਸਿਆ ਅਤੇ ਕਿਹਾ ਕਿ ਇਹ ਡਬਲਯੂਐਚਓ ਨੂੰ ਚੀਨ ਦੇ ਪ੍ਰਭਾਵ ਵੱਲ ਧੱਕੇਗਾ।

ਜੌਹਨਸ ਹੌਪਕਿਨਸ ਯੂਨੀਵਰਸਿਟੀ ਨੇ ਚੇਤਾਵਨੀ ਦਿੱਤੀ ਕਿ ਇਹ ਵਿਸ਼ਵ ਭਾਈਚਾਰੇ 'ਤੇ ਵੱਡਾ ਬੋਝ ਪਾਵੇਗਾ ਅਤੇ ਅਮਰੀਕੀ ਵੀ ਪੀੜਤ ਹੋਣਗੇ। ਬਰਕਲੇ ਯੂਨੀਵਰਸਿਟੀ ਨੇ ਇਸ ਨੂੰ "ਵਿਗਿਆਨਕ ਤੌਰ 'ਤੇ ਲਾਪਰਵਾਹੀ ਵਾਲਾ" ਦੱਸਿਆ।

ਟਰੰਪ ਸਮਰਥਕਾਂ ਨੇ ਇਸ ਨੂੰ "ਅਮਰੀਕਾ ਫਰਸਟ" ਨੀਤੀ ਦੀ ਜਿੱਤ ਦੱਸਿਆ, ਜਦਕਿ ਵਿਰੋਧੀਆਂ ਨੇ ਇਸ ਨੂੰ "ਵਿਸ਼ਵ ਸਿਹਤ ਲਈ ਖ਼ਤਰਨਾਕ" ਕਿਹਾ ਹੈ।

## ਗਣਤੰਤਰ ਦਿਵਸ ਤੋਂ ਪਹਿਲਾਂ ਅੰਮ੍ਰਿਤਸਰ ਵਿਚ ਹਥਿਆਰ ਤਸਕਰੀ ਵਿਚ 3 ਗ੍ਰਿਫ਼ਤਾਰ

ਅੰਮ੍ਰਿਤਸਰ-ਗਣਤੰਤਰ ਦਿਵਸ (26 ਜਨਵਰੀ) ਦੇ ਮੱਦੇਨਜ਼ਰ ਪੰਜਾਬ ਪੁਲਿਸ ਵੱਲੋਂ ਵਰਤੀ ਜਾ ਰਹੀ ਸਖ਼ਤੀ ਦੌਰਾਨ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਇੱਕ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਮਨੀ (ਬਾਗਵਾਨਪੁਰ), ਸਹਿਜਪਾਲ ਸਿੰਘ (ਪਿੰਡ ਵਿਛੋਆ) ਅਤੇ ਦਿਲਜਨਪ੍ਰੀਤ ਸਿੰਘ (ਪਿੰਡ ਸ਼ਹਿਜ਼ਾਦਾ) ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਦੋ 9 ਐਮ.ਐਮ. ਪਿਸਤੌਲ, ਇੱਕ .30 ਬੋਰ ਪਿਸਤੌਲ, 15 ਜ਼ਿੰਦਾ ਕਾਰਤੂਸ ਅਤੇ ਇੱਕ ਸਪਲੈਂਡਰ ਮੋਟਰਸਾਈਕਲ ਬਰਾਮਦ ਕੀਤੇ ਹਨ।

ਡੀਜੀਪੀ ਗੌਰਵ ਯਾਦਵ ਅਨੁਸਾਰ ਇਹ ਮੁਲਜ਼ਮ ਵਿਦੇਸ਼ੀ ਗੈਂਗਸਟਰਾਂ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ ਅਤੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸਨ।

ਪੁਲਿਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਹਥਿਆਰ ਕਿੱਥੋਂ ਆਏ ਸਨ ਅਤੇ ਕੀ ਇਨ੍ਹਾਂ ਦਾ ਸਬੰਧ ਸਰਹੱਦ ਪਾਰ (ਪਾਕਿਸਤਾਨ) ਨਾਲ ਤਾਂ ਨਹੀਂ ਹੈ। ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਵਿਖੇ ਇਸ ਸਬੰਧੀ ਮਾਮਲਾ ਦਰਜ ਕਰ ਲਿਆ ਗਿਆ ਹੈ।

ਸੰਪਾਦਕੀ ਵਿਚਾਰ :– ਪੁਰਾਣੇ ਦਾ ਮੋਹ ਨਵਨਿਰਵਾਣ ਦੀ ਹਿੰਮਤ ਦਾ ਵਿਨਾਸ਼ ਕਰਦਾ ਹੈ ।



ਰਜਿੰਦਰ ਸਿੰਘ ਪੁਰੇਵਾਲ

# ਪੰਜਾਬ ਦੇ ਪਾਣੀਆਂ ਤੇ ਰਿਪੇਰੀਅਨ ਹੱਕਾਂ ਦੀ ਰੱਖਿਆ : ਇੱਕ ਜ਼ਰੂਰੀ ਜਦੋਜਹਿਦ

ਪੰਜਾਬ ਦੀ ਧਰਤੀ ਨੂੰ ਪੰਜ ਦਰਿਆਵਾਂ ਦਾ ਵਰਦਾਨ ਮਿਲਿਆ ਹੈ - ਸਤਲੁਜ, ਬਿਆਸ, ਰਾਵੀ, ਚਨਾਬ ਤੇ ਜਿਹਲਮ। ਇਹ ਦਰਿਆ ਪੰਜਾਬ ਦੀ ਜਾਨ ਹਨ, ਖੇਤਾਂ ਦਾ ਆਧਾਰ ਹਨ ਤੇ ਕਿਸਾਨਾਂ ਦੀ ਜ਼ਿੰਦਗੀ ਹਨ। ਪਰ ਅੱਜ ਇਹਨਾਂ ਪਾਣੀਆਂ ਨੂੰ ਬਚਾਉਣ ਲਈ ਪੰਜਾਬ ਨੂੰ ਆਪਣੇ ਹੀ ਮੁੱਖ ਮੰਤਰੀ ਭਗਵੰਤ ਮਾਨ ਤੋਂ ਖ਼ਤਰਾ ਮਹਿਸੂਸ ਹੋ ਰਿਹਾ ਹੈ। ਹਾਲ ਹੀ ਵਿੱਚ ਹਰਿਆਣਾ ਨਾਲ ਸਤਲੁਜ-ਯਮੁਨਾ ਲਿੰਕ ਨਹਿਰ (ਐੱਸਵਾਈਐੱਲ) ਮਾਮਲੇ ਤੇ ਹੋਈ ਮੀਟਿੰਗ ਤੋਂ ਬਾਅਦ ਮਾਨ ਨੇ ਜੋ ਬਿਆਨ ਦਿੱਤੇ, ਉਹ ਪੰਜਾਬ ਦੇ ਰਿਪੇਰੀਅਨ ਹੱਕਾਂ ਨੂੰ ਕਮਜ਼ੋਰ ਕਰਨ ਵਾਲੇ ਤੇ ਰਾਜਨੀਤਕ ਤੌਰ ਤੇ ਖ਼ਤਰਨਾਕ ਹਨ।

ਰਿਪੇਰੀਅਨ ਕਾਨੂੰਨ ਅੰਤਰਰਾਸ਼ਟਰੀ ਤੇ ਭਾਰਤੀ ਕਾਨੂੰਨ ਦਾ ਬੁਨਿਆਦੀ ਸਿਧਾਂਤ ਹੈ ਕਿ ਨਦੀ ਦਾ ਪਾਣੀ ਉਸ ਰਾਜ ਨੂੰ ਮਿਲਦਾ ਹੈ ਜਿਸ ਵਿੱਚੋਂ ਉਹ ਵਗਦੀ ਹੈ। ਪੰਜਾਬ ਇਹਨਾਂ ਤਿੰਨ ਨਦੀਆਂ (ਸਤਲੁਜ, ਬਿਆਸ ਤੇ ਰਾਵੀ) ਦਾ ਰਿਪੇਰੀਅਨ ਰਾਜ ਹੈ। ਇਹਨਾਂ ਨਦੀਆਂ ਵਿੱਚੋਂ ਪਾਣੀ ਪੰਜਾਬ ਦੀ ਧਰਤੀ ਤੇ ਲੋਕਾਂ ਦਾ ਹੱਕ ਹੈ। ਹਰਿਆਣਾ, ਦਿੱਲੀ ਤੇ ਰਾਜਸਥਾਨ ਗੈਰ-ਰਿਪੇਰੀਅਨ ਰਾਜ ਹਨ - ਇਹਨਾਂ ਨਦੀਆਂ ਉਹਨਾਂ ਵਿੱਚੋਂ ਨਹੀਂ ਵਗਦੀਆਂ। ਫਿਰ ਵੀ ਇਹਨਾਂ ਨੂੰ ਪਾਣੀ ਦਾ ਵੱਡਾ ਹਿੱਸਾ ਮਿਲ ਰਿਹਾ ਹੈ।

ਪੰਜਾਬ ਨੂੰ ਇਹਨਾਂ ਤਿੰਨ ਨਦੀਆਂ ਤੋਂ ਕੁੱਲ 34.34 ਮਿਲੀਅਨ ਏਕੜ ਫੁੱਟ ਪਾਣੀ ਮਿਲਦਾ ਹੈ, ਪਰ ਸਿਰਫ਼ 14.22 ਮਿਲੀਅਨ ਏਕੜ ਫੁੱਟ (ਲਗਭਗ 40%) ਹੀ ਰੱਖ ਸਕਦਾ ਹੈ। ਬਾਕੀ 60% ਹਰਿਆਣਾ, ਦਿੱਲੀ ਤੇ ਰਾਜਸਥਾਨ ਨੂੰ ਜਾਂਦਾ ਹੈ। ਪੰਜਾਬ ਦੀ ਭੂਗਰਭ ਜਲ ਸਤਹ ਤੇਜ਼ੀ ਨਾਲ ਘਟ ਰਹੀ ਹੈ, ਖੇਤਾਂ ਵਿੱਚ ਪਾਣੀ ਘੱਟ ਰਿਹਾ ਹੈ ਤੇ ਕਿਸਾਨ ਪ੍ਰੇਸ਼ਾਨ ਹਨ। ਇਸ ਹਾਲਤ ਵਿੱਚ ਵੀ ਪੰਜਾਬ ਨੇ ਆਪਣੇ ਹੱਕ ਤੋਂ ਵੱਧ ਪਾਣੀ ਵੰਡਿਆ ਹੈ। ਫਿਰ ਵੀ ਮੁੱਖ ਮੰਤਰੀ ਮਾਨ ਨੇ ਹਰਿਆਣਾ ਨੂੰ "ਛੋਟਾ ਭਰਾ" ਕਹਿ ਕੇ ਤੇ ਭਾਈ ਘਨੱ੍ਈਆ ਜੀ ਦਾ ਹਵਾਲਾ ਦੇ ਕੇ ਪਾਣੀ ਵੰਡਣ ਦੀ ਗੱਲ ਕੀਤੀ। ਇਹ ਪੰਜਾਬ ਵਿਰੁੱਧ ਵੱਡੀ ਅਪਰਾਧ ਹੈ।

ਭਾਈ ਘਨੱ੍ਈਆ ਜੀ ਸਿੱਖ ਇਤਿਹਾਸ ਵਿੱਚ ਸੇਵਾ ਤੇ ਦਇਆ ਦੇ ਪ੍ਰਤੀਕ ਹਨ। ਉਹਨਾਂ ਨੇ ਜੰਗ ਵਿੱਚ ਜ਼ਖ਼ਮੀਆਂ ਨੂੰ ਪਾਣੀ ਪਿਆਇਆ, ਭਾਵੇਂ ਉਹ ਦੁਸ਼ਮਣ ਵੀ ਸਨ। ਇਹ ਨਿਰਾ ਮਨੁੱਖੀ ਸੇਵਾ ਸੀ, ਨਾ ਕਿ ਆਪਣੇ ਹੱਕਾਂ ਨੂੰ ਛੱਡਣਾ। ਭਾਈ ਘਨੱ੍ਈਆ ਜੀ ਨੇ ਆਪਣੇ ਗੁਰੂ ਦੇ ਹੁਕਮ ਨੂੰ ਮੰਨ ਕੇ ਸੇਵਾ ਕੀਤੀ, ਪਰ ਉਹਨਾਂ ਨੇ ਕਦੇ ਵੀ ਆਪਣੇ ਕੌਮੀ ਹੱਕਾਂ ਨੂੰ ਖ਼ਤਰੇ ਵਿੱਚ ਨਹੀਂ ਪਾਇਆ। ਮਾਨ ਜੀ ਨੇ ਇਸ ਉਦਾਹਰਨ ਨੂੰ ਗਲਤ ਤਰੀਕੇ ਨਾਲ ਵਰਤ ਕੇ ਪੰਜਾਬ ਦੇ ਪਾਣੀਆਂ ਨੂੰ ਹਰਿਆਣਾ ਨੂੰ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾ ਸਿਰਫ਼ ਰਾਜਨੀਤਕ ਧੋਖਾ ਹੈ, ਸਗੋਂ ਸਿੱਖ ਇਤਿਹਾਸ ਦਾ ਗਲਤ ਨੈਰੇਟਿਵ ਹੈ। ਵਿਰੋਧੀ ਧਿਰਾਂ - ਅਕਾਲੀ ਦਲ, ਕਾਂਗਰਸ ਤੇ ਹੋਰ - ਨੇ ਇਸ ਨੂੰ "ਪੰਜਾਬ ਨਾਲ ਧੋਖਾ" ਕਿਹਾ ਹੈ ਤੇ ਮਾਨ ਨੂੰ ਮਾਫ਼ੀ ਮੰਗਣ ਲਈ ਕਿਹਾ ਹੈ।

ਐੱਸਵਾਈਐੱਲ ਨਹਿਰ ਪੰਜਾਬ ਲਈ ਬਹੁਤ ਵੱਡਾ ਖ਼ਤਰਾ ਹੈ। ਇਹ ਨਹਿਰ ਬਣਨ ਨਾਲ ਪੰਜਾਬ ਦੇ ਪਾਣੀ ਹਰਿਆਣਾ ਵੱਲ ਜਾਣਗੇ, ਜਦਕਿ ਪੰਜਾਬ ਕੋਲ ਵਾਧੂ ਪਾਣੀ ਹੀ ਨਹੀਂ। ਪੰਜਾਬ ਦਾ ਜਲਦੋਜ ਪਾਣੀ ਖਤਮ ਹੁੰਦਾ ਜਾ ਰਿਹਾ ਹੈ। ਖੇਤਾਂ ਵਿੱਚ ਟਿਊਬਵੈੱਲ ਡੂੰਘੇ ਖੋਦਣੇ ਪੈ ਰਹੇ ਹਨ। ਇਸ ਹਾਲਤ ਵਿੱਚ ਐੱਸਵਾਈਐੱਲ ਨੂੰ ਬਣਾਉਣਾ ਪੰਜਾਬ ਦੀ ਖੇਤੀ ਤੇ ਆਰਥਿਕਤਾ ਨੂੰ ਤਬਾਹ ਕਰ ਦੇਵੇਗਾ। ਸੁਪਰੀਮ ਕੋਰਟ ਨੇ ਵੀ ਦੋਵਾਂ ਰਾਜਾਂ ਨੂੰ ਗੱਲਬਾਤ ਨਾਲ ਹੱਲ ਕਰਨ ਲਈ ਕਿਹਾ ਸੀ, ਨਾ ਕਿ ਜ਼ਬਰਦਸਤੀ ਨਹਿਰ ਬਣਾਉਣ ਲਈ। ਪਰ ਮਾਨ ਜੀ ਦੀ ਮੀਟਿੰਗ ਵਿੱਚ ਪੰਜਾਬ ਦੇ ਰਿਪੇਰੀਅਨ ਹੱਕਾਂ ਤੇ ਬਹੁਤ ਘੱਟ ਜ਼ੋਰ ਸੀ। ਉਹਨਾਂ ਨੇ "ਭਰਾ-ਭਰਾ" ਵਾਲੀ ਗੱਲ ਕਰ ਕੇ ਪੰਜਾਬ ਦੀ ਮਜ਼ਬੂਤੀ ਨੂੰ ਕਮਜ਼ੋਰ ਕੀਤਾ।

ਪਹਿਲਾਂ ਮਾਨ ਜੀ ਕਹਿੰਦੇ ਸਨ - "ਪੰਜਾਬ ਕੋਲ ਇੱਕ ਬੂੰਦ ਵੀ ਵਾਧੂ ਨਹੀਂ"। ਅੱਜ ਉਹੀ ਕਹਿ ਰਹੇ ਹਨ ਕਿ ਹਰਿਆਣਾ ਨੂੰ ਵੀ ਹੱਕ ਮਿਲਣਾ ਚਾਹੀਦਾ ਹੈ। ਇਹ ਬਦਲਾਅ ਕਿਉਂ? ਕੀ ਇਹ ਚੋਣਾਂ ਦੇ ਮੱਦੇਨਜ਼ਰ ਭਾਜਪਾ ਨਾਲ ਸਮਝੌਤਾ ਹੈ? ਕੀ ਆਪ ਤੇ ਭਾਜਪਾ ਵਿਚਕਾਰ ਕੋਈ ਗੁਪਤ ਸਮਝੌਤਾ ਹੈ? ਪੰਜਾਬ ਦੇ ਲੋਕਾਂ ਨੂੰ ਇਹ ਜਾਣਨ ਦਾ ਹੱਕ ਹੈ। ਪੰਜਾਬ ਦੇ ਕਿਸਾਨਾਂ ਨੇ ਹਮੇਸ਼ਾ ਆਪਣੇ ਹੱਕਾਂ ਲਈ ਲੜਾਈ ਲੜੀ ਹੈ। ਅਕਾਲੀ ਦਲ ਦੇ ਸਮੇਂ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਨੂੰ ਡੀ-ਨੋਟੀਫਾਈ ਕਰਕੇ ਜ਼ਮੀਨ ਕਿਸਾਨਾਂ ਨੂੰ ਵਾਪਸ ਕੀਤੀ ਸੀ। ਉਹਨਾਂ ਨੇ ਪੰਜਾਬ ਦੇ ਹੱਕ ਬਚਾਏ। ਅੱਜ ਮਾਨ ਜੀ ਦੀ ਸਰਕਾਰ ਉਹਨਾਂ ਹੱਕਾਂ ਨੂੰ ਖ਼ਤਰੇ ਵਿੱਚ ਪਾ ਰਹੀ ਹੈ।

ਪੰਜਾਬ ਨੂੰ ਆਪਣੇ ਰਿਪੇਰੀਅਨ ਹੱਕਾਂ ਤੇ ਪੱਕਾ ਖੜ੍ਹਾ ਹੋਣਾ ਚਾਹੀਦਾ ਹੈ। ਪੰਜਾਬ ਕਿਸੇ ਨੂੰ ਇੱਕ ਬੂੰਦ ਵੀ ਵਾਧੂ ਨਹੀਂ ਦੇ ਸਕਦਾ। ਜੇ ਹਰਿਆਣਾ ਨੂੰ ਪਾਣੀ ਚਾਹੀਦਾ ਹੈ ਤਾਂ ਗੰਗਾ-ਯਮੁਨਾ ਵਰਗੇ ਦੂਜੇ ਸਰੋਤ ਵਰਤੇ ਜਾਣ। ਪੰਜਾਬ ਨੂੰ ਆਪਣੇ ਪਾਣੀਆਂ ਨੂੰ ਬਚਾਉਣ ਲਈ ਸੰਘਰਸ਼ ਕਰਨਾ ਪਵੇਗਾ। ਮੁੱਖ ਮੰਤਰੀ ਨੂੰ ਆਪਣੇ ਬਿਆਨ ਵਾਪਸ ਲੈਣੇ ਚਾਹੀਦੇ ਹਨ ਤੇ ਸਾਫ਼ ਕਹਿਣਾ ਚਾਹੀਦਾ ਹੈ ਕਿ ਪੰਜਾਬ ਦਾ ਰਿਪੇਰੀਅਨ ਹੱਕ ਅਟੱਲ ਹੈ। ਨਹੀਂ ਤਾਂ ਇਹ ਪੰਜਾਬ ਦੇ ਕਿਸਾਨਾਂ ਤੇ ਲੋਕਾਂ ਨਾਲ ਵੱਡਾ ਧੋਖਾ ਹੋਵੇਗਾ।

ਰਿਪੇਰੀਅਨ ਹੱਕ ਪੰਜਾਬ ਕਾਨੂੰਨੀ ਤੇ ਨੈਤਿਕ ਅਧਿਕਾਰ ਹੈ। ਇਸ ਨੂੰ ਕੋਈ ਨਹੀਂ ਖੋਹ ਸਕਦਾ। ਭਗਵੰਤ ਮਾਨ ਨੂੰ ਪੰਜਾਬ ਦੇ ਹੱਕਾਂ ਦੀ ਰੱਖਿਆ ਕਰਨੀ ਚਾਹੀਦੀ ਹੈ, ਨਾ ਕਿ ਉਹਨਾਂ ਨੂੰ ਕਮਜ਼ੋਰ ਕਰਨਾ ਚਾਹੀਦਾ ਹੈ।

-ਰਜਿੰਦਰ ਸਿੰਘ ਪੁਰੇਵਾਲ

# NEWS & VIEWS

## BRITISH SIKHS UNITE TO DEFEND *BRITISH* LEGAL PRINCIPLE: INNOCENT UNTIL PROVEN GUILTY



Gurmukh Singh OBE

*A right is not what some one gives you but it is what no-one can take from you.* (Rosemary Clarke)*

A recent case involving a prominent Sikh social worker has united British Sikhs at a Derby Sikh Conference on 24 January 2026 also attended by many delegates from abroad. Such rare unity of diverse jathebandis in the UK suggests that their own British government needs reminding, through the law courts if necessary, that a person is innocent until proven guilty.

Use of any Executive Order which goes against the spirit of that legal maxim is likely to be contested to the highest levels of the judiciary process. Executive orders have a purpose and are used as temporary measures only. Nevertheless, they must be in line with parliamentary sovereignty and rule of law. They can be contested before law courts if used unfairly to intimidate law-abiding citizens. All citizens are entitled to protection of fundamental human rights. Legal principles are based on parliamentary sovereignty, an independent judiciary and the rule of law. All, including the government, are equal before the law and bound to uphold the law of the land.

The rule of law is a founding constitutional principle. To quote a source: *It ensures that all persons, including the government, are subject to and accountable under the law, which must be publicly promulgated, equally enforced, and independently adjudicated. It prevents arbitrary state power, ensures legal certainty, and protects fundamental rights.*

*This core right protects against wrongful conviction, placing the burden of proof entirely on the state, and is enshrined in international human rights law, like the Universal Declaration of Human Rights (Article 11) and the European Convention on Human Rights (Article 6).*

The House of Lords Mandla Case (1983) and other legal cases in Sikh diaspora countries provide historical proof that Sikhs will not accept any unfair or discriminatory treatment lying down. That is not the Sikh history from Guru Nanak Dev to this day. The Khalsa Panth is a resistance movement against oppression anywhere in the world. Yet, Sikhs will always work closely with just regimes. The basic human rights and democratic principles of today are the Sikhi founding principles going back over five centuries.

Wherever the Sikh live as law-abiding citizens, they will defend their rights through the law courts. In addition to the famous House Lords Mandla case(1983) regarding Dastar and Kes and Sikh ethnicity (qaumi ID), there are many examples of successful cases in diaspora countries.

International forums like the UN are being replaced by multipolar arrangements and democratic principles are being eroded by authoritarian regimes and transactional politics. In the multipolar world today, bilateral trade agreements have taken over from open and accountable multilateral World Trade Rounds which promoted global rules for fair trade and protection of human rights to create a level playing field. In such bilateral talks much goes on behind the scenes.

Today, there is much concern amongst minorities in plural societies that topics of national concern and unrelated to trade can become part of bilateral deals. Minorities can be harassed by the state and that can lead to protests and legal action wasting community and government resources.

The government is not above the rule of law. Like everyone else, the government is bound by the law. The law of the land must rule over trade/transactional considerations

*Quoted by Sukhvinder Thandi in State Policy and Legislation Affecting Sikhs, SHRG 2001)

Gurmukh Singh OBE, Ret'd Principal Civil Servant (UK) sewauk2005@yahoo.co.uk

# ਡਰਬੀ ਦੇ ਪੰਥਕ ਇਕੱਠ ਨੇ ਗੁਰਪ੍ਰੀਤ ਸਿੰਘ 'ਤੇ ਲੱਗੀਆਂ ਪਾਬੰਦੀਆਂ ਦਾ ਕੀਤਾ ਵਿਰੋਧ

## ਕਾਨੂੰਨੀ ਅਤੇ ਸਿਆਸੀ ਲੜਾਈ ਲੜਨ ਲਈ ਸਿੱਖ ਕੌਮ ਨੂੰ ਇਕਜੁੱਟ ਹੋਣ ਦਾ ਦਿੱਤਾ ਸੱਦਾ



ਯੂ ਕੇ ਸਰਕਾਰ ਵੱਲੋਂ ਗੁਰਪ੍ਰੀਤ ਸਿੰਘ ਰੀਹਲ 'ਤੇ ਲਾਈਆਂ ਆਰਥਿਕ ਪਾਬੰਦੀਆਂ ਦੇ ਵਿਰੋਧ ਵਿੱਚ ਪੰਥਕ ਕਾਨਫਰੰਸ 'ਚ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਬੁਲਾਰੇ

ਡਰਬੀ, (ਮਨਪ੍ਰੀਤ ਸਿੰਘ ਬੱਧਨੀ ਕਲਾਂ) – ਲੰਘੇ ਸ਼ਨੀਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਇੱਕ ਵਿਸ਼ਾਲ 'ਨੈਸ਼ਨਲ ਪੰਥਕ ਕਾਨਫਰੰਸ' ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਯੂ ਕੇ ਭਰ ਤੋਂ ਸੰਗਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ । ਸੇਵਿੰਗ ਪੰਜਾਬ ਦੇ ਗੁਰਪ੍ਰੀਤ ਸਿੰਘ ਉੱਤੇ ਬਿਨਾਂ ਸਬੂਤਾਂ ਦੇ ਲੱਗੀਆਂ ਪਾਬੰਦੀਆ ਦੇ ਸਬੰਧ ਵਿੱਚ ਰੱਖੀ ਇਸ ਕਾਨਫਰੰਸ ਵਿੱਚ ਕਾਨੂੰਨੀ ਮਾਹਿਰਾਂ ਅਤੇ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਕਾਰਕੁਨਾਂ ਨੇ ਹਿੱਸਾ ਲਿਆ। ਸਾਰਿਆਂ ਨੇ ਇਕੱਠੇ ਹੋ ਕੇ ਯੂ.ਕੇ. ਸਰਕਾਰ ਵੱਲੋਂ ਸਿੱਖ ਕਾਰਕੁਨ ਗੁਰਪ੍ਰੀਤ ਸਿੰਘ 'ਤੇ ਹਾਲ ਹੀ ਵਿੱਚ ਲਗਾਈਆਂ ਗਈਆਂ ਅੱਤਵਾਦ ਵਿਰੋਧੀ ਪਾਬੰਦੀਆਂ ਨੂੰ ਚੁਣੌਤੀ ਦਿੱਤੀ।

ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸੱਦੀ ਗਈ ਕਾਨਫਰੰਸ ਵਿੱਚ ਯੂ.ਕੇ., ਕੈਨੇਡਾ, ਯੂਰਪ ਅਤੇ ਅਮਰੀਕਾ ਤੋਂ ਨੁਮਾਇੰਦੇ ਪਹੁੰਚੇ। ਬੁਲਾਰਿਆਂ ਨੇ ਡੂੰਘੀ ਚਿੰਤਾ ਜਤਾਈ ਕਿ ਸਿੱਖਾਂ ਦੇ ਸਿਆਸੀ ਵਿਰੋਧ ਨੂੰ ਅਪਰਾਧ ਬਣਾਇਆ ਜਾ ਰਿਹਾ ਹੈ ਅਤੇ ਇਹ ਇੱਕ ਤਰ੍ਹਾਂ ਨਾਲ "ਬਿਨਾਂ ਮੁਕੱਦਮੇ ਦੇ ਸਜ਼ਾ" ਦੇਣ ਵਾਲੀ ਗੱਲ ਹੈ। ਸਟੇਜ ਦੀ ਕਾਰਵਾਈ ਚਲਾ ਰਹੇ, ਵਰਲਡ ਸਿੱਖ ਪਾਰਲੀਮੈਂਟ ਦੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਨੇ ਚੇਤਾਵਨੀ ਦਿੱਤੀ ਕਿ ਇਹ ਕਦਮ ਬੁਨਿਆਦੀ ਲੋਕਤੰਤਰੀ ਅਸੂਲਾਂ ਨੂੰ ਕਮਜ਼ੋਰ ਕਰਦੇ ਹਨ। ਉਨ੍ਹਾਂ ਕਿਹਾ, "ਜੇ ਬਿਨਾਂ ਦੋਸ਼ ਸਾਬਤ ਹੋਏ ਕਿਸੇ ਇਨਸਾਨ ਦੀ ਪੂਰੀ ਜ਼ਿੰਦਗੀ ਰੋਕ ਦਿੱਤੀ ਜਾਵੇ, ਤਾਂ ਇਹ ਲੋਕਤੰਤਰੀ ਢਾਂਚੇ ਲਈ ਬਹੁਤ ਖ਼ਤਰਨਾਕ ਮਿਸਾਲ ਹੈ।"

ਗੁਰਪ੍ਰੀਤ ਸਿੰਘ ਦੇ ਵਕੀਲ ਅਤੇ ਮਨੁੱਖੀ ਅਧਿਕਾਰਾਂ ਦੇ ਮਾਹਿਰ ਗੈਰੇਥ ਪੀਅਰਸ ਨੇ ਗੁਰਪ੍ਰੀਤ ਸਿੰਘ ਦੇ ਵਿਰੁੱਧ ਕੀਤੀ ਕਾਨੂੰਨੀ ਪ੍ਰਕਿਰਿਆ ਉੱਤੇ ਸਵਾਲ ਉਠਾਇਆ ਅਤੇ ਕਿਹਾ ਕਿ ਸਰਕਾਰ ਦੇ ਇਸ ਕਦਮ ਨਾਲ ਪਰਿਵਾਰ 'ਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਯੂਰਪੀਅਨ ਕਨਵੈਨਸ਼ਨ ਦੇ ਆਰਟੀਕਲ 8 ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ, "ਕਾਨੂੰਨ ਇਹ ਹੈ ਕਿ ਜਦੋਂ ਤੱਕ ਦੋਸ਼ ਸਾਬਤ ਨਹੀਂ ਹੁੰਦਾ, ਹਰ ਕੋਈ ਬੇਕਸੂਰ ਹੈ। ਪਰ ਇਸ ਕਾਰਵਾਈ ਨੇ ਬਿਨਾਂ ਨਤੀਜਿਆਂ ਦੀ ਪਰਵਾਹ ਕੀਤੇ, ਇੱਕ ਝਟਕੇ ਵਿੱਚ ਸਭ ਕੁਝ ਤਬਾਹ ਕਰ ਦਿੱਤਾ ਹੈ।"

ਇਸ ਮੌਕੇ ਤੇ ਗੁਰਪ੍ਰੀਤ ਸਿੰਘ ਨੇ ਸੰਗਤ ਨੂੰ ਸੰਖੇਪ ਵਿੱਚ ਸੰਬੋਧਨ ਕੀਤਾ ਅਤੇ ਆਈਆ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸਖ਼ਤ ਸ਼ਰਤਾਂ ਕਰਕੇ ਉਹ ਖੁੱਲ੍ਹ ਕੇ ਨਹੀਂ ਬੋਲ ਸਕਦੇ, ਪਰ ਉਨ੍ਹਾਂ ਨੇ ਵਿਸ਼ਵ ਭਰ ਦੀ ਸਿੱਖ ਸੰਗਤ ਦੇ ਸਾਥ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ "ਪਾਬੰਦੀਆਂ ਕਰਕੇ ਮੈਂ ਜ਼ਿਆਦਾ ਕੁਝ ਨਹੀਂ ਕਹਿ ਸਕਦਾ, ਪਰ ਅੱਜ ਦੇ ਇਕੱਠ ਨੇ ਮੈਨੂੰ ਹੌਂਸਲਾ ਦਿੱਤਾ ਹੈ। ਮੇਰਾ ਗੁਨਾਹ ਸਿਰਫ ਸਿੱਖਾਂ ਦੀ ਆਜ਼ਾਦੀ ਲਈ ਖੜ੍ਹਨਾ ਹੈ। ਅਸੀਂ ਕਾਨੂੰਨੀ ਜਵਾਬ ਦੇਵਾਂਗੇ। ਮੇਰੀ ਅਸਲੀ ਅਦਾਲਤ ਸੰਗਤ ਹੈ ਅਤੇ ਜਿੱਤ ਸਿੱਖਾਂ ਦੀ ਹੀ ਹੋਵੇਗੀ।" ਬਿਨਾਂ ਕਿਸੇ ਅਪਰਾਧਿਕ ਸਜ਼ਾ ਦੇ ਗੁਰਪ੍ਰੀਤ ਸਿੰਘ ਦੇ ਬੈਂਕ ਖਾਤੇ ਅਤੇ ਪੈਸੇ ਫਰੀਜ਼ ਹੋਣ ਕਾਰਨ ਉਨ੍ਹਾਂ ਦੇ ਪਰਿਵਾਰ 'ਤੇ ਭਾਰੀ ਦਬਾਅ ਹੈ। ਗੁਰਪ੍ਰੀਤ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਨੇ ਬੈਂਕ ਖਾਤੇ ਜਾਮ ਹੋਣ ਨਾਲ ਘਰ ਉੱਤੇ ਪੈ ਰਹੇ ਅਸਰ ਬਾਰੇ ਦੱਸਿਆ। ਰਾਜਵਿੰਦਰ ਕੌਰ ਨੇ ਕਿਹਾ, "ਪਾਬੰਦੀਆਂ ਤੋਂ ਬਾਅਦ ਸਾਨੂੰ ਘਰ ਚਲਾਉਣਾ ਔਖਾ ਹੋ ਰਿਹਾ ਹੈ। ਪਰ ਫਿਰ ਵੀ ਮੈਂ ਚੜ੍ਹਦੀ ਕਲਾ ਲਈ ਅਰਦਾਸ ਕਰਦੀ ਹਾਂ।"

ਇਸ ਸਮਾਗਮ ਵਿੱਚ ਕਈ ਅੰਤਰਰਾਸ਼ਟਰੀ ਬੁਲਾਰਿਆਂ ਨੇ ਹਿੱਸਾ ਲਿਆ ਜਿਨ੍ਹਾਂ ਨੇ ਇਨ੍ਹਾਂ ਪਾਬੰਦੀਆਂ ਨੂੰ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਦਬਾਅ ਨਾਲ ਜੋੜ ਕੇ ਸਮਝਾਇਆ। ਪ੍ਰਮੁੱਖ ਬੁਲਾਰਿਆਂ ਵਿੱਚ ਭਾਈ ਪ੍ਰਭਜੋਤ ਸਿੰਘ (ਪੰਥ ਪੰਜਾਬ ਪ੍ਰੋਜੈਕਟ), ਬਲਪ੍ਰੀਤ ਸਿੰਘ (ਕਾਨੂੰਨੀ ਸਲਾਹਕਾਰ, ਵਰਲਡ ਸਿੱਖ ਆਰਗੇਨਾਈਜ਼ੇਸ਼ਨ), ਰਣਜੀਤ ਸਿੰਘ ਸਰਾਏ (**WSP**), ਮਨਿੰਦਰ ਸਿੰਘ (ਪ੍ਰਧਾਨ, ਸਿੱਖ ਫੈਡਰੇਸ਼ਨ ਕੈਨੇਡਾ), ਭਾਈ ਹਿੰਮਤ ਸਿੰਘ (**WSP** ਕੋ-ਕੋਆਰਡੀਨੇਟਰ), ਸ਼ਮਸ਼ੇਰ ਸਿੰਘ (**NSYF**) ਅਤੇ ਦੁਪਿੰਦਰਜੀਤ ਸਿੰਘ (ਸਿੱਖਸ ਫਾਰ ਜਸਟਿਸ) ਸ਼ਾਮਲ ਸਨ। ਹੋਰ ਬੁਲਾਰਿਆਂ ਵਿੱਚ ਵਾਂਡਾ ਸਾਂਚੇਜ਼ ਡੇ (ਮਨੁੱਖੀ ਅਧਿਕਾਰ ਵਕੀਲ), ਭਾਈ ਦਲਜੀਤ ਸਿੰਘ ਸਟਾਕਟਨ, ਹਰਦਿਆਲ ਸਿੰਘ (ਯੂਨਾਈਟਿਡ ਸਿੱਖਸ), ਪ੍ਰਭ ਸਿੰਘ (ਕੈਨੇਡਾ), ਅਮਨਦੀਪ ਸਿੰਘ (ਯੂ.ਐਸ.ਏ), ਭਾਈ ਮਨਵੀਰ ਸਿੰਘ (ਮਾਂਟਰੀਅਲ), ਡਾ. ਗੁਰਨਾਮ ਸਿੰਘ, ਭਾਈ ਗੁਰਪਾਲ ਸਿੰਘ (ਜਰਮਨੀ), ਭਾਈ ਬਲਵੰਤ ਸਿੰਘ (ਸਿਆਟਲ), ਰਾਜਿੰਦਰ ਸਿੰਘ ਪੁਰੇਵਾਲ ਅਤੇ ਅਮਰਜੀਤ ਸਿੰਘ (ਵਾਸ਼ਿੰਗਟਨ) ਸ਼ਾਮਲ ਸਨ।

ਬੁਲਾਰਿਆਂ ਨੇ ਯੂ.ਕੇ. ਦੀਆਂ ਪਾਬੰਦੀਆਂ ਦੀ ਤੁਲਨਾ ਭਾਰਤ ਦੇ ਯੂ ਏ ਪੀ ਏ ਵਰਗੇ ਸਖ਼ਤ ਕਾਨੂੰਨਾਂ ਨਾਲ ਕੀਤੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਵਿਦੇਸ਼ੀ ਸਰਕਾਰਾਂ ਵੱਲੋਂ ਦਿੱਤੀਆਂ ਖੁਫੀਆ ਰਿਪੋਰਟਾਂ ਅਕਸਰ ਸਿੱਖ ਕਾਰਕੁੰਨਾਂ ਨੂੰ ਦਬਾਉਣ ਲਈ ਵਰਤੀਆਂ ਜਾਂਦੀਆਂ ਹਨ, ਪਰ ਖੁੱਲ੍ਹੀ ਅਦਾਲਤ ਵਿੱਚ ਇਹ ਸਬੂਤ ਵਜੋਂ ਪੂਰੀਆਂ ਨਹੀਂ ਉਤਰਦੀਆਂ। ਕਾਨਫਰੰਸ ਵਿੱਚ ਸ਼ਾਮਲ ਸਮੂਹ ਬੁਲਾਰਿਆਂ ਅਤੇ ਸੰਗਤਾਂ ਨੇ ਇੱਕ ਅਵਾਜ਼ ਵਿੱਚ ਸੁਨੇਹਾ ਦਿੱਤਾ ਕਿ ਵਿੱਤੀ ਪਾਬੰਦੀਆਂ ਦੇ ਬਾਵਜੂਦ ਸਿੱਖ ਭਾਈਚਾਰਾ ਗੁਰਪ੍ਰੀਤ ਸਿੰਘ ਜਾਂ ਉਨ੍ਹਾਂ ਦੇ ਪਰਿਵਾਰ ਦਾ ਸਾਥ ਨਹੀਂ ਛੱਡੇਗਾ। ਬੁਲਾਰਿਆਂ ਨੇ ਸਿੱਖਾਂ ਦੇ ਸਿਵਲ ਹੱਕਾਂ ਦੀ ਰਾਖੀ ਲਈ ਕਾਨੂੰਨੀ ਅਤੇ ਸਿਆਸੀ ਕਾਰਵਾਈ ਕਰਨ ਅਤੇ ਇਸ ਫੈਸਲੇ ਨੂੰ ਹਾਈਕੋਰਟ ਵਿੱਚ ਚੁਣੌਤੀ ਦੇਣ ਦਾ ਪ੍ਰਣ ਲਿਆ। ਇਸ ਮੌਕੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ ਯੂ ਕੇ, ਵਰਲਡ ਸਿੱਖ ਪਾਰਲੀਮੈਂਟ, ਯੂਨਾਈਟਡ ਖ਼ਾਲਸਾ ਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਖੰਡ ਕੀਰਤਨੀ ਜੱਥਾ ਯੂ ਕੇ, ਸਿੱਖ ਰਿਲੀਫ, ਸਿੱਖਸ ਫਾਰ ਜਸਟਿਸ, ਸਿੱਖ ਫੈਡਰੇਸ਼ਨ, ਇੰਟਰਨੈਸ਼ਨਲ ਪੰਥਕ ਦਲ ਆਦਿ ਸਮੇਤ ਯੂ ਕੇ ਦੀਆਂ ਸਿੱਖ ਸੰਸਥਾਵਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਹਾਜ਼ਰ ਸਨ। ਕਾਨਫਰੰਸ ਵਿੱਚ ਭਾਈ ਜੋਗਾ ਸਿੰਘ, ਭਾਈ ਲਵਸ਼ਿੰਦਰ ਸਿੰਘ, ਭਾਈ ਅਮਰੀਕ ਸਿੰਘ ਸਹੋਤਾ, ਭਾਈ ਸਰਬਜੀਤ ਸਿੰਘ, ਭਾਈ ਦਲਜੀਤ ਸਿੰਘ ਵਿਰਕ, ਦੀਪਾ ਸਿੰਘ, ਜੱਸ ਸਿੰਘ ਅਤੇ ਯੂ ਕੇ ਭਰ ਤੋਂ ਆਏ ਆਗੂ ਵੀ ਸ਼ਾਮਲ ਹੋਏ।

**ਨੋਟ: ਹੋਰ ਤਸਵੀਰਾਂ ਆਖਰੀ ਪੰਨੇ 'ਤੇ**

# ਫ਼ਰਾਂਸ ਨਾਲ ਸਮਝੌਤੇ ਤਹਿਤ ਕਾਰਵਾਈ ਤੇਜ਼, ਬਰਤਾਨੀਆ ਵੱਲੋਂ 281 ਗੈਰਕਾਨੂੰਨੀ ਪ੍ਰਵਾਸੀ ਵਾਪਸ ਭੇਜੇ ਗਏ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਸਰਕਾਰ ਨੇ ਫ਼ਰਾਂਸ ਨਾਲ ਹੋਏ ਆਪਸੀ ਸਮਝੌਤੇ ਤਹਿਤ ਹੁਣ ਤੱਕ 281 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਫ਼ਰਾਂਸ ਭੇਜ ਦਿੱਤਾ ਹੈ। ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਇਹ ਕਾਰਵਾਈ ਉਸ ਨੀਤੀ ਅਧੀਨ ਕੀਤੀ ਜਾ ਰਹੀ ਹੈ, ਜਿਸ ਅਨੁਸਾਰ ਇੱਕ ਪ੍ਰਵਾਸੀ ਨੂੰ ਬਰਤਾਨੀਆ ਵਿਚ ਦਾਖ਼ਲਾ ਮਿਲਣ ਦੀ ਸੂਰਤ ਵਿੱਚ ਇੱਕ ਹੋਰ ਪ੍ਰਵਾਸੀ ਨੂੰ ਵਾਪਸ ਭੇਜਿਆ ਜਾਂਦਾ ਹੈ।

ਗ੍ਰਹਿ ਵਿਭਾਗ ਵੱਲੋਂ ਦੱਸਿਆ ਗਿਆ ਹੈ ਕਿ ਇਹ ਸਮਝੌਤਾ ਸਮੁੰਦਰੀ ਰਸਤੇ ਰਾਹੀਂ ਹੋ ਰਹੀ ਗੈਰਕਾਨੂੰਨੀ ਆਵਾਜਾਈ ਨੂੰ ਰੋਕਣ ਲਈ ਕੀਤਾ ਗਿਆ ਹੈ। ਅਧਿਕਾਰੀਆਂ ਅਨੁਸਾਰ ਇਸ ਨੀਤੀ ਨਾਲ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ 'ਤੇ ਵੀ ਰੋਕ ਲੱਗੇਗੀ ਅਤੇ ਸਰਹੱਦੀ ਸੁਰੱਖਿਆ ਮਜ਼ਬੂਤ ਹੋਵੇਗੀ।ਸਰਕਾਰ ਨੇ ਕਿਹਾ ਹੈ ਕਿ ਛੋਟੀਆਂ ਕਿਸ਼ਤੀਆਂ ਰਾਹੀਂ ਸਮੁੰਦਰ ਪਾਰ ਕਰਕੇ ਬਰਤਾਨੀਆ ਪਹੁੰਚਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਚਿੰਤਾਜਨਕ ਵਾਧਾ ਹੋ ਰਿਹਾ ਸੀ, ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਕਦਮ ਚੁੱਕਿਆ ਗਿਆ ਹੈ। ਫ਼ਰਾਂਸ ਨਾਲ ਸਹਿਯੋਗ ਦੇ ਨਾਲ ਨਾਲ ਤਟਵਰਤੀ ਖੇਤਰਾਂ ਵਿੱਚ ਨਿਗਰਾਨੀ ਵੀ ਵਧਾਈ ਗਈ ਹੈ।

ਮੰਤਰੀਆਂ ਨੇ ਦਾਅਵਾ ਕੀਤਾ ਹੈ ਕਿ ਇਹ ਨੀਤੀ ਇਨਸਾਨੀ ਅਸੂਲਾਂ ਦੇ ਅਨੁਕੂਲ ਹੈ ਅਤੇ ਅਸਲ ਸ਼ਰਨਾਰਥੀਆਂ ਦੀ ਸਹਾਇਤਾ ਲਈ ਕਾਨੂੰਨੀ ਰਸਤੇ ਖੁੱਲ੍ਹੇ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਗੈਰਕਾਨੂੰਨੀ ਤਰੀਕਿਆਂ ਨਾਲ ਦਾਖ਼ਲ ਹੋਣ ਨੂੰ ਕਿਸੇ ਵੀ ਸੂਰਤ ਵਿੱਚ ਉਤਸ਼ਾਹਿਤ ਨਹੀਂ ਕੀਤਾ ਜਾ ਸਕਦਾ।

ਦੂਜੇ ਪਾਸੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸ ਨੀਤੀ 'ਤੇ ਸਵਾਲ ਖੜੇ ਕਰਦਿਆਂ ਕਿਹਾ ਹੈ ਕਿ ਵਾਪਸੀ ਦੌਰਾਨ ਪ੍ਰਵਾਸੀਆਂ ਦੀ ਸੁਰੱਖਿਆ ਅਤੇ ਹੱਕਾਂ ਦੀ ਪੂਰੀ ਗਰੰਟੀ ਹੋਣੀ ਚਾਹੀਦੀ ਹੈ। ਹਾਲਾਂਕਿ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਹਰ ਮਾਮਲੇ ਦੀ ਵੱਖ-ਵੱਖ ਜਾਂਚ ਕੀਤੀ ਜਾ ਰਹੀ ਹੈ।ਸਿਆਸੀ ਮਾਹਿਰਾਂ ਅਨੁਸਾਰ ਫ਼ਰਾਂਸ ਨਾਲ ਇਹ ਸਮਝੌਤਾ ਬਰਤਾਨੀਆ ਦੀ ਪ੍ਰਵਾਸ ਨੀਤੀ ਵਿੱਚ ਵੱਡਾ ਮੋੜ ਸਾਬਤ ਹੋ ਸਕਦਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਦੇ ਹੋਰ ਨਤੀਜੇ ਸਾਹਮਣੇ ਆ ਸਕਦੇ ਹਨ।

# ਵੀ. ਕੇ. ਐਮ. ਸੌਲਿਸਟਰਜ਼ ਵੁਲਵਰਹੈਂਪਟਨ

## ਵਿਜੇ ਕੁਮਾਰ ਮੋਮੀ ਅਤੇ ਸਾਰੇ ਸਟਾਫ ਵੱਲੋਂ



**ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ**

# VKM SOLICITORS

**Regulated by the Solicitors Regulation Authority**

ਹੇਠਾਂ ਦਿੱਤੇ ਮਸਲਿਆਂ ਦੇ ਕਾਨੂੰਨੀ ਹੱਲ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ, ਸਾਡੇ ਤਜ਼ਰਬੇਕਾਰ ਵਕੀਲ ਤੁਹਾਨੂੰ ਤੁਹਾਡੇ ਕੇਸ ਮੁਤਾਬਕ ਸਹੀ ਅਤੇ ਢੁੱਕਵੀਂ ਸਲਾਹ ਦੇਣ ਵਿੱਚ ਮਾਹਰ ਹਨ ।

### *IMMIGRATION - APPLICATIONS & APPEALS:*

- ਵਰਕ ਪਰਮਿਟ (ਮਾਹਿਰ ਕਾਮੇ) ਟੀਅਰ 2
- ਸਟੂਡੈਂਟ ਵੀਜ਼ਾ ਟੀਅਰ 4 ਜਨਰਲ
- ਮੰਗੇਤਰ ਜਾਂ ਸਾਥੀ ਨੂੰ ਮੰਗਵਾਉਣ ਲਈ ਅਰਜ਼ੀ
- ਕਿਸੇ ਵੀ ਤਰ੍ਹਾਂ ਦੇ ਵੀਜ਼ੇ ਦੀ ਹੋਈ ਨਾਂਹ ਲਈ ਅਪੀਲਾਂ ਤੇ ਇਮੀਗ੍ਰੇਸ਼ਨ ਕੋਟ (FTT-IAC) ਵਿੱਚ ਰੀਪਰਜ਼ੈਨਟੇਸ਼ਨ
- ਯੂਰਪੀਅਨ ਨੈਸ਼ਨਲ ਲਈ ਯੂ. ਕੇ. ਵਿੱਚ ਰਹਿਣ ਲਈ ਅਰਜ਼ੀ
- ਬੱਚਿਆਂ ਦੇ 7 ਸਾਲਾਂ ਦੇ ਕੇਸ / ਸਟੇਟਲੈਸ ਕੇਸ ਲਈ ਅਰਜ਼ੀ
- ਬਿਨ੍ਹਾਂ ਸਟੇਟਸ ਤੋਂ ਯੂ.ਕੇ. ਰਹਿਣ ਵਾਲਿਆਂ ਲਈ ਢੁੱਕਵੀਂ ਅਰਜ਼ੀ

**ਵਿਸ਼ੇਸ਼ ਨੋਟ :**

ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਇਮੀਗ੍ਰੇਸ਼ਨ ਮਾਮਲਿਆਂ ਵਿੱਚ ਸਾਨੂੰ ਚੰਗਾ ਤਜ਼ਰਬਾ ਹਾਸਲ ਹੈ। ਨਵੇਂ ਕਾਨੂੰਨਾਂ ਦੀ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ !

### SERVICES :

** Conveyancing -Residential & Commercial Properties*
** Landlord & Tenant- Including Possession Proceedings*
** Business Sale & Purchase * Family Law*
** Debt Recovery * Wills & Probate.*

**ਅਸੀਂ ਫੈਮਿਲੀ ਲਾਅ ਦੇ ਹੇਠ ਦਿੱਤੇ ਮਸਲਿਆਂ ਵਿੱਚ ਮਾਹਰ ਹਾਂ :**
* ਤਲਾਕ / ਵੱਖਰੇ ਹੋਣਾ * ਬੱਚਿਆਂ ਸਬੰਧੀ ਝਗੜੇ * ਵਿਆਹ ਸਬੰਧੀ ਵਿੱਤੀ ਝਗੜੇ * ਵਿਆਹ ਤੋਂ ਪਹਿਲਾਂ ਅਤੇ ਬਾਅਦ ਦੇ ਸਮਝੌਤੇ * ਵੱਖਰੇ ਹੋਣ ਤੋਂ ਬਾਅਦ ਦਹੇਜ ਦੇ ਮਾਮਲੇ * ਘਰੇਲੂ ਹਿੰਸਾ * ਪੈਸਿਆਂ ਦਾ ਲੈਣ-ਦੇਣ ।



*Please Contact :*
*Vijay Kumar Momi LL.B.*
*Aman Puri LL.B.*
*For Quotation/Appointment*

### PERSONAL INJURY

ਜੇ ਤੁਹਾਨੂੰ ਐਕਸੀਡੈਂਟ ਦੌਰਾਨ ਕਿਤੇ ਵੀ ਚੋਟ ਲੱਗੀ ਹੈ ਤਾਂ ਅਸੀਂ ਤੁਹਾਨੂੰ 100% ਮੁਆਵਜ਼ਾ ਦੁਆ ਸਕਦੇ ਹਾਂ। ਤੁਹਾਡੇ ਮੁਆਵਜ਼ੇ ਵਿੱਚੋਂ ਕਿਸੇ ਵੀ ਤਰ੍ਹਾਂ ਦੀ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ ।

**NO WIN - NO FEE**

ਕਾਰੋਬਾਰ ਜਾਂ ਘਰ ਵੇਚਣਾ / ਖਰੀਦਣਾ, ਇਮੀਗ੍ਰੇਸ਼ਨ, ਫੈਮਿਲੀ ਲਾਅ, ਪਰਸਨਲ ਇੰਜ਼ਰੀ ਕਲੇਮ ਅਤੇ ਹੋਰ ਕਾਨੂੰਨੀ ਕੰਮਾਂ ਦੀ ਸਲਾਹ ਲੈਣੀ ਹੋਵੇ ਤਾਂ
**VKM SOLICITORS**
ਨੂੰ ਹਮੇਸ਼ਾ ਯਾਦ ਰੱਖੋ !!

*Weekend & Evening Appointments Available*

**48 QUEEN STREET, WOLVERHAMPTON, WV1 3BJ.**
**PLEASE CONTACT TEL : 01902 311155**

VKM SOLICITORS

# ਸੱਜਣ ਕੁਮਾਰ ਨੂੰ ਬਰੀ ਕਰਨਾ ਸਿੱਖ ਕੌਮ ਨਾਲ ਬੇਇਨਸਾਫ਼ੀ – ਸ੍ਰੀ ਗੁਰੂ ਸਿੰਘ ਸਭਾ ਸਾਊਥਾਲ


ਗੁਰਮੇਲ ਸਿੰਘ ਮੱਲ੍ਹੀ, ਹਰਜੀਤ ਸਿੰਘ ਸਰਪੰਚ ਅਤੇ ਸ਼ਰਨਬੀਰ ਸਿੰਘ ਸੰਘਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲ੍ਹੀ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਨੇ ਦਿੱਲੀ ਦੀ ਰਾਊਜ਼ ਐਵਨਿਊ ਅਦਾਲਤ ਵੱਲੋਂ ਨਵੰਬਰ 1984 ਸਿੱਖ ਕਤਲੇਆਮ ਦੇ ਜਨਕਪੁਰੀ ਨਾਲ ਸਬੰਧਤ ਇੱਕ ਮਾਮਲੇ ਵਿੱਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫ਼ੈਸਲੇ ਨੂੰ ਸਿੱਖ ਕੌਮ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਅੱਜ 42 ਸਾਲ ਬੀਤ ਗਏ ਹਨ, ਸਿੱਖ ਕਤਲੇਆਮ ਦੇ ਦੋਸ਼ੀ ਵੱਡੇ ਵੱਡੇ ਸਰਕਾਰੀ ਅਹੁਦਿਆਂ ਤੇ ਰਹੇ, ਜੇ ਸੱਜਣ ਕੁਮਾਰ ਵਰਗੇ ਵਿਰੁੱਧ ਕੋਈ ਕਾਰਵਾਈ ਹੋਈ ਤਾਂ ਉਸ ਨੂੰ ਬਰੀ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਭਾਵੇਂ ਕਿ ਸਿੱਖ ਕਤਲੇਆਮ ਦੇ ਦੋ ਕੇਸਾਂ ਵਿੱਚ ਸੱਜਣ ਕੁਮਾਰ ਅਜੇ ਵੀ ਜੇਲ੍ਹ ਅੰਦਰ ਸਜ਼ਾ ਭੁਗਤ ਰਿਹਾ ਹੈ ਅਤੇ ਉਹ ਜੇਲ੍ਹ ਵਿੱਚ ਹੀ ਰਹੇਗਾ, ਪਰੰਤੂ ਇੱਕ ਕੇਸ ਵਿੱਚ ਉਸ ਦਾ ਬਰੀ ਹੋਣਾ ਸਰਕਾਰ ਦੀਆਂ ਜਾਂਚ ਏਜੰਸੀਆਂ ਦੀ ਸੁਹਿਰਦਤਾ ਅਤੇ ਗੰਭੀਰਤਾ ਉੱਤੇ ਵੱਡਾ ਸਵਾਲੀਆ ਚਿੰਨ੍ਹ ਹੈ ਅਤੇ ਇਹ ਸਿੱਖਾਂ ਦੇ ਜ਼ਖ਼ਮਾਂ ਉੱਤੇ ਲੂਣ ਛਿੜਕਣ ਦੇ ਤੁੱਲ ਹੈ।

ਸ: ਮੱਲ੍ਹੀ ਨੇ ਕਿਹਾ ਕਿ ਸੱਜਣ ਕੁਮਾਰ ਤੇ ਦੋਸ਼ ਸਨ ਕਿ ਉਹ ਉਸ ਭੀੜ ਦੀ ਅਗਵਾਈ ਕਰ ਰਿਹਾ ਸੀ ਜਿਸ ਨੇ 17 ਸਾਲ ਦੇ ਨਾਬਾਲਗ ਬੱਚੇ ਕਾਕਾ ਗੁਰਚਰਨ ਸਿੰਘ ਨੂੰ ਕਤਲ ਕਰਨ ਲਈ ਉਸ ਨੂੰ ਜਿਉਂਦਾ ਉਸ ਦੇ ਪਿਤਾ ਸ. ਨਾਥ ਸਿੰਘ ਦੇ ਜਲਦੇ ਟਰੱਕ ਵਿੱਚ ਸੁੱਟਿਆ ਸੀ। ਕਾਕਾ ਗੁਰਚਰਨ ਸਿੰਘ ਸਾਲ 1984 ਤੋਂ 2008 ਤੱਕ 24 ਸਾਲ ਅੱਧ ਜਲੇ ਹੋਏ ਹਾਲਤ ਵਿੱਚ ਇਨਸਾਫ਼ ਦੀ ਗੁਹਾਰ ਲਗਾਉਂਦਾ ਰਿਹਾ। ਉਹ ਕਹਿੰਦਾ ਰਿਹਾ ਕਿ ਉਸ ਦਿਨ ਭੀੜ ਦੀ ਅਗਵਾਈ ਸੱਜਣ ਕੁਮਾਰ ਕਰ ਰਿਹਾ ਸੀ, ਪਰੰਤੂ ਉਸ ਦੀ ਗੱਲ ਕਿਸੇ ਨੇ ਨਹੀਂ ਸੁਣੀ। ਆਖਿਰ ਇਨਸਾਫ ਦੀ ਉਡੀਕ ਕਰਦਾ ਉਹ ਅਕਾਲ ਚਲਾਣਾ ਕਰ ਗਿਆ। 2008 ਵਿੱਚ ਸੀ ਬੀ ਆਈ ਨੇ ਕਾਕਾ ਗੁਰਚਰਨ ਸਿੰਘ ਦੀ ਗਵਾਹੀ ਰਿਕਾਰਡ ਕੀਤੀ ਪਰੰਤੂ ਇਨਸਾਫ ਨਹੀਂ ਮਿਲਿਆ। ਦਿੱਲੀ ਪੁਲਿਸ ਨੇ ਕਾਕਾ ਗੁਰਚਰਨ ਸਿੰਘ ਦੇ ਬਿਆਨ ਦਰਜ ਕਰੇ ਬਿਨਾਂ ਹੀ ਕੇਸ ਬੰਦ ਕਰਨਾ ਸਰਕਾਰ ਤੇ ਪੁਲਿਸ ਦੀ ਕਾਰਵਾਈ ਉੱਤੇ ਵੱਡਾ ਸਵਾਲ ਹੈ। ਇਸ ਮਾਮਲੇ ਦੇ ਦੂਜਾ ਗਵਾਹ ਸ. ਹਰਵਿੰਦਰ ਸਿੰਘ ਕੋਹਲੀ ਵੱਲੋਂ ਸੱਜਣ ਕੁਮਾਰ ਦੀ ਪਛਾਣ ਕਰਨ ਨੂੰ ਵੀ ਤਰਜੀਹ ਨਹੀਂ ਦਿੱਤੀ ਗਈ। ਗਵਾਹਾਂ ਦੇ ਬਾਵਜੂਦ ਵੀ ਸੱਜਣ ਕੁਮਾਰ ਨੂੰ ਬਰੀ ਕਰਨਾ ਮੰਦਭਾਗਾ ਹੈ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਅਦਾਲਤ ਦੇ ਇਸ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੇਸ ਲੜਨ ਵਾਲੀਆਂ ਸਬੰਧਿਤ ਧਿਰਾਂ ਨੂੰ ਅਪੀਲ ਕਰਦਾ ਹੈ।

## ਸਰੀ ਚ ਪਿਸਤੌਲ ਸਣੇ ਦੋ ਪੰਜਾਬੀ ਨੌਜਵਾਨ ਪੁਲਿਸ ਵੱਲੋਂ ਗ੍ਰਿਫਤਾਰ

**ਵੈਨਕੂਵਰ-( ਮਲਕੀਤ ਸਿੰਘ) -ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਕਨੇਡਾ ਦੇ ਸ਼ਹਿਰ ਸਰੀ ਵਿੱਚ ਪੁਲਿਸ ਵੱਲੋਂ ਪਿਸਤੌਲ ਸਮੇਤ ਦੋ ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਸੂਚਨਾ ਹੈ ਇਸ ਸਬੰਧੀ ਪ੍ਰਾਪਤ ਹੋਰਨਾਂ ਵੇਰਵਿਆ ਅਨੁਸਾਰ ਲੰਘੀ 26 ਜਨਵਰੀ ਨੂੰ ਤੜਕਸਾਰ 3:50 ਵਜੇ 129 ਸਟਰੀਟ ਅਤੇ 84 ਐਵੇਨਿਊ ਦੇ ਇਲਾਕੇ ਵਿੱਚ ਗਸ਼ਤ ਕਰ ਰਹੇ ਪੁਲਿਸ ਮੁਲਾਜ਼ਮਾਂ ਨੂੰ ਗੋਲੀ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਪੁਲਿਸ ਨੇ ਤੁਰੰਤ ਉਥੋਂ ਲੰਘ ਰਹੇ ਇੱਕ ਸ਼ੱਕੀ ਵਾਹਨ ਰੋਕ ਕੇ ਉਸਦੀ ਬਰੀਕੀ ਨਾਲ ਜਾਂਚ ਪੜਤਾਲ ਕਰਨ ਉਪਰੰਤ ਸੰਬੰਧਿਤ ਡਰਾਈਵਰ ਅਤੇ ਉਸਦੇ ਨਾਲ ਬੈਠੇ ਦੂਸਰੇ ਸਾਥੀ ਨੂੰ ਹਿਰਾਸਤ ਵਿੱਚ ਲੈ ਲਿਆ। ਗ੍ਰਿਫ਼ਤਾਰੀ ਦੌਰਾਨ ਉਹਨਾਂ ਪਾਸੋਂ ਇੱਕ ਪਿਸਤੌਲ ਵੀ ਬਰਾਮਦ ਕੀਤਾ ਗਿਆ। ਦੋਵੇਂ ਮੁਲਜ਼ਮਾਂ ਨੂੰ 30 ਜਨਵਰੀ 2026 ਤੱਕ ਹਿਰਾਸਤ ਵਿੱਚ ਰੱਖਿਆ ਜਾਵੇਗਾ ਗ੍ਰਿਫਤਾਰ ਕੀਤੇ ਗਏ ਉਕਤ ਦੋਵੇਂ ਪੰਜਾਬੀ ਨੌਜਵਾਨ ਵਿਦੇਸ਼ੀ ਨਾਗਰਿਕ ਦੱਸੇ ਜਾ ਰਹੇ ਹਨ ਪੁਲਿਸ ਵੱਲੋਂ ਉਹਨਾਂ ਦੀ ਹੋਰ ਪੁੱਛ ਗਿੱਛ ਕਰਨ ਦੇ ਨਾਲ ਨਾਲ ਸਾਰੀ ਜਾਣਕਾਰੀ ਕਨੇਡਾ ਬਾਰਡਰ ਸਰਵਿਸ ਏਜੰਸੀ ਨੂ ਦੇ ਦਿੱਤੀ ਗਈ ਹੈ।**

## ਬਰਤਾਨੀਆ ਦੀ ਸਾਬਕਾ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਕੰਜ਼ਰਵੇਟਿਵ ਪਾਰਟੀ ਛੱਡਕੇ ਰਿਫਾਰਮ ਯੂ ਕੇ ਦਾ ਫੜਿਆ ਪੱਲਾ



ਲੰਡਨ ਵਿੱਚ ਆਯੋਜਿਤ ਸਮਾਗਮ ਵਿੱਚ ਸੁਏਲਾ ਬ੍ਰੇਵਰਮੈਨ ਨੂੰ ਰਿਫਾਰਮ ਯੂ ਕੇ ਵਿੱਚ ਸ਼ਾਮਿਲ ਕਰਦੇ ਹੋਏ ਨਾਈਜ਼ਲ ਫੈਰਾਜ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸਿਆਸਤ ਵਿੱਚ ਪਿਛਲੇ ਕੁਝ ਵਰ੍ਹਿਆਂ ਤੋਂ ਕਾਫ਼ੀ ਉਥਲ ਪੁਥਲ ਹੋ ਰਹੀ ਹੈ। ਸ਼ਾਇਦ ਬਰਤਾਨਵੀ ਸਿਆਸਤ ਵਿੱਚ ਦਲ ਬਦਲੀ ਦਾ ਨਵਾਂ ਇਤਿਹਾਸ ਬਣ ਰਿਹਾ ਹੈ। ਭਾਰਤੀ ਮੂਲ ਦੀ ਸਾਬਕਾ ਬਰਤਾਨਵੀ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਅੱਜ ਕੰਜ਼ਰਵੇਟਿਵ ਪਾਰਟੀ ਤੋਂ ਅਸਤੀਫਾ ਦੇ ਕੇ ਲੰਡਨ ਵਿੱਚ ਆਯੋਜਿਤ ਇੱਕ ਸਮਾਗਮ ਵਿੱਚ ਨਾਈਜ਼ਲ ਫੈਰਾਜ ਦੀ ਅਗਵਾਈ ਵਾਲੀ ਸੱਜੇ ਪੱਖੀ ਵਿਚਾਰਧਾਰਾ ਵਾਲੀ, ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਸਖ਼ਤ ਰੁਖ ਰੱਖਣ ਵਾਲੀ ਰਿਫਾਰਮ ਯੂ ਕੇ ਪਾਰਟੀ ਵਿੱਚ ਸ਼ਾਮਲ ਹੋ ਗਈ ਹੈ।

ਭਾਰਤੀ/ਅਫ਼ਰੀਕੀ ਪ੍ਰਵਾਸੀ ਮਾਪਿਆਂ ਦੇ ਘਰ ਜਨਮੀ ਬ੍ਰੇਵਰਮੈਨ ਕੰਜ਼ਰਵੇਟਿਵ ਪਾਰਟੀ ਵਿੱਚ ਸਭ ਤੋਂ ਸੱਜੇ-ਪੱਖੀ ਸ਼ਖ਼ਸੀਅਤਾਂ ਵਿੱਚੋਂ ਇੱਕ ਸੀ ਅਤੇ ਲਿਜ਼ ਟਰਸ ਅਤੇ ਰਿਸ਼ੀ ਸੁਨਕ ਦੀ ਸਰਕਾਰ ਵਿੱਚ ਉਹਨਾਂ ਗ੍ਰਹਿ ਮੰਤਰੀ ਵਜੋਂ ਸੇਵਾਵਾਂ ਨਿਭਾਈਆਂ। ਰਿਫਾਰਮ ਵਿੱਚ ਸ਼ਾਮਲ ਹੋਣ ਮੌਕੇ ਬ੍ਰੇਵਰਮੈਨ ਨੇ ਕਿਹਾ ਕਿ ਉਸ ਦੀ ਘਰ ਵਾਪਸੀ ਹੋਈ ਹੈ। ਬ੍ਰੇਵਰਮੈਨ ਜੋ ਕਿ ਹਾਊਸ ਆਫ਼ ਕਾਮਨਜ਼ ਦੀ ਮੈਂਬਰ ਹੈ ਦੇ ਦਲ ਬਦਲਣ ਨਾਲ ਹੁਣ ਰਿਫਾਰਮ ਪਾਰਟੀ ਯੂ ਕੇ ਦੇ ਸੰਸਦ ਮੈਂਬਰਾਂ ਦੀ ਗਿਣਤੀ ਵਧ ਕੇ ਅੱਠ ਹੋ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਭਾਰਤੀ ਮੂਲ ਦੇ ਲੋਕ ਮੌਜੂਦਾ ਰਵਾਇਤੀ ਪਾਰਟੀਆਂ ਲੇਬਰ ਅਤੇ ਕੰਜ਼ਰਵੇਟਿਵ ਨੂੰ ਛੱਡ ਕੇ ਰਿਫਾਰਮ ਪਾਰਟੀ ਵਿੱਚ ਦਿਲਚਸਪੀ ਦਿਖਾਉਣ ਲੱਗ ਗਏ ਹਨ। ਭਵਿੱਖ ਵਿੱਚ ਰਿਫਾਰਮ ਪਾਰਟੀ ਦੀਆਂ ਨੀਤੀਆਂ ਕੀ ਹੋਣਗੀਆਂ ਇਹ ਵੱਡਾ ਸਵਾਲ ਹੋਵੇਗਾ।


## ਗੁਰੂ ਨਾਨਕ ਗੁਰਦੁਆਰਾ, ਵਿਲਨਹਾਲ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ ਦੀ ਲੋੜ

**ਮੁੱਖ ਕੰਮ :- ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਅਤੇ ਗੁਰੂ ਘਰ ਵਿਖੇ ਜ਼ਰੂਰੀ ਸੇਵਾਵਾਂ।**

**ਅਰਜ਼ੀਕਰਤਾ ਸੇਵਾਦਾਰ ਗੁਰਮਤਿ ਰਹਿਤ ਮਰਯਾਦਾ ਦੇ ਪੂਰਨ ਧਾਰਨੀ ਹੋਣ। ਉਹ ਹਰ ਮੌਕੇ ਦੇ ਮੁਤਾਬਕ ਕੀਰਤਨ ਕਰਨ ਦੇ ਯੋਗ ਹੋਣ, ਜੋ ਹਰਮੋਨੀਅਮ ਤੇ ਤਬਲਾ ਵਜਾਉਣਾ ਜਾਣਦੇ ਹੋਣ। ਧਾਰਮਿਕ ਅਤੇ ਸਮਾਜਿਕ ਖਾਸ ਮੌਕਿਆਂ ਤੇ ਸਾਰੇ ਧਾਰਮਿਕ ਕਾਰਜਾਂ ਸੰਬੰਧੀ ਸੇਵਾਵਾਂ ਨਿਭਾਉਣ ਦੇ ਯੋਗ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਪਾਠ ਕਰਨ ਦਾ ਅਭਿਆਸ ਹੋਣਾ ਜ਼ਰੂਰੀ ਹੈ। ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਦਾ ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਹੈ।**

**ਅਰਜ਼ੀ ਦੇਣ ਦੀ ਆਖਰੀ ਤਾਰੀਕ : 6 ਫ਼ਰਵਰੀ 2026**
**ਅਰਜ਼ੀ ਦੇਣ ਵਾਸਤੇ ਜਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**
**ਭਾਈ ਸੁਤੰਤਰ ਸਿੰਘ – 01902 605286**

## 3 Vacancies for (Tier - 5) Religious workers
## @ Guru Nanak Gurdwara Willenhall

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening.

Applicants must be of high charactor and abide by Gurmat Rehat Maryada (Sikh code of conduct). Should be able to perform on the Harmonium / Tabla and must have the relevant skills to perform Kirtan, to read correct Gurbani of Sri Guru Granth Sahib Ji and recite prayers on all religious and social occasions.

Wages will be in line with UK Employment Law. Benefits include full board and lodgings.

***Closing Date: 6 February 2026***
**For more Information or to apply, please contact:**
**Bhai Sutantar Singh on 01902 605286.**
**Interested applicants To send CV - admin@gngw.org**

**Guru Nanak Gurdwara, Willenhall**

**65-67 Walsall Road, Willenhall, WV13 2RD**

# ਨਿਹੰਗ ਸਿੰਘਾਂ ਨੇ ਅੰਮ੍ਰਿਤਸਰ ਦੀ ਹੈਰੀਟੇਜ ਸਟ੍ਰੀਟ 'ਤੇ ਨਕਲੀ ਖੁਸਰਿਆਂ ਨੂੰ ਸਬਕ ਸਿਖਾਇਆ

## ✪ ਸ਼ਰਧਾਲੂਆਂ ਨੂੰ ਡਰਾ ਕੇ ਪੈਸੇ ਵਸੂਲਦੇ ਸਨ, ਨਿਹੰਗ ਸਿੰਘਾਂ ਨੇ ਡਾਂਗਾ ਮਾਰਕੇ ਭਜਾਇਆ



ਅੰਮ੍ਰਿਤਸਰ-ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਵੱਲ ਜਾਂਦੀ ਹੈਰੀਟੇਜ ਸਟ੍ਰੀਟ 'ਤੇ ਬੀਤੇ ਦਿਨੀਂ ਨਿਹੰਗ ਸਿੰਘਾਂ ਦੇ ਇੱਕ ਜਥੇ ਨੇ ਆਪਣੇ ਰਵਾਇਤੀ ਡੰਡਿਆਂ ਨਾਲ ਨਕਲੀ ਖੁਸਰਿਆਂ ਨੂੰ ਕੁੱਟ ਕੇ ਉੱਥੋਂ ਭਜਾ ਦਿੱਤਾ ਜੋ ਲੰਮੇ ਸਮੇਂ ਤੋਂ ਸ਼ਰਧਾਲੂਆਂ ਨੂੰ ਡਰਾ-ਧਮਕਾ ਕੇ ਪੈਸੇ ਵਸੂਲ ਰਹੇ ਸਨ। ਘਟਨਾ ਤੋਂ ਬਾਅਦ ਇਲਾਕੇ ਵਿੱਚ ਥੋੜ੍ਹੇ ਸਮੇਂ ਲਈ ਤਣਾਅ ਬਣ ਗਿਆ ਪਰ ਸ਼ਰਧਾਲੂਆਂ ਅਤੇ ਨੇੜਲੇ ਦੁਕਾਨਦਾਰਾਂ ਨੇ ਨਿਹੰਗਾਂ ਨੂੰ ਸਮਰਥਨ ਦਿੱਤਾ ਜਿਸ ਕਾਰਨ ਨਕਲੀ ਖੁਸਰੇ ਟਿਕ ਨਾ ਸਕੇ।

ਇਸ ਘਟਨਾ ਤੋਂ ਬਾਅਦ ਕਈ ਸ਼ਰਧਾਲੂ ਨਿਹੰਗਾਂ ਨੂੰ ਹੱਥ ਜੋੜ ਕੇ ਧੰਨਵਾਦ ਕਰਦੇ ਵੀ ਨਜ਼ਰ ਆਏ। ਨਿਹੰਗ ਸਿੰਘਾਂ ਨੇ ਕਿਹਾ ਕਿ ਉਹ ਪਵਿੱਤਰ ਅਸਥਾਨ ਦੀ ਮਰਿਆਦਾ ਨਾਲ ਖੇਡਵਾੜ ਬਰਦਾਸ਼ਤ ਨਹੀਂ ਕਰਨਗੇ।

ਪ੍ਰਤੱਖਦਰਸ਼ੀਆਂ ਮੁਤਾਬਕ ਹੈਰੀਟੇਜ ਸਟ੍ਰੀਟ 'ਤੇ ਲੰਮੇ ਸਮੇਂ ਤੋਂ ਕੁਝ ਲੋਕ ਆਪਣੇ ਆਪ ਨੂੰ ਮਹੰਤ ਦੱਸ ਕੇ ਸ਼ਰਧਾਲੂਆਂ ਤੋਂ ਪੈਸੇ ਮੰਗ ਰਹੇ ਸਨ। ਇਲਜ਼ਾਮ ਹੈ ਕਿ ਇਹ ਲੋਕ ਸ਼ਰਧਾਲੂਆਂ ਨੂੰ ਸ਼ਰਾਪ ਦੇਣ ਦੀ ਧਮਕੀ ਦੇ ਕੇ ਅਤੇ ਜਬਰੀ ਉਨ੍ਹਾਂ ਦੀਆਂ ਜੇਬਾਂ ਵਿੱਚ ਹੱਥ ਪਾ ਕੇ ਪੈਸੇ ਕੱਢਣ ਦੀ ਕੋਸ਼ਿਸ਼ ਕਰਦੇ ਸਨ। ਸੋਸ਼ਲ ਮੀਡੀਆ 'ਤੇ ਇਸ ਬਾਰੇ ਲਗਾਤਾਰ ਸ਼ਿਕਾਇਤਾਂ ਆ ਰਹੀਆਂ ਸਨ ਜਿਸ ਵਿੱਚ ਸ਼ਰਧਾਲੂ ਆਪਣੇ ਅਨੁਭਵ ਸਾਂਝੇ ਕਰ ਰਹੇ ਸਨ। ਇੱਕ ਪ੍ਰਤੱਖਦਰਸ਼ੀ ਨੇ ਦੱਸਿਆ ਕਿ ਇਹ ਨਕਲੀ ਮਹੰਤ ਅਕਸਰ ਵਿਦੇਸ਼ੀ ਸ਼ਰਧਾਲੂਆਂ ਨੂੰ ਨਿਸ਼ਾਨਾ ਬਣਾਉਂਦੇ ਸਨ ਜਿਨ੍ਹਾਂ ਨੂੰ ਸਥਾਨਕ ਭਾਸ਼ਾ ਨਹੀਂ ਆਉਂਦੀ ਅਤੇ ਉਹ ਡਰ ਕੇ ਪੈਸੇ ਦੇ ਦਿੰਦੇ ਸਨ।

ਇਸ ਘਟਨਾ ਨੇ ਸ਼ਰਧਾਲੂਆਂ ਵਿੱਚ ਰਾਹਤ ਪੈਦਾ ਕੀਤੀ ਹੈ।

ਬੀਤੇ ਦਿਨੀਂ ਅੰਮ੍ਰਿਤਸਰ ਵਿੱਚ ਮੰਗਤਿਆਂ ਦਾ ਇੱਕ ਆਰਗੇਨਾਈਜ਼ਡ ਰੈਕੇਟ ਦਾ ਪੁਲਿਸ ਨੇ ਪਰਦਾਫਾਸ਼ ਕੀਤਾ ਸੀ। ਬੱਚੇ ਮੰਗਤਿਆਂ ਨੂੰ ਰੈਸਕਿਊ ਕੀਤਾ ਅਤੇ ਪਿੰਗਲਵਾੜਾ ਭੇਜਿਆ ਗਿਆ ਸੀ ਬਾਕੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ।

ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਰਗੇ ਪਵਿੱਤਰ ਅਸਥਾਨਾਂ 'ਤੇ ਮੰਗਤਿਆਂ ਦੀ ਸਮੱਸਿਆ ਲੰਮੇ ਸਮੇਂ ਤੋਂ ਚੱਲ ਰਹੀ ਹੈ। ਮੀਡੀਆ ਵਿੱਚ ਰਿਪੋਰਟ ਕੀਤਾ ਗਿਆ ਹੈ ਕਿ ਮੰਗਤੇ ਸ਼ਰਧਾਲੂਆਂ ਨੂੰ ਤੰਗ ਕਰਦੇ ਹਨ। ਹਿਜੜੇ ਵੀ ਇਸ ਵਿੱਚ ਸ਼ਾਮਲ ਹਨ। ਸ਼ਰਧਾਲੂਆਂ ਦਾ ਕਹਿਣਾ ਹੈ ਕਿ ਇਹ ਲੋਕ ਨਾ ਸਿਰਫ ਪੈਸੇ ਮੰਗਦੇ ਹਨ ਬਲਕਿ ਛੂਹ ਕੇ ਜਾਂ ਘੇਰ ਕੇ ਅਸਹਿਜ ਕਰ ਦਿੰਦੇ ਹਨ ਜਿਸ ਨਾਲ ਔਰਤਾਂ ਅਤੇ ਬੱਚੇ ਵਿਸ਼ੇਸ਼ ਤੌਰ 'ਤੇ ਪ੍ਰੇਸ਼ਾਨ ਹੁੰਦੇ ਹਨ।

### ਸ਼੍ਰੋਮਣੀ ਕਮੇਟੀ ਨੂੰ ਇਸ ਮਸਲੇ 'ਤੇ ਕੀ ਪ੍ਰਬੰਧ ਕਰਨੇ ਚਾਹੀਦੇ ਹਨ?


ਐੱਸਜੀਪੀਸੀ ਪ੍ਰਸ਼ਾਸਨ ਨੂੰ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਹਾਲਾਂਕਿ ਉਹ ਬੱਚੇ ਮੰਗਤਿਆਂ ਨੂੰ ਰੈਸਕਿਊ ਕਰ ਕੇ ਪਿੰਗਲਵਾੜਾ ਵਰਗੇ ਅਦਾਰਿਆਂ ਵਿੱਚ ਭੇਜਦੇ ਹਨ ਪਰ ਵੱਡੇ ਪੱਧਰ 'ਤੇ ਪ੍ਰਬੰਧ ਨਹੀਂ ਹਨ।

ਐੱਸਜੀਪੀਸੀ ਨੂੰ ਚਾਹੀਦਾ ਹੈ ਕਿ ਉਹ ਨਿਯਮਤ ਪੈਟ੍ਰੋਲਿੰਗ ਟੀਮਾਂ ਬਣਾਏ ਜੋ ਮੰਗਤਿਆਂ ਨੂੰ ਰੋਕੇ। ਪੁਲਿਸ ਨਾਲ ਮਿਲ ਕੇ ਐਂਟੀ-ਬੈਗਿੰਗ ਡਰਾਈਵ ਚਲਾਈ ਜਾਵੇ ਅਤੇ ਸੀਸੀਟੀਵੀ ਕੈਮਰੇ ਵਧਾਏ ਜਾਣ। ਪੰਜਾਬ ਸਰਕਾਰ ਅੰਮ੍ਰਿਤਸਰ ਨੂੰ ਬੈਗਰ-ਫ੍ਰੀ ਬਣਾਉਣ ਲਈ ਚਾਈਲਡ ਹੈਲਪਲਾਈਨ ਵਰਗੇ ਪ੍ਰੋਗਰਾਮ ਵਧਾਏ। ਐੱਸਜੀਪੀਸੀ ਨੂੰ ਸ਼ਰਧਾਲੂਆਂ ਨਾਲ ਮੀਟਿੰਗਾਂ ਕਰ ਕੇ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣਨੀਆਂ ਚਾਹੀਦੀਆਂ ਹਨ ਅਤੇ ਤੇਜ਼ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਪਵਿੱਤਰ ਅਸਥਾਨ ਦੀ ਮਰਿਆਦਾ ਬਣੀ ਰਹੇ।

### ਨਿਹੰਗ ਸਿੰਘਾਂ ਨੂੰ ਹੋਰ ਯਤਨ ਕੀ ਕਰਨ ਦੀ ਲੋੜ ਹੈ?


ਨਿਹੰਗ ਸਿੰਘ ਸਿੱਖ ਧਰਮ ਦੇ ਰੱਖਿਅਕ ਵਜੋਂ ਜਾਣੇ ਜਾਂਦੇ ਹਨ ਅਤੇ ਉਹ ਅਕਸਰ ਅਜਿਹੀਆਂ ਘਟਨਾਵਾਂ ਵਿੱਚ ਸਾਹਮਣੇ ਆਉਂਦੇ ਹਨ। ਉਨ੍ਹਾਂ ਨੂੰ ਐੱਸਜੀਪੀਸੀ ਅਤੇ ਪੁਲਿਸ ਨਾਲ ਮਿਲ ਕੇ ਕੰਮ ਕਰਨ ਦੀ ਲੋੜ ਹੈ ਤਾਂ ਜੋ ਕਾਨੂੰਨੀ ਤਰੀਕੇ ਨਾਲ ਮਸਲੇ ਹੱਲ ਹੋਣ। ਨਿਹੰਗ ਸਿੰਘ ਆਪਣੀ ਪਰੰਪਰਾ ਅਨੁਸਾਰ ਮਰਿਆਦਾ ਦੀ ਰੱਖਿਆ ਕਰਦੇ ਹਨ, ਪਰ ਲੰਬੇ ਸਮੇਂ ਦਾ ਹੱਲ ਪ੍ਰਸ਼ਾਸਨਿਕ ਅਤੇ ਕਾਨੂੰਨੀ ਕਾਰਵਾਈ ਨਾਲ ਹੀ ਸੰਭਵ ਹੈ। ਨਿਹੰਗਾਂ ਨੂੰ ਆਪਣੇ ਜਥੇ ਵਿੱਚ ਨੌਜਵਾਨਾਂ ਨੂੰ ਸ਼ਾਮਲ ਕਰ ਕੇ ਜਾਗਰੂਕਤਾ ਮੁਹਿੰਮ ਚਲਾਉਣੀ ਚਾਹੀਦੀ ਹੈ। ਉਹ ਨਕਲੀ ਨਿਹੰਗਾਂ ਨੂੰ ਵੀ ਰੋਕਣ ਲਈ ਯਤਨ ਕਰਨ ਜਿਨ੍ਹਾਂ ਬਾਰੇ ਰਿਪੋਰਟਾਂ ਹਨ ਕਿ ਉਹ ਵੀ ਗਲਤ ਕੰਮ ਕਰਦੇ ਹਨ। ਹੈਰੀਟੇਜ ਸਟ੍ਰੀਟ 'ਤੇ ਸਪਸ਼ਟ ਸਾਈਨਬੋਰਡ ਲਗਾਏ ਜਾਣ ਕਿ ਸ਼ਰਧਾਲੂ ਕਿਸੇ ਨੂੰ ਵੀ ਨਕਦ ਰਕਮ ਨਾ ਦੇਣ ਅਤੇ ਕਿਸੇ ਦਬਾਅ ਦੀ ਸਥਿਤੀ ਵਿੱਚ ਹੈਲਪ ਡੈਸਕ ਨਾਲ ਸੰਪਰਕ ਕਰਨ।

## ਫਿਰੌਤੀ ਦੇ ਦੋਸ਼ ਵਿਚ ਗੈਂਗਸਟਰ ਗੋਲਡੀ ਬਰਾੜ ਦੇ ਮਾਪੇ ਗ੍ਰਿਫ਼ਤਾਰ




ਅੰਮ੍ਰਿਤਸਰ-ਪੰਜਾਬ ਪੁਲਿਸ ਨੇ ਵੱਡਾ ਐਕਸ਼ਨ ਲੈਂਦਿਆਂ ਗੈਂਗਸਟਰ ਗੋਲਡੀ ਬਰਾੜ ਦੇ ਮਾਤਾ-ਪਿਤਾ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਕਾਰਵਾਈ ਜਬਰੀ ਵਸੂਲੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵਾਲੇ ਮਾਮਲੇ ਵਿੱਚ ਕੀਤੀ ਗਈ। ਮੁਲਜ਼ਮਾਂ ਦੀ ਪਛਾਣ ਸ਼ਮਸ਼ੇਰ ਸਿੰਘ ਅਤੇ ਪਤਨੀ ਪ੍ਰੀਤਪਾਲ ਕੌਰ ਵਜੋਂ ਹੋਈ, ਜੋ ਮੁਕਤਸਰ ਸਾਹਿਬ ਦੇ ਵਾਸੀ ਹਨ। ਸ਼ਿਕਾਇਤਕਰਤਾ ਸਤਨਾਮ ਸਿੰਘ, ਜੋ ਸਿੱਖਿਆ ਵਿਭਾਗ ਵਿੱਚ 33 ਸਾਲਾਂ ਤੋਂ ਕੰਮ ਕਰ ਰਿਹਾ ਹੈ, ਨੇ ਦੱਸਿਆ ਕਿ 27 ਨਵੰਬਰ 2024 ਨੂੰ ਉਸ ਨੂੰ ਵਿਦੇਸ਼ੀ ਨੰਬਰ ਤੋਂ ਕਾਲ ਆਈ। ਕਾਲਰ ਨੇ ਆਪਣੇ ਆਪ ਨੂੰ ਬੰਬੀਹਾ ਗੈਂਗ ਦਾ ਮੈਂਬਰ ਦੱਸ ਕੇ 50 ਲੱਖ ਰੁਪਏ ਦੀ ਫਿਰੌਤੀ ਮੰਗੀ ਅਤੇ ਨਾ ਦੇਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਬਾਅਦ ਵਿੱਚ ਵੀ ਕਾਲਾਂ ਆਉਂਦੀਆਂ ਰਹੀਆਂ, ਜਿਸ ਨਾਲ ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਗਿਆ। ਪੁਲਿਸ ਨੇ ਤਕਨੀਕੀ ਸਬੂਤਾਂ ਨਾਲ ਜਾਂਚ ਕੀਤੀ ਅਤੇ ਅੰਮ੍ਰਿਤਸਰ ਵਿੱਚ ਇੱਕ ਹੋਟਲ (ਸ੍ਰੀ ਦਰਬਾਰ ਸਾਹਿਬ ਨੇੜੇ) ਤੋਂ ਦੋਵਾਂ ਨੂੰ ਗ੍ਰਿਫ਼ਤਾਰ ਕੀਤਾ। ਐਸਐਸਪੀ ਅਭਿਮਨਿਊ ਰਾਣਾ ਨੇ ਇਸ ਦੀ ਪੁਸ਼ਟੀ ਕੀਤੀ ਹੈ।

## ਸੰਤ ਨਿਰੰਜਨ ਦਾਸ ਨੂੰ ਪਦਮ ਸ਼੍ਰੀ ਐਵਾਰਡ ਨਾਲ ਸਨਮਾਨਿਤ ਕਰੇਗੀ ਭਾਰਤ ਸਰਕਾਰ



ਜਲੰਧਰ-ਡੇਰਾ ਸਚਖੰਡ ਬੱਲਾਂ ਦੇ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਜੀ ਨੂੰ ਭਾਰਤ ਸਰਕਾਰ ਵੱਲੋਂ ਪਦਮਸ਼੍ਰੀ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਧਰਮ ਪ੍ਰਚਾਰ ਅਤੇ ਮਨੁੱਖਤਾ ਦੀ ਨਿਸ਼ਕਾਮ ਸੇਵਾ ਲਈ ਇਹ ਉੱਚ ਸਨਮਾਨ ਮਿਲਣ ਨਾਲ ਰਵਿਦਾਸੀ ਸੰਗਤ ਸਮੇਤ ਦੇਸ਼-ਵਿਦੇਸ਼ ਵਿੱਚ ਭਾਰੀ ਖੁਸ਼ੀ ਦਾ ਮਾਹੌਲ ਹੈ।

## ਜਲੰਧਰ ਵਿਚ ਗਊ ਤਸਕਰੀ ਦਾ ਖੁਲਾਸਾ



ਜਲੰਧਰ-ਹਿੰਦੂ ਜਥੇਬੰਦੀਆਂ ਦੇ ਕਾਰਕੁਨਾਂ ਨੇ ਪਠਾਨਕੋਟ ਚੌਕ ਨੇੜੇ ਇੱਕ ਟਰੱਕ ਨੂੰ ਘੇਰ ਲਿਆ। ਯੂ.ਪੀ. ਨੰਬਰ ਵਾਲਾ ਟਰੱਕ ਮੇਰਠ ਤੋਂ ਜੰਮੂ-ਕਸ਼ਮੀਰ ਜਾ ਰਿਹਾ ਸੀ। ਗੁਪਤ ਸੂਚਨਾ ਮਿਲਣ 'ਤੇ ਕਾਰਕੁਨਾਂ ਨੇ ਟਰੱਕ 'ਤੇ ਚੜ੍ਹੀ ਨੀਲੀ ਤਿਰਪਾਲ ਹਟਾਈ ਤਾਂ ਅੰਦਰ ਵੱਡੀ ਗਿਣਤੀ ਵਿੱਚ ਗਾਵਾਂ ਬੁਰੀ ਹਾਲਤ ਵਿੱਚ ਬੰਨ੍ਹੀਆਂ ਮਿਲੀਆਂ। ਡਰਾਈਵਰ ਭੱਜਣ ਲੱਗਾ ਪਰ ਨੌਜਵਾਨਾਂ ਨੇ ਫੜ ਲਿਆ। ਹੰਗਾਮੇ ਬਾਅਦ ਪੁਲਸ ਨੇ ਟਰੱਕ ਕਬਜ਼ੇ ਵਿੱਚ ਲੈ ਕੇ ਡਰਾਈਵਰ ਸਮੇਤ ਸਭ ਨੂੰ ਹਿਰਾਸਤ ਵਿੱਚ ਲਿਆ। ਪਸ਼ੂ ਕਰੂਰਤਾ ਰੋਕੂ ਐਕਟ ਤਹਿਤ ਕੇਸ ਦਰਜ ਹੋ ਗਿਆ।

## ਜਲੰਧਰ ਵਿੱਚ ਸਿਆਸੀ ਆਗੂ ਤੇ ਲੁਟੇਰਿਆਂ ਦਾ ਹਮਲਾ

### ✪ ਪੁਲਸ 'ਤੇ ਲਾਪਰਵਾਹੀ ਦੇ ਗੰਭੀਰ ਦੋਸ਼



ਜਲੰਧਰ-ਇਥੇ ਲੰਮਾ ਪਿੰਡ ਨੇੜੇ ਸੇਠੀ ਇੰਡਸਟਰੀ ਰੋਡ 'ਤੇ ਇੱਕ ਸਿਆਸੀ ਆਗੂ ਅਤੇ ਸਾਬਕਾ ਕੌਂਸਲਰ ਪ੍ਰਤਾਪ ਸਿੰਘ 'ਤੇ ਲੁਟੇਰਿਆਂ ਨੇ ਰਾਤ ਦੌਰਾਨ ਉਦੋਂ ਹਮਲਾ ਕਰ ਦਿੱਤਾ ਜਦੋਂ ਉਹ ਰੋਜ਼ਾਨਾ ਵਾਂਗ ਸੈਰ ਕਰ ਰਹੇ ਸਨ। ਤਿੰਨ ਲੁਟੇਰਿਆਂ ਨੇ ਪਹਿਲਾਂ ਉਨ੍ਹਾਂ ਦਾ ਫ਼ੋਨ ਖੋਹਣ ਦੀ ਕੋਸ਼ਿਸ਼ ਕੀਤੀ। ਨਾਕਾਮ ਹੋਣ 'ਤੇ ਉਨ੍ਹਾਂ ਨੇ ਤੇਜ਼ਧਾਰ ਹਥਿਆਰ ਨਾਲ ਸਿਰ 'ਤੇ ਵਾਰ ਕਰ ਦਿੱਤਾ। ਪੀੜਤ ਨੇ ਲੁਟੇਰਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਮੌਕੇ ਤੋਂ ਭੱਜ ਗਏ। ਘਟਨਾ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਰਾਮਾ ਮੰਡੀ ਪੁਲਸ ਨੂੰ ਫ਼ੋਨ ਕੀਤਾ ਪਰ ਕੋਈ ਜਵਾਬ ਨਹੀਂ ਮਿਲਿਆ। ਉਹ ਖੁਦ ਹਸਪਤਾਲ ਪਹੁੰਚੇ। ਅਗਲੇ ਦਿਨ ਵੀ ਐੱਸ.ਐੱਚ.ਓ. ਦਾ ਫ਼ੋਨ ਬੰਦ ਸੀ। ਬਾਅਦ ਵਿੱਚ ਡੀ.ਐੱਸ.ਪੀ. ਸੈਂਟਰਲ ਨੂੰ ਸੂਚਿਤ ਕੀਤਾ ਗਿਆ। ਪੁਲਸ ਹੁਣ ਮਾਮਲੇ ਦੀ ਜਾਂਚ ਕਰ ਰਹੀ ਹੈ ਪਰ ਸੁਰੱਖਿਆ ਅਤੇ ਤੁਰੰਤ ਕਾਰਵਾਈ 'ਤੇ ਸਵਾਲ ਉੱਠ ਰਹੇ ਹਨ।

# ਤਖ਼ਤ ਸ੍ਰੀ ਪਟਨਾ ਸਾਹਿਬ ਚੋਣਾਂ ਵਿੱਚ ਵੱਡੀ ਗੜਬੜੀ ਦਾ ਖਦਸ਼ਾ

## ਖਾਸ ਖ਼ਬਰ ✪ 'ਸਿੱਖ ਕਲੈਕਟਿਵ' ਨੇ ਵੋਟਰ ਸੂਚੀਆਂ ਵਿੱਚ ਗੈਰ-ਸਿੱਖਾਂ ਦੀ ਸ਼ਮੂਲੀਅਤ 'ਤੇ ਚੁੱਕੇ ਸਵਾਲ

ਤਖ਼ਤ ਸ੍ਰੀ ਪਟਨਾ ਸਾਹਿਬ, ਜੋ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ, ਇਸ ਵੇਲੇ ਇੱਕ ਵੱਡੇ ਵਿਵਾਦ ਵਿੱਚ ਘਿਰਿਆ ਹੋਇਆ ਹੈ। ਇਹ ਵਿਵਾਦ 2026 ਵਿੱਚ ਹੋਣ ਵਾਲੀਆਂ ਆਮ ਚੋਣਾਂ ਨਾਲ ਜੁੜਿਆ ਹੈ। ਸਿੱਖ ਕਲੈਕਟਿਵ ਨਾਂ ਦੀ ਸੰਸਥਾ ਨੇ ਵੋਟਰ ਸੂਚੀਆਂ ਵਿੱਚ ਗੈਰ-ਸਿੱਖਾਂ ਦੇ ਨਾਮ ਸ਼ਾਮਲ ਹੋਣ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਅਨੁਸਾਰ, ਤਿੰਨ ਹਲਕਿਆਂ ਵਿੱਚ ਕੁੱਲ 3,637 ਵੋਟਰਾਂ ਵਿੱਚੋਂ 287 ਨਾਮ ਅਜਿਹੇ ਹਨ ਜੋ ਸ਼ੱਕੀ ਹਨ ਅਤੇ ਗੈਰ-ਸਿੱਖ ਜਾਪਦੇ ਹਨ। ਇਹ ਗਿਣਤੀ ਕਰੀਬ 7.9 ਫੀਸਦੀ ਬਣਦੀ ਹੈ। ਇਸ ਨਾਲ ਚੋਣ ਪ੍ਰਕਿਰਿਆ ਦੀ ਨਿਰਪੱਖਤਾ 'ਤੇ ਸਵਾਲ ਉੱਠ ਰਹੇ ਹਨ।

ਤਖ਼ਤ ਸ੍ਰੀ ਪਟਨਾ ਸਾਹਿਬ ਸਿੱਖ ਧਰਮ ਲਈ ਬਹੁਤ ਮਹੱਤਵਪੂਰਨ ਸਥਾਨ ਹੈ। ਇਹ ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਸਥਿਤ ਹੈ ਅਤੇ ਇੱਥੇ ਹੀ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ। ਗੁਰੂ ਜੀ ਦਾ ਜਨਮ 22 ਦਸੰਬਰ 1666 ਨੂੰ ਹੋਇਆ ਅਤੇ ਉਨ੍ਹਾਂ ਨੇ ਆਪਣੇ ਬਚਪਨ ਦੇ ਕੁਝ ਸਾਲ ਇੱਥੇ ਬਿਤਾਏ ਸਨ। ਇਸ ਤੋਂ ਇਲਾਵਾ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਵੀ ਇੱਥੇ ਆਏ ਸਨ। ਮਹਾਰਾਜਾ ਰਣਜੀਤ ਸਿੰਘ ਨੇ 19ਵੀਂ ਸਦੀ ਵਿੱਚ ਇਸ ਨੂੰ ਬਣਵਾਇਆ ਸੀ। 1934 ਵਿੱਚ ਭੂਚਾਲ ਨਾਲ ਨੁਕਸਾਨ ਹੋਣ ਤੋਂ ਬਾਅਦ ਇਸ ਨੂੰ 1948 ਤੋਂ 1957 ਵਿੱਚ ਦੁਬਾਰਾ ਬਣਾਇਆ ਗਿਆ ਸੀ। ਇਹ ਪੰਜ ਤਖ਼ਤਾਂ ਵਿੱਚੋਂ ਇੱਕ ਹੈ ਜੋ ਸਿੱਖ ਧਰਮ ਦੇ ਧਾਰਮਿਕ ਅਤੇ ਰਾਜਨੀਤਿਕ ਨਿਰਣੇ ਲੈਂਦੇ ਹਨ।



ਤਖ਼ਤ ਦਾ ਪ੍ਰਬੰਧ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਕਰਦੀ ਹੈ। ਇਸ ਕਮੇਟੀ ਦੇ ਮੈਂਬਰਾਂ ਦੀ ਚੋਣ ਹਰ ਕੁਝ ਸਾਲਾਂ ਬਾਅਦ ਹੁੰਦੀ ਹੈ। ਚੋਣਾਂ ਬਿਹਾਰ ਰਾਜ ਚੋਣ ਅਥਾਰਟੀ ਦੀ ਨਿਗਰਾਨੀ ਹੇਠ ਹੁੰਦੀਆਂ ਹਨ। ਨਿਯਮ ਅਨੁਸਾਰ, ਵੋਟ ਪਾਉਣ ਦਾ ਅਧਿਕਾਰ ਸਿਰਫ਼ ਸਿੱਖਾਂ ਨੂੰ ਹੀ ਹੈ, ਕਿਉਂਕਿ ਇਹ ਧਾਰਮਿਕ ਸੰਸਥਾ ਹੈ। ਗੈਰ-ਸਿੱਖਾਂ ਨੂੰ ਵੋਟ ਨਹੀਂ ਪਾਉਣੀ ਚਾਹੀਦੀ। ਪਰ ਹੁਣ ਵੋਟਰ ਸੂਚੀਆਂ ਵਿੱਚ ਗੈਰ-ਸਿੱਖ ਨਾਮਾਂ ਦੀ ਸ਼ਮੂਲੀਅਤ ਨੇ ਸਭ ਨੂੰ ਚਿੰਤਤ ਕਰ ਦਿੱਤਾ ਹੈ।

ਸਿੱਖ ਕਲੈਕਟਿਵ ਇੱਕ ਅਜਿਹੀ ਸੰਸਥਾ ਹੈ ਜੋ ਗੁਰਦੁਆਰਾ ਪ੍ਰਬੰਧ ਕਮੇਟੀਆਂ ਵਿੱਚ ਪਾਰਦਰਸ਼ਤਾ ਅਤੇ ਸੁਧਾਰ ਲਿਆਉਣ ਲਈ ਕੰਮ ਕਰਦੀ ਹੈ। ਉਹ ਵਕਾਲਤ ਅਤੇ ਅਦਾਲਤੀ ਕਾਰਵਾਈਆਂ ਰਾਹੀਂ ਇਹ ਕੰਮ ਕਰਦੇ ਹਨ। ਉਨ੍ਹਾਂ ਨੇ ਬਿਹਾਰ ਰਾਜ ਚੋਣ ਅਥਾਰਟੀ ਦੇ ਮੁੱਖ ਚੋਣ ਅਧਿਕਾਰੀ ਗਿਰਿਸ਼ ਸ਼ੰਕਰ (ਸੇਵਾਮੁਕਤ ਆਈਏਐਸ), ਪਟਨਾ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਰੂਪੇਸ਼ ਦੇਓ (ਜੋ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਕਸਟੋਡੀਅਨ ਹਨ), ਅਤੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਜਨਰਲ ਸਕੱਤਰ ਨੂੰ ਪੱਤਰ ਲਿਖੇ ਹਨ। ਇਨ੍ਹਾਂ ਪੱਤਰਾਂ ਵਿੱਚ ਉਨ੍ਹਾਂ ਨੇ ਡਰਾਫਟ ਵੋਟਰ ਸੂਚੀਆਂ ਵਿੱਚ ਗੰਭੀਰ ਗਲਤੀਆਂ ਅਤੇ ਗੈਰ-ਸਿੱਖ ਵੋਟਰਾਂ ਦੇ ਨਾਮਾਂ 'ਤੇ ਇਤਰਾਜ਼ ਜਤਾਇਆ ਹੈ।

ਸਿੱਖ ਕਲੈਕਟਿਵ ਨੇ ਤਿੰਨ ਹਲਕਿਆਂ ਦੇ ਵੋਟਰਾਂ ਨੂੰ ਜਾਂਚਿਆ ਹੈ। ਹਲਕਾ 1 ਵਿੱਚ ਕੁੱਲ 1,602 ਵੋਟਰ ਹਨ ਅਤੇ ਉਨ੍ਹਾਂ ਵਿੱਚੋਂ 168 ਸ਼ੱਕੀ ਹਨ। ਇਨ੍ਹਾਂ ਵਿੱਚ 19 ਸਪੱਸ਼ਟ ਗੈਰ-ਸਿੱਖ, 144 ਅਜਿਹੇ ਜਿਨ੍ਹਾਂ ਦੇ ਨਾਮ ਗੈਰ-ਸਿੱਖ ਹਨ ਪਰ ਪਿਤਾ ਜਾਂ ਪਤੀ ਦੇ ਨਾਮ ਨਾਲ 'ਸਿੰਘ' ਲਗਾ ਕੇ ਸਿੱਖ ਜਾਪਣ ਵਾਲੇ, ਅਤੇ 5 ਅਜਿਹੇ ਜੋ ਪੜ੍ਹਨਯੋਗ ਨਹੀਂ ਹਨ। ਹਲਕਾ 2 ਵਿੱਚ 776 ਵੋਟਰਾਂ ਵਿੱਚੋਂ 45 ਸ਼ੱਕੀ ਹਨ - 4 ਗੈਰ-ਸਿੱਖ, 37 ਲਿੰਕ ਵਾਲੇ ਅਤੇ 4 ਅਸਪੱਸ਼ਟ। ਹਲਕਾ 3 ਵਿੱਚ 1,259 ਵਿੱਚੋਂ 74 ਸ਼ੱਕੀ - 14 ਗੈਰ-ਸਿੱਖ, 58 ਲਿੰਕ ਵਾਲੇ ਅਤੇ 2 ਅਸਪੱਸ਼ਟ। ਇਹ ਪੈਟਰਨ ਸਾਰੇ ਹਲਕਿਆਂ ਵਿੱਚ ਇੱਕੋ ਜਿਹਾ ਹੈ, ਜੋ ਦੱਸਦਾ ਹੈ ਕਿ ਇਹ ਗਲਤੀ ਨਹੀਂ ਬਲਕਿ ਵਿਆਪਕ ਨਾਕਾਮੀ ਹੈ।

ਸਿੱਖ ਕਲੈਕਟਿਵ ਦੇ ਕਨਵੀਨਰ ਜਗਮੋਹਨ ਸਿੰਘ ਨੇ ਕਿਹਾ ਹੈ ਕਿ "ਸਾਡੀ ਸੰਸਥਾ ਗੁਰਦੁਆਰਾ ਪ੍ਰਬੰਧ ਵਿੱਚ ਪਾਰਦਰਸ਼ਤਾ ਲਈ ਕੰਮ ਕਰ ਰਹੀ ਹੈ। ਗੈਰ-ਸਿੱਖਾਂ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਕਾਨੂੰਨੀ ਅਤੇ ਧਾਰਮਿਕ ਨਿਯਮਾਂ ਦੀ ਉਲੰਘਣਾ ਹੈ। ਗੁਰਦੁਆਰੇ ਸਭ ਲਈ ਖੁੱਲ੍ਹੇ ਹਨ ਪਰ ਪ੍ਰਬੰਧਕੀ ਚੋਣਾਂ ਵਿੱਚ ਵੋਟ ਸਿਰਫ਼ ਸਿੱਖਾਂ ਨੂੰ ਹੀ ਮਿਲਣੀ ਚਾਹੀਦੀ ਹੈ।" ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਹ ਗਲਤੀਆਂ ਨੂੰ ਜਲਦੀ ਠੀਕ ਨਾ ਕੀਤਾ ਗਿਆ ਤਾਂ ਉਹ ਅਦਾਲਤ ਜਾਣਗੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਜਾਣਕਾਰੀ ਦੇਣਗੇ।

ਇਸ ਵਿਵਾਦ ਨੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕੀਤਾ ਹੈ। ਬਹੁਤੇ ਲੋਕ ਮੰਨਦੇ ਹਨ ਕਿ ਇਹ ਧਾਰਮਿਕ ਸੰਸਥਾਵਾਂ 'ਤੇ ਗੈਰ-ਸਿੱਖ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਹੈ। ਤਖ਼ਤ ਪਟਨਾ ਸਾਹਿਬ ਵਰਗੀਆਂ ਜਗ੍ਹਾਵਾਂ ਸਿੱਖ ਧਰਮ ਦੇ ਨਿਰਣੇ ਲੈਣ ਵਾਲੀਆਂ ਹਨ ਅਤੇ ਇਨ੍ਹਾਂ ਨੂੰ ਸਿੱਖ ਹੱਥਾਂ ਵਿੱਚ ਰੱਖਣਾ ਜ਼ਰੂਰੀ ਹੈ। ਪਿਛਲੇ ਸਾਲਾਂ ਵਿੱਚ ਵੀ ਅਜਿਹੇ ਵਿਵਾਦ ਹੋਏ ਹਨ, ਜਿਵੇਂ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ। ਪਰ ਇੱਥੇ ਮਾਮਲਾ ਵੱਡਾ ਹੈ ਕਿਉਂਕਿ ਤਖ਼ਤ ਪੰਜਾਂ ਵਿੱਚੋਂ ਇੱਕ ਹੈ।

## ਸਿੱਖ ਸੰਸਥਾਵਾਂ 'ਤੇ ਗੈਰ-ਸਿੱਖਾਂ ਦੇ ਪ੍ਰਭਾਵ ਨੂੰ ਰੋਕਣ ਦੀ ਮੰਗ : ਵੋਟਰ ਸੂਚੀਆਂ ਦੀ ਸੁਧਾਈ ਨਾ ਹੋਣ 'ਤੇ ਅਦਾਲਤ ਜਾਣ ਦੀ ਚੇਤਾਵਨੀ

ਸਿੱਖ ਕਲੈਕਟਿਵ ਨੇ ਆਪਣੇ ਪੱਤਰਾਂ ਵਿੱਚ ਮੰਗ ਕੀਤੀ ਹੈ ਕਿ ਵੋਟਰ ਸੂਚੀਆਂ ਨੂੰ ਤੁਰੰਤ ਸੁਧਾਰਿਆ ਜਾਵੇ। ਉਨ੍ਹਾਂ ਨੇ ਤਖ਼ਤ ਕਮੇਟੀ ਨੂੰ ਤਿੰਨ ਸਵਾਲ ਪੁੱਛੇ ਹਨ: ਗੈਰ-ਸਿੱਖ ਨਾਮ ਕਿਵੇਂ ਸ਼ਾਮਲ ਹੋਏ? ਵੈਰੀਫਿਕੇਸ਼ਨ ਕਿਵੇਂ ਕੀਤੀ ਗਈ? ਅਤੇ ਹੁਣ ਕੀ ਕਦਮ ਚੁੱਕੇ ਜਾ ਰਹੇ ਹਨ? ਉਨ੍ਹਾਂ ਨੇ ਕਿਹਾ ਕਿ ਇਹ ਗਲਤੀਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਵਿਆਪਕ ਹਨ। ਜੇਕਰ ਚੋਣਾਂ ਅਜਿਹੀਆਂ ਸੂਚੀਆਂ 'ਤੇ ਹੋਈਆਂ ਤਾਂ ਨਤੀਜੇ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ ਅਤੇ ਇਹ ਚੋਣਾਂ ਨੂੰ ਹੋਰ ਦੇਰੀ ਕਰੇਗਾ। ਵੈਸੇ ਵੀ ਇਹ ਚੋਣਾਂ 30 ਮਹੀਨੇ ਤੋਂ ਵੱਧ ਦੇਰੀ ਨਾਲ ਹੋ ਰਹੀਆਂ ਹਨ।


ਤਖ਼ਤ ਪਟਨਾ ਸਾਹਿਬ ਦੀ ਇਤਿਹਾਸਕ ਮਹੱਤਤਾ ਨੂੰ ਵੇਖਦੇ ਹੋਏ ਇਹ ਵਿਵਾਦ ਅਹਿਮ ਹੈ। ਇਹ ਨਾ ਸਿਰਫ਼ ਬਿਹਾਰ ਬਲਕਿ ਪੂਰੇ ਵਿਸ਼ਵ ਦੇ ਸਿੱਖਾਂ ਨੂੰ ਪ੍ਰਭਾਵਿਤ ਕਰਦਾ ਹੈ। ਪੰਜ ਤਖ਼ਤਾਂ ਵਿੱਚ ਅਕਾਲ ਤਖ਼ਤ, ਕੇਸਗੜ੍ਹ ਸਾਹਿਬ, ਦਮਦਮਾ ਸਾਹਿਬ, ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਸ਼ਾਮਲ ਹਨ। ਇਨ੍ਹਾਂ ਦੇ ਜਥੇਦਾਰ ਅਤੇ ਪ੍ਰਬੰਧਕੀ ਕਮੇਟੀਆਂ ਧਰਮ ਨੂੰ ਨਿਰਧਾਰਿਤ ਕਰਦੀਆਂ ਹਨ। ਹਾਲਾਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਬਣਾਇਆ ਅਤੇ ਸਿੱਖਾਂ ਨੂੰ ਆਪਣੇ ਨਿਰਣੇ ਖੁਦ ਲੈਣ ਲਈ ਕਿਹਾ, ਪਰ ਅੱਜ ਅਜਿਹੇ ਵਿਵਾਦ ਧਰਮ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਸਿੱਖ ਕਲੈਕਟਿਵ ਨੇ ਇਸ ਮਾਮਲੇ ਨੂੰ ਹੋਰ ਸੰਸਥਾਵਾਂ ਨਾਲ ਵੀ ਸਾਂਝਾ ਕੀਤਾ ਹੈ ਜਿਵੇਂ ਐਸਜੀਪੀਸੀ, ਚੀਫ ਖਾਲਸਾ ਦੀਵਾਨ, ਯੂਪੀ ਸਿੱਖ ਪ੍ਰਤਿਨਿਧੀ ਬੋਰਡ, ਸਨਾਤਨੀ ਸਿੱਖ ਸਭਾ ਅਤੇ ਡੀਐਸਜੀਐਮਸੀ। ਇਹ ਕਦਮ ਦੱਸਦਾ ਹੈ ਕਿ ਉਹ ਇਸ ਨੂੰ ਵੱਡੇ ਪੱਧਰ 'ਤੇ ਉਠਾਉਣਾ ਚਾਹੁੰਦੇ ਹਨ। ਜੇਕਰ ਅਥਾਰਟੀ ਨੇ ਨਾ ਸੁਣਿਆ ਤਾਂ ਅਦਾਲਤੀ ਕਾਰਵਾਈ ਅਤੇ ਧਾਰਮਿਕ ਕਾਰਵਾਈ ਹੋ ਸਕਦੀ ਹੈ।

ਇਸ ਵਿਵਾਦ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ। ਕਈ ਵਾਰ ਵੋਟਰ ਸੂਚੀਆਂ ਬਣਾਉਣ ਵੇਲੇ ਗਲਤੀਆਂ ਹੋ ਜਾਂਦੀਆਂ ਹਨ ਪਰ ਇੱਥੇ ਇੰਨੀ ਵੱਡੀ ਗਿਣਤੀ ਦੱਸਦੀ ਹੈ ਕਿ ਇਹ ਯੋਜਨਾਬੱਧ ਹੋ ਸਕਦਾ ਹੈ। ਸਿੱਖ ਧਰਮ ਵਿੱਚ ਅਜਿਹੇ ਮਾਮਲੇ ਪਹਿਲਾਂ ਵੀ ਹੋਏ ਹਨ ਜਿੱਥੇ ਰਾਜਨੀਤਿਕ ਪ੍ਰਭਾਵ ਨੇ ਧਾਰਮਿਕ ਸੰਸਥਾਵਾਂ ਨੂੰ ਪ੍ਰਭਾਵਿਤ ਕੀਤਾ। ਉਦਾਹਰਣ ਵਜੋਂ, ਅਕਾਲੀ ਦਲ ਅਤੇ ਹੋਰ ਪਾਰਟੀਆਂ ਨੇ ਗੁਰਦੁਆਰਾ ਚੋਣਾਂ ਵਿੱਚ ਭੂਮਿਕਾ ਨਿਭਾਈ ਹੈ। ਪਰ ਤਖ਼ਤ ਵਰਗੀ ਜਗ੍ਹਾ 'ਤੇ ਇਹ ਪਹਿਲੀ ਵਾਰ ਵੱਡਾ ਵਿਵਾਦ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਸਿੱਖ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਵਿੱਚ ਏਕਤਾ ਵਿਖਾਵੇ ਅਤੇ ਧਾਰਮਿਕ ਨਿਰਪੱਖਤਾ ਨੂੰ ਬਚਾਵੇ। ਚੋਣ ਅਥਾਰਟੀ ਨੂੰ ਵੀ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਚੋਣਾਂ ਨਿਰਵਿਘਨ ਹੋ ਸਕਣ। ਇਹ ਵਿਵਾਦ ਨਾ ਸਿਰਫ਼ ਚੋਣਾਂ ਨੂੰ ਪ੍ਰਭਾਵਿਤ ਕਰੇਗਾ ਬਲਕਿ ਸਿੱਖ ਧਰਮ ਦੀ ਏਕਤਾ 'ਤੇ ਵੀ ਅਸਰ ਪਾਵੇਗਾ। ਅੰਤ ਵਿੱਚ, ਆਸ ਹੈ ਕਿ ਇਹ ਮਾਮਲਾ ਜਲਦੀ ਹੱਲ ਹੋ ਜਾਵੇਗਾ ਅਤੇ ਤਖ਼ਤ ਪਟਨਾ ਸਾਹਿਬ ਵਿੱਚ ਪਾਰਦਰਸ਼ੀ ਪ੍ਰਬੰਧ ਬਣੇਗਾ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ



ਐਬਟਸਫੋਰਡ-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਬਰਨਬੀ ਵਿਖੇ ਵੈਨਕੂਵਰ ਨਿਵਾਸੀ ਪੰਜਾਬੀ ਨੌਜਵਾਨ ਦਿਲਰਾਜ ਸਿੰਘ ਗਿੱਲ ਦੀ ਗੈਂਗਸਟਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਹ 28 ਵਰਿਆਂ ਦਾ ਸੀ।

ਪੁਲਿਸ ਦਾ ਮੰਨਣਾ ਹੈ ਕਿ ਇਹ ਮਿੱਥ ਕੇ ਕੀਤੀ ਗਈ ਹੱਤਿਆ ਹੈ ਤੇ ਸੂਬੇ 'ਚ ਚੱਲ ਰਹੀ ਗੈਂਗਵਾਰ ਦੀ ਆਪਸੀ ਖਹਿਬਾਜ਼ੀ ਦਾ ਸਿੱਟਾ ਹੈ।

ਪੁਲਿਸ ਦਿਲਰਾਜ ਸਿੰਘ ਨੂੰ ਪਹਿਲਾਂ ਤੋਂ ਹੀ ਜਾਣਦੀ ਸੀ, 'ਆਈ ਹਿੱਟ' ਇਸ ਕਤਲ ਦੀ ਜਾਂਚ ਕਰ ਰਹੀ ਹੈ।

# ਆਸਟ੍ਰੇਲੀਆ ਵਿੱਚ ਸਿੱਖ ਟਰੱਕ ਚਾਲਕਾਂ ਵਿਰੁੱਧ ਕਿਉਂ ਵੱਧ ਰਿਹਾ ਨਸਲਵਾਦ, ਕਿਉਂ ਹੋ ਰਹੇ ਨੇ ਹਮਲੇ ?

## ✪ ਕਈ ਚਾਲਕ ਮਾਨਸਿਕ ਤਣਾਅ ਵਿੱਚ ਅਤੇ ਕੁਝ ਤਾਂ ਇਸ ਨੌਕਰੀ ਨੂੰ ਛੱਡਣ ਲਈ ਮਜਬੂਰ

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**



ਆਸਟ੍ਰੇਲੀਆ ਦੇ ਟਰਾਂਸਪੋਰਟ ਖੇਤਰ ਵਿੱਚ ਭਾਰਤੀ ਮੂਲ ਦੇ ਟਰੱਕ ਚਾਲਕਾਂ, ਖਾਸ ਕਰਕੇ ਸਿੱਖ ਭਾਈਚਾਰੇ ਨਾਲ ਸਬੰਧਤ ਲੋਕਾਂ ਵਿਰੁੱਧ ਨਸਲਵਾਦੀ ਘਟਨਾਵਾਂ ਵਿੱਚ ਤੇਜੀ ਨਾਲ ਵਾਧਾ ਹੋ ਰਿਹਾ ਹੈ। 2026 ਤੱਕ ਦੇ ਤਾਜ਼ਾ ਅੰਕੜੇ ਦੱਸਦੇ ਨੇ ਕਿ ਇਹ ਸਮੱਸਿਆ ਹੁਣ ਆਮ ਹੋ ਗਈ ਹੈ। ਚਾਲਕਾਂ ਨੂੰ ਸੜਕਾਂ ਤੇ, ਰੇਡੀਓ ਸੰਚਾਰ ਵਿੱਚ ਅਤੇ ਸੋਸ਼ਲ ਮੀਡੀਆ ਤੇ ਅਪਮਾਨਜਨਕ ਵਿਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਚਾਲਕ ਮਾਨਸਿਕ ਤਣਾਅ ਵਿੱਚ ਨੇ ਅਤੇ ਕੁਝ ਤਾਂ ਇਸ ਨੌਕਰੀ ਨੂੰ ਛੱਡਣ ਲਈ ਮਜਬੂਰ ਹੋ ਰਹੇ ਨੇ। ਆਸਟ੍ਰੇਲੀਆ ਵਿੱਚ ਟਰੱਕ ਡਰਾਈਵਰਾਂ ਦੀ ਘਾਟ ਹੈ। 2024 ਵਿੱਚ ਇੰਟਰਨੈਸ਼ਨਲ ਰੋਡ ਟਰਾਂਸਪੋਰਟ ਯੂਨੀਅਨ ਨੇ ਅੰਦਾਜ਼ਾ ਲਾਇਆ ਸੀ ਕਿ ਆਸਟ੍ਰੇਲੀਆ ਵਿੱਚ ਲਗਭਗ 28,000 ਹੈਵੀ ਵਹੀਕਲ ਡਰਾਈਵਰਾਂ ਦੀ ਘਾਟ ਹੈ। ਪੁਰਾਣੇ ਡਰਾਈਵਰ ਰਿਟਾਇਰ ਹੋ ਰਹੇ ਨੇ ਅਤੇ ਨੌਜਵਾਨ ਆਸਟ੍ਰੇਲੀਅਨ ਲੋਕ ਇਸ ਨੌਕਰੀ ਵਿੱਚ ਨਹੀਂ ਆ ਰਹੇ। ਇਸ ਕਰਕੇ ਭਾਰਤੀ ਪ੍ਰਵਾਸੀ, ਖਾਸ ਕਰਕੇ ਪੰਜਾਬ ਅਤੇ ਰਾਜਸਥਾਨ ਤੋਂ ਆਏ ਸਿੱਖ ਲੋਕ ਇਸ ਖੇਤਰ ਵਿੱਚ ਆ ਰਹੇ ਨੇ। ਟਰੱਕ ਚਲਾਉਣਾ ਉਨ੍ਹਾਂ ਦੇ ਖੂਨ ਵਿੱਚ ਹੈ। ਜਸਵਿੰਦਰ ਕਹਿੰਦੇ ਨੇ, "ਮੇਰੇ ਪਿਤਾ ਜੀ ਨੇ ਭਾਰਤ ਵਿੱਚ ਟਰਾਂਸਪੋਰਟ ਕੰਪਨੀ ਚਲਾਈ ਸੀ, ਇਸ ਲਈ ਮੈਨੂੰ ਬਚਪਨ ਤੋਂ ਟਰੱਕ ਪਸੰਦ ਨੇ।" ਪਰ ਇਹ ਨਵੇਂ ਚਾਲਕ ਨਸਲਵਾਦ ਦਾ ਸ਼ਿਕਾਰ ਨੇ। ਨਰਿੰਦਰ ਸਿੰਘ ਨੂੰ ਇੱਕ ਵਾਰ ਐਮਰਜੈਂਸੀ ਕਰਕੇ ਗਲਤ ਜਗ੍ਹਾ ਤੇ ਟਰੱਕ ਪਾਰਕ ਕਰਨ ਕਾਰਣ ਨਸਲੀ ਗਾਲਾਂ ਕਢੀਆਂ ਗਈਆਂ ਅਤੇ ਉਨ੍ਹਾਂ ਦੀ ਦਸਤਾਰ ਦਾ ਮਜ਼ਾਕ ਉਡਾਇਆ ਗਿਆ। ਉਹ ਨਿਊਜ਼ੀਲੈਂਡ ਵਿੱਚ 10 ਸਾਲ ਡਰਾਈਵਿੰਗ ਕਰ ਚੁੱਕੇ ਨੇ ਪਰ ਆਸਟ੍ਰੇਲੀਆ ਵਿੱਚ ਨਫਰਤੀ ਵਰਤਾਰੇ ਕਾਰਣ ਸਿਰਫ਼ ਅੱਠ ਮਹੀਨੇ ਵਿੱਚ ਨੌਕਰੀ ਛੱਡ ਦਿੱਤੀ। ਸਭ ਤੋਂ ਵੱਡੀ ਸਮੱਸਿਆ ਰੇਡੀਓ ਸੰਚਾਰ ਹੈ। ਟੂ-ਵੇ ਸੀਬੀ ਰੇਡੀਓ ਤੇ ਚਾਲਕ ਟ੍ਰੈਫਿਕ ਅਤੇ ਖਤਰੇ ਬਾਰੇ ਜਾਣਕਾਰੀ ਸਾਂਝੀ ਕਰਦੇ ਨੇ ਪਰ ਇਸ ਤੇ ਨਸਲੀ ਅਪਮਾਨ ਵੀ ਹੋ ਰਿਹਾ ਹੈ।

ਸੋਸ਼ਲ ਮੀਡੀਆ ਤੇ ਵੀ ਨਸਲੀ ਮੀਮ ਅਤੇ ਤਸਵੀਰਾਂ ਸਾਂਝੀਆਂ ਕੀਤੀਆਂ ਜਾਂਦੀਆਂ ਨੇ ਜੋ ਸਿੱਖ ਚਾਲਕਾਂ ਨੂੰ ਨਿਸ਼ਾਨਾ ਬਣਾਉਂਦੀਆਂ ਨੇ। ਆਸਟ੍ਰੇਲੀਆ ਵਿੱਚ ਭਾਰਤੀ ਲੋਕ ਸਭ ਤੋਂ ਤੇਜ਼ ਵਧ ਰਹੇ ਪ੍ਰਵਾਸੀ ਗਰੁੱਪ ਨੇ ਅਤੇ ਉਹ ਟਰੱਕ ਇੰਡਸਟਰੀ ਵਿੱਚ ਘਾਟ ਪੂਰੀ ਕਰ ਰਹੇ ਨੇ। ਪਰ ਇਹ ਵਾਧਾ ਕੁਝ ਲੋਕਾਂ ਨੂੰ ਪਸੰਦ ਨਹੀਂ ਅਤੇ ਉਹ ਇਸ ਨੂੰ ਖਤਰਾ ਮੰਨਦੇ ਨੇ।

ਮਾਹਿਰਾਂ ਮੁਤਾਬਕ ਇਹ ਨਸਲਵਾਦ ਵਧ ਰਿਹਾ ਹੈ, ਕਿਉਂਕਿ ਨਿਯਮਾਂ ਵਿੱਚ ਘਾਟ ਹੈ। ਮੋਨਾਸ਼ ਯੂਨੀਵਰਸਿਟੀ ਦੀ ਪ੍ਰੋਫੈਸਰ ਸਾਰਾਹ ਐਂਡਰਸਨ ਕਹਿੰਦੀ ਨੇ ਕਿ ਟਰੱਕ ਡਰਾਈਵਿੰਗ ਪਹਿਲਾਂ ਹੀ ਤਣਾਅ ਵਾਲੀ ਨੌਕਰੀ ਹੈ। ਲੰਮੇ ਘੰਟੇ, ਟਾਈਟ ਡੈੱਡਲਾਈਨ ਅਤੇ ਕਈ ਨਿਯਮਾਂ ਕਰਕੇ ਚਾਲਕਾਂ ਨੂੰ ਮੁਸ਼ਕਲ ਹੁੰਦੀ ਹੈ। ਜੇ ਨਸਲਵਾਦ ਵੀ ਜੋੜੀਏ ਤਾਂ ਉਹ ਸੁਰੱਖਿਅਤ ਹੋਕੇ ਕੰਮ ਨਹੀਂ ਕਰ ਸਕਦੇ। ਉਹ ਕਹਿੰਦੀ ਹੈ ਕਿ ਇਸ ਸਬੰਧੀ ਵਰਤਾਰਾ ਸਰਕਾਰ ਨੂੰ ਸਖਤੀ ਨਾਲ ਰੋਕਣਾ ਚਾਹੀਦਾ ਹੈ।

ਆਸਟ੍ਰੇਲੀਆ ਵਿੱਚ ਨਸਲੀ ਵਿਤਕਰੇ ਵਿਰੁੱਧ ਕਨੂੰਨ ਨੇ ਪਰ ਰਿਪੋਰਟ ਕਰਨਾ ਮੁਸ਼ਕਲ ਹੈ। ਚਾਲਕਾਂ ਨੂੰ ਹਮਲਾਵਰਾਂ ਨੂੰ ਪਛਾਣਨਾ ਔਖਾ ਲੱਗਦਾ ਹੈ ਅਤੇ ਉਹ ਪੁਲਿਸ ਤੇ ਭਰੋਸਾ ਨਹੀਂ ਕਰਦੇ। ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਨੇ ਜੁਲਾਈ 2023 ਤੋਂ ਟਰੱਕ ਇੰਡਸਟਰੀ ਨਾਲ ਜੁੜੇ 12 ਸ਼ਿਕਾਇਤਾਂ ਪ੍ਰਾਪਤ ਕੀਤੀਆਂ ਨੇ ਜਿਨ੍ਹਾਂ ਵਿੱਚੋਂ ਦੋ ਭਾਰਤੀ ਜਾਂ ਸਿੱਖ ਨਾਲ ਸਬੰਧਤ ਨੇ। ਪਰ ਬਹੁਤੇ ਚਾਲਕ ਰਿਪੋਰਟ ਨਹੀਂ ਕਰਦੇ, ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਕੁਝ ਨਹੀਂ ਹੋਵੇਗਾ।

ਹਾਲ ਹੀ ਵਿੱਚ ਇੱਕ ਵੱਡੀ ਘਟਨਾ ਮੈਲਬੌਰਨ ਵਿੱਚ ਵਾਪਰੀ। ਇੱਕ ਪੰਜਾਬੀ ਮੂਲ ਦੇ ਟਰੱਕ ਡਰਾਈਵਰ ਤੇ ਉਸ ਦੇ ਘਰ ਬਾਹਰ ਹਮਲਾ ਹੋਇਆ। ਸਵੇਰੇ ਤੜਕੇ ਹਮਲਾਵਰਾਂ ਨੇ ਉਸ ਨੂੰ ਬੇਰਹਿਮੀ ਨਾਲ ਕੁੱਟਿਆ ਅਤੇ ਮਰਿਆ ਸਮਝ ਕੇ ਭੱਜ ਗਏ। ਪੀੜਤ ਹਸਪਤਾਲ ਵਿੱਚ ਦਾਖਲ ਹੈ ਪਰ ਇਹ ਘਟਨਾ ਨਸਲਵਾਦ ਦੀ ਵਧਦੀ ਮਿਸਾਲ ਹੈ। ਪੁਲਿਸ ਜਾਂਚ ਕਰ ਰਹੀ ਹੈ ਪਰ ਸਿੱਖ ਭਾਈਚਾਰੇ ਵਿੱਚ ਡਰ ਹੈ। 2025 ਵਿੱਚ ਵੀ ਅਜਿਹੀਆਂ ਘਟਨਾਵਾਂ ਵਧੀਆਂ ਨੇ।

ਇੱਕ ਰਿਪੋਰਟ ਮੁਤਾਬਕ ਯੂਐਸ ਵਿੱਚ ਇੱਕ ਸਿੱਖ ਡਰਾਈਵਰ ਨਾਲ ਜੁੜੀ ਐਕਸੀਡੈਂਟ ਨੇ ਆਨਲਾਈਨ ਨਫ਼ਰਤ ਵਧਾਈ ਜੋ ਆਸਟ੍ਰੇਲੀਆ ਤੱਕ ਪਹੁੰਚੀ। ਸੋਸ਼ਲ ਮੀਡੀਆ ਤੇ ਐਂਟੀ-ਇੰਡੀਅਨ ਸਲੋਗਨ ਵਰਤੇ ਜਾਂਦੇ ਨੇ ਅਤੇ ਘਟਨਾਵਾਂ ਨੂੰ ਵਰਤ ਕੇ ਪੂਰੇ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਆਸਟ੍ਰੇਲੀਆ ਵਿੱਚ ਵੀ ਦਿਲਜੀਤ ਦੋਸਾਂਝ ਵਰਗੇ ਕਲਾਕਾਰ ਨੂੰ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ ਜਦ ਉਹ ਟੂਰ ਤੇ ਆਏ ਸਨ। ਉਨ੍ਹਾਂ ਨੇ ਜਵਾਬ ਵਿੱਚ ਕਿਹਾ ਕਿ ਟਰੱਕ ਡਰਾਈਵਰਾਂ ਨੂੰ ਮਾਣ ਨਾਲ ਵੇਖੋ ਕਿਉਂਕਿ ਉਹ ਖਾਣਾ ਪਹੁੰਚਾਉਂਦੇ ਨੇ।

ਆਸਟ੍ਰੇਲੀਅਨ ਟਰੱਕਿੰਗ ਐਸੋਸੀਏਸ਼ਨ ਦੀ ਬਿਆਂਕਾ ਡੀ'ਰੋਸਾਰੀਓ ਕਹਿੰਦੀ ਨੇ ਕਿ ਨਵੇਂ ਡਰਾਈਵਰਾਂ ਨੂੰ ਆਸਟ੍ਰੇਲੀਆ ਦੇ ਰਸਤੇ ਅਤੇ ਨਿਯਮਾਂ ਬਾਰੇ ਘੱਟ ਜਾਣਕਾਰੀ ਹੈ ਇਸ ਲਈ ਉਹ ਨਿਸ਼ਾਨਾ ਬਣਦੇ ਨੇ। ਉਹ ਕਹਿੰਦੀ ਨੇ ਕਿ ਬਿਹਤਰ ਟ੍ਰੇਨਿੰਗ ਅਤੇ ਲਾਇਸੈਂਸ ਨਿਯਮਾਂ ਨਾਲ ਸਮੱਸਿਆ ਘੱਟ ਹੋ ਸਕਦੀ ਹੈ।

ਅਸਟਰੇਲੀਅਨ ਲੋਕਾਂ ਦਾ ਮੰਨਣਾ ਹੈ ਕਿ ਇਹ ਨਸਲਵਾਦ ਨਾ ਸਿਰਫ਼ ਚਾਲਕਾਂ ਨੂੰ ਪ੍ਰਭਾਵਿਤ ਕਰਦਾ ਹੈ ਬਲਕਿ ਪੂਰੇ ਟਰਾਂਸਪੋਰਟ ਖੇਤਰ ਨੂੰ। ਜੇ ਟਰੱਕ ਨਾ ਚੱਲਣ ਤਾਂ ਸੁਪਰ ਮਾਰਕੀਟਾਂ ਵਿੱਚ ਸਮਾਨ ਨਹੀਂ ਪਹੁੰਚੇਗਾ। ਇਸ ਲਈ ਸਰਕਾਰ ਅਤੇ ਅਦਾਰਿਆਂ ਨੂੰ ਤੁਰੰਤ ਕਦਮ ਚੁੱਕਣੇ ਚਾਹੀਦੇ ਨੇ ਤਾਂ ਜੋ ਸਾਰੇ ਚਾਲਕ ਸੁਰੱਖਿਅਤ ਅਤੇ ਸਨਮਾਨ ਨਾਲ ਕੰਮ ਕਰ ਸਕਣ। 2026 ਵਿੱਚ ਵੀ ਅੰਕੜੇ ਵਧ ਰਹੇ ਨੇ ਇਸ ਲਈ ਇਹ ਸਮੱਸਿਆ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

# ਪੰਜਾਬ ਵਿਚ ਸਰਕਾਰ ਨਹੀਂ, ਚੱਲ ਰਿਹੈ ਗੈਂਗਸਟਰ ਰਾਜ

## ✪ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਸਰਕਾਰ ਨੂੰ ਘੇਰਿਆ ✪ ਸਿਹਤ ਤੇ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਘੇਰੀ 'ਆਪ' ਸਰਕਾਰ

ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ, ਸਾਬਕਾ ਕੇਂਦਰੀ ਮੰਤਰੀ ਅਤੇ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ ਹਨ। ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਉਨ੍ਹਾਂ ਨੇ ਸੂਬੇ ਦੀ ਕਾਨੂੰਨ ਵਿਵਸਥਾ, ਸਿਹਤ ਸੇਵਾਵਾਂ ਅਤੇ ਸਰਕਾਰ ਦੀਆਂ ਨੀਤੀਆਂ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਸਰਕਾਰ ਨਹੀਂ ਬਲਕਿ "ਗੈਂਗਸਟਰ ਰਾਜ" ਚੱਲ ਰਿਹਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਵਿੱਚ ਰੋਜ਼ਾਨਾ ਕਤਲ, ਲੁੱਟ-ਖੋਹ ਅਤੇ ਫਿਰੌਤੀ ਵਰਗੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ, ਪਰ ਸਰਕਾਰ ਅਪਰਾਧ 'ਤੇ ਕਾਬੂ ਪਾਉਣ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਰਹੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਅਸਲ ਅਪਰਾਧੀਆਂ 'ਤੇ ਕਾਰਵਾਈ ਕਰਨ ਦੀ ਬਜਾਏ ਨਿਰਦੋਸ਼ ਨੌਜਵਾਨਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ 'ਆਪ੍ਰੇਸ਼ਨ ਪ੍ਰਹਾਰ' ਵਰਗੇ ਐਲਾਨਾਂ ਨੂੰ ਸਿਰਫ਼ ਪ੍ਰਚਾਰ ਕਰਾਰ ਦਿੰਦਿਆਂ ਕਿਹਾ ਕਿ ਕਰੋੜਾਂ ਰੁਪਏ ਖ਼ਰਚਣ ਦੇ ਬਾਵਜੂਦ ਅੱਜ ਤੱਕ ਕੋਈ ਵੱਡਾ ਗੈਂਗਸਟਰ ਫੜਿਆ ਨਹੀਂ ਗਿਆ। ਮੁੱਖ ਮੰਤਰੀ ਨੂੰ ਸਵਾਲ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਅਪਰਾਧੀਆਂ 'ਤੇ ਕਾਰਵਾਈ ਹੋ ਰਹੀ ਹੈ, ਤਾਂ ਫਿਰ ਦਿਨ-ਦਿਹਾੜੇ ਹੁੰਦੇ ਕਤਲ ਕਿਉਂ ਨਹੀਂ ਰੁਕ ਰਹੇ।



ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਦੀ ਕਰਵਾਈ ਯਾਦ ਹਰਸਿਮਰਤ ਕੌਰ ਬਾਦਲ ਨੇ ਸਾਲ 2022 ਦੀਆਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਵੀ ਯਾਦ ਕਰਵਾਇਆ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਹਰ ਮਹੀਨੇ ਇੱਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਸਿਰਫ਼ ਡੇਟਾ ਇਕੱਠਾ ਕਰਨ ਤੱਕ ਸੀਮਤ ਰਹਿ ਗਿਆ ਹੈ। ਚਾਰ ਸਾਲ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਔਰਤ ਨੂੰ ਇਹ ਰਾਸ਼ੀ ਨਹੀਂ ਮਿਲੀ, ਜਿਸ ਕਾਰਨ ਜਨਤਾ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੀ ਹੈ।

ਸੂਬੇ ਦਾ ਸਿਹਤ ਢਾਂਚਾ ਚਰਮਰਾਇਆ ਸਿਹਤ ਵਿਵਸਥਾ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਤੇ ਮੁਹੱਲਾ ਕਲੀਨਿਕ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਹਨ। ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਨੂੰ ਅਜਿਹੀਆਂ ਥਾਵਾਂ 'ਤੇ ਬਿਠਾ ਦਿੱਤਾ ਗਿਆ ਹੈ, ਜਿੱਥੇ ਨਾ ਤਾਂ ਦਵਾਈਆਂ ਹਨ ਅਤੇ ਨਾ ਹੀ ਇਲਾਜ ਦਾ ਸਹੀ ਪ੍ਰਬੰਧ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਸੂਬੇ ਦਾ ਪੂਰਾ ਸਿਹਤ ਢਾਂਚਾ ਬੁਰੀ ਤਰ੍ਹਾਂ ਚਰਮਰਾ ਗਿਆ ਹੈ।

ਹਰਸਿਮਰਤ ਕੌਰ ਬਾਦਲ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨਵੇਂ-ਨਵੇਂ ਵਾਅਦਿਆਂ ਰਾਹੀਂ ਜਨਤਾ ਨੂੰ ਗੁਮਰਾਹ ਕਰ ਰਹੀ ਹੈ, ਜਦਕਿ ਜ਼ਮੀਨੀ ਪੱਧਰ 'ਤੇ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ।

# ਯੂ ਕੇ ਵਿੱਚ ਭਾਰਤੀ ਮਾਪਿਆਂ ਵੱਲੋਂ ਮੁੰਡਿਆਂ ਨੂੰ ਤਰਜੀਹ ਦੇਣ ਕਰਕੇ ਵੱਡੀ ਗਿਣਤੀ ਵਿੱਚ ਕੀਤੀ ਕੁੜੀਆਂ ਦੀ ਭਰੂਣ ਹੱਤਿਆ

## 4 ਸਾਲਾਂ ਵਿੱਚ ਸੈਂਕੜੇ ਲਿੰਗ ਅਧਾਰਿਤ ਗਰਭਪਾਤ ਕਰਵਾ ਕੇ ਕਾਨੂੰਨ ਦੀਆਂ ਉਡਾਈਆਂ ਧੱਜੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਵਿੱਚ ਮੁੰਡੇ ਕੁੜੀ ਦੇ ਫਰਕ ਦੀ ਦਾਸਤਾਨ ਹੁਣ ਬਰਤਾਨੀਆਂ ਵਿੱਚ ਵੀ ਲਿਖੀ ਜਾ ਰਹੀ ਹੈ। ਜਿਸ ਦਾ ਖੁਲਾਸਾ ਮੁੰਡੇ ਅਤੇ ਕੁੜੀਆਂ ਦੇ ਜਨਮ ਸੰਬੰਧੀ ਜਾਰੀ ਹੋਈ ਰਿਪੋਰਟ ਤੋਂ ਹੋਇਆ ਹੈ। ਰਿਪੋਰਟ ਵਿੱਚ ਸ੍ਪਸ਼ਟ ਹੋਇਆ ਹੈ ਕਿ ਬਰਤਾਨੀਆਂ ਵਿੱਚ ਰਹਿਣ ਵਾਲੇ ਭਾਰਤੀ ਮਾਪਿਆਂ ਵੱਲੋਂ ਮੁੰਡਿਆਂ ਨੂੰ ਤਰਜੀਹ ਦੇਣ ਕਰਕੇ ਵੱਡੀ ਗਿਣਤੀ ਵਿੱਚ ਕੁੜੀਆਂ ਦਾ ਗਰਭਪਾਤ ਕਰਵਾਇਆ ਜਾ ਰਿਹਾ ਹੈ ਅਤੇ ਭਰੂਣ ਹੱਤਿਆ ਪੂਰੇ ਜ਼ੋਰਾਂ ਸ਼ੋਰਾਂ ਨਾਲ ਕੀਤੀ ਜਾ ਰਹੀ ਹੈ।

ਪਿਛਲੇ ਚਾਰ ਸਾਲਾਂ ਵਿੱਚ ਲਿੰਗ ਦੇ ਆਧਾਰ 'ਤੇ ਸੈਂਕੜੇ ਗਰਭਪਾਤ ਕਰਵਾਏ ਗਏ ਹਨ। ਭਾਵੇਂ ਕਿ ਇਸ ਤਰ੍ਹਾਂ ਦੇ ਗਰਭਪਾਤ ਗੈਰਕਾਨੂੰਨੀ ਹਨ। ਜਾਂਚ ਵਿੱਚ ਪਾਇਆ ਗਿਆ ਕਿ 2021 ਅਤੇ 2025 ਦੇ ਵਿਚਕਾਰ ਭਾਰਤੀ ਮਾਵਾਂ ਤੋਂ ਪੈਦਾ ਹੋਣ ਵਾਲੀਆਂ 100 ਕੁੜੀਆਂ ਹਨ ਤਾਂ ਮੁੰਡਿਆਂ ਦੀ ਔਸਤ ਗਿਣਤੀ ਲਗਭਗ 118 ਹੈ, ਜੋ ਕਿ ਰਾਸ਼ਟਰੀ ਔਸਤ ਗਿਣਤੀ 100 ਕੁੜੀਆਂ ਅਤੇ 105 ਮੁੰਡਿਆਂ ਨਾਲੋਂ ਕਿਤੇ ਵੱਧ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਅੰਕੜੇ ਸਾਬਤ ਕਰਦੇ ਹਨ ਕਿ ਭਾਰਤੀ ਭਾਈਚਾਰੇ ਵਿੱਚ 'ਲਿੰਗ-ਚੋਣ' ਗਰਭਪਾਤ ਹੋ ਰਹੇ ਹਨ, ਭਾਰਤੀ ਔਰਤਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਆਪਣੀਆਂ ਅਣਜੰਮੀਆਂ ਧੀਆਂ ਨੂੰ ਖਤਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਘਰੇਲੂ ਹਿੰਸਾ ਬਾਰੇ ਸੰਸਥਾ ਜੀਨਾ ਇੰਟਰਨੈਸ਼ਨਲ ਦੀ ਸੰਸਥਾਪਕ ਰਾਣੀ ਬਿਲਖੂ ਨੇ ਕਿਹਾ ਕਿ 'ਅੰਕੜੇ ਦਰਸਾਉਂਦੇ ਹਨ ਕਿ ਕਿਵੇਂ ਮੁੰਡਿਆਂ ਨੂੰ ਕੁੜੀਆਂ ਨਾਲੋਂ ਜ਼ਿਆਦਾ ਪਸੰਦ ਕੀਤਾ ਜਾ ਰਿਹਾ ਹੈ। ਭਾਈਚਾਰਕ ਦਬਾਅ (ਪਤੀ ਜਾਂ ਪ੍ਰੀਵਾਰ) ਵੱਲੋਂ ਔਰਤਾਂ ਨੂੰ ਕੁੜੀਆਂ ਦਾ ਗਰਭਪਾਤ ਕਰਨ ਲਈ ਮਜ਼ਬੂਰ ਕਰ ਰਹੇ ਹਨ। ਜਿਸ ਪਿੱਛੇ ਮੁੰਡੇ ਪ੍ਰੀਵਾਰ ਦਾ ਨਾਮ ਰੱਖਣ ਵਾਲੀ ਧਾਰਨਾ ਹੈ। ਮੁੰਡਿਆਂ ਨੂੰ ਕੁੜੀਆਂ ਨਾਲੋਂ ਬੇਹਤਰ ਸਮਝਿਆ ਜਾਂਦਾ ਹੈ।

ਰਾਈਟ ਟੂ ਲਾਈਫ ਦੇ ਬੁਲਾਰੇ ਨੇ ਕਿਹਾ ਕਿ ਇਹ ਅੰਕੜਾ ਬਹੁਤ ਚਿੰਤਾਜਨਕ ਹੈ। ਕਿਉਂਕਿ ਯੂ ਕੇ ਵਿੱਚ ਬਹੁਤ ਸਾਰੇ ਘੱਟ ਗਿਣਤੀ ਭਾਈਚਾਰਿਆਂ ਵਿੱਚ ਜਨਮ ਦਰ ਘੱਟ ਹੈ, ਚੋਣਵੇਂ ਗਰਭਪਾਤ ਦੁਆਰਾ ਆਪਣੀਆਂ ਜ਼ਿੰਦਗੀਆਂ ਖਤਮ ਕਰਨ ਵਾਲੀਆਂ ਕੁੜੀਆਂ ਦੀ ਅਨੁਪਾਤਕ ਤੌਰ 'ਤੇ ਉੱਚ ਸੰਖਿਆ ਵੀ ਇਹਨਾਂ ਭਾਈਚਾਰਿਆਂ ਲਈ ਜਨਮ ਅਨੁਪਾਤ ਵਿੱਚ ਫਰਕ ਦਰਸਾਉਂਦੀ ਹੈ।

ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ ਦੇ ਅੰਕੜਿਆਂ ਅਨੁਸਾਰ, 2021 ਤੋਂ 2025 ਦੇ ਵਿਚਕਾਰ ਭਾਰਤੀ ਮਾਵਾਂ ਦੁਆਰਾ ਪੈਦਾ ਹੋਈਆਂ ਕੁੜੀਆਂ ਦੇ ਮੁਕਾਬਲੇ ਮੁੰਡਿਆਂ ਦੀ ਗਿਣਤੀ ਦੇ ਅਨੁਪਾਤ ਵਿੱਚ ਇੱਕ ਵੱਡਾ ਅਸੰਤੁਲਨ ਸੀ।

ਅੰਕੜਾ ਵਿਗਿਆਨੀਆਂ ਦਾ ਕਹਿਣਾ ਹੈ ਕਿ 107/100 ਦੇ ਅਨੁਪਾਤ ਤੋਂ ਵੱਧ ਦਾ ਅੰਕੜਾ ਕਈ ਸਵਾਲ ਪੈਦਾ ਕਰਦਾ ਹੈ। ਅੰਕੜੇ ਦਰਸਾਉਂਦੇ ਹਨ ਕਿ ਭਾਰਤੀ ਔਰਤਾਂ ਦੇ ਪਹਿਲੇ ਅਤੇ ਦੂਜੇ ਬੱਚਿਆਂ ਲਈ ਜਨਮ ਅਨੁਪਾਤ ਰਾਸ਼ਟਰੀ ਔਸਤ ਦੇ ਸਮਾਨ ਹੈ।

ਪਰ ਵਿੱਤੀ ਸਾਲ 2021/22 ਵਿੱਚ ਭਾਰਤੀ ਮਾਪਿਆਂ ਤੋਂ ਪੈਦਾ ਹੋਏ ਤੀਜੇ ਬੱਚਿਆਂ ਲਈ ਜਨਮ ਅਨੁਪਾਤ 114/100 ਸੀ, ਜਦ ਕਿ ਅਗਲੇ ਸਾਲ ਇਹ ਦਰ ਘੱਟ ਕੇ 109/100 ਹੋ ਗਈ।

2023/24 ਵਿੱਤੀ ਸਾਲ ਵਿੱਚ ਇਹ ਫਰਕ ਵਧ ਕੇ 100 ਕੁੜੀਆਂ ਦੇ ਮੁਕਾਬਲੇ 118 ਮੁੰਡਿਆਂ ਤੱਕ ਪਹੁੰਚ ਗਿਆ, ਜੋ 2025 ਤੱਕ ਰਿਹਾ। ਮਾਹਿਰਾਂ ਦਾ ਮੰਨਣਾ ਹੈ ਕਿ ਜਿਹੜੀਆਂ ਭਾਰਤੀ ਮਾਵਾਂ ਦੇ ਪਹਿਲਾਂ ਹੀ ਦੋ ਧੀਆਂ ਹੋ ਜਾਂਦੀਆਂ ਹਨ, ਆਪਣੇ ਤੀਜੇ ਬੱਚੇ ਦਾ ਗਰਭਪਾਤ ਕਰਵਾ ਰਹੀਆਂ ਹਨ ਕਿਉਂਕਿ ਉਹ ਪੁੱਤਰ ਚਾਹੁੰਦੀਆਂ ਹਨ।

ਅੰਕੜਿਆਂ ਅਨੁਸਾਰ ਇਸ ਸਮੇਂ ਦੌਰਾਨ ਲਗਭਗ 400 ਬੱਚੀਆਂ ਨੂੰ ਖਤਮ ਕੀਤੇ ਜਾਣ ਦੇ ਬਰਾਬਰ ਅੰਕੜਾ ਸੀ। ਭਾਰਤ ਵਿੱਚ ਮਾਦਾ ਭਰੂਣਾਂ ਦਾ ਗਰਭਪਾਤ ਆਮ ਹੈ, ਜਿੱਥੇ 2018 ਵਿੱਚ ਇੱਕ ਸਰਕਾਰੀ ਰਿਪੋਰਟ ਵਿੱਚ ਅੰਦਾਜ਼ਾ ਲਗਾਇਆ ਗਿਆ ਸੀ ਕਿ ਗਰਭਪਾਤ ਕਾਰਨ ਦੇਸ਼ ਦੀ ਆਬਾਦੀ ਵਿੱਚੋਂ 6 ਕਰੋੜ 30 ਲੱਖ ਔਰਤਾਂ ਗਾਇਬ ਸਨ।

ਸਰਕਾਰੀ ਅੰਕੜਾ ਸੰਗ੍ਰਹਿ ਦੇ ਅੰਕੜਿਆਂ ਨੇ ਬੰਗਲਾਦੇਸ਼ੀ ਅਤੇ ਪਾਕਿਸਤਾਨੀ ਮਾਵਾਂ ਵਿੱਚ ਕੋਈ ਲਿੰਗ ਅਸੰਤੁਲਨ ਨਹੀਂ ਦਿਖਾਇਆ, ਇਹਨਾਂ ਦੇਸ਼ਾਂ ਦਾ ਜਨਮ ਅਨੁਪਾਤ ਰਾਸ਼ਟਰੀ ਔਸਤ ਦੇ ਸਮਾਨ ਸੀ।

ਸਿਹਤ ਵਿਭਾਗ ਨੇ 2014 ਵਿੱਚ ਲਿੰਗ ਦੇ ਆਧਾਰ 'ਤੇ ਗਰਭਪਾਤ ਨੂੰ ਲੈ ਕੇ ਸਾਰੇ ਡਾਕਟਰਾਂ ਨੂੰ ਨਿਰਦੇਸ਼ ਜਾਰੀ ਕਰਕੇ ਅਜੇਹਾ ਕਰਨਾ ਗੈਰਕਾਨੂੰਨੀ ਦੱਸਿਆ ਸੀ। ਹਾਲਾਂਕਿ, ਚਿੰਤਾਵਾਂ ਉਠਾਈਆਂ ਗਈਆਂ ਹਨ ਕਿ ਅਪਰਾਧ ਅਤੇ ਪੁਲਿਸਿੰਗ ਬਿੱਲ ਵਿੱਚ ਸੋਧ ਰਾਹੀਂ ਗਰਭਪਾਤ ਨੂੰ ਅਪਰਾਧ ਤੋਂ ਮੁਕਤ ਕਰਨ ਦੇ ਪ੍ਰਸਤਾਵ ਹੋਰ ਲਿੰਗ-ਚੋਣਵੇਂ ਗਰਭਪਾਤ ਦੇ ਹੜ੍ਹ ਦਾ ਦਰਵਾਜ਼ਾ ਖੋਲ੍ਹ ਸਕਦੇ ਹਨ। ਲੇਕਨ ਲਿੰਗ-ਚੋਣ ਗਰਭਪਾਤ ਨੂੰ ਸਖ਼ਤੀ ਨਾਲ ਰੋਕਣ ਲਈ ਸਮਾਜ ਸੇਵੀ ਸੰਸਥਾਵਾਂ ਵੱਲੋਂ ਅਵਾਜ਼ ਬੁਲੰਦ ਕੀਤੀ ਜਾ ਰਹੀ ਹੈ। ਪਰ ਗਰਭਪਾਤ ਕਾਨੂੰਨੀ ਹੈ ਜਾਂ ਨਹੀਂ ਇਸ ਨੂੰ ਲੈ ਕੇ ਵੀ ਵੱਖ ਵੱਖ ਬਹਿਸ ਚੱਲ ਰਹੀ ਹੈ। ਪਰ ਜੋ ਵੀ ਹੈ ਭਾਰਤੀ ਸਮਾਜ ਵਿੱਚ ਮੁੰਡੇ ਕੁੜੀ ਦੇ ਫਰਕ ਵਾਲੀ ਇਸ ਰਿਪੋਰਟ ਨੇ ਨਵੀਂਆਂ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।

# ਲੰਡਨ ਜੇਲ੍ਹ ਦੀ ਭੰਨਤੋੜ ਦੀ ਕੋਸ਼ਿਸ਼ ਕਰਨ ਵਾਲੇ 86 ਪ੍ਰਦਰਸ਼ਨਕਾਰੀ ਗ੍ਰਿਫਤਾਰ



ਲੰਡਨ ਦੀ ਜੇਲ੍ਹ ਦੇ ਬਾਹਰ ਪ੍ਰਦਰਸ਼ਨਕਾਰੀ ਅਤੇ ਪੁਲਿਸ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮੈਟਰੋਪੋਲੀਟਨ ਪੁਲਿਸ ਨੇ ਪੱਛਮੀ ਲੰਡਨ ਦੀ ਵਰਮਵੁੱਡ ਸਕ੍ਰਬਸ ਜੇਲ੍ਹ ਵਿੱਚ ਕਥਿਤ ਤੌਰ 'ਤੇ ਭੰਨਤੋੜ ਕਰਨ ਵਾਲੇ 86 ਪ੍ਰਦਰਸ਼ਨਕਾਰੀਆਂ ਦੇ ਇੱਕ ਸਮੂਹ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਕਿਹਾ ਕਿ ਇਹ ਸਮੂਹ ਭੁੱਖ ਹੜਤਾਲ 'ਤੇ ਬੈਠੇ ਇੱਕ ਫਲਸਤੀਨ ਕੈਦੀ ਦੇ ਸਮਰਥਨ ਵਿੱਚ ਵਿਰੋਧ ਪ੍ਰਦਰਸ਼ਨ ਕਰ ਰਿਹਾ ਸੀ ਅਤੇ ਕਥਿਤ ਤੌਰ 'ਤੇ ਪੁਲਿਸ ਨੂੰ ਧਮਕੀਆਂ ਦਿੱਤੀਆਂ। ਪ੍ਰਦਰਸ਼ਨਕਾਰੀਆਂ ਨੇ ਜੇਲ੍ਹ ਦੇ ਅਧਿਕਾਰੀਆਂ ਨੂੰ ਅੰਦਰ ਜਾਣ ਅਤੇ ਬਾਹਰ ਜਾਣ ਤੋਂ ਵੀ ਰੋਕਿਆ।

ਪ੍ਰਿਜ਼ਨਰਜ਼ ਫਾਰ ਫਲਸਤੀਨ ਮੁਹਿੰਮ ਸਮੂਹ ਨੇ ਕੈਦੀ ਦੀ ਪਛਾਣ ਮੁਹੰਮਦ ਉਮਰ ਖਾਲਿਦ 22 ਵਜੋਂ ਕੀਤੀ ਹੈ, ਜਿਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਉਸਨੇ ਸ਼ੁੱਕਰਵਾਰ ਨੂੰ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਉਹ ਪਿਛਲੇ ਜੂਨ ਵਿੱਚ ਆਰ ਏ ਐਫ ਬ੍ਰਾਈਜ਼ ਨੌਰਟਨ ਵਿੱਚ ਭੰਨਤੋੜ ਮਾਮਲੇ 'ਚ ਮੁਕੱਦਮੇ ਦੀ ਉਡੀਕ ਕਰ ਰਿਹਾ ਹੈ। ਉਹ ਆਪਣੇ ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕਰਦਾ ਹੈ।

ਪੁਲਿਸ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਜੇਲ੍ਹ ਇਮਾਰਤ ਦੇ ਪ੍ਰਵੇਸ਼ ਦੁਆਰ ਖੇਤਰ ਵਿੱਚ ਦਾਖਲ ਹੋ ਗਏ ਸਨ। ਨਿਆਂ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਜੇਲ੍ਹ ਸੁਰੱਖਿਆ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਇਹ ਕਾਰਵਾਈ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ। ਅਸੀਂ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਦਾ ਸਮਰਥਨ ਕਰਦੇ ਹਾਂ, ਲੇਕਨ ਸਟਾਫ ਅਤੇ ਪੁਲਿਸ ਅਧਿਕਾਰੀਆਂ ਨੂੰ ਘੁਸਪੈਠ ਅਤੇ ਧਮਕੀਆਂ ਦੇਣ ਦੀਆਂ ਰਿਪੋਰਟਾਂ ਚਿੰਤਾਜਨਕ ਹਨ।

JSR CONTRACTS LTD T/A
JSR 247 RECOVERY

Reliable Vehicle Transport & Recovery Services – Local and Nationwide

We provide professional and efficient vehicle transport solutions tailored to your needs:



- Local and Nationwide Vehicle Transport – Single or multiple vehicles
- Trade Plate Deliveries & Collections – Fast and compliant vehicle movements
- Auction Collections & Dealership Transfers – Safe and timely service
- Transport for Non-Runners & Damaged Vehicles – Secure and careful handling
- Customer Handovers, Scheduled Deliveries, Professional presentation every time
- Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

Contact us today for a reliable quote and hassle-free service!

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

ਜੇ. ਐਸ. ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।
* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੂਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।
* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ।
ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

FOR MORE INFO CALL OR SEND MESSAGE TO:

WhatsApp Phone: 07462 760 215
Email:info@jsr247recovery.com
www.jsr247recovery.com



# ਸਰਬੱਤ ਖਾਲਸਾ 1986 ਦੀ ਵਰ੍ਹੇਗੰਢ ਦੀ ਯਾਦ ਵਿਚ ਇੰਗਲੈਂਡ ਦੀਆਂ ਪੰਥਕ ਜੱਥੇਬੰਦੀਆਂ ਵੱਲੋਂ ਸਮਾਗਮ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿੱਚ ਬਰਤਾਨਵੀ ਸਿੱਖ ਜਥੇਬੰਦੀਆਂ ਵੱਲੋਂ 26 ਜਨਵਰੀ 1986 ਦੇ ਸਰਬੱਤ ਖ਼ਾਲਸੇ ਦੇ ਖਾਲਿਸਤਾਨ ਦੇ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਸੰਬੰਧੀ ਕਾਨਫਰੰਸ ਕਰਵਾਈ ਗਈ। ਜਿਸ ਵਿੱਚ ਯੂ ਕੇ ਭਰ ਤੋਂ ਸਿੱਖ ਜੱਥੇਬੰਦੀਆਂ ਦੇ ਆਗੂਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਗੁਰਦੁਆਰਾ ਸਾਹਿਬ ਵੱਲੋਂ ਮੀਤ ਪ੍ਰਧਾਨ ਸ: ਹਰਜੀਤ ਸਿੰਘ ਸਰਪੰਚ ਨੇ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ। ਸਟੇਜ ਦੀ ਕਾਰਵਾਈ ਗੁਰਮੀਤ ਸਿੰਘ ਸਿੱਧੂ ਨੇ ਨਿਭਾਈ ਅਤੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਸੰਗਤਾਂ ਦਾ ਧੰਨਵਾਦ ਕੀਤਾ।*



ਪੰਥਕ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਬੁਲਾਰੇ

ਇਸ ਮੌਕੇ ਬੋਲਦਿਆਂ ਸਿੱਖ ਆਗੂਆਂ ਨੇ ਕਿਹਾ ਕਿ ਜੂਨ 1984 ਵਿੱਚ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕੀਤਾ, ਸਿੱਖ ਇਤਿਹਾਸ ਨੂੰ ਖ਼ਤਮ ਕਰਨ ਲਈ ਸਿੱਖ ਰੈਫਰੰਸ ਲਾਇਬਰੇਰੀ ਨਸ਼ਟ ਕੀਤੀ ਗਈ। ਫਿਰ ਨਵੰਬਰ 84 ਵਿੱਚ ਸਿੱਖ ਕਤਲੇਆਮ ਕੀਤਾ ਗਿਆ। ਸਿੱਖਾਂ ਨਾਲ ਹੋਈਆਂ ਵਧੀਕੀਆਂ ਨੂੰ ਮੁੱਖ ਰੱਖਦਿਆਂ 1986 ਨੂੰ ਸਰਬੱਤ ਖ਼ਾਲਸਾ ਵਿੱਚ ਸਿੱਖਾਂ ਦੀ ਅਜ਼ਾਦੀ ਨੂੰ ਲੈ ਕੇ ਅਹਿਮ ਐਲਾਨ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਅੱਜ 40 ਸਾਲ ਬਾਅਦ ਵੀ ਉਹਨਾਂ ਸ਼ਹੀਦਾਂ ਦਾ ਸੁਪਨਾ ਪੂਰਾ ਕਰਨ ਲਈ ਜਦੋਜਹਿਦ ਜਾਰੀ ਹੈ। ਜੋਗਿੰਦਰ ਸਿੰਘ ਬੱਲ ਨੇ ਸਿਆਸੀ ਲੋਕਾਂ ਨੂੰ ਨਾਲ ਲੈ ਕੇ ਰਾਜਸੀ ਲਾਬੀ ਕਰਨ ਲਈ ਕਿਹਾ। ਭਾਈ ਕੁਲਦੀਪ ਸਿੰਘ ਚਹੇੜੂ ਨੇ 1986 ਸਾਲਾ ਐਲਾਨਨਾਮਾ ਪੜ੍ਹ ਕੇ ਸੁਣਾਉਂਦਿਆਂ ਕਿਹਾ ਕਿ ਉਸ ਸਮੇਂ ਸਿੱਖਾਂ ਨੇ ਦੂਰਅੰਦੇਸ਼ੀ ਨਾਲ ਹੀ ਸਿੱਖ ਰਾਜ ਦੀਆਂ ਭਵਿੱਖ ਦੀਆਂ ਸਾਰੀਆਂ ਯੋਜਨਾਵਾਂ ਦਾ ਜ਼ਿਕਰ ਕੀਤਾ ਸੀ। ਕਾਨਫਰੰਸ ਨੂੰ ਹਰਜੀਤ ਸਿੰਘ ਸਰਪੰਚ, ਦਵਿੰਦਰਜੀਤ ਸਿੰਘ ਸਿੱਧੂ, ਜਸਪਾਲ ਸਿੰਘ ਬੈਂਸ, ਪ੍ਰਭਜੋਤ ਸਿੰਘ (ਵਕੀਲ) ਕੈਨੇਡਾ, ਮਨਿੰਦਰ ਸਿੰਘ ਕੈਨੇਡਾ, ਜੋਗਿੰਦਰ ਸਿੰਘ ਬੱਲ, ਹਰਦੀਸ਼ ਸਿੰਘ, ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਚਰਨ ਸਿੰਘ ਟਿਵੀਡੇਲ, ਭਾਈ ਗੁਰਨਾਮ ਸਿੰਘ ਬਾਬਾ ਸੰਗ, ਨਰਿੰਦਰਜੀਤ ਸਿੰਘ ਥਾਂਦੀ, ਕੁਲਵਿੰਦਰ ਸਿੰਘ, ਕੁਲਵੰਤ ਸਿੰਘ ਮੁਠੱਡਾ, ਕੁਲਦੀਪ ਸਿੰਘ ਚਹੇੜੂ ਆਦਿ ਨੇ ਸੰਬੋਧਨ ਕੀਤਾ।

## ਬਰਤਾਨਵੀ ਰੱਖਿਆ ਕਮੇਟੀ ਦੇ ਚੇਅਰਮੈਨ ਐਮ ਪੀ ਢੇਸੀ ਨੇ ਰਾਸ਼ਟਰਪਤੀ ਟਰੰਪ ਨੂੰ "ਯੂ ਕੇ ਅਤੇ ਹੋਰ ਨਾਟੋ ਸਹਿਯੋਗੀਆਂ ਦਾ ਯੋਗਦਾਨ" ਕਰਵਾਇਆ ਚੇਤੇ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਬੀਤੇ ਕੁਝ ਸਮੇਂ ਤੋਂ ਨਾਟੋ ਸਹਿਯੋਗੀਆਂ ਬਾਰੇ ਵਿਵਾਦਿਤ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਵੱਖ-ਵੱਖ ਦੇਸ਼ਾਂ ਤੇ ਟੈਰਿਫ ਲਗਾਉਣ ਤੋਂ ਲੈ ਕੇ ਗਰੀਨਲੈਂਡ ਤੇ ਕਬਜ਼ਾ ਕਰਨ ਨੂੰ ਲੈ ਕੇ ਵਿਸ਼ਵ ਭਰ ਦੇ ਦੇਸ਼ਾਂ ਤੋਂ ਆਲੋਚਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।*



ਐਮ ਪੀ ਤਨਮਨਜੀਤ ਸਿੰਘ ਢੇਸੀ

ਬਰਤਾਨੀਆ ਦੀ ਰੱਖਿਆ ਕਮੇਟੀ ਦੇ ਚੇਅਰਮੈਨ ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਰਾਸ਼ਟਰਪਤੀ ਟਰੰਪ ਦੀਆਂ ਅਫਗਾਨਿਸਤਾਨ ਵਿੱਚ ਯੂਕੇ ਅਤੇ ਹੋਰ ਨਾਟੋ ਸਹਿਯੋਗੀਆਂ ਦੇ ਯੋਗਦਾਨ 'ਤੇ ਟਿੱਪਣੀਆਂ ਦਾ ਜਵਾਬ ਦਿੰਦੇ ਹੋਏ ਇੱਕ ਬਿਆਨ ਜਾਰੀ ਕੀਤਾ ਹੈ।ਐਮ ਪੀ ਢੇਸੀ ਨੇ ਕਿਹਾ ਕਿ ਬਰਤਾਨਵੀ ਫੌਜ ਦੀ ਬਹਾਦਰੀ ਦੀ ਸਾਡੀ ਹਾਊਸ ਆਫ਼ ਕਾਮਨਜ਼ ਰੱਖਿਆ ਕਮੇਟੀ ਪੂਰੀ ਤਰ੍ਹਾਂ ਪ੍ਰਸ਼ੰਸਾ ਕਰਦੀ ਹੈ, ਬਰਤਾਨਵੀ ਫੌਜਾਂ ਨੇ ਅਮਰੀਕਾ ਅਤੇ ਹੋਰ ਨਾਟੋ ਸਹਿਯੋਗੀਆਂ ਦੇ ਨਾਲ ਮਿਲ ਕੇ ਅਫਗਾਨਿਸਤਾਨ ਵਿੱਚ ਬਹਾਦਰੀ ਨਾਲ ਜੰਗ ਲੜਿਆ ਹੈ। ਲੇਕਨ ਇਸ ਤੋਂ ਉਲਟ ਬਿਆਨਬਾਜ਼ੀ ਕਰਨਾ ਉਨ੍ਹਾਂ ਲੋਕਾਂ ਦੀਆਂ ਯਾਦਾਂ ਦਾ ਘੋਰ ਅਪਮਾਨ ਹੈ ਜਿਨ੍ਹਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਅਤੇ ਉਨ੍ਹਾਂ ਲੋਕਾਂ ਦਾ ਵੀ ਅਪਮਾਨ ਹੈ ਜੋ ਗੰਭੀਰ ਸੱਟਾਂ ਖਾਹ ਕੇ ਜੰਗ ਦੇ ਮੈਦਾਨ ਤੋਂ ਵਾਪਸ ਆਏ।ਉਹਨਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਦਾ ਯੂ ਕੇ ਅਤੇ ਹੋਰ ਨਾਟੋ ਸਹਿਯੋਗੀਆਂ ਦੇ ਯੋਗਦਾਨ ਨੂੰ ਘੱਟ ਕਰਨਾ, ਜੋ ਅਮਰੀਕਾ ਦੇ ਸਮਰਥਨ ਵਿੱਚ ਅਫਗਾਨਿਸਤਾਨ ਗਏ ਸਨ, ਜਦੋਂ ਉਨ੍ਹਾਂ ਨੂੰ ਸਾਡੀ ਲੋੜ ਸੀ, ਬਹੁਤ ਹੀ ਸ਼ਰਮਨਾਕ ਹੈ।

## ਲੰਡਨ ਵਿੱਚ ਹਿੰਦੂਆਂ ਨੇ ਬੰਗਲਾਦੇਸ਼ ਵਿੱਚ ਹਮਲਿਆਂ ਸਬੰਧੀ ਵਿਰੋਧ ਪ੍ਰਦਰਸ਼ਨ ਕੀਤਾ




ਲੰਡਨ ਵਿੱਚ ਪਾਰਲੀਮੈਂਟ ਸੁਕੇਅਰ ਵਿੱਚ ਰੋਸ ਪ੍ਰਦਰਸ਼ਨ ਕਰਦੇ ਹਿੰਦੂ ਭਾਈਚਾਰੇ ਦੇ ਲੋਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਹਿੰਦੂਆਂ ਅਤੇ ਬੰਗਲਾਦੇਸ਼ੀ ਪ੍ਰਵਾਸੀ ਸਮੂਹਾਂ ਨੇ ਬੰਗਲਾਦੇਸ਼ ਵਿਚ ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰਾਂ ਦੇ ਵਿਰੋਧ ਵਿਚ ਬੀਤੇ ਕੱਲ ਬੁੱਧਵਾਰ ਨੂੰ ਲੰਡਨ ਦੇ 'ਪਾਰਲੀਮੈਂਟ ਸਕੁਏਅਰ' ਵਿਚ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਬਰਤਾਨਵੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਦੁਆਰਾ ਨਿਰਦੋਸ਼ ਲੋਕਾਂ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕਣ ਨੂੰ ਯਕੀਨੀ ਬਣਾਉਣ ਲਈ ਆਪਣਾ ਅਸਰ ਰਸੂਖ ਵਰਤੇ। ਸ਼ਾਮ ਨੂੰ ਮੀਂਹ ਦੇ ਬਾਵਜੂਦ ਛੋਟੇ ਬੱਚਿਆਂ ਸਮੇਤ ਵੱਡੀ ਗਿਣਤੀ ਵਿੱਚ ਪਰਿਵਾਰ ਇਕੱਠੇ ਹੋਏ ਅਤੇ 'ਬੰਗਲਾਦੇਸ਼ ਵਿਚ ਹਿੰਦੂਆਂ ਨੂੰ ਬਚਾਓ' ਵਾਲੇ ਪੋਸਟਰ ਲਹਿਰਾਏ ਅਤੇ 'ਹਿੰਦੂਆਂ ਨੂੰ ਮਾਰਨਾ ਬੰਦ ਕਰੋ' ਵਰਗੇ ਨਾਅਰੇ ਲਗਾਏ। ਹਿੰਦੂ ਕੌਂਸਲ ਯੂ ਕੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਦੋਂ ਤੋਂ ਬੰਗਲਾਦੇਸ਼ ਵਿੱਚ ਯੂਨਸ ਸਰਕਾਰ ਸੱਤਾ ਵਿੱਚ ਆਈ ਹੈ, ਹਿੰਦੂਆਂ ਨੂੰ "ਕੁਫ਼ਰ ਨਿੰਦਾ ਦੇ ਝੂਠੇ ਦੋਸ਼ਾਂ ਵਿੱਚ ਲਗਭਗ ਰੋਜ਼ਾਨਾ ਅਧਾਰ 'ਤੇ ਮਾਰਿਆ ਜਾ ਰਿਹਾ ਹੈ।" ਇਸ ਤੋਂ ਪਹਿਲਾਂ ਬਰਤਾਨਵੀ ਸੰਸਦ ਮੈਂਬਰਾਂ ਨੇ ਵੀ ਬੰਗਲਾਦੇਸ਼ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਖ਼ਤ ਕਦਮ ਚੁੱਕਣ ਲਈ ਆਖਿਆ ਅਤੇ ਹਿੰਦੂਆਂ ਵਿਰੁੱਧ ਹੋ ਰਹੀ ਹਿੰਸਾ ਦੀ ਨਿੰਦਾ ਕੀਤੀ ਸੀ।

## ਲੰਡਨ ਦੀ ਇੱਕ ਅਮੀਰ ਔਰਤ ਨਿੱਜੀ ਸਹਾਇਕ ਦੀ ਨੌਕਰੀ ਲਈ ਲੱਗਭੱਗ 9 ਕਰੋੜ ਰੁਪਏ ਪ੍ਰਤੀ ਸਾਲ ਤਨਖਾਹ ਦੀ ਪੇਸ਼ਕਸ਼

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀ ਇੱਕ ਅਮੀਰ ਔਰਤ ਨਿੱਜੀ ਸਹਾਇਕ ਦੀ ਨੌਕਰੀ ਲਈ ਲੱਗਭੱਗ 9 ਕਰੋੜ ਰੁਪਈਏ ਪ੍ਰਤੀ ਸਾਲ ਤਨਖਾਹ ਦੀ ਪੇਸ਼ਕਸ਼ ਕੀਤੀ ਹੈ।ਸਫਲ ਉਮੀਦਵਾਰ ਨੂੰ ਕੇਂਦਰੀ ਲੰਡਨ ਵਿੱਚ ਸਥਿਤ ਬਹੁਤ ਹੀ ਵਿਲੱਖਣ ਭੂਮਿਕਾ ਨਿਭਾਉਣੀ ਹੋਵੇਗੀ। ਔਰਤ ਦੇ ਨਿੱਜੀ ਨਿਵਾਸ ਤੇ ਕੰਮ ਕਰਨ ਅਤੇ ਵਿਸ਼ੇਸ਼ ਸਮਾਜਿਕ ਮੌਕਿਆਂ 'ਤੇ ਉਸ ਨਾਲ ਜਾਣਾ ਹੋਵੇਗਾ।ਸਫਲ ਬਿਨੈਕਾਰ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਕੰਮ ਕਰਨਾ ਹੋਵੇਗਾ ਅਤੇ ਕਦੇ-ਕਦਾਈਂ ਸ਼ਾਮ ਦੀਆਂ ਡਿਊਟੀਆਂ ਹੋ ਸਕਦੀਆਂ ਹਨ। ਉਮੀਦਵਾਰ ਦੀ ਮੌਜੂਦਗੀ, ਸਾਥ ਅਤੇ ਨਿਰਦੋਸ਼ ਮਾਪਦੰਡਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਜੇਕਰ ਚੁਣਿਆ ਜਾਂਦਾ ਹੈ, ਤਾਂ ਸਬੰਧਿਤ ਉਮੀਦਵਾਰ ਨੂੰ ਅਮੀਰ ਔਰਤ ਨੂੰ ਰੁਝੇਵਿਆਂ, ਸਮਾਜਿਕ ਅਤੇ ਸੱਭਿਆਚਾਰਕ ਮੌਕਿਆਂ, ਨਿੱਜੀ ਡਿਨਰ ਅਤੇ ਮੁਲਾਕਾਤਾਂ ਲਈ ਨਾਲ ਜਾਣਾ ਹੋਵੇਗਾ।**


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਲੰਡਨ ਸਥਿਤ ਭਾਰਤੀ ਅੰਬੈਸੀ ਸਾਹਮਣੇ ਸਿੱਖ ਜਥੇਬੰਦੀਆਂ ਨੇ ਕੀਤਾ ਭਾਰੀ ਰੋਸ ਮੁਜਾਹਰਾ

## "ਭਾਰਤੀ ਸੰਵਿਧਾਨ ਨੂੰ ਰੱਦ ਕਰਦਿਆਂ ਤਿਰੰਗੇ ਨੂੰ ਕੀਤਾ ਲੀਰੋ ਲੀਰ"

ਲੰਡਨ – ਭਾਰਤ ਦੇ ਗਣਤੰਤਰ ਦਿਵਸ ਦਾ ਯੂ,ਕੇ ਦੇ ਸਿੱਖਾਂ ਵਲੋਂ ਵਿਰੋਧ ਕਰਦਿਆਂ ਇਸ ਨੂੰ ਕਾਲੇ ਦਿਨ ਵਜੋਂ ਮਨਾਇਆ ਗਿਆ । ਸੋਮਵਾਰ ਵਾਲੇ ਦਿਨ ਕੜਾਕੇ ਦੀ ਠੰਡ ਹੋਣ ਦੇ ਬਾਵਜੂਦ ਲੰਡਨ ਵਿੱਚ ਭਾਰਤ ਦੀ ਅੰਬੈਸੀ ਸਾਹਮਣੇ ਸਿੱਖ ਜਥੇਬੰਦੀਆਂ ਵਲੋਂ ਰੋਸ ਅਤੇ ਰੋਹ ਭਰਪੂਰ ਮੁਜਾਹਰਾ ਕੀਤਾ ਗਿਆ । ਖਾਲਿਸਤਾਨ ਦੇ ਨਾਹਰਿਆਂ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਭਾਰਤ ਸਰਕਾਰ ਨੂੰ ਸਪੱਸ਼ਟ ਸੁਨੇਹਾ ਦਿੱਤਾ ਕਿ ਗਿਆ ਕਿ ਸਿੱਖ ਕੌਮ ਦਾ ਨਿਸ਼ਾਨਾ ਕੇਵਲ ਖਾਲਿਸਤਾਨ ਹੈ ਅਤੇ ਇਸ ਦੀ ਪੂਰਤੀ ਵਾਸਤੇ ਸੰਘਰਸ ਜਾਰੀ ਰਹੇਗਾ । ਰੋਸ ਮੁਜਾਹਰੇ ਵਿੱਚ ਹੋਰਨਾਂ ਤੋਂ ਇਲਾਵਾ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ, ਸਿੱਖ ਫੈਡਰੇਸ਼ਨ ਯੂ,ਕੇ ਦੇ ਆਗੂ ਭਾਈ ਨਰਿੰਦਰਜੀਤ ਸਿੰਘ ਥਾਂਦੀ, ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਭਾਈ ਨਿਰਮਲ ਸਿੰਘ ਸੰਧੂ, ਕੌਂਸਲ ਆਫ ਖਾਲਿਸਤਾਨ ਦੇ ਮੁਖੀ ਭਾਈ ਅਮਰੀਕ ਸਿੰਘ ਸਹੋਤਾ, ਸਿੱਖਸ ਫਾਰ ਜਸਟਿਸ ਦੇ ਆਗੂ ਭਾਈ ਦੁਪਿੰਦਰਜੀਤ ਸਿੰਘ, ਭਾਈ ਪਰਮਜੀਤ ਸਿੰਘ ਪੰਮਾ, ਭਾਈ ਰਣਜੀਤ ਸਿੰਘ ਸਰਾਏ ਭਾਈ ਗੁਰ-ਚਰਨ ਸਿੰਘ ਦਲ ਖਾਲਸਾ, ਭਾਈ ਬਲਵਿੰਦਰ ਸਿੰਘ ਢਿਲੋਂ, ਜਥੇਦਾਰ ਬਲਬੀਰ ਸਿੰਘ ਸ਼ਾਮਲ ਸਨ । ਇਸ ਰੋਸ ਮੁਜਾਹਰੇ ਵਿੱਚ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਏ ਸਰਬੱਤ ਖਾਲਸਾ ਦੀ 40 ਵੀਂ ਸਾਲਾਨਾ ਯਾਦ ਦੇ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸ਼ਹੀਦ ਭਾਈ ਗੁਰਦੇਵ ਸਿੰਘ ਜੀ ਕਾਉਂਕੇ, ਪੰਥਕ ਕਮੇਟੀ ਮੈਂਬਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਦੇਵ ਸਿੰਘ ਉਸਮਨਵਾਲਾ ਅਤੇ ਭਾਈ ਅਰੂੜ ਸਿੰਘ ਦਾ ਖਾਸ ਜਿਕਰ ਕਰਦਿਆਂ ਉਹਨਾਂ ਦੀਆਂ ਮਹਾਨ ਸ਼ਹਾਦਤਾਂ ਨੂੰ ਸਿੱਜਦਾ ਕੀਤਾ ਗਿਆ ਅਤੇ ਖਾਲਿਸਤਾਨ ਦੀ ਪ੍ਰਾਪਤੀ ਵਸਤੇ ਆਖਰੀ ਸਾਹ ਤੱਕ ਯਤਨਸ਼ੀਲ ਰਹਿਣ ਦਾ ਪ੍ਰਣ ਦੁਹਰਾਇਆ ਗਿਆ ।



ਕੌਮੀ ਆਜਾਦੀ ਵਾਸਤੇ ਸੰਘਰਸ਼ਸ਼ੀਲ ਸਿੱਖ ਨੌਜਵਾਨ ਤੀਹ ਤੀਹ ਸਾਲਾਂ ਤੋਂ ਜੇਲਾਂ ਵਿੱਚ ਬੰਦ ਹਨ । ਇਹ ਸੰਵਿਧਾਨ ਉਹਨਾਂ ਨੂੰ ਰਿਹਾਅ ਨਹੀਂ ਕਰ ਰਿਹਾ । ਜਦਕਿ ਸਿੱਖਾਂ ਤੇ ਜ਼ੁਲਮ ਕਰਨ ਵਾਲੇ ਕਾਤਲ ਪੁਲਸੀਆਂ ਅਤੇ ਸਿੱਖ ਵਿਰੋਧੀ ਲੋਕਾਂ ਨੂੰ ਇਹ ਸੰਵਿਧਾਨ ਹਮੇਸ਼ਾਂ ਹੀ ਰਾਹਤ ਪ੍ਰਦਾਨ ਕਰਦਾ ਆ ਰਿਹਾ ਹੈ। ਸਿਰਸੇ ਵਾਲੇ ਅਸਾਧ ਨੂੰ ਤੀਜੇ ਦਿਨ ਪੈਰੋਲ ਦਿੱਤੀ ਜਾ ਰਹੀ ਹੈ ਜਦਕਿ ਭਾਈ ਜਗਤਾਰ ਸਿੰਘ ਹਾਵਾਰਾ ਦੀ ਮਾਤਾ ਆਖਰੀ ਸਾਹਾਂ ਤੇ ਹੋਣ ਦਾ ਬਾਵਜੂਦ ਉਸਨੂੰ ਪੈਰੋਲ ਨਹੀਂ ਦਿੱਤੀ ਜਾ ਰਹੀ ।

ਸਿੱਖਾਂ ਦੀਆਂ ਅਣਗਿਣਤ ਕੁਰਬਾਨੀਆਂ ਨਾਲ ਭਾਰਤ ਅੰਗਰੇਜਾਂ ਦੀ ਗ੍ਰਿਫਤ ਚੋਂ ਭਾਂਵੇ ਆਜ਼ਾਦ ਹੋ ਗਿਆ ਸੀ ਪਰ ਨੱਬੇ ਫੀਸਦੀ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਬਣਦੇ ਹੱਕ ਅਤੇ ਆਜ਼ਾਦੀ ਨਸੀਬ ਨਾ ਹੋ ਸਕੀ। ਭਾਰਤ ਸਰਕਾਰ ਦੀਆਂ ਏਜੰਸੀਆਂ ਸਿੱਖਾਂ ਨੂੰ ਗੁਲਾਮ ਅਤੇ ਦੁਬੇਲ ਬਣਾ ਕੇ ਰੱਖਣ ਲਈ ਕੋਝੇ ਹੱਥਕੰਡੇ ਅਪਣਾ ਰਹੀਆਂ ਹਨ। ਰੋਸ ਮੁਜਾਹਰੇ ਦੌਰਾਨ ਖਾਲਿਸਤਾਨ ਦੇ ਹੱਕ ਵਿੱਚ ਅਤੇ ਭਾਰਤ ਸਰਕਾਰ ਦੇ ਵਿਰੋਧ ਵਿੱਚ ਜਬਰਦਸਤ ਨਾਹਰੇਬਾਜੀ ਹੋਈ । ਉੱਥੇ ਮੀਡੀਏ ਨੂੰ ਮੁਖਾਤਿਬ ਹੁੰਦਿਆਂ ਲੰਬੇ ਅਰਸੇ ਤੋਂ ਜੇਹਲਾਂ ਵਿੱਚ ਭਾਈ ਜਗਤਾਰ ਸਿੰਘ ਹਾਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਜਗਤਾਰ ਸਿੰਘ ਜੱਗੀ ਜੌਹਲ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਪਰਮਜੀਤ ਸਿੰਘ ਭਿਉਰਾ, ਭਾਈ ਰਮਨਦੀਪ ਸਿੰਘ ਬੱਗਾ,ਭਾਈ ਹਰਦੀਪ ਸਿੰਘ ਸ਼ੇਰਾ, ਭਾਈ ਗੁਰਮੀਤ ਸਿੰਘ ਖੇੜਾ, ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਬੰਦ ਖਲਾਸੀ ਵਾਸਤੇ ਅਵਾਜ ਬੁਲੰਦ ਕੀਤੀ ਗਈ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਰੋਸ ਮੁਜਾਹਰੇ ਵਿੱਚ ਸ਼ਾਮਲ ਸਿੱਖ ਸੰਗਤਾਂ ਅਤੇ ਮੀਡੀਏ ਦਾ ਧੰਨਵਾਦ ਕਰਦਿਆਂ ਸਿੱਖ ਕੌਮ ਨੂੰ ਸਨਿਮਰ ਅਪੀਲ ਕੀਤੀ ਗਈ ਕਿ ਅੱਜ ਹਰੇਕ ਨੂੰ ਇਹ ਮਹਿਸੂਸ ਕਰਨ ਦੀ ਲੋੜ ਹੈ ਕਿ ਸਿੱਖ ਭਾਰਤ ਵਿੱਚ ਗੁਲਾਮ ਹਨ ਅਤੇ ਇਸ ਗੁਲਾਮੀ ਨੂੰ ਗਲੋਂ ਲਾਹੁਣਾ ਹੈ ।ਕਿਉਂ ਕਿ ਸਿੱਖਾਂ ਦੀਆਂ ਧਾਰਮਿਕ,ਆਰਥਿਕ ਰਾਜਨੀਤਿਕ ਅਤੇ ਸਮਾਜਿਕ ਸਮੱਸਿਆਵਾਂ ਦਾ ਸਥਾਈ ਹੱਲ ਕੇਵਲ ਖਾਲਿਸਤਾਨ ਹੈ ਜਿਸ ਵਾਸਤੇ ਹਰੇਕ ਸਿੱਖ ਨੂੰ ਯਤਨਸ਼ੀਲ ਹੋਣਾ ਸਮੇਂ ਦੀ ਖਾਸ ਲੋੜ ਹੈ ।

## ਭਾਈ ਬੁੱਧੂ ਜੀ ਸੇਵਾ ਸੋਸਾਇਟੀ ਵੱਲੋਂ

### ਭਾਈ ਘਨੀਆ ਜੀ ਅਤੇ ਉਹਨਾਂ ਦੇ 4 ਪੁੱਤਰਾਂ ਦੀ ਯਾਦ ਵਿੱਚ

## ਮਹਾਨ ਸ਼ਹੀਦੀ ਸਮਾਗਮ ਕਰਵਾਏ ਗਏ

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪਿਆਰੀ ਸਾਧ ਸੰਗਤ ਜੀ, ਭਾਈ ਘਣੀਆ ਜੀ ਅਤੇ ਉਹਨਾਂ ਦੇ ਚਾਰ ਪੁੱਤਰਾਂ ਨੇ ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦੀ ਪਾਈ। ਰਤਨ ਸਿੰਘ ਭੰਗੂ ਅਤੇ ਸ੍ਰੋ: ਢਾਡੀ ਸੋਹਣ ਸਿੰਘ ਸੀਤਲ ਵੱਲੋਂ ਲਿਖੇ ਇਤਿਹਾਸਕ ਹਵਾਲਿਆਂ ਅਨੁਸਾਰ ਭਾਈ ਸਾਹਿਬ ਦਾ ਪਰਿ-ਵਾਰ ਪਿੰਡ ਮੂਲੋਵਾਲ, ਜ਼ਿਲ੍ਹਾ ਸੰਗਰੂਰ ਤੋਂ ਸੀ ਤੇ ਉਹ ਪਰਜਾਪਤ ਭਾਈਚਾਰੇ ਨਾਲ ਸੰਬੰਧ ਰੱਖਦੇ ਸਨ। ਇਹ ਇਤਿਹਾਸ 1960 – 1965 ਦੌਰਾਨ ਪੰਜਾਬ ਵਿੱਚ ਅੱਠਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਵਿੱਚ ਪੜ੍ਹਾਇਆ ਜਾਂਦਾ ਸੀ।



ਭਾਈ ਘਣੀਆ ਜੀ ਦਸਵੇਂ ਪਾਤਿਸ਼ਾਹ ਜੀ ਦੇ ਦਰਸ਼ਨ ਕਰਦੇ ਹੋਏ

ਇਹਨਾਂ ਸ਼ਹੀਦਾਂ ਦਾ ਮਹਾਨ ਇਤਿਹਾਸਕ ਸ਼ਹੀਦੀ ਦਿਹਾੜਾ, ਦਸੰਬਰ 2025 ਨੂੰ ਸ੍ਰੀ ਚਮਕੌਰ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਪਾਤਿਸ਼ਾਹ ਦੇ ਸੇਵਕ ਭਾਈ ਬੁੱਧੂ ਜੀ ਦੀ ਯਾਦ ਵਿੱਚ ਸੇਵਾ ਕਰਨ ਵਾਲੀ ਸੰਸਥਾ ਭਾਈ ਬੁੱਧੂ ਜੀ ਸੇਵਾ ਸੋਸਾਇਟੀ ਵੱਲੋਂ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਬ੍ਰਮਿੰਘਮ ਵਿਖੇ ਵੀ ਸ਼ਹੀਦੀ ਦੇ ਸਬੰਧ ਵਿੱਚ ਸੰਗਤਾਂ ਨੇ ਮਿਲ ਕੇ ਜਪੁ ਜੀ ਸਾਹਿਬ ਦਾ ਪਾਠ ਕਰਕੇ ਸ਼ਹੀਦਾਂ ਦੀ ਯਾਦ ਮਨਾਈ ਗਈ ਅਤੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਗਏ।

**ਬੇਨਤੀ ਕਰਤਾ – ਭਾਈ ਬੁੱਧੂ ਜੀ ਸੇਵਾ ਸੋਸਾਇਟੀ**

**ਵਧੇਰੇ ਜਾਣਕਾਰੀ ਸੰਪਰਕ: ਪਵਿੱਤਰ ਸਿੰਘ – 07502 314452**

## ਨਾਬਾਲਗ ਭਤੀਜੇ ਨੇ ਛੁਰੇ ਮਾਰ ਕੇ ਕੀਤੀ ਚਾਚੇ ਦਾ ਹੱਤਿਆ

ਨਿਹਾਲ ਸਿੰਘ ਵਾਲਾ–ਇਥੇ 55 ਸਾਲਾ ਵਿਅਕਤੀ ਮੋਹਨ ਲਾਲ ਦਾ ਉਸ ਦੇ 16 ਸਾਲਾ ਨਾਬਾਲਗ ਭਤੀਜੇ ਨੇ ਸਿਰ ਵਿੱਚ ਛੁਰੇ ਮਾਰ ਕੇ ਕਤਲ ਕਰ ਦਿੱਤਾ। ਪੁਲਸ ਨੂੰ ਇਕ ਕਮਰੇ ਵਿੱਚ ਲਾਸ਼ ਪਈ ਹੋਣ ਦੀ ਸੂਚਨਾ ਮਿਲੀ ਸੀ। ਮੁੱਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਇਸ ਵਿਅਕਤੀ ਦਾ ਉਸ ਦੇ ਭਤੀਜੇ ਨੇ ਸਿਰ ਵਿੱਚ ਛੁਰੇ ਮਾਰ ਕੇ ਕਤਲ ਕਰ ਦਿੱਤਾ ਹੈ। ਕਤਲ ਦੇ ਕਾਰਨ ਦਾ ਹਾਲੇ ਤੱਕ ਕੁਝ ਪਤਾ ਨਹੀਂ ਲੱਗ ਸਕਿਆ। ਮੁਲਜ਼ਮ ਦੀ ਭਾਲ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ।

## ਕੈਨੇਡਾ 'ਚ ਮਸ਼ਹੂਰ ਪੰਜਾਬੀ ਗਾਇਕ ਦੇ ਘਰ 'ਤੇ ਫਾਇਰਿੰਗ, ਬਦਮਾਸ਼ਾਂ ਨੇ ਮੰਗੀ ਕਰੋੜਾਂ ਦੀ ਫਿਰੌਤੀ



ਕੈਨੇਡਾ ਵਿੱਚ ਮਸ਼ਹੂਰ ਪੰਜਾਬੀ ਗਾਇਕ ਵੀਰ ਦਵਿੰਦਰ ਦੇ ਘਰ ਤੇ ਫਾਇਰਿੰਗ ਦੀ ਖਬਰ ਸਾਹਮਣੇ ਆਈ ਹੈ। ਬਦਮਾਸ਼ਾਂ ਨੇ ਪਹਿਲਾਂ ਸਿੰਗਰ ਤੋਂ 5 ਲੱਖ ਡਾਲਰ ਯਾਨੀ ਕਰੀਬ 4 ਕਰੋੜ ਰੁਪਏ ਦੀ ਫਿਰੌਤੀ ਮੰਗੀ ਸੀ। ਪੈਸੇ ਨਾ ਮਿਲਣ ਤੇ ਉਨ੍ਹਾਂ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਫੋਨ ਕਰਨ ਵਾਲੇ ਨੇ ਆਪਣਾ ਨਾਂ ਆਂਡਾ ਬਟਾਲਾ ਦੱਸਿਆ ਸੀ।ਠੀਕ 19 ਦਿਨਾਂ ਬਾਅਦ ਬਦਮਾਸ਼ਾਂ ਨੇ ਘਰ ਫ਼ਲਸਤ੍ਰੋਤੇ ਸੱਤ ਗੋਲੀਆਂ ਚਲਾਈਆਂ। ਇਨ੍ਹਾਂ ਵਿੱਚੋਂ ਤਿੰਨ ਗੋਲੀਆਂ ਸ਼ੀਸ਼ੇ ਦੀ ਕੰਧ ਵਿੱਚੋਂ ਲੰਘ ਕੇ ਬੈਡਰੂਮ ਵਿੱਚ ਪਹੁੰਚ ਗਈਆਂ। ਖੁਸ਼ਕਿਸਮਤੀ ਨਾਲ ਗਾਇਕ ਅਤੇ ਉਸਦਾ ਪਰਿਵਾਰ ਘਟਨਾ ਵੇਲੇ ਉਥੇ ਮੌਜੂਦ ਨਹੀਂ ਸੀ। ਇਹ ਘਟਨਾ ਕੈਲਗਰੀ ਦੇ ਹੇ-ਰੈਂਡਸਟੋਨ ਕਾਮਨ ਏਰੀਆ ਵਿੱਚ ਵਾਪਰੀ, ਜਿੱਥੇ ਵੱਡੀ ਗਿਣਤੀ ਵਿੱਚ ਪੰਜਾਬੀ ਮੂਲ ਦੇ ਲੋਕ ਰਹਿੰਦੇ ਹਨ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ॥

## ਸ੍ਰੀ ਗੁਰੂ ਰਵਿਦਾਸ ਸਭਾ ਡਰਬੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਉਤਸਵ ਦੀਆਂ

# ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ

ਸਤਿਕਾਰਯੋਗ ਸਾਧ ਸੰਗਤ ਜੀ,

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 1 ਫਰਵਰੀ 2026 ਨੂੰ ਆ ਰਿਹਾ ਹੈ। ਜੋ ਕਿ ਸ੍ਰੀ ਗੁਰੂ ਰਵਿਦਾਸ ਸਭਾ, ਡੰਨਕਨ ਰੋਡ, ਡਰਬੀ ਵਿਖੇ 1 ਫਰਵਰੀ 2026 ਦਿਨ ਐਤਵਾਰ ਨੂੰ ਬੜੀ ਧੂਮ-ਧਾਮ ਅਤੇ ਸ਼ਰਧਾ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਲੋਕਾਂ ਨੂੰ ਸੱਚ ਦਾ ਉਪਦੇਸ਼ ਦਿੱਤਾ ਅਤੇ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਾਇਆ। ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਹੇਠਾਂ ਦਿੱਤੇ ਗਏ ਪ੍ਰੋਗਰਾਮਾਂ ਵਿੱਚ ਆਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ!

## ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ 31 ਜਨਵਰੀ ਨੂੰ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸ਼ਨਿੱਚਰਵਾਰ 31 ਜਨਵਰੀ 2026 ਨੂੰ 11:00 ਵਜੇ ਭਾਈ ਰਾਮਜੀ ਦਾਸ ਟੂਰਾ ਅਤੇ ਬੀਬੀ ਕਿਰਨ ਪ੍ਰੀਤ ਟੂਰਾ ਜੀ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ

## ਸਤਿਗੁਰੂ ਰਵਿਦਾਸ ਜੀ




**CONGRATULATIONS to All on the Birthday Anniversary of SHRI GURU RAVIDASS JI is on 1st February 2026**

**Please join us on the auspicious ocassion of Celebrations.**

## PROGRAM

Respected Sangat Ji Siri Akhand Path Sahib Ji, will commence on the 30th January 2026 at 10:30am for the birth celebration of Guru Ravidass Ji and the Bhog will be on the 1st February 2026 at 10:30am, followed by Kirtan diwan. Ragi Jathas will do the Kirtan.

PLEASE JOIN US FOR THIS AUSPICIOUS CELEBRATION

## ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸ੍ਰੀ ਅਖੰਡ ਪਾਠ ਦਾ ਪ੍ਰੋਗਰਾਮ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ 30 ਜਨਵਰੀ 2026 ਸ਼ੁੱਕਰਵਾਰ ਸਵੇਰੇ 10:30 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ 1 ਫਰਵਰੀ 2026 ਐਤਵਾਰ ਸਵੇਰੇ 10:30 ਵਜੇ**

ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਦੌਰਾਨ ਗਿਆਨੀ ਪਦਮਾ ਸਿੰਘ ਜੀ, ਗਿ: ਅਮਰਜੀਤ ਸਿੰਘ ਜੀ, ਗਿ: ਵਿਕਰਮ ਸਿੰਘ ਜੀ, ਗੁਰੂ ਘਰ ਦਾ ਰਾਗੀ ਜਥਾ ਕੀਰਤਨ ਕਰੇਗਾ। ਭਾਈ ਹਰਜਿੰਦਰ ਸਿੰਘ ਧਾਲੀਵਾਲ ਦਾ ਜਥਾ ਵੀ ਹਾਜ਼ਰੀ ਭਰੇਗਾ। ਪ੍ਰਚਾਰਕ ਜਥੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਬਾਰੇ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਬੇਨਤੀ ਹੈ ਕਿ ਤਿੰਨੇ ਦਿਨ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ। ਸੰਗਤ ਵੱਲੋਂ ਗੁਰੂ ਕੇ ਲੰਗਰਾਂ ਦੀ ਸੇਵਾ ਅਤੁੱਟ ਵਰਤੇਗੀ

**ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂ ਘਰ ਦੀ ਸਮੂਹ ਸੰਗਤ ਵੱਲੋਂ ਕੀਤੀ ਜਾਵੇਗੀ**

**ਗੁਰੂ ਘਰ ਦੇ ਪ੍ਰੋਗਰਾਮਾਂ ਸਬੰਧੀ ਵਧੇਰੇ ਜਾਣਕਾਰੀ ਲਈ ਕਲਿਕ ਕਰੋ**

www.guru2ravidassderby.co.uk

## ਸੰਗਤਾਂ ਦੇ ਦਾਸ - ਕਮੇਟੀ ਮੈਂਬਰ, ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ ਡਰਬੀ

| ਪ੍ਰਧਾਨ : ਸੁਰਿੰਦਰ ਕੁਮਾਰ | ਸਕੱਤਰ : ਮੂਲ ਰਾਜ ਚੁੰਬਰ | ਖਜ਼ਾਨਚੀ : ਬਲਬੀਰ ਸਿੰਘ ਸੈਂਪਲਾ |
|---|---|---|
| 07882 157 963 | 07400 616 176 | 07907 454 687 |

## GURDWARA SAHIB SHRI GURU RAVIDASS SABHA DERBY

Charity Number 1159187

DUNCAN ROAD, DERBY, DE23 8TS (U.K.) TEL: 01332 766077

Email: enquiries@guruavidassderby.co.uk - www.gururavidassderby.co.uk

# ਆਤੰਕਵਾਦ, ਵੱਡੀ ਧੋਖਾਧੜੀ ਤੇ ਸੰਗਠਿਤ ਅਪਰਾਧਾਂ 'ਤੇ ਕੇਂਦਰੀ ਨਿਗਾਹ ਰੱਖਣ ਲਈ ਬਰਤਾਨੀਆ ਵਿੱਚ 'ਬ੍ਰਿਟਿਸ਼ FBI' ਬਣਾਉਣ ਦੀ ਤਿਆਰੀ

*ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਸਰਕਾਰ ਵੱਲੋਂ ਦੇਸ਼ ਦੀ ਪੁਲਿਸ ਪ੍ਰਣਾਲੀ ਵਿੱਚ ਇਤਿਹਾਸਕ ਸੁਧਾਰ ਲਿਆਉਣ ਦੀ ਯੋਜਨਾ ਤਹਿਤ ਇੱਕ ਨਵੀਂ ਕੇਂਦਰੀ ਜਾਂਚ ਏਜੰਸੀ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸਨੂੰ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ ਤੇ ਬ੍ਰਿਟਿਸ਼ FBI ਦੇ ਨਾਂ ਨਾਲ ਜਾਣਿਆ ਜਾ ਰਿਹਾ ਹੈ। ਇਹ ਨਵੀਂ ਏਜੰਸੀ ਆਤੰਕਵਾਦ, ਵੱਡੀ ਪੱਧਰ ਦੀ ਧੋਖਾਧੜੀ, ਆਰਥਿਕ ਅਪਰਾਧ ਅਤੇ ਗੰਭੀਰ ਸੰਗਠਿਤ ਅਪਰਾਧਾਂ ਦੀ ਜਾਂਚ ਦੀ ਮੁੱਖ ਜ਼ਿੰਮੇਵਾਰੀ ਸੰਭਾਲੇਗੀ।*

ਸਰਕਾਰੀ ਸੂਤਰਾਂ ਮੁਤਾਬਕ, ਮੌਜੂਦਾ ਸਮੇਂ ਵਿੱਚ ਇਨ੍ਹਾਂ ਕਿਸਮਾਂ ਦੇ ਕੇਸ ਵੱਖ-ਵੱਖ ਪੁਲਿਸ ਫੋਰਸਾਂ ਅਤੇ ਏਜੰਸੀਆਂ ਵੱਲੋਂ ਸੰਭਾਲੇ ਜਾਂਦੇ ਹਨ, ਜਿਸ ਕਾਰਨ ਅਕਸਰ ਤਾਲਮੇਲ ਦੀ ਘਾਟ, ਦੇਰੀ ਅਤੇ ਜ਼ਿੰਮੇਵਾਰੀਆਂ ਦੇ ਟਕਰਾਅ ਵਰਗੀਆਂ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ। ਨਵੀਂ ਕੇਂਦਰੀ ਏਜੰਸੀ ਬਣਾਉਣ ਦਾ ਮਕਸਦ ਇਹ ਹੈ ਕਿ ਦੇਸ਼ ਭਰ ਦੇ ਵੱਡੇ ਅਤੇ ਜਟਿਲ ਮਾਮਲਿਆਂ ਦੀ ਜਾਂਚ ਇੱਕੋ ਮਜ਼ਬੂਤ ਕੇਂਦਰ ਹੇਠ ਕੀਤੀ ਜਾਵੇ।

ਇਸ ਨਵੀਂ ਸੰਸਥਾ ਨੂੰ ਆਤੰਕਵਾਦੀ ਸਾਜ਼ਿਸ਼ਾਂ, ਆਨਲਾਈਨ ਅਤੇ ਅੰਤਰਰਾਸ਼ਟਰੀ ਧੋਖਾਧੜੀ, ਮਨੁੱਖੀ ਤਸਕਰੀ, ਨਸ਼ਾ ਤਸਕਰੀ ਅਤੇ ਵੱਡੇ ਆਰਥਿਕ ਘਪਲਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਅਧਿਕਾਰ ਦਿੱਤੇ ਜਾਣਗੇ। ਇਸ ਦੇ ਨਾਲ ਹੀ, ਇਹ ਏਜੰਸੀ ਦੇਸ਼ ਦੀਆਂ ਸਾਰੀਆਂ ਪੁਲਿਸ ਫੋਰਸਾਂ ਲਈ ਅਧੁਨਿਕ ਤਕਨਾਲੋਜੀ, ਜਿਵੇਂ ਕਿ ਫੇਸ਼ਲ ਰਿਕਗਨਿਸ਼ਨ ਸਿਸਟਮ, ਡਾਟਾ ਵਿਸ਼ਲੇਸ਼ਣ ਅਤੇ ਨਿਗਰਾਨੀ ਉਪਕਰਨ, ਕੇਂਦਰੀ ਤੌਰ ਤੇ ਖਰੀਦੇਗੀ ਅਤੇ ਉਪਲਬਧ ਕਰਵਾਏਗੀ।

ਸਰਕਾਰ ਦਾ ਮੰਨਣਾ ਹੈ ਕਿ ਇੱਕ ਕੇਂਦਰੀ ਏਜੰਸੀ ਬਣਨ ਨਾਲ ਨਾ ਸਿਰਫ਼ ਅਪਰਾਧਾਂ ਦੀ ਜਾਂਚ ਵਿੱਚ ਤੇਜ਼ੀ ਆਵੇਗੀ, ਸਗੋਂ ਅਪਰਾਧੀ ਗਿਰੋਹਾਂ ਖ਼ਿਲਾਫ਼ ਕਾਰਵਾਈ ਹੋਰ ਪ੍ਰਭਾਵਸ਼ਾਲੀ ਬਣੇਗੀ। ਇਸ ਨਾਲ ਸਥਾਨਕ ਪੁਲਿਸ ਫੋਰਸਾਂ ਤੇ ਦਬਾਅ ਘਟੇਗਾ ਅਤੇ ਉਹ ਰੋਜ਼ਾਨਾ ਕਾਨੂੰਨ-ਵਿਵਸਥਾ ਸੰਭਾਲਣ ਤੇ ਵਧੇਰੇ ਧਿਆਨ ਦੇ ਸਕਣਗੀਆਂ।

ਹਾਲਾਂਕਿ, ਇਸ ਯੋਜਨਾ ਨੂੰ ਲੈ ਕੇ ਕੁਝ ਨਾਗਰਿਕ ਅਧਿਕਾਰ ਸੰਸਥਾਵਾਂ ਅਤੇ ਪਰਦੇਦਾਰੀ ਹੱਕਾਂ ਲਈ ਕੰਮ ਕਰਨ ਵਾਲੇ ਗਰੁੱਪਾਂ ਵੱਲੋਂ ਚਿੰਤਾਵਾਂ ਵੀ ਜ਼ਾਹਿਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਫੇਸ਼ਲ ਰਿਕਗਨਿਸ਼ਨ ਅਤੇ ਵਧੀਕ ਨਿਗਰਾਨੀ ਤਕਨਾਲੋਜੀ ਦੀ ਵਰਤੋਂ ਨਾਲ ਆਮ ਲੋਕਾਂ ਦੀ ਨਿੱਜਤਾ ਤੇ ਅਸਰ ਪੈ ਸਕਦਾ ਹੈ। ਸਰਕਾਰ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਹਰ ਤਕਨਾਲੋਜੀ ਦੀ ਵਰਤੋਂ ਕਾਨੂੰਨੀ ਹੱਦਾਂ ਅਤੇ ਸਖ਼ਤ ਨਿਗਰਾਨੀ ਹੇਠ ਹੀ ਕੀਤੀ ਜਾਵੇਗੀ।

ਪੁਲਿਸ ਸੁਧਾਰਾਂ ਨਾਲ ਜੁੜੇ ਇਹ ਕਦਮ ਬਰਤਾਨੀਆ ਦੀ ਕਾਨੂੰਨ-ਵਿਵਸਥਾ ਵਿੱਚ ਵੱਡਾ ਬਦਲਾਅ ਮੰਨੇ ਜਾ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਇਸ ਨਵੀਂ ਬ੍ਰਿਟਿਸ਼ *FBI* ਦੀ ਬਣਤਰ, ਅਧਿਕਾਰ ਅਤੇ ਕੰਮ ਕਰਨ ਦੇ ਢੰਗ ਬਾਰੇ ਹੋਰ ਵੇਰਵੇ ਸਾਹਮਣੇ ਆਉਣ ਦੀ ਸੰਭਾਵਨਾ ਹੈ।

# ਬਰਤਾਨੀਆ ਸਰਕਾਰ ਵੱਲੋਂ ਡਰਾਈਵਿੰਗ ਲਾਇਸੈਂਸ ਪ੍ਰਣਾਲੀ ਵਿੱਚ ਕੀਤੀ ਜਾ ਰਹੀ ਹੈ ਵੱਡੀ ਤਬਦੀਲੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬ੍ਰਿਟੇਨ ਵਿੱਚ ਡਰਾਈਵਿੰਗ ਲਾਇਸੈਂਸ ਪ੍ਰਣਾਲੀ ਨੂੰ ਨਵੀਂ ਦਿਸ਼ਾ ਵੱਲ ਲਿਜਾਣ ਲਈ ਸਰਕਾਰ ਵੱਲੋਂ ਵੱਡੀ ਤਬਦੀਲੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤਹਿਤ ਲੱਖਾਂ ਡਰਾਈਵਰਾਂ ਲਈ ਲਾਇਸੈਂਸ ਨੂੰ ਡਿਜ਼ੀਟਲ ਰੂਪ ਵਿੱਚ ਉਪਲਬਧ ਕਰਵਾਇਆ ਜਾਵੇਗਾ, ਜਿਸ ਨਾਲ ਰਵਾਇਤੀ ਪਲਾਸਟਿਕ ਕਾਰਡ ਦੀ ਲੋੜ ਘੱਟ ਹੋ ਜਾਵੇਗੀ। ਸਰਕਾਰੀ ਸੂਤਰਾਂ ਮੁਤਾਬਕ ਨਵਾਂ ਡਿਜ਼ੀਟਲ ਲਾਇਸੈਂਸ ਮੋਬਾਈਲ ਫੋਨ ਰਾਹੀਂ ਦਿਖਾਇਆ ਜਾ ਸਕੇਗਾ। ਟ੍ਰੈਫਿਕ ਜਾਂਚ, ਵਾਹਨ ਕਿਰਾਏ ਤੇ ਲੈਣ, ਪਛਾਣ ਦੀ ਤਸਦੀਕ ਅਤੇ ਹੋਰ ਕਈ ਕੰਮਾਂ ਲਈ ਇਸ ਦੀ ਵਰਤੋਂ ਕੀਤੀ ਜਾਵੇਗੀ। ਇਸ ਨਾਲ ਨਾ ਸਿਰਫ਼ ਲੋਕਾਂ ਦਾ ਸਮਾਂ ਬਚੇਗਾ, ਸਗੋਂ ਨਕਲੀ ਲਾਇਸੈਂਸਾਂ ਅਤੇ ਧੋਖਾਧੜੀ ਤੇ ਵੀ ਕਾਬੂ ਪਾਇਆ ਜਾ ਸਕੇਗਾ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਨਵੀਂ ਪ੍ਰਣਾਲੀ ਹੇਠ ਡਰਾਈਵਰ ਆਪਣੀ ਸਾਰੀ ਜਾਣਕਾਰੀ ਇੱਕ ਸੁਰੱਖਿਅਤ ਡਿਜ਼ੀਟਲ ਪ੍ਰਣਾਲੀ ਵਿੱਚ ਰੱਖ ਸਕਣਗੇ। ਜੇ ਕਿਸੇ ਕਾਰਨ ਮੋਬਾਈਲ ਫੋਨ ਗੁੰਮ ਵੀ ਹੋ ਜਾਵੇ, ਤਾਂ ਲਾਇਸੈਂਸ ਦੀ ਵਰਤੋਂ ਨੂੰ ਤੁਰੰਤ ਰੋਕਿਆ ਜਾ ਸਕੇਗਾ, ਜਿਸ ਨਾਲ ਗਲਤ ਇਸਤੇਮਾਲ ਤੋਂ ਬਚਾਅ ਹੋਵੇਗਾ।

ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਡਿਜ਼ੀਟਲ ਲਾਇਸੈਂਸ ਲਿਆਂਦੇ ਜਾਣ ਦੇ ਬਾਵਜੂਦ ਰਵਾਇਤੀ ਡਰਾਈਵਿੰਗ ਲਾਇਸੈਂਸ ਨੂੰ ਖਤਮ ਨਹੀਂ ਕੀਤਾ ਜਾਵੇਗਾ। ਵੱਡੀ ਉਮਰ ਦੇ ਲੋਕਾਂ ਅਤੇ ਉਹਨਾਂ ਲਈ ਜੋ ਡਿਜ਼ੀਟਲ ਤਕਨੀਕ ਨਾਲ ਅਸੁਵਿਧਾ ਮਹਿਸੂਸ ਕਰਦੇ ਹਨ, ਪੁਰਾਣਾ ਪ੍ਰਣਾਲੀ ਜਾਰੀ ਰਹੇਗੀ।ਟ੍ਰੈਫਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਤਬਦੀਲੀ ਨਾਲ ਸੜਕਾਂ ਤੇ ਜਾਂਚ ਦੌਰਾਨ ਕਾਰਵਾਈ ਤੇਜ਼ ਹੋਵੇਗੀ ਅਤੇ ਪੁਲਿਸ ਨੂੰ ਵੀ ਤੁਰੰਤ ਜਾਣਕਾਰੀ ਮਿਲ ਸਕੇਗੀ। ਇਸ ਦੇ ਨਾਲ ਹੀ ਸਰਕਾਰੀ ਦਫ਼ਤਰਾਂ ਵਿੱਚ ਕਾਗਜ਼ੀ ਕਾਰਵਾਈ ਘੱਟ ਹੋਣ ਦੀ ਉਮੀਦ ਹੈ। ਹਾਲਾਂਕਿ ਕੁਝ ਲੋਕਾਂ ਵੱਲੋਂ ਨਿੱਜੀ ਜਾਣਕਾਰੀ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਵੀ ਜਤਾਈ ਜਾ ਰਹੀ ਹੈ, ਪਰ ਸਰਕਾਰ ਦਾ ਕਹਿਣਾ ਹੈ ਕਿ ਨਵੀਂ ਪ੍ਰਣਾਲੀ ਵਿੱਚ ਉੱਚ ਪੱਧਰੀ ਸੁਰੱਖਿਆ ਉਪਾਅ ਅਪਣਾਏ ਜਾਣਗੇ ਅਤੇ ਬਿਨਾਂ ਮਨਜ਼ੂਰੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਵੇਗੀ। ਕੁੱਲ ਮਿਲਾ ਕੇ ਡਰਾਈਵਿੰਗ ਲਾਇਸੈਂਸ ਪ੍ਰਣਾਲੀ ਵਿੱਚ ਆ ਰਹੀ ਇਹ ਤਬਦੀਲੀ ਦੇਸ਼ ਨੂੰ ਆਧੁਨਿਕ ਤਕਨੀਕੀ ਯੁੱਗ ਵੱਲ ਲਿਜਾਣ ਵਾਲਾ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ, ਜਿਸ ਨਾਲ ਆਮ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਹੋਰ ਸੁਖਾਲਾ ਬਣਾਉਣ ਦੀ ਉਮੀਦ ਜਤਾਈ ਜਾ ਰਹੀ ਹੈ।

# ਐਮਾਜ਼ੋਨ ਵੱਲੋਂ ਹਜ਼ਾਰਾਂ ਕਰਮਚਾਰੀਆਂ ਦੀ ਛੁੱਟੀ ਦੀ ਤਿਆਰੀ

ਲੈਸਟਰ -(ਸੁਖਜਿੰਦਰ ਸਿੰਘ ਢੱਡੇ)-ਦੁਨੀਆ ਦੀ ਪ੍ਰਮੁੱਖ ਆਨਲਾਈਨ ਵਪਾਰਕ ਕੰਪਨੀ ਐਮਾਜ਼ੋਨ ਵੱਲੋਂ ਵੱਡਾ ਫੈਸਲਾ ਲੈਂਦਿਆਂ ਆਉਣ ਵਾਲੇ ਦਿਨਾਂ ਵਿੱਚ ਲਗਭਗ 14 ਹਜ਼ਾਰ ਕਰਮਚਾਰੀਆਂ ਦੀ ਛੁੱਟੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਰਿਪੋਰਟਾਂ ਮੁਤਾਬਕ ਇਹ ਛੁੱਟੀਆਂ ਅਗਲੇ ਹਫ਼ਤੇ ਤੱਕ ਲਾਗੂ ਕੀਤੀਆਂ ਜਾ ਸਕਦੀਆਂ ਹਨ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਤੇ ਆਰਥਿਕ ਅਸਰ ਪੈਣ ਦੀ ਸੰਭਾਵਨਾ ਹੈ।

ਦੱਸਿਆ ਜਾ ਰਿਹਾ ਹੈ ਕਿ ਕੁੱਲ ਮਿਲਾ ਕੇ ਕਰੀਬ 30 ਹਜ਼ਾਰ ਅਹੁਦੇ ਖਤਮ ਕਰਨ ਦੀ ਯੋਜਨਾ ਬਣਾਈ ਗਈ ਹੈ, ਜੋ ਕੰਪਨੀ ਦੇ ਕੁੱਲ ਕਰਮਚਾਰੀਆਂ ਦਾ ਛੋਟਾ ਹਿੱਸਾ ਹੋਣ ਦੇ ਬਾਵਜੂਦ ਦਫ਼ਤਰੀ ਸਟਾਫ਼ ਦਾ ਵੱਡਾ ਪ੍ਰਤੀਸ਼ਤ ਬਣਦਾ ਹੈ। ਅਮੇਜ਼ਾਨ ਨਾਲ ਜੁੜੇ ਜ਼ਿਆਦਾਤਰ ਕਰਮਚਾਰੀ ਗੋਦਾਮਾਂ ਅਤੇ ਸਾਮਾਨ ਵੰਡ ਕੇਂਦਰਾਂ ਵਿੱਚ ਕੰਮ ਕਰਦੇ ਹਨ, ਪਰ ਤਾਜ਼ਾ ਛਾਂਟਨੀ ਦਾ ਵੱਡਾ ਅਸਰ ਦਫ਼ਤਰੀ ਅਹੁਦਿਆਂ ਤੇ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।ਕੰਪਨੀ ਸੂਤਰਾਂ ਅਨੁਸਾਰ ਇਹ ਕਦਮ ਵਧ ਰਹੇ ਖਰਚਿਆਂ, ਆਰਥਿਕ ਅਨਿਸ਼ਚਿਤਤਾ ਅਤੇ ਵਪਾਰਕ ਰਣਨੀਤੀ ਵਿੱਚ ਤਬਦੀਲੀ ਦੇ ਚਲਦੇ ਚੁੱਕਿਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਤਕਨੀਕੀ ਅਤੇ ਵਪਾਰਕ ਖੇਤਰ ਵਿੱਚ ਛਾਂਟਨੀ ਦਾ ਦੌਰ ਚੱਲ ਰਿਹਾ ਹੈ, ਜਿਸ ਦੀ ਚਪੇਟ ਵਿੱਚ ਵੱਡੀਆਂ ਕੰਪਨੀਆਂ ਵੀ ਆ ਰਹੀਆਂ ਹਨ। ਕਰਮਚਾਰੀ ਸੰਗਠਨਾਂ ਵੱਲੋਂ ਇਸ ਫੈਸਲੇ ਤੇ ਚਿੰਤਾ ਜਤਾਈ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਫੈਸਲੇ ਨਾਲ ਨਾ ਸਿਰਫ਼ ਕਰਮਚਾਰੀਆਂ ਦੀ ਰੋਜ਼ੀ-ਰੋਟੀ ਪ੍ਰਭਾਵਿਤ ਹੁੰਦੀ ਹੈ, ਸਗੋਂ ਸਮਾਜਿਕ ਅਸਥਿਰਤਾ ਵੀ ਵਧ ਸਕਦੀ ਹੈ। ਕਈ ਕਰਮਚਾਰੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਚਾਨਕ ਇਸ ਤਰ੍ਹਾਂ ਦੀ ਸਥਿਤੀ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ।ਦੂਜੇ ਪਾਸੇ, ਕੰਪਨੀ ਪ੍ਰਬੰਧਨ ਦਾ ਦਾਅਵਾ ਹੈ ਕਿ ਛੁੱਟੀ ਕੀਤੇ ਜਾਣ ਵਾਲੇ ਕਰਮਚਾਰੀਆਂ ਲਈ ਮਾਲੀ ਮਦਦ ਅਤੇ ਹੋਰ ਸਹੂਲਤਾਂ ਦੇ ਪ੍ਰਬੰਧ ਕੀਤੇ ਜਾਣਗੇ, ਤਾਂ ਜੋ ਉਹ ਨਵੀਂ ਨੌਕਰੀ ਦੀ ਤਲਾਸ਼ ਕਰ ਸਕਣ। ਹਾਲਾਂਕਿ ਇਸ ਬਾਰੇ ਹਾਲੇ ਤੱਕ ਕੋਈ ਵਿਸਥਾਰਪੂਰਕ ਐਲਾਨ ਨਹੀਂ ਕੀਤਾ ਗਿਆ।ਕੁੱਲ ਮਿਲਾ ਕੇ ਐਮਾਜ਼ੋਨ ਵੱਲੋਂ ਲਿਆ ਗਿਆ ਇਹ ਫੈਸਲਾ ਵਿਸ਼ਵ ਪੱਧਰ ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਇਹ ਦਰਸਾਉਂਦਾ ਹੈ ਕਿ ਵੱਡੀਆਂ ਕੰਪਨੀਆਂ ਵੀ ਮੌਜੂਦਾ ਆਰਥਿਕ ਦੌਰ ਵਿੱਚ ਕਠਿਨ ਫੈਸਲੇ ਲੈਣ ਲਈ ਮਜਬੂਰ ਹੋ ਰਹੀਆਂ ਹਨ।

# ਟਰੱਕ ਰਾਹੀਂ ਪੰਜ ਵਿਅਕਤੀਆਂ ਨੂੰ ਬ੍ਰਿਟੇਨ ਲਿਆਉਣ ਦੀ ਕੋਸ਼ਿਸ਼ ਦੇ ਦੋਸ ਚ ਤਸਕਰ ਨੂੰ ਕੈਦ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬ੍ਰਿਟੇਨ ਵਿੱਚ ਇੱਕ ਰਿਹਾਇਸ਼ੀ ਇਲਾਕੇ ਨੂੰ ਜੋੜਦੀ ਮੁੱਖ ਸੜਕ ਤੇ ਵਾਪਰੇ ਭਿਆਨਕ ਸੜਕ ਹਾਦਸੇ ਨੇ ਇਲਾਕੇ ਚ ਦਹਿਸ਼ਤ ਫੈਲਾ ਦਿੱਤੀ।ਇਸ ਸੜਕ ਤੇ ਚਾਰ ਵਾਹਨਾਂ ਦੀ ਜ਼ਬਰਦਸਤ ਟੱਕਰ ਹੋ ਗਈ, ਜਿਸ ਕਾਰਨ ਦੋ ਚਾਲਕਾਂ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦਕਿ ਹੋਰ ਕਈ ਲੋਕ ਜ਼ਖ਼ਮੀ ਹੋ ਗਏ।ਜਿਸ ਥਾਂ ਇਹ ਹਾਦਸਾ ਵਾਪਰਿਆ, ਉਹ ਇਲਾਕਾ ਰਿਹਾਇਸ਼ੀ ਘਰਾਂ, ਦੁਕਾਨਾਂ ਅਤੇ ਬੱਸ ਅੱਡੇ ਦੇ ਨੇੜੇ ਸਥਿਤ ਹੈ। ਸੜਕ ਦੇ ਦੋਵੇਂ ਪਾਸਿਆਂ ਘਰਾਂ ਦੀ ਲੜੀ ਹੈ ਅਤੇ ਸਵੇਰੇ ਸਮੇਂ ਇੱਥੇ ਵਾਹਨਾਂ ਦੀ ਆਵਾਜਾਈ ਕਾਫ਼ੀ ਰਹਿੰਦੀ ਹੈ। ਹਾਦਸੇ ਤੋਂ ਬਾਅਦ ਟੁੱਟੇ ਵਾਹਨ ਸੜਕ ਦੇ ਵਿਚਕਾਰ ਅਤੇ ਕਿਨਾਰਿਆਂ ਤੇ ਖਿਲਰੇ ਪਏ ਸਨ, ਜਿਸ ਨਾਲ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ।ਚਸ਼ਮਦੀਦਾਂ ਨੇ ਦੱਸਿਆ ਕਿ ਇੱਕ ਵਾਹਨ ਬੇਹੱਦ ਤੇਜ਼ ਰਫ਼ਤਾਰ ਵਿੱਚ ਸੀ ਅਤੇ ਅਚਾਨਕ ਨਿਯੰਤਰਣ ਖੋ ਬੈਠਾ। ਉਸ ਨੇ ਪਹਿਲਾਂ ਸਾਹਮਣੇ ਆ ਰਹੇ ਵਾਹਨ ਨੂੰ ਟੱਕਰ ਮਾਰੀ ਅਤੇ ਫਿਰ ਲੜੀਵਾਰ ਤੌਰ ਤੇ ਹੋਰ ਦੋ ਵਾਹਨਾਂ ਨਾਲ ਟਕਰਾ ਗਿਆ। ਟੱਕਰ ਦੀ ਆਵਾਜ਼ ਇੰਨੀ ਭਿਆਨਕ ਸੀ ਕਿ ਨੇੜਲੇ ਘਰਾਂ ਚ ਰਹਿੰਦੇ ਲੋਕ ਘਬਰਾਕੇ ਬਾਹਰ ਨਿਕਲ ਆਏ।ਸੂਚਨਾ ਮਿਲਦੇ ਹੀ ਪੁਲਿਸ, ਐਂਬੂਲੈਂਸ ਅਤੇ ਅੱਗ ਬੁਝਾਊ ਦਸਤਾ ਮੌਕੇ ਤੇ ਪਹੁੰਚ ਗਿਆ। ਸੜਕ ਨੂੰ ਦੋਵੇਂ ਪਾਸਿਆਂ ਤੋਂ ਬੰਦ ਕਰਕੇ ਜ਼ਖ਼ਮੀਆਂ ਨੂੰ ਬਾਹਰ ਕੱਢਿਆ ਗਿਆ ਅਤੇ ਨੇੜਲੇ ਹਸਪਤਾਲ ਭੇਜਿਆ ਗਿਆ। ਕਾਫ਼ੀ ਸਮੇਂ ਤੱਕ ਸੜਕ ਤੇ ਮਲਬਾ ਪਿਆ ਰਹਿਣ ਕਾਰਨ ਲੋਕਾਂ ਨੂੰ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ।ਪੁਲਿਸ ਜਾਂਚ ਦੌਰਾਨ ਸਾਹਮਣੇ ਆਇਆ ਕਿ ਇੱਕ ਵਾਹਨ ਦਾ ਚਾਲਕ ਨਸ਼ੇ ਦੀ ਹਾਲਤ ਵਿੱਚ ਸੀ। ਇਸ ਆਧਾਰ ਤੇ ਸਤਾਈ ਸਾਲਾ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਕੇ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਨੇ ਕਿਹਾ ਕਿ ਦੋਸ਼ ਸਾਬਤ ਹੋਣ ਤੇ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।ਹਾਦਸੇ ਵਾਲੀ ਥਾਂ ਤੇ ਰਹਿੰਦੇ ਲੋਕਾਂ ਨੇ ਦੱਸਿਆ ਕਿ ਇਸ ਸੜਕ ਤੇ ਅਕਸਰ ਤੇਜ਼ ਰਫ਼ਤਾਰ ਵਾਹਨ ਦੌੜਦੇ ਹਨ ਅਤੇ ਪਹਿਲਾਂ ਵੀ ਕਈ ਵਾਰ ਹਾਦਸੇ ਹੋ ਚੁੱਕੇ ਹਨ। ਲੋਕਾਂ ਨੇ ਮੰਗ ਕੀਤੀ ਹੈ ਕਿ ਇੱਥੇ ਗਤੀ ਰੋਕੂ ਪ੍ਰਬੰਧ ਅਤੇ ਵਧੇਰੇ ਨਿਗਰਾਨੀ ਕੀਤੀ ਜਾਵੇ।**

# ਥਾਈਲੈਂਡ ਤੋਂ ਹੈਰੋਇਨ ਮੰਗਵਾਉਣ ਦਾ ਮਾਮਲਾ : ਸਰਗਨੇ ਸਮੇਤ ਤਿੰਨ ਗ੍ਰਿਫ਼ਤਾਰ

## ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਆਰਤੀ ਨੂੰ ਦਿੱਤਾ ਅਮਰੀਕਾ ਭੇਜਣ ਦਾ ਝਾਂਸਾ-ਦੋ ਦਰਜਨ ਤੋਂ ਵੱਧ ਕੁੜੀਆਂ ਇਸ ਧੰਦੇ ਵਿੱਚ ਸ਼ਾਮਿਲ

ਅੰਮ੍ਰਿਤਸਰ-ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਥਾਈਲੈਂਡ ਤੋਂ 1.5 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤੀ ਗਈ ਆਰਤੀ ਕੌਰ ਨੇ ਐਨਸੀਬੀ ਹਿਰਾਸਤ ਵਿੱਚ ਕਾਫੀ ਕੁਝ ਉਗਲਿਆ ਹੈ। ਇਸ ਜਾਂਚ-ਪੜਤਾਲ ਪਿੱਛੋਂ ਐਨਸੀਬੀ ਨੇ ਗਰੋਹ ਦੇ ਸਰਗਨਾ ਸ਼ੰਮੀ (45 ਸਾਲ) ਵਾਸੀ ਇਸਲਾਮਾਬਾਦ, ਪਰਮਿੰਦਰ ਸਿੰਘ ਵਾਸੀ ਸੈਕਟਰ 18 ਮੁਹਾਲੀ ਤੇ ਰਾਣਾ ਪ੍ਰਤਾਪ ਅੰਮ੍ਰਿਤਸਰ ਚੀਮਾ ਪਿੰਡ ਨੂੰ ਕਾਬੂ ਕੀਤਾ ਹੈ। ਐਨਸੀਬੀ ਅਧਿਕਾਰੀ ਨੇ ਦੱਸਿਆ ਕਿ ਸ਼ੰਮੀ 'ਤੇ ਪਹਿਲਾਂ ਵੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਸੰਬੰਧਿਤ ਤਿੰਨ-ਚਾਰ ਮਾਮਲਿਆਂ ਵਿੱਚ ਕੇਸ ਦਰਜ ਹੈ ਅਤੇ ਉਸ ਕੋਲ ਦੋ ਦਰਜਨ ਤੋਂ ਵੱਧ ਕੁੜੀਆਂ ਕੰਮ ਕਰਦੀਆਂ ਹਨ। ਉਹ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਮੁਕਤਸਰ ਵਾਸੀ ਆਰਤੀ ਕੌਰ (19 ਸਾਲ) ਤੋਂ ਪਹਿਲਾਂ ਸ਼ੰਮੀ ਨੇ ਥਾਈਲੈਂਡ ਜਾਂ ਹੋਰ ਦੇਸ਼ਾਂ ਤੋਂ ਹੈਰੋਇਨ ਮੰਗਵਾਉਣ ਲਈ ਕਿੰਨੀਆਂ ਕੁੜੀਆਂ ਭੇਜੀਆਂ ਹਨ। ਆਰਤੀ ਨੇ ਦੱਸਿਆ ਕਿ ਉਹ ਦੋ ਸਾਲ ਪਹਿਲਾਂ ਇਸ ਗਰੋਹ ਵਿੱਚ ਸ਼ਾਮਿਲ ਹੋਈ ਸੀ। ਦਰਅਸਲ ਉਹ ਕੰਮ ਦੀ ਤਲਾਸ਼ ਵਿੱਚ ਸੀ ਅਤੇ ਉਸ ਨੇ ਹੋਮ ਕੇਅਰ ਵਰਕਰ ਵਜੋਂ ਕੰਮ ਕਰਨ ਲਈ ਉਸ ਨਾਲ ਸੰਪਰਕ ਕੀਤਾ। ਹਾਲਾਂਕਿ ਉਸ ਦਾ ਪਰਿਵਾਰ ਭਾਰੀ ਵਿੱਤੀ ਤੰਗੀ ਦਾ ਸਾਹਮਣਾ ਕਰ ਰਿਹਾ ਸੀ। ਦੋਸ਼ ਹੈ ਕਿ ਸ਼ੰਮੀ ਨੇ ਆਰਤੀ ਦੇ ਪਰਿਵਾਰ ਦੇ ਗੰਭੀਰ ਹਾਲਾਤਾਂ ਨੂੰ ਦੇਖਦਿਆਂ ਉਸ ਨੂੰ ਅਮਰੀਕਾ ਭੇਜਣ ਦੀ ਪੇਸ਼ਕਸ਼ ਕੀਤੀ। ਉਸ ਨੇ ਆਰਤੀ ਨੂੰ ਇਹ ਕਹਿ ਕੇ ਝਾਂਸੇ ਵਿੱਚ ਫਸਾਇਆ ਕਿ ਅਮਰੀਕਾ ਜਾਣ ਲਈ ਉਸ ਨੂੰ ਪਹਿਲਾਂ ਉਸ ਦੇ ਪਾਸਪੋਰਟ 'ਤੇ ਦੋ ਜਾਂ ਤਿੰਨ ਦੇਸ਼ਾਂ ਦਾ ਵੀਜ਼ਾ ਲਵਾਉਣ ਦੀ ਜ਼ਰੂਰਤ ਹੋਵੇਗੀ।

ਇਸ ਪਿੱਛੋਂ ਆਸਾਨੀ ਨਾਲ ਉਹ ਅਮਰੀਕਾ ਪੁੱਜ ਕੇ ਨੌਕਰੀ ਕਰ ਸਕੇਗੀ। ਇਸ ਤਰ੍ਹਾਂ ਆਰਤੀ ਥਾਈਲੈਂਡ ਦੀ ਪਹਿਲੀ ਫੇਰੀ ਕਰਨ ਲਈ ਤਿਆਰ ਹੋ ਗਈ। ਸ਼ੰਮੀ ਨੇ ਆਰਤੀ ਨੂੰ ਵਾਪਸੀ 'ਤੇ ਇਕ ਲਿਫਾਫਾ ਲਿਆਉਣ ਲਈ ਕਿਹਾ। ਇਸ ਪਿੱਛੋਂ ਆਰਤੀ ਨੇ ਅੰਮ੍ਰਿਤਸਰ ਤੋਂ ਥਾਈਲੈਂਡ ਲਈ ਉਡਾਣ ਭਰੀ। ਇਹ ਵੀ ਪਤਾ ਲੱਗਾ ਹੈ ਕਿ ਆਰਤੀ ਉਥੇ ਸ਼ੰਮੀ ਦੇ ਪਾਕਿਸਤਾਨੀ ਅਤੇ ਅਫ਼ਗਾਨ ਤਸਕਰਾਂ ਨੂੰ ਵੀ ਮਿਲੀ ਸੀ। ਉਨ੍ਹਾਂ ਰਾਹੀਂ ਹੀ 1.5 ਕਿੱਲੋ ਹੈਰੋਇਨ ਦੀ ਖੇਪ ਉਸ ਤੱਕ ਪਹੁੰਚਾਈ ਗਈ ਸੀ। ਜਿਵੇਂ ਹੀ ਉਹ ਅੰਮ੍ਰਿਤਸਰ ਵਾਪਸ ਪਹੁੰਚੀ, ਐਨਸੀਬੀ ਦੀ ਗ੍ਰਿਫ਼ਤ ਵਿੱਚ ਆ ਗਈ ਅਤੇ ਉਸ ਕੋਲੋਂ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ।

# ਦਿੱਗਜ ਪੱਤਰਕਾਰ ਸਰ ਮਾਰਕ ਟਲੀ ਨਹੀਂ ਰਹੇ

## 90 ਸਾਲ ਦੀ ਉਮਰ ਵਿੱਚ ਲਿਆ ਆਖਰੀ ਸਾਹ-ਬੀਬੀਸੀ ਦੀ ਭਾਰਤੀ ਆਵਾਜ਼ ਵਜੋਂ ਜਾਣੇ ਜਾਂਦੇ ਸਨ ਟਲੀ ਸਾਹਿਬ-ਸ਼ੁੱਧ ਹਿੰਦੀ ਬੋਲਣ ਵਾਲੇ ਪਦਮਸ਼੍ਰੀ-ਪਦਮਭੂਸ਼ਣ ਨਾਲ ਸੀ ਸਨਮਾਨਿਤ



ਨਵੀਂ ਦਿੱਲੀ-ਭਾਰਤ ਵਿੱਚ ਬੀਬੀਸੀ ਦੇ ਸਾਬਕਾ ਬਿਊਰੋ ਚੀਫ ਅਤੇ ਪ੍ਰਸਿੱਧ ਪੱਤਰਕਾਰ ਸਰ ਮਾਰਕ ਟਲੀ ਦਾ 90 ਸਾਲ ਦੀ ਉਮਰ ਵਿੱਚ ਨਿਧਨ ਹੋ ਗਿਆ। ਉਹ ਦਿੱਲੀ ਵਿੱਚ ਨਿਜ਼ਾਮੁਦੀਨ ਵੈਸਟ ਵਿੱਚ ਰਹਿੰਦੇ ਸਨ। ਦੇਸ਼ ਦੀ ਨਬਜ਼ ਨੂੰ ਸਮਝਣ ਵਾਲੇ ਮਾਰਕ ਟਲੀ ਨੂੰ ਬੀਬੀਸੀ ਦੀ ਭਾਰਤੀ ਆਵਾਜ਼ ਵਜੋਂ ਜਾਣਿਆ ਜਾਂਦਾ ਸੀ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਅਤੇ ਸਾਕੇਤ ਸਥਿਤ ਮੈਕਸ ਹਸਪਤਾਲ ਤੋਂ ਇਲਾਜ ਚੱਲ ਰਿਹਾ ਸੀ। ਉਨ੍ਹਾਂ ਦਾ ਦੇਹਾਂਤ ਪੱਤਰਕਾਰੀ ਦੀ ਦੁਨੀਆਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਮਾਰਕ ਟਲੀ ਦਾ ਜਨਮ ਸਾਲ 1935 ਵਿੱਚ ਕੋਲਕਾਤਾ ਵਿੱਚ ਹੋਇਆ ਅਤੇ ਬ੍ਰਿਟੇਨ ਦੇ ਕੈਂਬਰਿਜ ਤੋਂ ਇਤਿਹਾਸ ਅਤੇ ਧਰਮਸ਼ਾਸਤਰ ਦੀ ਪੜ੍ਹਾਈ ਕੀਤੀ ਸੀ। ਉਹ ਦਿੱਲੀ ਦੇ ਵਿਦੇਸ਼ੀ ਪੱਤਰਕਾਰਾਂ ਵਿੱਚ ਗਿਣੇ-ਚੁਣੇ ਲੋਕਾਂ ਵਿੱਚੋਂ ਸਨ, ਜੋ ਹਮੇਸ਼ਾ ਸ਼ੁੱਧ ਹਿੰਦੀ ਬੋਲਦੇ ਸਨ, ਜਿਸ ਕਾਰਨ ਲੋਕ ਉਨ੍ਹਾਂ ਨੂੰ ਪਿਆਰ ਨਾਲ ਟਲੀ ਸਾਹਿਬ ਆਖਦੇ ਸਨ। ਉਨ੍ਹਾਂ ਆਪਣੇ ਲੰਬੇ ਕੈਰੀਅਰ ਵਿੱਚ ਦੱਖਣੀ ਏਸ਼ੀਆ ਦੀਆਂ ਕਈ ਘਟਨਾਵਾਂ ਨੂੰ ਕਵਰ ਕੀਤਾ, ਜਿਸ ਵਿੱਚ 1984 ਦਾ ਆਪ੍ਰੇਸ਼ਨ ਬਲਿਊ ਸਟਾਰ ਵੀ ਸ਼ਾਮਿਲ ਹੈ।

# ਜਦੋਂ ਵਿਧਾਇਕ ਨੂੰ ਆਪਣੇ ਹੀ ਵਰਕਰਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ

ਪਟਿਆਲਾ-ਸ਼ੁਤਰਾਣਾ ਹਲਕੇ ਨਾਲ ਸੰਬੰਧਿਤ ਆਪ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੂੰ ਆਪਣੀ ਹੀ ਪਾਰਟੀ ਦੇ ਵਰਕਰਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ। ਵਰਕਰਾਂ ਨੇ ਪਿਛਲੇ ਚਾਰ ਸਾਲਾਂ ਤੋਂ ਪਿੰਡ ਅਤੇ ਵਰਕਰਾਂ ਦੀ ਸਾਰ ਨਾ ਲੈਣ ਦੇ ਗੰਭੀਰ ਦੋਸ਼ ਲਾਉਂਦਿਆਂ ਉਸ ਨੂੰ ਤਿੱਖੇ ਸਵਾਲ ਵੀ ਕੀਤੇ। ਉਨ੍ਹਾਂ ਨਾਰਾਜ਼ਗੀ ਪ੍ਰਗਟ ਕਰਦਿਆਂ ਵਿਧਾਇਕ ਨੂੰ ਸਪੱਸ਼ਟ ਕਿਹਾ ਕਿ ਉਨ੍ਹਾਂ (ਵਰਕਰਾਂ) ਨੇ ਚੋਣਾਂ ਸਮੇਂ ਪੂਰਾ ਜ਼ੋਰ ਲਗਾਇਆ ਸੀ ਪਰ ਹੁਣ ਹਾਲਾਤ ਅਜਿਹੇ ਹਨ ਕਿ ਪਿਛਲੇ ਚਾਰ ਸਾਲਾਂ ਦੌਰਾਨ ਉਹ ਪਿੰਡ ਵਿੱਚ ਕਿਸੇ ਦੇ ਦੁੱਖ-ਸੁੱਖ ਵਿੱਚ ਵੀ ਸ਼ਾਮਿਲ ਨਹੀਂ ਹੋਏ। ਵਰਕਰਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਤਿੰਨ ਵਰਕਰਾਂ ਦੀ ਮੌਤ ਹੋ ਗਈ, ਪਰ ਤੁਸੀਂ ਕਿਸੇ ਦੇ ਭੋਗ 'ਤੇ ਵੀ ਨਹੀਂ ਪੁੱਜੇ। ਤੁਹਾਨੂੰ ਫੋਨ ਰਾਹੀਂ ਵੀ ਸੂਚਿਤ ਕੀਤਾ, ਪਰ ਕਿਸੇ ਨੇ ਸਾਡੀ ਬਾਤ ਨਹੀਂ ਪੁੱਛੀ। ਜਦੋਂ ਵਿਧਾਇਕ ਨੇ ਲੋਕਾਂ ਦਾ ਗੁੱਸਾ ਸ਼ਾਂਤ ਕਰਨ ਦੀ ਗੱਲ ਕਹੀ ਤਾਂ ਵਰਕਰਾਂ ਨੇ ਜੁਆਬ ਦਿੱਤਾ ਕਿ ਸਾਡਾ ਗੁੱਸਾ ਜਾਇਜ਼ ਹੈ, ਕਿਉਂਕਿ ਪਾਰਟੀ ਦਾ ਸਾਥ ਦੇਣ ਦੇ ਬਾਵਜੂਦ ਪਾਰਟੀ ਨੇ ਸਾਡੀ ਅਣਦੇਖੀ ਕੀਤੀ ਹੈ। ਵਰਕਰਾਂ ਨੇ ਕਿਹਾ ਕਿ ਜਦੋਂ ਆਗੂ ਕਿਸੇ ਦੇ ਦੁੱਖ-ਸੁੱਖ ਵਿੱਚ ਹੀ ਸ਼ਾਮਿਲ ਨਹੀਂ ਹੁੰਦੇ ਤਾਂ ਉਹ ਜਨਤਾ ਦਾ ਸਹਿਯੋਗ ਕਿਸ ਆਧਾਰ 'ਤੇ ਮੰਗਣਗੇ।

# ਬੰਗਲਾਦੇਸ਼ ਵਿੱਚ ਘੱਟਗਿਣਤੀਆਂ 'ਤੇ ਹੋ ਰਹੇ ਹਮਲੇ

## ਗੈਰਾਜ ਵਿੱਚ ਸੁੱਤੇ ਪਏ ਇਕ ਹਿੰਦੂ ਨੌਜਵਾਨ ਨੂੰ ਜ਼ਿੰਦਾ ਸਾੜਿਆ, ਮੌਤ

ਢਾਕਾ-ਰਾਜਧਾਨੀ ਢਾਕਾ ਤੋਂ ਲਗਪਗ 50 ਕਿਲੋਮੀਟਰ ਦੂਰ ਨਰਸਿੰਗਦੀ ਜ਼ਿਲ੍ਹੇ ਵਿੱਚ ਇਕ 23 ਸਾਲਾ ਹਿੰਦੂ ਮਕੈਨਿਕ ਚੰਚਲ ਚੰਦਰ ਭੌਮਿਕ ਨੂੰ ਕਾਰ ਰਿਪੇਅਰ ਵਰਕਸ਼ਾਪ ਵਿੱਚ ਸੁੱਤੇ ਪਏ ਨੂੰ ਜ਼ਿੰਦਾ ਸਾੜ ਦਿੱਤਾ ਗਿਆ, ਜਿਸ ਕਾਰਨ ਘੱਟਗਿਣਤੀਆਂ ਵਿੱਚ ਅਸੁਰੱਖਿਆ ਦੀ ਭਾਵਨਾ ਦੇ ਨਾਲ-ਨਾਲ ਗੁੱਸਾ ਵੀ ਵੱਧ ਗਿਆ ਹੈ। ਮ੍ਰਿਤਕ ਖਾਨਾਬਾਰੀ ਮਸਜਿਦ ਮਾਰਕੀਟ ਖੇਤਰ ਦੇ ਇਕ ਗੈਰਾਜ ਵਿੱਚ ਕੰਮ ਕਰਦਾ ਸੀ। ਘਟਨਾ ਵਾਲੇ ਦਿਨ ਕੰਮ ਖ਼ਤਮ ਕਰਨ ਪਿੱਛੋਂ ਉਹ ਗੈਰਾਜ ਵਿੱਚ ਹੀ ਸੌਂ ਗਿਆ, ਜਿਸ ਦੌਰਾਨ ਅਣਪਛਾਤੇ ਹਮਲਾਵਰਾਂ ਨੇ ਗੈਰਾਜ ਨੂੰ ਅੱਗ ਲਗਾ ਦਿੱਤੀ।

ਗੈਰਾਜ ਵਿੱਚ ਵੱਡੀ ਮਾਤਰਾ ਵਿੱਚ ਪੈਟਰੋਲ, ਤੇਲ ਅਤੇ ਹੋਰ ਜਲਣਸ਼ੀਲ ਪਦਾਰਥ ਮੌਜੂਦ ਹੋਣ ਕਾਰਨ ਅੱਗ ਛੇਤੀ ਹੀ ਫੈਲ ਗਈ, ਜਿਸ ਕਾਰਨ ਚੰਚਲ ਨੂੰ ਬਾਹਰ ਨਿਕਲਣ ਦਾ ਮੌਕਾ ਹੀ ਨਾ ਮਿਲਿਆ ਅਤੇ ਦਮ ਘੁਟਣ ਤੇ ਸੜਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਥੇ ਮੌਜੂਦ ਲੋਕਾਂ ਨੇ ਇਸ ਘਟਨਾ ਨੂੰ ਇਕ ਯੋਜਨਾਬੱਧ ਤਰੀਕੇ ਨਾਲ ਕੀਤੀ ਹੱਤਿਆ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਇਕ ਮੁਸਲਿਮ ਬਹੁਗਿਣਤੀ ਦੇਸ਼ ਹੈ।

# ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਪਦਮਸ਼੍ਰੀ ਨਾਲ ਸਨਮਾਨਿਤ

ਜਲੰਧਰ-ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਜੀ ਨੂੰ ਪਦਮਸ਼੍ਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਧਰਮ ਦੇ ਪ੍ਰਚਾਰ ਤੇ ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰ ਰਹੇ ਸੰਤ ਨਿਰੰਜਣ ਦਾਸ ਜੀ ਨੂੰ ਇਹ ਸਨਮਾਨ ਮਿਲਣ 'ਤੇ ਦੇਸ਼ ਵਿਦੇਸ਼ ਦੀ ਸੰਗਤ ਕਾਫੀ ਉਤਸ਼ਾਹਿਤ ਹੈ। ਡੇਰਾ ਬੱਲਾਂ ਦੇ ਮੁਖੀ ਹੋਣ ਦੇ ਨਾਲ-ਨਾਲ ਉਹ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਸੀਰ ਗੋਵਰਧਨ (ਵਾਰਾਣਸੀ) ਦੇ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਟਰੱਸਟ ਦਾ ਸੰਚਾਲਨ ਵੀ ਕਰਦੇ ਹਨ।

ਉਨ੍ਹਾਂ ਦਾ ਆਸ਼ੀਰਵਾਦ ਲੈਣ ਲਈ ਰਵਿਦਾਸ ਸਮਾਜ ਹੀ ਨਹੀਂ ਸਗੋਂ ਹਰ ਧਰਮ ਦੇ ਲੋਕ ਜਾਂਦੇ ਹਨ। ਉਨ੍ਹਾਂ ਨੂੰ ਧਰਮ ਅਤੇ ਸਮਾਜ ਦੀ ਸੇਵਾ ਪ੍ਰਤੀ ਨਿਸ਼ਠਾ ਨੂੰ ਦੇਖਦਿਆਂ ਇਸ ਉੱਚ ਸਨਮਾਨ ਨਾਲ ਨਿਵਾਜਿਆ ਗਿਆ। ਸੰਤ ਨਿਰੰਜਣ ਦਾਸ ਮਹਾਰਾਜ ਜੀ ਦਾ ਜਨਮ 6 ਫਰਵਰੀ, 1942 ਨੂੰ ਅਲਾਵਲਪੁਰ ਸ਼ਹਿਰ ਦੇ ਪੂਰਬੀ ਹਿੱਸੇ ਵਿੱਚ ਮੁਹੱਲਾ ਰਾਮਦਾਸਪੁਰਾ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਸਾਧੂ ਰਾਮ ਤੇ ਮਾਤਾ ਰੁਕਮਣੀ ਡੇਰਾ ਬੱਲਾਂ ਦੇ ਅਨੁਯਾਈ ਸਨ, ਜਿਸ ਕਾਰਨ ਉਹ ਆਪਣੇ ਪੁੱਤਰ ਨਿਰੰਜਣ ਦਾਸ ਨੂੰ ਵੀ ਸੰਤਾਂ ਦੇ ਦਰਸ਼ਨ ਲਈ ਲੈ ਕੇ ਜਾਂਦੇ ਸੀ। ਪੁੱਤਰ ਦੀ ਸੰਤਾਂ ਪ੍ਰਤੀ ਸ਼ਰਧਾ ਕਾਰਨ ਸਾਧੂ ਰਾਮ ਨੇ ਨਿਰੰਜਣ ਦਾਸ ਜੀ ਨੂੰ ਸੰਤ ਸਰਵਣ ਦਾਸ ਜੀ ਦੇ ਚਰਨਾਂ ਵਿੱਚ ਅਰਪਿਤ ਕਰ ਦਿੱਤਾ। ਸੰਤ ਨਿਰੰਜਣ ਦਾਸ ਜੀ 23 ਜੁਲਾਈ 1994 ਨੂੰ 52 ਸਾਲ ਦੀ ਆਯੂ ਵਿੱਚ ਗੱਦੀਨਸ਼ੀਨ ਬਣੇ ਸਨ। ਉਹ ਭਾਰਤ ਦੇ ਨਾਲ-ਨਾਲ ਸਪੇਨ, ਇਟਲੀ, ਆਸਟ੍ਰੀਆ, ਵਿਆਨਾ, ਜਰਮਨੀ, ਗਰੀਸ, ਫਰਾਂਸ ਤੇ ਹਾਲੈਂਡ ਵਰਗੇ ਦੇਸ਼ਾਂ ਵਿੱਚ ਵੀ ਪ੍ਰਚਾਰ-ਪ੍ਰਸਾਰ ਲਈ ਗਏ ਹਨ। ਸੰਤ ਨਿਰੰਜਣ ਦਾਸ ਜੀ ਚੈਰੀਟੇਬਲ ਹਸਪਤਾਲ ਤੇ ਸਕੂਲ ਦਾ ਸੰਚਾਲਨ ਕਰਕੇ ਮਨੁੱਖਤਾ ਦੀ ਸੇਵਾ ਕਰ ਰਹੇ ਹਨ।

# ਨਵੀਂ ਫਿਲਮ ਬਾਰਡਰ 2 – ਮੇਜਰ ਜਨਰਲ ਹਰਦੇਵ ਸਿੰਘ ਕਲੇਰ ਦੀ ਬਹਾਦਰੀ ਦੀ ਕਹਾਣੀ





ਬ੍ਰਿਗੇਡੀਅਰ ਸ: ਕੁਲਦੀਪ ਸਿੰਘ ਚਾਂਦਪੁਰੀ ਅਤੇ ਧਰਮਵੀਰ ਸਿੰਘ ਕਲੇਰ ਦੀਆਂ ਯਾਦਗਾਰੀ ਤਸਵੀਰਾਂ

ਸਨੀ ਦਿਓਲ ਫ਼ਿਲਮ ਬਾਰਡਰ 2 ਵਿੱਚ ਮੇਜਰ ਜਨਰਲ ਹਰਦੇਵ ਸਿੰਘ ਕਲੇਰ (ਕਲੇਅਰ) ਦੀ ਭੂਮਿਕਾ ਨਿਭਾਅ ਰਹੇ ਹਨ, ਜਿੱਥੇ ਇਸ ਕਿਰਦਾਰ ਦਾ ਨਾਮ ਫਤਿਹ ਸਿੰਘ ਕਲੇਰ (ਕਲੇਅਰ) ਰੱਖਿਆ ਗਿਆ ਹੈ। ਮੇਜਰ ਜਨਰਲ ਹਰਦੇਵ ਸਿੰਘ ਕਲੇਰ (ਐਮ ਵੀ ਸੀ, ਏ ਵੀ ਐਸ ਐਮ) ਭਾਰਤੀ ਫੌਜ ਦੇ ਸਭ ਤੋਂ ਬਹਾਦਰ ਅਤੇ ਸਨਮਾਨਿਤ ਅਧਿਕਾਰੀਆਂ ਵਿੱਚੋਂ ਇੱਕ ਸਨ, ਜੋ 1965 ਅਤੇ 1971 ਦੀਆਂ ਜੰਗਾਂ ਵਿੱਚ ਆਪਣੇ ਸ਼ਾਨਦਾਰ ਯੋਗਦਾਨ ਲਈ ਜਾਣੇ ਜਾਂਦੇ ਹਨ।

ਉਹ 3 ਸਤੰਬਰ 1924 ਨੂੰ ਪੰਜਾਬ ਵਿੱਚ ਜਨਮੇ ਸਨ ਅਤੇ ਇੱਕ ਪ੍ਰਸਿੱਧ ਸੈਨਿਕ ਪਰਿਵਾਰ ਨਾਲ ਸੰਬੰਧਿਤ ਸਨ, ਜਿਸਦਾ 300 ਸਾਲ ਤੋਂ ਵੱਧ ਦਾ ਸੈਨਿਕ ਸੇਵਾ ਦਾ ਇਤਿਹਾਸ ਰਿਹਾ ਹੈ। ਉਨ੍ਹਾਂ ਦੇ ਪਿਤਾ ਦੋਵੇਂ ਵਿਸ਼ਵ ਯੁੱਧਾਂ ਵਿੱਚ ਸਨਮਾਨਿਤ ਅਧਿਕਾਰੀ ਰਹੇ। ਜਨਰਲ ਹਰਦੇਵ ਸਿੰਘ ਕਲੇਰ ਨੂੰ 1943 ਵਿੱਚ ਕੋਰ ਆਫ਼ ਸਿਗਨਲਜ਼ ਵਿੱਚ ਕਮਿਸ਼ਨ ਮਿਲਿਆ ਅਤੇ ਬਾਅਦ ਵਿੱਚ ਉਹ ਮੇਜਰ ਜਨਰਲ ਦੇ ਦਰਜੇ ਤੱਕ ਪਹੁੰਚੇ। ਉਨ੍ਹਾਂ ਦਾ ਦਿਹਾਂਤ 2016 ਵਿੱਚ ਕੈਲੀਫ਼ੋਰਨੀਆ, ਅਮਰੀਕਾ ਵਿੱਚ ਹੋਇਆ। ਉਨ੍ਹਾਂ ਦੇ ਪਰਿਵਾਰ ਨੇ ਭਾਰਤੀ ਫੌਜ ਅਤੇ ਵਾਯੂ ਸੈਨਾ ਵਿੱਚ ਕਈ ਉੱਚ ਪੱਧਰੀ ਅਧਿਕਾਰੀ ਦਿੱਤੇ। 1965 ਦੀ ਜੰਗ ਦੌਰਾਨ ਉਨ੍ਹਾਂ ਨੂੰ ਅੜਸ਼ੰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਸਮਾਂ 1971 ਦੀ ਜੰਗ ਵਿੱਚ ਆਇਆ, ਜਦੋਂ ਉਹ 95 ਮਾਊਂਟੇਨ ਬ੍ਰਿਗੇਡ ਦੇ ਕਮਾਂਡਰ ਸਨ। ਉਨ੍ਹਾਂ ਨੇ ਕਮਾਲਪੁਰ ਅਤੇ ਜਮਾਲਪੁਰ ਵਰਗੀਆਂ ਮਹੱਤਵਪੂਰਨ ਪਾਕਿਸਤਾਨੀ ਚੌਕੀਆਂ ਕਬਜ਼ੇ ਵਿੱਚ ਲਿਆਂਦੀਆਂ, ਦੁਸ਼ਮਣ ਨੂੰ ਆਤਮ ਸਮਰਪਣ ਲਈ ਮਜ਼ਬੂਰ ਕੀਤਾ ਅਤੇ ਟੰਗਾਈਲ ਵਿੱਚ ਭਾਰਤੀ ਪੈਰਾਟਰੂਪਰਜ਼ ਨਾਲ ਮਿਲਾਪ ਕੀਤਾ। ਉਨ੍ਹਾਂ ਨੇ ਮੇਘਨਾ ਦਰਿਆ ਨੂੰ ਹੈਲੀਕਾਪਟਰਾਂ ਰਾਹੀਂ ਪਾਰ ਕਰਨ ਦੀ ਬਹਾਦਰ ਯੋਜਨਾ ਵਿੱਚ ਅਹਿਮ ਭੂਮਿਕਾ ਨਿਭਾਈ, ਜਿਸ ਨਾਲ ਪਾਕਿਸਤਾਨੀ ਰੱਖਿਆ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਾਕਾਮ ਕਰ ਦਿੱਤਾ ਗਿਆ ਅਤੇ ਢਾਕਾ ਵੱਲ ਰਸਤਾ ਖੁੱਲ੍ਹ ਗਿਆ। 1971 ਦੀ ਜੰਗ ਦੌਰਾਨ ਪਾਕਿਸਤਾਨੀ ਫੌਜ ਵੱਲੋਂ ਨਿਰਦੋਸ਼ ਬੰਗਲਾਦੇਸ਼ੀਆਂ ਦਾ ਕਤਲੇਆਮ ਕੀਤਾ ਗਿਆ ਸੀ।

ਜਨਰਲ ਹਰਦੇਵ ਸਿੰਘ ਕਲੇਰ ਹਮੇਸ਼ਾਂ ਮੋਰਚੇ ਦੇ ਅੱਗੇ ਰਹੇ ਅਤੇ ਅਸਾਧਾਰਣ ਬਹਾਦਰੀ ਅਤੇ ਰਣਨੀਤਿਕ ਨਿਪੁੰਨਤਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਦੀ ਬ੍ਰਿਗੇਡ ਨੇ ਸੈਂਕੜੇ ਬੰਗਲਾਦੇਸ਼ੀ ਯੁੱਧ ਕੈਦੀ, ਵੱਡੀ ਮਾਤਰਾ ਵਿੱਚ ਹਥਿਆਰ ਕਬਜ਼ੇ ਵਿੱਚ ਲਏ ਅਤੇ ਆਪਣੀ ਪ੍ਰਸਿੱਧ "ਢਾਕਾ ਦੇ 12 ਦਿਨਾਂ ਦੀ ਯੋਜਨਾ" ਤਹਿਤ ਢਾਕਾ ਦੇ ਬਾਹਰੀ ਇਲਾਕਿਆਂ ਤੱਕ ਪਹੁੰਚ ਕੀਤੀ। ਉਨ੍ਹਾਂ ਦੀ ਨਿਡਰ ਅਗਵਾਈ ਅਤੇ ਜੰਗੀ ਮੈਦਾਨ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਉਨ੍ਹਾਂ ਨੂੰ ਮਹਾਂਵੀਰ ਚੱਕ੍ਰ ਨਾਲ ਸਨਮਾਨਿਤ ਕੀਤਾ ਗਿਆ। ਬਾਅਦ ਵਿੱਚ ਉਨ੍ਹਾਂ ਨੇ '12 ਡੇਜ਼ ਆਫ਼ ਢਾਕਾ' ਨਾਮਕ ਕਿਤਾਬ ਵੀ ਲਿਖੀ। ਉਨ੍ਹਾਂ ਨੂੰ ਹੌਂਸਲੇ ਵਾਲੇ ਕਮਾਂਡਰ ਵਜੋਂ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਦੇ ਕਦਮ ਭਾਰਤ ਦੀ ਜਿੱਤ ਅਤੇ ਬੰਗਲਾਦੇਸ਼ ਦੇ ਗਠਨ ਵਿੱਚ ਨਿਰਣਾਇਕ ਸਾਬਤ ਹੋਏ।

ਜਦੋਂ ਤੋਂ ਬਾਰਡਰ 2 ਫਿਲਮ ਬਨਾਉਣ ਦੀ ਖ਼ਬਰ ਆਈ ਹੈ, ਲੋਕ ਇਹ ਜਾਣਨ ਲਈ ਉਤਸੁਕ ਸਨ ਕਿ ਕੀ ਸੰਨੀ ਦਿਓਲ 1997 ਦੀ ਫ਼ਿਲਮ ਬਾਰਡਰ ਵਾਂਗ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੀ ਭੂਮਿਕਾ ਦੁਬਾਰਾ ਨਿਭਾਉਣਗੇ। ਪਰ ਨਵੀਂ ਫ਼ਿਲਮ ਬਾਰਡਰ-2 ਵਿੱਚ ਸੰਨੀ ਦਿਓਲ ਜਨਰਲ ਹਰਦੇਵ ਸਿੰਘ ਕਲੇਰ (ਕਲੇਅਰ) ਦੀ ਭੂਮਿਕਾ ਨਿਭਾ ਰਹੇ ਹਨ, ਜੋ 6 ਸਿੱਖ ਰੈਜੀਮੈਂਟ ਦੇ ਫਤਿਹ ਸਿੰਘ ਕਲੇਰ ਦੇ ਨਾਂ ਨਾਲ ਜਾਣੇ ਜਾਂਦੇ ਹਨ। ਉਹ ਮੂਲ 1997 ਦੀ ਫ਼ਿਲਮ ਤੋਂ ਆਪਣੀ ਭੂਮਿਕਾ ਦੁਹਰਾਉਣ ਵਾਲੇ ਇਕੱਲੇ ਅਦਾਕਾਰ ਹਨ। ਸੰਨੀ ਦਿਓਲ ਦੇ ਇਸ ਸ਼ਕਤੀਸ਼ਾਲੀ ਨਵੇਂ ਕਿਰਦਾਰ ਦੇ ਪ੍ਰੇਰਣਾ ਸਰੋਤ ਜਨਰਲ ਕਲੇਰ ਭਾਰਤੀ ਸੈਨਿਕ ਇਤਿਹਾਸ ਦੇ ਸਭ ਤੋਂ ਸਨਮਾਨਿਤ ਫੀਲਡ ਕਮਾਂਡਰਾਂ ਵਿੱਚੋਂ ਇੱਕ ਰਹੇ ਹਨ। 1971 ਦੀ ਜੰਗ ਦੌਰਾਨ ਉਨ੍ਹਾਂ ਦੀ ਬਹਾਦਰੀ ਅਤੇ ਰਣਨੀਤਿਕ ਮੁਹਾਰਤ ਖਾਸ ਤੌਰ 'ਤੇ ਸਾਹਮਣੇ ਆਈ। ਬਾਰਡਰ 2 ਆਪਣੀਆਂ ਭਾਵਨਾਤਮਕ ਅਤੇ ਸ਼ਕਤੀਸ਼ਾਲੀ ਅਦਾਕਾਰੀਆਂ ਅਤੇ ਅਸਲ ਘਟਨਾਵਾਂ 'ਤੇ ਆਧਾਰਿਤ ਕਹਾਣੀ ਨਾਲ ਭਾਰਤੀ ਸੈਨਿਕਾਂ ਦੀ ਆਤਮਾ ਨੂੰ ਸਲਾਮ ਕਰਦੀ ਹੈ-ਉਹ ਕਹਾਣੀਆਂ ਜੋ ਹਮੇਸ਼ਾਂ ਯਾਦ ਰੱਖੇ ਜਾਣ ਯੋਗ ਹਨ।

## BORDER 2 - A STORY OF BRAVERY




Sunny Deol is playing the role of major General Hardev Singh Kler (Claire) where the character has been named Fathe Singh Kler (Claire) General Hardev Singh Kler (Claire) (MVC) (AVSM) was one of the bravest and most respected officers of the Indian army, known for his outstanding role in the 1965 and 1971 wars.

Born on 3rd September 1924 in Punjab, he came from a legendary miltary family with more than 300 years of service. His father was a decorated officer of both world wars. General Hardev Singh Kler (Claire) was commissioned into the corps of signal in 1943 and later rose to the rank of major General. He passed away in 2016 in California US. His family produced several senior officers across the Indian army and air force.

In the 1965 War, he earned the AVSM. His finest hour came in the 1971 war as commander of the 95 mountain Brigade. He captured key pakistan postions like Kamalpur and Jamalpur, forced enemy to surrender, and linked up with Indian paratroopers at Tangail. He played a decisive role in the bold helicopter crossing of the Megna river, completely outthinking pakistani defensive and opening the road to Dhaka.

Pakistan army who massacred innocent Bangladeshis in the war in 1971. General Hardev Singh Kler (Claire) led from the front, showing exceptional courage and tactical brillance. His brigade captured hundreds of Bangladeshis prisoners of war, large quantities of weapons, and pushed up to the outskirts of Dhaka as part of his famous 12 days of Dhaka plan. For his fearless leadership and battlefield excellence, he was awareded the Vaha Vir Chakra. He later wrote "12 days of Dhaka". He is remembered as a commander of courage whose actions were crucial to India victory and the creation of Bangladesh.

Ever since the Border 2 was released, people have been curious whether Sunny Deol is reprising the much great Brigadier Kuldip Singh Chandpuri as he did in the 1997 film Border however the makers of the new movie Border 2 Sunny Deol will be playing the role of General Hardev Singh Kler (Claire) known as Fateh Singh kler of the 6 Sikh Regiment. He's the only actor reprising a part from the original 1997 movie. As the Inspiration behind Sunny Deol powerful new role General Kler (Claire) remains one of the most respected field commanders in Indian military History, his bravery and tactical mastery came into spotlight during 1971 war. Border 2 with its emotionally charged powerful performances and roots of true events. Its a salute to the spirit of india soldiers whose stories deserve to be remembered.

**From : LAMBARDAR DHARMVEER SINGH CLAIRE COVENTRY**

# ਪਤਨੀ ਨੂੰ ਨਸ਼ੀਲੀ ਦਵਾਈ ਦੇ ਕੇ ਜਿਨਸੀ ਜ਼ੁਲਮ ਕਰਨ ਵਾਲੇ ਪਤੀ ਨੇ ਅਦਾਲਤ ਵਿੱਚ ਗੁਨਾਹ ਕਬੂਲਿਆ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਵਿਲਟਸ਼ਾਇਰ ਇਲਾਕੇ ਵਿੱਚ ਰਹਿਣ ਵਾਲੇ ਫਿਲਿਪ ਯੰਗ ਨਾਂ ਦੇ ਵਿਅਕਤੀ ਵੱਲੋਂ ਆਪਣੀ ਹੀ ਪਤਨੀ ਨਾਲ ਕੀਤੇ ਗਏ ਅਤਿ ਗੰਭੀਰ ਅਤੇ ਅਮਾਨਵੀ ਜਿਨਸੀ ਅਪਰਾਧਾਂ ਦੇ ਮਾਮਲੇ ਨੇ ਸਮਾਜ ਨੂੰ ਹਿਲਾ ਕੇ ਰੱਖ ਦਿੱਤਾ ਹੈ। ਦੋਸ਼ੀ ਨੇ ਅਦਾਲਤ ਅੱਗੇ ਇਹ ਮੰਨ ਲਿਆ ਹੈ ਕਿ ਉਸ ਨੇ ਲੰਮੇ ਸਮੇਂ ਤੱਕ ਆਪਣੀ ਪਤਨੀ ਨੂੰ ਬਿਨਾਂ ਉਸ ਦੀ ਜਾਣਕਾਰੀ ਨਸ਼ੀਲੀ ਦਵਾਈ ਦੇ ਕੇ ਉਸ ਨਾਲ ਜਿਨਸੀ ਜ਼ੁਲਮ ਕੀਤਾ।



ਅਦਾਲਤ ਵਿੱਚ ਪੇਸ਼ ਕੀਤੇ ਗਏ ਮਾਮਲੇ ਅਨੁਸਾਰ ਦੋਸ਼ੀ ਪਤੀ ਵੱਲੋਂ ਆਪਣੀ ਪਤਨੀ ਨੂੰ ਖਾਣ-ਪੀਣ ਵਾਲੀਆਂ ਚੀਜ਼ਾਂ ਵਿੱਚ ਨਸ਼ੀਲੀ ਦਵਾਈ ਮਿਲਾ ਕੇ ਬੇਹੋਸ਼ ਕੀਤਾ ਜਾਂਦਾ ਸੀ, ਜਿਸ ਤੋਂ ਬਾਅਦ ਉਹ ਉਸ ਨਾਲ ਜ਼ਬਰਦਸਤੀ ਕਰਦਾ ਰਿਹਾ। ਇਹ ਸਾਰਾ ਕੁਝ ਕਈ ਮਹੀਨਿਆਂ ਤੱਕ ਚੱਲਦਾ ਰਿਹਾ, ਜਿਸ ਬਾਰੇ ਪੀੜਤਾ ਨੂੰ ਲੰਮੇ ਸਮੇਂ ਤੱਕ ਪੂਰੀ ਜਾਣਕਾਰੀ ਨਹੀਂ ਸੀ।

ਜਦੋਂ ਪੀੜਤਾ ਨੂੰ ਆਪਣੀ ਸਿਹਤ ਵਿੱਚ ਆ ਰਹੇ ਅਸਧਾਰਣ ਬਦਲਾਵਾਂ ਅਤੇ ਸ਼ੱਕੀ ਹਾਲਾਤਾਂ ਬਾਰੇ ਅਹਿਸਾਸ ਹੋਇਆ, ਤਾਂ ਉਸ ਨੇ ਇਸ ਮਾਮਲੇ ਦੀ ਸੂਚਨਾ ਸੰਬੰਧਿਤ ਅਧਿਕਾਰੀਆਂ ਨੂੰ ਦਿੱਤੀ। ਜਾਂਚ ਦੌਰਾਨ ਮੈਡੀਕਲ ਜਾਂਚ, ਪੀੜਤਾ ਦੇ ਵਿਸਥਾਰਪੂਰਕ ਬਿਆਨਾਂ ਅਤੇ ਹੋਰ ਸਬੂਤਾਂ ਦੇ ਆਧਾਰ ’ਤੇ ਦੋਸ਼ੀ ਦੇ ਖ਼ਿਲਾਫ਼ ਮਾਮਲਾ ਮਜ਼ਬੂਤ ਹੋਇਆ।

ਅਦਾਲਤੀ ਕਾਰਵਾਈ ਦੌਰਾਨ ਦੋਸ਼ੀ ਵੱਲੋਂ ਆਪਣੇ ਕੀਤੇ ਗੁਨਾਹਾਂ ਨੂੰ ਕਬੂਲ ਕਰ ਲਿਆ ਗਿਆ, ਜਿਸ ਤੋਂ ਬਾਅਦ ਅਦਾਲਤ ਨੇ ਉਸ ਨੂੰ ਦੋਸ਼ੀ ਕਰਾਰ ਦਿੱਤਾ। ਅਦਾਲਤ ਨੇ ਕਿਹਾ ਕਿ ਇਹ ਮਾਮਲਾ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹੈ, ਸਗੋਂ ਸਮਾਜਿਕ ਅਤੇ ਨੈਤਿਕ ਮੁੱਲਾਂ ’ਤੇ ਵੀ ਗਹਿਰਾ ਘਾਅ ਹੈ।

ਪੁਲਿਸ ਅਧਿਕਾਰੀਆਂ ਨੇ ਇਸ ਮੌਕੇ ਕਿਹਾ ਕਿ ਘਰੇਲੂ ਹਿੰਸਾ ਅਤੇ ਜਿਨਸੀ ਅਪਰਾਧ ਅਕਸਰ ਘਰਾਂ ਦੀਆਂ ਚਾਰ ਦੀਵਾਰਾਂ ਅੰਦਰ ਦਬੇ ਰਹਿੰਦੇ ਹਨ, ਪਰ ਅਜਿਹੇ ਮਾਮਲਿਆਂ ਵਿੱਚ ਪੀੜਤਾਂ ਨੂੰ ਬਿਨਾਂ ਡਰ ਦੇ ਸਾਹਮਣੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਔਰਤਾਂ ਦੀ ਸੁਰੱਖਿਆ ਲਈ ਕਾਨੂੰਨ ਪੂਰੀ ਤਰ੍ਹਾਂ ਸਖ਼ਤ ਹਨ ਅਤੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ ’ਤੇ

ਬਖ਼ਸ਼ਿਆ ਨਹੀਂ ਜਾਵੇਗਾ। ਅਦਾਲਤ ਵੱਲੋਂ ਦੋਸ਼ੀ ਨੂੰ ਸਜ਼ਾ ਸੁਣਾਉਣ ਦੀ ਤਾਰੀਖ ਬਾਅਦ ਵਿੱਚ ਨਿਰਧਾਰਤ ਕੀਤੀ ਜਾਵੇਗੀ।

# ਅਗਵਾ ਕਰਕੇ ਤਸ਼ੱਦਦ, ਤਿੰਨ ਮਿਲੀਅਨ ਦੀ ਫ਼ਿਰੌਤੀ ਦੀ ਮੰਗ

## ✪ ਬਰਮਿੰਘਮ ਵਿੱਚ ਗੈਂਗ ਵੱਲੋਂ ਨਰਸੰਹਾਰਕ ਕਰਤੂਤ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਦੇ ਬਰਮਿੰਘਮ ਸ਼ਹਿਰ ਵਿੱਚ ਅਗਵਾ ਕਰਕੇ ਨਿਰਦਈ ਤਸ਼ੱਦਦ ਕਰਨ ਦਾ ਇਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਗੈਂਗ ਵੱਲੋਂ ਅਗਵਾ ਕੀਤੇ ਗਏ ਵਿਅਕਤੀ ਤੋਂ ਤਿੰਨ ਮਿਲੀਅਨ ਦੀ ਫ਼ਿਰੌਤੀ ਮੰਗੀ ਗਈ। ਫ਼ਿਰੌਤੀ ਨਾ ਮਿਲਣ ਦੀ ਸੂਰਤ ਵਿੱਚ ਅਗਵਾ ਕੀਤੇ ਵਿਅਕਤੀ ’ਤੇ ਖੌਫ਼ਨਾਕ ਤਰੀਕੇ ਨਾਲ ਉਬਲਦਾ ਪਾਣੀ ਪਾ ਕੇ ਤਸ਼ੱਦਦ ਕੀਤਾ ਗਿਆ।

ਪੁਲਿਸ ਅਨੁਸਾਰ ਇਹ ਵਾਰਦਾਤ ਪੂਰੀ ਤਰ੍ਹਾਂ ਯੋਜਨਾਬੱਧ ਢੰਗ ਨਾਲ ਕੀਤੀ ਗਈ। ਦੋਸ਼ੀਆਂ ਵੱਲੋਂ ਪੀੜਤ ਵਿਅਕਤੀ ਨੂੰ ਜ਼ਬਰਦਸਤੀ ਅਗਵਾ ਕਰਕੇ ਇਕ ਗੁਪਤ ਥਾਂ ’ਤੇ ਰੱਖਿਆ ਗਿਆ, ਜਿੱਥੇ ਉਸ ’ਤੇ ਲਗਾਤਾਰ ਜੁਲਮ ਕੀਤੇ ਗਏ। ਤਸ਼ੱਦਦ ਦੇ ਦੌਰਾਨ ਪੀੜਤ ਵਿਅਕਤੀ ਦੀ ਹਾਲਤ ਬੇਹੱਦ ਨਾਜ਼ੁਕ ਹੋ ਗਈ।



ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਦੋਸ਼ੀ ਆਪਸੀ ਰਿਸ਼ਤੇ ਵਿੱਚ ਭਰਾਵਾਂ ਦੇ ਪੁੱਤਰ ਹਨ, ਜਿਨ੍ਹਾਂ ਦੀ ਉਮਰ ਲਗਭਗ 37 ਸਾਲ ਦੱਸੀ ਗਈ ਹੈ। ਦੋਸ਼ੀਆਂ ਵੱਲੋਂ ਪੀੜਤ ਵਿਅਕਤੀ ਨੂੰ ਇਸ ਹਾਲਤ ਵਿੱਚ ਛੱਡ ਦਿੱਤਾ ਗਿਆ ਕਿ ਉਸ ਦੀ ਜ਼ਿੰਦਗੀ ਭਰ ਦੀ ਅਪੰਗਤਾ ਹੋ ਸਕਦੀ ਹੈ।

ਪੁਲਿਸ ਨੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੇ ਉਨ੍ਹਾਂ ਨੂੰ ਗੰਭੀਰ ਦੋਸ਼ਾਂ ਹੇਠ ਦੋਸ਼ੀ ਕਰਾਰ ਦਿੱਤਾ ਗਿਆ। ਅਦਾਲਤ ਨੇ ਮਾਮਲੇ ਨੂੰ ਬੇਹੱਦ ਦਰਦਨਾਕ ਅਤੇ ਅਮਾਨਵੀ ਕਰਾਰ ਦਿੰਦਿਆਂ ਕਿਹਾ ਕਿ ਇਸ ਕਿਸਮ ਦੇ ਅਪਰਾਧ ਸਮਾਜ ਲਈ ਗੰਭੀਰ ਖ਼ਤਰਾ ਹਨ।

ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਹ ਮਾਮਲਾ ਅਗਵਾ ਅਤੇ ਤਸ਼ੱਦਦ ਨਾਲ ਜੁੜੇ ਅਪਰਾਧਾਂ ਵਿੱਚ ਇੱਕ ਚੇਤਾਵਨੀ ਹੈ ਅਤੇ ਇਸ ਤਰ੍ਹਾਂ ਦੇ ਗੈਂਗਾਂ ਖ਼ਿਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ। ਪੀੜਤ ਵਿਅਕਤੀ ਨੂੰ ਚਿਕਿਤਸਾ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਇਸ ਘਟਨਾ ਨੇ ਸ਼ਹਿਰ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਪੈਦਾ ਕਰ ਦਿੱਤਾ ਹੈ, ਜਦਕਿ ਲੋਕਾਂ ਵੱਲੋਂ ਦੋਸ਼ੀਆਂ ਲਈ ਕੜੀ ਤੋਂ ਕੜੀ ਸਜ਼ਾ ਦੀ ਮੰਗ ਕੀਤੀ ਜਾ ਰਹੀ ਹੈ।

# ਪੰਦਰਾਂ ਸਾਲਾ ਲੜਕੇ ਦੀ ਹੱਤਿਆ ਮਾਮਲੇ ’ਚ ਦੋ ਨਾਬਾਲਿਗਾਂ ’ਤੇ ਕਤਲ ਦੇ ਦੋਸ਼

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਗਿਲਡਫੋਰਡ ਸ਼ਹਿਰ ਵਿੱਚ ਇਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਪੰਦਰਾਂ ਸਾਲਾ ਲੜਕੇ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਇਸ ਮਾਮਲੇ ਵਿੱਚ ਪੁਲਿਸ ਵੱਲੋਂ ਦੋ ਨਾਬਾਲਿਗ ਲੜਕਿਆਂ ਨੂੰ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਦੋਸ਼ੀਆਂ ਦੀ ਉਮਰ ਪੰਦਰਾਂ ਅਤੇ ਸੋਲ੍ਹਾਂ ਸਾਲ ਦੱਸੀ ਜਾ ਰਹੀ ਹੈ।



ਪੁਲਿਸ ਅਨੁਸਾਰ ਘਟਨਾ ਦੀ ਸੂਚਨਾ ਸ਼ਾਮ ਦੇ ਸਮੇਂ ਇਕ ਜੰਗਲਨੁਮਾ ਇਲਾਕੇ ਤੋਂ ਮਿਲੀ, ਜੋ ਲੀਡੋ ਰੋਡ ਨੇੜੇ ਸਟੋਕ ਪਾਰਕ ਦੇ ਕੋਲ ਸਥਿਤ ਹੈ। ਸੂਚਨਾ ਮਿਲਦੇ ਹੀ ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਮੌਕੇ ’ਤੇ ਪਹੁੰਚੀਆਂ, ਜਿੱਥੇ ਇਕ ਨੌਜਵਾਨ ਲੜਕੇ ਦੀ ਲਾਸ਼ ਬਰਾਮਦ ਹੋਈ। ਮੌਕੇ ਤੋਂ ਮਿਲੇ ਸਬੂਤਾਂ ਦੇ ਆਧਾਰ ’ਤੇ ਹੱਤਿਆ ਹੋਣ ਦੀ ਪੁਸ਼ਟੀ ਕੀਤੀ ਗਈ। ਪੁਲਿਸ ਵੱਲੋਂ ਮ੍ਰਿਤਕ ਦੀ ਪਹਿਚਾਣ ਲੁਈਸ ਗੈਬਰੀਅਲ ਗੁਐਂਬਸ ਵਜੋਂ ਕੀਤੀ ਗਈ ਹੈ, ਜਿਸ ਦੀ ਉਮਰ ਪੰਦਰਾਂ ਸਾਲ ਸੀ। ਦੱਸਿਆ ਗਿਆ ਹੈ ਕਿ ਮ੍ਰਿਤਕ ਆਪਣੇ ਪਰਿਵਾਰ ਨਾਲ ਗਿਲਡਫੋਰਡ ਇਲਾਕੇ ਵਿੱਚ ਰਹਿੰਦਾ ਸੀ। ਇਸ ਘਟਨਾ ਨਾਲ ਪਰਿਵਾਰ ’ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ ਅਤੇ ਸਾਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਜਾਂਚ ਦੌਰਾਨ ਪੁਲਿਸ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਦੋ ਨਾਬਾਲਿਗ ਲੜਕਿਆਂ ਨੂੰ ਹਿਰਾਸਤ ਵਿੱਚ ਲਿਆ, ਜਿਨ੍ਹਾਂ ’ਤੇ ਹੱਤਿਆ ਦੇ ਦੋਸ਼ ਲਗਾਏ ਗਏ ਹਨ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਦੀ ਹਰ ਪੱਖੋਂ ਡੂੰਘੀ ਜਾਂਚ ਕੀਤੀ ਜਾ ਰਹੀ ਹੈ ਅਤੇ ਘਟਨਾ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਇਸ ਘਟਨਾ ਸਬੰਧੀ ਕੋਈ ਵੀ ਜਾਣਕਾਰੀ ਹੋਵੇ, ਤਾਂ ਉਹ ਅੱਗੇ ਆ ਕੇ ਜਾਂਚ ਵਿੱਚ ਸਹਿਯੋਗ ਕਰੇ। ਨਾਲ ਹੀ ਅਪੀਲ ਕੀਤੀ ਗਈ ਹੈ ਕਿ ਅਫਵਾਹਾਂ ਤੋਂ ਦੂਰ ਰਹਿੰਦੇ ਹੋਏ ਪੁਲਿਸ ਦੀ ਕਾਰਵਾਈ ’ਤੇ ਭਰੋਸਾ ਰੱਖਿਆ ਜਾਵੇ। ਇਸ ਘਟਨਾ ਨੇ ਨਾਬਾਲਿਗਾਂ ਵਿੱਚ ਵਧ ਰਹੀ ਹਿੰਸਾ ਨੂੰ ਲੈ ਕੇ ਇਕ ਵਾਰ ਫਿਰ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ। ਸਮਾਜਿਕ ਅਤੇ ਸਿੱਖਿਆਕ ਵਰਗਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਅਤੇ ਹਿੰਸਕ ਰੁਝਾਨਾਂ ਤੋਂ ਬਚਾਉਣ ਲਈ ਠੋਸ ਕਦਮ ਚੁੱਕੇ ਜਾਣ। ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ ਤੈਅ ਮਿਤੀ ’ਤੇ ਹੋਵੇਗੀ।

# ਪੁਲਿਸ ਮੁਲਾਜ਼ਮਾਂ ਲਈ ਲਾਇਸੈਂਸ ਲਾਜ਼ਮੀ, ਨਹੀਂ ਤਾਂ ਨੌਕਰੀ ਤੋਂ ਹਟਾਉਣ ਦੀ ਚੇਤਾਵਨੀ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਅਤੇ ਵੇਲਜ਼ ਵਿੱਚ ਸੇਵਾ ਨਿਭਾ ਰਹੇ ਸਾਰੇ ਪੁਲਿਸ ਮੁਲਾਜ਼ਮਾਂ ਲਈ ਹੁਣ ਨੌਕਰੀ ਜਾਰੀ ਰੱਖਣ ਵਾਸਤੇ ਲਾਇਸੈਂਸ ਲੈਣਾ ਲਾਜ਼ਮੀ ਕਰ ਦਿੱਤਾ ਜਾ ਰਿਹਾ ਹੈ। ਸਰਕਾਰ ਵੱਲੋਂ ਕੀਤੀ ਜਾ ਰਹੀ ਵੱਡੀ ਪੁਲਿਸ ਸੁਧਾਰ ਪ੍ਰਕਿਰਿਆ ਦੇ ਤਹਿਤ ਇਹ ਨਵਾਂ ਕਦਮ ਚੁੱਕਿਆ ਗਿਆ ਹੈ, ਜਿਸ ਅਨੁਸਾਰ ਲਾਇਸੈਂਸ ਹਾਸਲ ਕਰਨ ਵਿੱਚ ਅਸਫ਼ਲ ਰਹਿਣ ਵਾਲੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾਇਆ ਵੀ ਜਾ ਸਕੇਗਾ।

ਗ੍ਰਿਹ ਮੰਤਰਾਲੇ ਵੱਲੋਂ ਜਾਰੀ ਕੀਤੀ ਜਾਣਕਾਰੀ ਅਨੁਸਾਰ, ਇਹ ਪ੍ਰਬੰਧ ਇਸ ਲਈ ਲਿਆਂਦਾ ਜਾ ਰਿਹਾ ਹੈ ਤਾਂ ਜੋ ਪੁਲਿਸ ਵਿਭਾਗ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕਾਂ ਦਾ ਭਰੋਸਾ ਮੁੜ ਕਾਇਮ ਕੀਤਾ ਜਾ ਸਕੇ। ਪਿਛਲੇ ਕੁਝ ਸਮੇਂ ਦੌਰਾਨ ਸਾਹਮਣੇ ਆਏ ਕਈ ਗੰਭੀਰ ਮਾਮਲਿਆਂ ਤੋਂ ਬਾਅਦ ਪੁਲਿਸ ਪ੍ਰਣਾਲੀ ’ਤੇ ਸਵਾਲ ਖੜੇ ਹੋਏ ਸਨ, ਜਿਸ ਕਾਰਨ ਸਰਕਾਰ ਉੱਤੇ ਸੁਧਾਰ ਲਿਆਉਣ ਦਾ ਦਬਾਅ ਵਧ ਗਿਆ ਸੀ।

ਨਵੇਂ ਪ੍ਰਸਤਾਵਾਂ ਅਨੁਸਾਰ ਹਰ ਪੁਲਿਸ ਮੁਲਾਜ਼ਮ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਹ ਸਰੀਰਕ, ਮਾਨਸਿਕ ਅਤੇ ਨੈਤਿਕ ਤੌਰ ’ਤੇ ਡਿਊਟੀ ਨਿਭਾਉਣ ਯੋਗ ਹੈ। ਲਾਇਸੈਂਸ ਪ੍ਰਣਾਲੀ ਅਧੀਨ ਮੁਲਾਜ਼ਮਾਂ ਦੇ ਪਿਛਲੇ ਰਿਕਾਰਡ, ਸ਼ਿਕਾਇਤਾਂ, ਵਿਵਹਾਰ ਅਤੇ ਪੇਸ਼ਾਵਰ ਮਿਆਰਾਂ ਦੀ ਜਾਂਚ ਕੀਤੀ ਜਾਵੇਗੀ। ਜਿਹੜੇ ਮੁਲਾਜ਼ਮ ਲੋੜੀਂਦੇ ਮਾਪਦੰਡਾਂ ’ਤੇ ਖਰੇ ਨਹੀਂ ਉਤਰਣਗੇ, ਉਨ੍ਹਾਂ ਨੂੰ ਸੇਵਾ ਤੋਂ ਹਟਾਉਣ ਦਾ ਅਧਿਕਾਰ ਅਧਿਕਾਰੀਆਂ ਕੋਲ ਹੋਵੇਗਾ।

ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਦਮ ਕਿਸੇ ਖ਼ਿਲਾਫ਼ ਸਜ਼ਾਮੁਲਕ ਨਹੀਂ, ਸਗੋਂ ਪੁਲਿਸ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਲੋਕ-ਹਿਤੈਸ਼ੀ ਬਣਾਉਣ ਵੱਲ ਇਕ ਅਹੰਮ ਪਹਲ ਹੈ। ਉਨ੍ਹਾਂ ਅਨੁਸਾਰ ਆਮ ਲੋਕਾਂ ਨੂੰ ਇਹ ਭਰੋਸਾ ਹੋਣਾ ਚਾਹੀਦਾ ਹੈ ਕਿ ਜਿਨ੍ਹਾਂ ਦੇ ਹੱਥਾਂ ਵਿੱਚ ਕਾਨੂੰਨ ਦੀ ਰੱਖਿਆ ਦੀ ਜ਼ਿੰਮੇਵਾਰੀ ਹੈ, ਉਹ ਪੂਰੀ ਤਰ੍ਹਾਂ ਯੋਗ ਅਤੇ ਇਮਾਨਦਾਰ ਹਨ।


ਇਸ ਯੋਜਨਾ ਨੂੰ ਲੈ ਕੇ ਪੁਲਿਸ ਮੁਲਾਜ਼ਮਾਂ ਦੇ ਵੱਖ-ਵੱਖ ਸੰਘਠਨਾਂ ਵੱਲੋਂ ਮਿਲੀ-ਜੁਲੀ ਪ੍ਰਤੀਕਿਰਿਆ ਸਾਹਮਣੇ ਆ ਰਹੀ ਹੈ। ਕੁਝ ਇਸਨੂੰ ਜ਼ਰੂਰੀ ਸੁਧਾਰ ਮੰਨ ਰਹੇ ਹਨ, ਜਦਕਿ ਕੁਝ ਸੰਘਠਨਾਂ ਦਾ ਕਹਿਣਾ ਹੈ ਕਿ ਲਾਇਸੈਂਸ ਪ੍ਰਣਾਲੀ ਲਾਗੂ ਕਰਨ ਸਮੇਂ ਮੁਲਾਜ਼ਮਾਂ ਦੇ ਅਧਿਕਾਰਾਂ ਦੀ ਵੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ।

ਸਰਕਾਰ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਪ੍ਰਬੰਧ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ ਅਤੇ ਇਸ ਨਾਲ ਪੁਲਿਸ ਵਿਭਾਗ ਵਿੱਚ ਅਨੁਸ਼ਾਸਨ ਅਤੇ ਪੇਸ਼ਾਵਰ ਮਿਆਰ ਹੋਰ ਮਜ਼ਬੂਤ ਹੋਣਗੇ।

# ਡੱਬ ਵਿਚ ਪਿਸਟਲ ਲਾ ਕੁੜੀਆਂ ਨਾਲ ਘੁੰਮਦੇ ਬਦਨਾਮ ਅਪਰਾਧੀ ਦਾ ਗੋਲੀਆਂ ਮਾਰ ਕੇ ਕਤਲ

ਲੁਧਿਆਣਾ-ਲੁਧਿਆਣਾ ਦੇ ਜਮਾਲਪੁਰ ਚੌਕ ਨੇੜੇ ਗ੍ਰੀਨ ਪਾਰਕ ਵਿੱਚ ਗੋਲੀਆਂ ਮਾਰ ਕੇ ਕੀਤੇ ਗਏ ਇੱਕ ਨੌਜਵਾਨ ਰਾਮ ਨਗਰ ਭਾਮੀਆ ਵਾਸੀ ਪ੍ਰਦੀਪ ਬਿੱਲਾ ਦੇ ਕਤਲ ਮਾਮਲੇ ਵਿੱਚ ਪੁਲਸ ਨੂੰ ਸਨਸਨੀਖੇਜ਼ ਖੁਲਾਸੇ ਹੋਏ ਹਨ। ਪੁਲਸ ਮੁਤਾਬਕ ਬਿੱਲਾ ਖੁਦ ਬਦਨਾਮ ਅਪਰਾਧੀ ਸੀ, ਜਿਸ 'ਤੇ 5 ਤੋਂ 6 ਸੰਗੀਨ ਮੁਕੱਦਮੇ ਦਰਜ ਸਨ ਅਤੇ ਉਹ ਲੰਮੇ ਸਮੇਂ ਤੋਂ ਪੁਲਸ ਦੀ ਗ੍ਰਿਫ਼ਤਾਰੀ ਤੋਂ ਬਚਦਾ ਫਿਰ ਰਿਹਾ ਸੀ। ਘਟਨਾ ਵਾਲੀ ਜਗ੍ਹਾ 'ਤੇ ਬਿੱਲਾ ਦੇ ਡੱਬ ਵਿੱਚੋਂ ਇੱਕ ਪਿਸਟਲ ਵੀ ਬਰਾਮਦ ਹੋਈ ਹੈ।

ਜਾਣਕਾਰੀ ਅਨੁਸਾਰ ਸ਼ਾਮ ਵੇਲੇ ਪ੍ਰਦੀਪ ਬਿੱਲਾ ਗ੍ਰੀਨ ਪਾਰਕ ਵਿੱਚ ਮੌਜੂਦ ਸੀ ਅਤੇ ਉਸ ਨਾਲ ਦੋ ਮਹਿਲਾਵਾਂ ਵੀ ਸਨ। ਇਸੇ ਦੌਰਾਨ ਕੁਝ ਅਣਪਛਾਤੇ ਵਿਅਕਤੀਆਂ ਨੇ ਉੱਥੇ ਪਹੁੰਚ ਕੇ ਉਸ ਨਾਲ ਕਿਸੇ ਗੱਲ ਨੂੰ ਲੈ ਕੇ ਬਹਿਸ ਸ਼ੁਰੂ ਕਰ ਦਿੱਤੀ। ਬਹਿਸ ਛੇਤੀ ਹੀ ਹੱਥੋਪਾਈ ਵਿੱਚ ਬਦਲ ਗਈ ਅਤੇ ਫਿਰ ਹਮਲਾਵਰਾਂ ਨੇ ਬਿੱਲਾ 'ਤੇ ਤਾਬੜਤੋੜ ਫਾਇਰਿੰਗ ਕਰ ਦਿੱਤੀ। ਗੋਲੀਆਂ ਲੱਗਣ ਨਾਲ ਬਿੱਲਾ ਖੂਨ ਨਾਲ ਲੱਥਪੱਥ ਹੋ ਕੇ ਧਰਤੀ 'ਤੇ ਡਿੱਗ ਪਿਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਆਲੇ-ਦੁਆਲੇ ਦੇ ਲੋਕ ਇਕੱਠੇ ਹੋ ਗਏ ਪਰ ਹਮਲਾਵਰ ਫਰਾਰ ਹੋ ਗਏ। ਵਾਰਦਾਤ ਤੋਂ ਤੁਰੰਤ ਬਾਅਦ ਬਿੱਲਾ ਨਾਲ ਮੌਜੂਦ ਦੋਵੇਂ ਮਹਿਲਾਵਾਂ ਵੀ ਗਾਇਬ ਹੋ




ਗਈਆਂ। ਥਾਣਾ ਜਮਾਲਪੁਰ ਦੇ ਐੱਸ. ਐੱਚ. ਓ. ਸਬ ਇੰਸਪੈਕਟਰ ਦਲਜੀਤ ਸਿੰਘ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ। ਪੁਲਸ ਟੀਮ ਹੁਣ ਬਿੱਲਾ ਦੇ ਪੁਰਾਣੇ ਦੁਸ਼ਮਣਾਂ, ਕਰੀਬੀ ਦੋਸਤਾਂ ਅਤੇ ਗੈਂਗ ਮੈਂਬਰਾਂ ਦੀ ਲਿਸਟ ਖੰਗਾਲ ਰਹੀ ਹੈ। ਖਾਸ ਤੌਰ 'ਤੇ ਉਹ ਦੋਵੇਂ ਮਹਿਲਾਵਾਂ ਨੂੰ ਲੱਭਣ ਲਈ ਵੱਡੀ ਛਾਪੇਮਾਰੀ ਕਰ ਰਹੀ ਹੈ, ਜੋ ਕਤਲ ਦੀ ਗੁੱਥੀ ਸੁਲਝਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਪੁਲਸ ਨੇ ਇਸ ਘਟਨਾ ਨੂੰ ਪੁਰਾਣੀਆਂ ਰੰਜਿਸ਼ਾਂ ਜਾਂ ਗੈਂਗ ਵਾਰ ਨਾਲ ਜੋੜ ਕੇ ਵੇਖ ਰਹੀ ਹੈ।

# ਮਜੀਠਾ ਪੁਲਿਸ ਨੇ ਫਿਰੌਤੀ ਮੰਗਣ ਵਾਲੇ ਦੋ ਵਿਅਕਤੀਆਂ ਨੂੰ ਹਥਿਆਰ ਸਮੇਤ ਕੀਤਾ ਗ੍ਰਿਫਤਾਰ



ਅੰਮ੍ਰਿਤਸਰ-ਮਜੀਠਾ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਫੋਨ ਰਾਹੀਂ ਫਿਰੌਤੀ ਮੰਗਣ ਵਾਲੇ ਦੋ ਵਿਅਕਤੀਆਂ ਨੂੰ ਪਿਸਤੌਲ ਸਮੇਤ ਕਾਬੂ ਕਰ ਲਿਆ ਹੈ। ਇਹ ਵਾਰਦਾਤ ਪਿੰਡ ਸੋਹੀਆਂ ਕਲਾਂ ਦੇ ਰਹਿਣ ਵਾਲੇ ਮਾਸਟਰ ਹਰਚਰਨ ਸਿੰਘ ਨਾਲ ਸਬੰਧਤ ਹੈ, ਜਿਨ੍ਹਾਂ ਨੇ ਥਾਣਾ ਮਜੀਠਾ ਵਿੱਚ ਲਿਖਤੀ ਸ਼ਿਕਾਇਤ ਦਰਜ ਕਰਵਾਈ ਸੀ। ਮਿਤੀ 18 ਜਨਵਰੀ ਨੂੰ ਮਾਸਟਰ ਹਰਚਰਨ ਸਿੰਘ ਦੇ ਮੋਬਾਈਲ 'ਤੇ ਇੱਕ ਅਣਪਛਾਤੇ ਵਿਅਕਤੀ ਨੇ ਕਾਲ ਕੀਤੀ ਅਤੇ ਆਪਣੇ ਆਪ ਨੂੰ 'ਡੌਨੀ ਗੈਂਗਸਟਰ' ਦੱਸ ਕੇ 10 ਲੱਖ ਰੁਪਏ ਦੀ ਫਿਰੌਤੀ ਮੰਗੀ। ਰਕਮ ਨਾ ਦੇਣ 'ਤੇ ਪਰਿਵਾਰ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ। ਅਗਲੇ ਦਿਨ ਵੀ ਕਈ ਕਾਲਾਂ ਆਈਆਂ, ਜਿਨ੍ਹਾਂ ਨੂੰ ਅਟੈਂਡ ਨਹੀਂ ਕੀਤਾ ਗਿਆ। 20 ਜਨਵਰੀ ਨੂੰ ਦੁਬਈ ਦੇ ਨੰਬਰ ਤੋਂ ਵਟਸਐਪ 'ਤੇ ਮੈਸੇਜ ਅਤੇ ਵਾਇਸ ਮੈਸੇਜ ਆਉਣ ਲੱਗੇ, ਜਿਨ੍ਹਾਂ ਵਿੱਚ ਰਕਮ ਨੂੰ 5-5 ਲੱਖ ਵਿੱਚ ਵੰਡ ਕੇ ਮੰਗਿਆ ਗਿਆ ਅਤੇ ਧਮਕੀ ਦਿੱਤੀ ਗਈ ਕਿ ਨਹੀਂ ਤਾਂ ਟਰੇਲਰ ਵਿਖਾਇਆ ਜਾਵੇਗਾ ਅਤੇ ਘਰ ਬੰਦੇ ਭੇਜੇ ਜਾਣਗੇ। ਰਾਤ ਨੂੰ ਪਿੰਡ ਵਿੱਚ ਬੱਤੀਆਂ ਜਗਦੀਆਂ ਸਨ ਤਾਂ ਇੱਕ ਮੂੰਹ ਕੱਪੜੇ ਨਾਲ ਢੱਕੇ ਮੋਨੇ ਵਿਅਕਤੀ ਨੇ ਡੱਬ ਵਿੱਚੋਂ ਪਿਸਤੌਲ ਕੱਢ ਕੇ ਪੈਸੇ ਮੰਗੇ ਅਤੇ ਹਰਿੰਦਰ ਸਿੰਘ ਮਹਿਤਾ ਨੂੰ ਦੇਣ ਲਈ ਕਿਹਾ। ਮਾਸਟਰ ਹਰਚਰਨ ਸਿੰਘ ਨੇ ਆਵਾਜ਼ ਅਤੇ ਕੱਦ-ਕਾਠ ਤੋਂ ਪਛਾਣ ਲਿਆ ਕਿ ਇਹ ਸੁਖਮਨਪ੍ਰੀਤ ਸਿੰਘ ਵਾਸੀ ਪਿੰਡ ਸੋਹੀਆਂ ਕਲਾਂ ਹੈ। ਤੁਰੰਤ ਇਤਲਾਹ ਮਿਲਣ 'ਤੇ ਪੁਲਿਸ ਨੇ ਕਾਰਵਾਈ ਕਰਦਿਆਂ ਸੁਖਮਨਪ੍ਰੀਤ ਸਿੰਘ ਨੂੰ ਪਿਸਤੌਲ ਸਮੇਤ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਕਿ ਉਸ ਦੇ ਨਾਲ ਹਰਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਕੁਹਾਟਵਿੰਡ ਹਿੰਦੂਆਂ (ਥਾਣਾ ਮਹਿਤਾ) ਵੀ ਸ਼ਾਮਲ ਸਨ। ਥਾਣਾ ਮਜੀਠਾ ਦੇ ਐੱਸਐੱਚਓ ਇੰਸਪੈਕਟਰ ਕਰਮਪਾਲ ਸਿੰਘ ਨੇ ਦੱਸਿਆ ਕਿ ਸੁਖਮਨਪ੍ਰੀਤ ਸਿੰਘ ਅਤੇ ਪ੍ਰਕਾਸ਼ ਸਿੰਘ ਨੂੰ ਹਥਿਆਰ ਸਮੇਤ ਕਾਬੂ ਕੀਤਾ ਗਿਆ ਹੈ।

# ਲੁਧਿਆਣਾ ਫੌਜੀ ਕੈਂਪ ਵਿਚ ਵਿਆਹੁਤਾ ਦੀ ਰਹੱਸਮਈ ਮੌਤ

## ✪ ਦਹੇਜ਼ ਹੱਤਿਆ ਦੇ ਇਲਜ਼ਾਮ 'ਤੇ ਸਿਪਾਹੀ ਖ਼ਿਲਾਫ਼ ਮੁਕੱਦਮਾ ਦਰਜ

ਲੁਧਿਆਣਾ-ਲੁਧਿਆਣਾ ਵਿੱਚ ਫੌਜੀ ਕੈਂਪ ਵਿਚ ਵਿਆਹੁਤਾ ਔਰਤ ਦੀ ਲਾਸ਼ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਢੋਲੇਵਾਲ ਇਲਾਕੇ ਵਿੱਚ ਸਥਿਤ ਫੌਜੀ ਕੈਂਪ ਵਿੱਚ ਤੈਨਾਤ ਸਿਪਾਹੀ ਛੋਟਨ ਕੁੰਭਕਰ ਵਿਰੁੱਧ ਦਹੇਜ ਹੱਤਿਆ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਇਹ ਜਾਣਕਾਰੀ ਥਾਣਾ ਡਿਵੀਜ਼ਨ ਨੰਬਰ 6 ਦੇ ਇੰਚਾਰਜ ਬਲਵੰਤ ਸਿੰਘ ਨੇ ਦਿੱਤੀ। ਮ੍ਰਿਤਕਾ ਦੇ ਪਿਤਾ ਪ੍ਰਾਬੀਰ ਕੁੰਭਕਰ, ਜੋ ਪੱਛਮੀ ਬੰਗਾਲ ਦੇ ਪੁਰੂਲੀਆ ਜ਼ਿਲ੍ਹੇ ਦੇ ਪਿੰਡ ਗੋਰਾਨਗਾਡੀ ਦੇ ਵਾਸੀ ਹਨ, ਨੇ ਆਪਣੀ ਧੀ ਦੀ ਮੌਤ ਨੂੰ ਦਹੇਜ਼ ਲਈ ਹੱਤਿਆ ਦੱਸਦਿਆਂ ਸ਼ਿਕਾਇਤ ਦਰਜ ਕਰਵਾਈ। ਉਨ੍ਹਾਂ ਦਾ ਦੋਸ਼ ਹੈ ਕਿ ਸਿਪਾਹੀ ਛੋਟਨ ਕੁੰਭਕਰ ਨੇ ਦਹੇਜ਼ ਦੀ ਮੰਗ ਨੂੰ ਲੈ ਕੇ ਆਪਣੀ ਪਤਨੀ ਨੂੰ ਪ੍ਰੇਸ਼ਾਨ ਕੀਤਾ ਅਤੇ ਹੱਤਿਆ ਕਰ ਦਿੱਤੀ। ਫੌਜੀ ਅਧਿਕਾਰੀਆਂ ਨੇ ਵੀ ਇਸ ਘਟਨਾ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਸੀ। ਪੁਲਿਸ ਅਨੁਸਾਰ, ਔਰਤ ਦੀ ਲਾਸ਼ ਕੈਂਪ ਵਿੱਚ ਹੀ ਮਿਲੀ ਸੀ ਅਤੇ ਮੌਤ ਦੇ ਹਾਲਾਤ ਸ਼ੱਕੀ ਸਨ। ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਨੇ ਫੌਜੀ ਸਿਪਾਹੀ ਨੂੰ ਗ੍ਰਿਫਤਾਰ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਪੋਸਟਮਾਰਟਮ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ।

# ਮੁੱਲਾਂਪੁਰ ਦਾਖਾ ਵਿਚ ਡਾਕਾ ਯੋਜਨਾ ਨਾਕਾਮ, 6 ਨੌਜਵਾਨ ਗ੍ਰਿਫ਼ਤਾਰ

ਮੁੱਲਾਂਪੁਰ ਦਾਖਾ (ਲੁਧਿਆਣਾ)-ਥਾਣਾ ਦਾਖਾ ਦੀ ਪੁਲਸ ਨੇ ਏਕ ਏ.ਟੀ.ਐੱਮ. ਬੂਥ ਨੂੰ ਲੁੱਟਣ ਦੀ ਯੋਜਨਾ ਬਣਾ ਰਹੇ 6 ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਡੀ.ਐੱਸ.ਪੀ. ਵਰਿੰਦਰ ਸਿੰਘ ਖੋਸਾ ਨੇ ਦੱਸਿਆ ਕਿ ਪੁਲਸ ਪਾਰਟੀ ਏ.ਐੱਸ.ਆਈ. ਨਰਿੰਦਰ ਕੁਮਾਰ ਦੀ ਅਗਵਾਈ ਹੇਠ ਮੁੱਲਾਂਪੁਰ ਚੌਕ ਵਿੱਚ ਚੈਕਿੰਗ ਕਰ ਰਹੀ ਸੀ। ਇਸ ਦੌਰਾਨ ਗੁਪਤ ਸੂਚਨਾ ਮਿਲੀ ਕਿ ਕਰਮਜੀਤ ਸਿੰਘ ਵਾਸੀ ਪੱਤੀ ਬੁੜਾ ਦਾਖਾ, ਜਿਸ ਖਿਲਾਫ਼ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ, ਨਵੇਂ ਨੌਜਵਾਨਾਂ ਨੂੰ ਰਲਾ ਕੇ ਵਾਰਦਾਤਾਂ ਕਰਵਾ ਰਿਹਾ ਹੈ।

ਸੂਚਨਾ ਮੁਤਾਬਕ ਕਰਮਜੀਤ ਸਿੰਘ ਸਮੇਤ ਕੁੰਦਨ ਕੁਮਾਰ , ਸੰਜੇ ਕੁਮਾਰ ਵਾਸੀ ਮੰਡੀ ਮੁੱਲਾਂਪੁਰ, ਮੁਹੰਮਦ ਸਮੀਰ ਸ਼ੇਖ ਵਾਸੀ ਪਿੰਡ ਦਾਖਾ, ਸ਼ਿਵਾ ਚੌਧਰੀ ਵਾਸੀ ਮੰਡੀ ਮੁੱਲਾਂਪੁਰ ਅਤੇ ਅਕਾਸ਼ਦੀਪ ਸਿੰਘ ਵਾਸੀ ਪਿੰਡ ਦਾਖਾ ਗੁਰਮਤਿ ਭਵਨ ਦੇ ਸਾਹਮਣੇ ਖਾਲੀ ਪਲਾਟ ਵਿੱਚ ਬੈਠੇ ਸਨ ਅਤੇ ਏ.ਟੀ.ਐੱਮ. ਲੁੱਟਣ ਦੀ ਸਾਜ਼ਿਸ਼ ਰਚ ਰਹੇ ਸਨ। ਉਨ੍ਹਾਂ ਕੋਲ ਮਾਰੂ ਹਥਿਆਰ ਵੀ ਮੌਜੂਦ ਸਨ। ਏ.ਐੱਸ.ਆਈ. ਨਰਿੰਦਰ ਸ਼ਰਮਾ ਨੇ ਤੁਰੰਤ ਛਾਪੇਮਾਰੀ ਕਰਕੇ ਇਨ੍ਹਾਂ 6 ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕੋਲੋਂ 4 ਖੰਡੇ, 1 ਕਿਰਪਾਨ ਅਤੇ 1 ਡਾਂਗ ਬਰਾਮਦ ਕੀਤੇ ਗਏ। ਪੁਲਸ ਨੇ ਇਨ੍ਹਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

# ਸ਼ਰਮਸਾਰ ਪੰਜਾਬ ! ਲੁਧਿਆਣਾ ਵਿਚ ਬੀਬੀ ਨਾਲ ਗੈਂਗਰੇਪ

## ✪ ਨਸ਼ੀਲੀ ਚੀਜ਼ ਪਿਲਾ ਕੇ ਵੀਡੀਓ ਬਣਾਈ, ਬਲੈਕਮੇਲ ਕੀਤਾ

ਲੁਧਿਆਣਾ-ਪੰਜਾਬ ਦੀ ਰਾਜਧਾਨੀ ਲੁਧਿਆਣਾ ਵਿੱਚ ਇੱਕ ਘਿਨੌਣੀ ਘਟਨਾ ਨੇ ਪੂਰੇ ਸੂਬੇ ਨੂੰ ਸ਼ਰਮਸਾਰ ਕਰ ਦਿੱਤਾ ਹੈ। ਇੱਕ ਮਹਿਲਾ ਨੂੰ ਝਾਂਸੇ ਵਿੱਚ ਲੈ ਕੇ ਕੋਲਡ ਡਰਿੰਕ ਵਿੱਚ ਨਸ਼ੀਲੀ ਚੀਜ਼ ਘੋਲ ਕੇ ਪਿਲਾਈ ਗਈ ਅਤੇ ਤਿੰਨ ਮੁਲਜ਼ਮਾਂ ਨੇ ਉਸ ਨਾਲ ਗੈਂਗਰੇਪ ਕੀਤਾ। ਇਸ ਤੋਂ ਵੀ ਵੱਧ ਘਿਨੌਣੀ ਗੱਲ ਇਹ ਹੈ ਕਿ ਦਰਿੰਦਿਆਂ ਨੇ ਖੁਦ ਹੀ ਇਸ ਅਪਰਾਧ ਦੀ ਵੀਡੀਓ ਬਣਾ ਲਈ ਅਤੇ ਬਾਅਦ ਵਿੱਚ ਉਸ ਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ ਬਲੈਕਮੇਲ ਕੀਤਾ। ਮਹਿਲਾ ਤੋਂ ਬਲੈਂਕ ਚੈੱਕ ਅਤੇ ਸਟੈਂਪ ਪੇਪਰ 'ਤੇ ਹਸਤਾਖਰ ਵੀ ਕਰਵਾ ਲਏ ਗਏ।



ਪੀੜਤਾ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਜਾਣ-ਪਛਾਣ ਰਿਸ਼ੀ ਪਾਲ ਨਾਂ ਦੇ ਵਿਅਕਤੀ ਨਾਲ ਸੀ, ਜਿਸ ਨੇ ਉਸ ਨੂੰ ਪਰਮਜੀਤ ਸਿੰਘ ਨਾਲ ਮਿਲਵਾਇਆ। ਪਰਮਜੀਤ ਨੇ 10 ਫੀਸਦੀ ਵਿਆਜ 'ਤੇ 2.70 ਲੱਖ ਰੁਪਏ ਉਧਾਰ ਦਿੱਤੇ ਸਨ। ਪੈਸੇ ਵਾਪਸ ਕਰਨ ਤੋਂ ਬਾਅਦ ਮੁਲਜ਼ਮਾਂ ਨੇ ਭਰੋਸਾ ਜਿੱਤ ਲਿਆ। 13 ਅਗਸਤ 2025 ਨੂੰ ਰਿਸ਼ੀ ਪਾਲ ਨੇ ਮਹਿਲਾ ਨੂੰ ਆਪਣੇ ਦਫ਼ਤਰ ਬੁਲਾਇਆ, ਜਿੱਥੇ ਪਰਮਜੀਤ ਅਤੇ ਇੱਕ ਅਣਪਛਾਤਾ ਵਿਅਕਤੀ ਪਹਿਲਾਂ ਹੀ ਮੌਜੂਦ ਸਨ।


ਮੁਲਜ਼ਮਾਂ ਨੇ ਕੋਲਡ ਡਰਿੰਕ ਵਿੱਚ ਨਸ਼ਾ ਘੋਲ ਕੇ ਪਿਲਾਇਆ ਅਤੇ ਬੇਹੋਸ਼ ਹੋਣ 'ਤੇ ਦਫ਼ਤਰ ਦੇ ਪਿੱਛਲੇ ਕਮਰੇ ਵਿੱਚ ਲੈ ਜਾ ਕੇ ਤਿੰਨਾਂ ਨੇ ਵਾਰੀ-ਵਾਰੀ ਉਸ ਨਾਲ ਸਰੀਰਕ ਸਬੰਧ ਬਣਾਏ। ਉਨ੍ਹਾਂ ਨੇ ਅਸ਼ਲੀਲ ਵੀਡੀਓ ਬਣਾ ਲਈ ਅਤੇ ਹੋਸ਼ ਆਉਣ 'ਤੇ ਵੀਡੀਓ ਵਾਇਰਲ ਕਰਨ ਤੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ ਬਲੈਂਕ ਚੈੱਕ ਤੇ ਸਟੈਂਪ ਪੇਪਰ 'ਤੇ ਦਸਤਖਤ ਕਰਵਾ ਲਏ ਸਨ।

ਥਾਣਾ ਦੁਗਰੀ ਪੁਲਸ ਨੇ ਰਿਸ਼ੀ ਪਾਲ ਅਤੇ ਪਰਮਜੀਤ ਸਿੰਘ ਨੂੰ ਨਾਮਜ਼ਦ ਕਰਕੇ ਇੱਕ ਅਣਪਛਾਤੇ ਮੁਲਜ਼ਮ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਭਾਰਤੀ ਨਿਆਂ ਪ੍ਰਣਾਲੀ ਉਪਰ ਘੱਟਗਿਣਤੀਆਂ ਦਾ ਵਿਸ਼ਵਾਸ ਕਿਉਂ ਡੋਲ ਰਿਹਾ ?

## ✪ ਨਿਆਂ ਪ੍ਰਣਾਲੀ ਦੀਆਂ ਕਮੀਆਂ ਸਿੱਖ ਕੌਮ ਦੇ ਦਰਦ ਦਾ ਕਾਰਣ ਬਣੀਆਂ ✪ ਅੰਮ੍ਰਿਤਪਾਲ ਸਿੰਘ ਅਤੇ ਉਮਰ ਖਾਲਿਦ ਦੀ ਰਿਹਾਈ ਕਿਉਂ ਨਹੀਂ ਮਿਲ ਰਹੀ: ਜੇਲ੍ਹ ਅਤੇ ਕਾਲੇ ਕਨੂੰਨਾਂ ਦਾ ਲੰਮਾ ਦੌਰ ਕਿਉਂ ?

### ਵਿਸ਼ੇਸ਼ ਰਿਪੋਰਟ












ਭਾਰਤ ਵਿੱਚ ਨਿਆਂ ਪ੍ਰਣਾਲੀ ਨੂੰ ਲੋਕਤੰਤਰ ਦਾ ਮਜ਼ਬੂਤ ਥੰਮ੍ਹ ਮੰਨਿਆ ਜਾਂਦਾ ਹੈ, ਪਰ ਘੱਟਗਿਣਤੀ ਕੌਮਾਂ, ਖ਼ਾਸ ਕਰਕੇ ਸਿੱਖਾਂ ਵਿੱਚ ਪੈਦਾ ਹੋ ਰਹੀ ਨਿਰਾਸ਼ਾ ਨੇ ਇਸ ਦੀ ਨਿਰਪੱਖਤਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। 1984 ਦੇ ਸਿੱਖ ਵਿਰੋਧੀ ਕਤਲੇਆਮ ਤੋਂ ਲੈ ਕੇ ਅੰਮ੍ਰਿਤਪਾਲ ਸਿੰਘ ਅਤੇ ਉਮਰ ਖ਼ਾਲਿਦ ਵਰਗੇ ਹਾਲੀਆ ਮਾਮਲਿਆਂ ਤੱਕ, ਅਦਾਲਤੀ ਦੇਰੀ ਅਤੇ ਸਖ਼ਤ ਕਾਨੂੰਨਾਂ ਦੇ ਦੌਰ ਨੇ ਨਿਆਂ ਲਈ ਇੱਕ ਵੱਡੀ ਖਾਈ ਪੈਦਾ ਕਰ ਦਿੱਤੀ ਹੈ।

### 1984 ਕਤਲੇਆਮ: 42 ਸਾਲਾਂ ਬਾਅਦ ਵੀ ਲੂਣ ਛਿੜਕਦੇ ਫ਼ੈਸਲੇ

ਨਵੰਬਰ 1984 ਦਾ ਕਤਲੇਆਮ ਭਾਰਤੀ ਇਤਿਹਾਸ ਦਾ ਉਹ ਕਾਲਾ ਪੰਨਾ ਹੈ ਜਿਸ ਦੇ ਜ਼ਖ਼ਮ ਅੱਜ ਵੀ ਅੱਲ੍ਹੇ ਹਨ। ਹਾਲ ਹੀ ਵਿੱਚ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਜਨਕਪੁਰੀ ਅਤੇ ਵਿਕਾਸਪੁਰੀ ਹਿੰਸਾ ਮਾਮਲੇ ਵਿੱਚ ਬਰੀ ਕਰਨ ਦੇ ਫ਼ੈਸਲੇ ਨੇ ਪੀੜਤ ਪਰਿਵਾਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਅੰਕੜਿਆਂ ਦੀ ਗਵਾਹੀ: ਕਤਲੇਆਮ ਦੌਰਾਨ 2,733 ਸਿੱਖ ਮਾਰੇ ਗਏ, 587 ਐਫ.ਆਈ.ਆਰ. ਦਰਜ ਹੋਈਆਂ, ਪਰ ਸਿਰਫ਼ 28 ਮਾਮਲਿਆਂ ਵਿੱਚ ਹੀ ਸਜ਼ਾਵਾਂ ਹੋ ਸਕੀਆਂ।

ਪੀੜਤਾਂ ਦਾ ਦਰਦ: ਕੇਸ ਵਿੱਚ ਸੋਹਨ ਸਿੰਘ ਅਤੇ ਅਵਤਾਰ ਸਿੰਘ ਦੇ ਕਤਲ ਅਤੇ ਗੁਰਚਰਨ ਸਿੰਘ ਨੂੰ ਅੱਗ ਲਾਉਣ ਦੇ ਦੋਸ਼ ਸਨ। ਅਦਾਲਤ ਨੇ ਮਰਡਰ ਚਾਰਜ ਨੂੰ ਖਾਰਜ ਕਰ ਦਿੱਤਾ ਅਤੇ ਕਿਹਾ ਕਿ ਸਬੂਤ ਕਾਫ਼ੀ ਨਹੀਂ ਹਨ। ਸੱਜਣ ਕੁਮਾਰ ਨੇ ਕਿਹਾ ਸੀ ਕਿ ਉਹ ਨਿਰਦੋਸ਼ ਹਨ ਅਤੇ ਮੌਕੇ ਤੇ ਨਹੀਂ ਸਨ। ਪਰ ਪੀੜਤਾਂ ਨੇ ਕਿਹਾ ਕਿ ਇਹ ਅਨਿਆਂ ਹੈ ਅਤੇ ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਗੁਆਇਆ ਹੈ। ਅਦਾਲਤ ਬਾਹਰ ਰੋਸ ਪ੍ਰਦਰਸ਼ਨ ਕਰ ਰਹੀ ਪੀੜਤ ਸਿੱਖ ਬੀਬੀ ਨੇ ਭਰੇ ਮਨ ਨਾਲ ਕਿਹਾ, "ਮੇਰੇ ਪਰਿਵਾਰ ਦੇ 7 ਜੀਅ ਮਾਰੇ ਗਏ, ਪਰ 42 ਸਾਲ ਬਾਅਦ ਵੀ ਸਾਨੂੰ ਸਿਰਫ਼ ਤਾਰੀਖਾਂ ਮਿਲੀਆਂ, ਇਨਸਾਫ਼ ਨਹੀਂ।" ਇਹ ਮਸਲਾ ਨਿਆਂ ਪ੍ਰਣਾਲੀ ਦੀ ਕਮਜ਼ੋਰੀ ਨੂੰ ਦਰਸਾਉਂਦਾ ਹੈ, ਜਿੱਥੇ ਸਬੂਤ ਗਾਇਬ ਹੋ ਜਾਂਦੇ ਹਨ ਅਤੇ ਪ੍ਰਕਿਰਿਆ ਲੰਮੀ ਹੋ ਜਾਂਦੀ ਹੈ। ਸਿੱਖ ਕੌਮ ਨੂੰ ਲੱਗਦਾ ਹੈ ਕਿ ਇਹ ਵਿਤਕਰਾ ਹੈ ਅਤੇ ਨਿਆਂ ਨੂੰ ਸਿਆਸੀ ਪ੍ਰਭਾਵ ਨਾਲ ਬਦਲਿਆ ਜਾ ਰਿਹਾ ਹੈ

### ਅੰਮ੍ਰਿਤਪਾਲ ਸਿੰਘ ਅਤੇ ਉਮਰ ਖ਼ਾਲਿਦ: ਕੌਮੀ ਸੁਰੱਖਿਆ ਬਨਾਮ ਸੰਵਿਧਾਨਕ ਹੱਕ

ਅਜੋਕੇ ਸਮੇਂ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਉਮਰ ਖ਼ਾਲਿਦ ਦੇ ਕੇਸ ਨਿਆਂ ਪ੍ਰਣਾਲੀ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦੇ ਹਨ:

ਅੰਮ੍ਰਿਤਪਾਲ ਸਿੰਘ: ਖਡੂਰ ਸਾਹਿਬ ਤੋਂ ਵੱਡੀ ਜਿੱਤ ਦਰਜ ਕਰਨ ਵਾਲੇ ਚੁਣੇ ਹੋਏ ਲੋਕ ਸਭਾ ਮੈਂਬਰ ਹੋਣ ਦੇ ਬਾਵਜੂਦ, ਉਹ ਐੱਨ.ਐੱਸ.ਏ. ਤਹਿਤ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਦੇ ਹਲਕੇ ਦੇ 19 ਲੱਖ ਵੋਟਰਾਂ ਦੀ ਆਵਾਜ਼ ਸੰਸਦ ਵਿੱਚ ਗੂੰਜਣ ਤੋਂ ਵਾਂਝੀ ਹੈ। ਅਦਾਲਤ ਵੱਲੋਂ ਫ਼ੈਸਲਾ ਸਰਕਾਰ 'ਤੇ ਛੱਡਣਾ ਇੱਕ ਵੱਖਰੀ ਬਹਿਸ ਨੂੰ ਜਨਮ ਦਿੰਦਾ ਹੈ।

ਉਮਰ ਖ਼ਾਲਿਦ: ਪਿਛਲੇ ਪੰਜ ਸਾਲਾਂ ਤੋਂ ਬਿਨਾਂ ਮੁਕੱਦਮੇ ਦੇ ਜੇਲ੍ਹ ਵਿੱਚ ਬੰਦ ਖ਼ਾਲਿਦ ਦਾ ਮਾਮਲਾ ਨਿਆਂ ਵਿੱਚ ਦੇਰੀ ਦੀ ਇੱਕ ਪ੍ਰਤੱਖ ਮਿਸਾਲ ਹੈ। ਜਦੋਂ ਸਬੂਤ ਕਮਜ਼ੋਰ ਹੋਣ ਅਤੇ ਫਿਰ ਵੀ ਜ਼ਮਾਨਤ ਨਾ ਮਿਲੇ, ਤਾਂ ਇਹ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਪ੍ਰਤੀਤ ਹੁੰਦੀ ਹੈ।

ਸਾਬਕਾ ਚੀਫ ਜਸਟਿਸ ਡੀਵਾਈ ਚੰਦਰਚੂੜ ਨੇ ਵੀ ਮੰਨਿਆ ਕਿ ਉਨ੍ਹਾਂ ਨੂੰ ਜ਼ਮਾਨਤ ਨਾ ਦੇਣਾ ਗਲਤ ਹੈ ਅਤੇ ਸਬੂਤ ਕਮਜ਼ੋਰ ਹਨ। ਇਹ ਕੇਸ ਘੱਟਗਿਣਤੀ ਨੌਜਵਾਨਾਂ ਨੂੰ ਲੰਮੇ ਸਮੇਂ ਤੱਕ ਜੇਲ੍ਹ ਵਿੱਚ ਰੱਖਣ ਦੀ ਨੀਤੀ ਨੂੰ ਦਰਸਾਉਂਦੇ ਹਨ, ਜਿੱਥੇ ਨਿਆਂ ਵਿੱਚ ਦੇਰੀ ਨੇ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ ਹਨ।

ਦੋਵੇਂ ਮਾਮਲੇ ਇਹ ਦਰਸਾਉਂਦੇ ਹਨ ਕਿ ਘੱਟਗਿਣਤੀ ਨੌਜਵਾਨਾਂ ਨੂੰ ਕੌਮੀ ਸੁਰੱਖਿਆ ਕਾਨੂੰਨਾਂ ਤਹਿਤ ਬੰਦ ਕਰਕੇ ਨਿਆਂ ਨੂੰ ਲਟਕਾਇਆ ਜਾ ਰਿਹਾ ਹੈ।

ਨੇਤਾਵਾਂ ਨੇ ਅਜਿਹੇ ਕਾਨੂੰਨ ਪਾਸ ਕੀਤੇ ਜੋ ਨਿਰਦੋਸ਼ ਹੋਣ ਦੀ ਧਾਰਨਾ ਨੂੰ ਕਮਜ਼ੋਰ ਕਰਦੇ ਹਨ। ਅਦਾਲਤਾਂ ਵੀ ਨਿਰਾਸ਼ ਕਰ ਰਹੀਆਂ ਹਨ, ਜਿੱਥੇ ਹੇਠਲੀਆਂ ਅਦਾਲਤਾਂ ਜ਼ਮਾਨਤ ਦੇਣ ਤੋਂ ਹਿਚਕਿਚਾਉਂਦੀਆਂ ਹਨ। ਇਹ ਸਥਿਤੀ ਨਿਆਂ ਦੇ ਸੱਚ ਨੂੰ ਤੋੜ ਰਹੀ ਹੈ ਅਤੇ ਘੱਟਗਿਣਤੀਆਂ ਵਿੱਚ ਡਰ ਪੈਦਾ ਕਰ ਰਹੀ ਹੈ। ਰਿਹਾਈ ਲਈ ਲੜਾਈ ਜਾਰੀ ਹੈ, ਪਰ ਨਿਆਂ ਵਿੱਚ ਦੇਰੀ ਨੇ ਉਨ੍ਹਾਂ ਨੂੰ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ

### ਸਿਸਟਮ ਦੀਆਂ ਕਮੀਆਂ ਅਤੇ ਦੋਹਰੇ ਮਾਪਦੰਡ

ਪੰਥਕ ਆਗੂਆਂ ਅਤੇ ਮਾਹਿਰਾਂ ਦਾ ਮੰਨਣਾ ਹੈ ਕਿ ਨਿਆਂ ਪ੍ਰਣਾਲੀ ਵਿੱਚ ਜੱਜਾਂ ਦੀ ਕਮੀ ਅਤੇ ਜਾਂਚ ਏਜੰਸੀਆਂ ਦੀ ਢਿੱਲੀ ਕਾਰਗੁਜ਼ਾਰੀ ਘੱਟਗਿਣਤੀਆਂ ਲਈ ਘਾਤਕ ਸਿੱਧ ਹੋ ਰਹੀ ਹੈ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੁੱਛਿਆ ਕਿ ਫਿਰ ਕਤਲੇਆਮ ਕਿਸ ਨੇ ਕੀਤਾ ਅਤੇ ਉਹਨਾਂ ਨੇ ਜਾਂਚ ਏਜੰਸੀਆਂ ਦੀ ਗੰਭੀਰਤਾ ਤੇ ਸਵਾਲ ਉਠਾਏ ਹਨ। ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਬੇਇਨਸਾਫ਼ੀ ਕਿਹਾ ਅਤੇ ਪੀੜਤ ਪਰਿਵਾਰਾਂ ਨੂੰ ਮਾਨਸਿਕ ਸੱਟ ਮਾਰਨ ਵਾਲਾ ਦੱਸਿਆ।

ਗਿਆਨੀ ਹਰਪ੍ਰੀਤ ਸਿੰਘ ਅਨੁਸਾਰ, "ਦੇਸ਼ ਵਿੱਚ ਦੋਹਰੇ ਕਾਨੂੰਨ ਚੱਲ ਰਹੇ ਹਨ; ਇੱਕ ਪਾਸੇ ਦੋਸ਼ੀ ਬਰੀ ਹੋ ਰਹੇ ਹਨ ਅਤੇ ਦੂਜੇ ਪਾਸੇ ਸਿੱਖ ਬੰਦੀਆਂ ਨੂੰ ਪੈਰੋਲ ਤੱਕ ਨਹੀਂ ਦਿੱਤੀ ਜਾ ਰਹੀ।"

ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਜਾਂਚ ਏਜੰਸੀਆਂ ਦੀ ਨਾਕਾਮੀ ਦੀ ਨਿੰਦਾ ਕੀਤੀ ਅਤੇ ਲੜਾਈ ਜਾਰੀ ਰੱਖਣ ਦਾ ਵਾਅਦਾ ਕੀਤਾ।

ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਨੇ ਸਪੱਸ਼ਟ ਕੀਤਾ ਕਿ ਜਾਂਚ ਏਜੰਸੀਆਂ ਵੱਲੋਂ ਜਾਣਬੁੱਝ ਕੇ ਸਬੂਤਾਂ ਨੂੰ ਕਮਜ਼ੋਰ ਰੱਖਿਆ ਜਾਂਦਾ ਹੈ ਤਾਂ ਜੋ ਪ੍ਰਭਾਵਸ਼ਾਲੀ ਲੋਕ ਬਚ ਸਕਣ। ਉਨ੍ਹਾਂ ਐਲਾਨ ਕੀਤਾ ਕਿ ਉਹ ਇਸ ਬੇਇਨਸਾਫ਼ੀ ਖ਼ਿਲਾਫ਼ ਹਾਈਕੋਰਟ ਅਤੇ ਸੁਪਰੀਮ ਕੋਰਟ ਤੱਕ ਲੜਾਈ ਜਾਰੀ ਰੱਖਣਗੇ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਨਿਆਂ ਵਿੱਚ ਦੇਰੀ ਅਸਲ ਵਿੱਚ ਨਿਆਂ ਤੋਂ ਇਨਕਾਰ ਹੈ। ਜਦੋਂ ਤੱਕ ਭਾਰਤੀ ਅਦਾਲਤਾਂ ਸਿਆਸੀ ਪ੍ਰਭਾਵ ਤੋਂ ਮੁਕਤ ਹੋ ਕੇ ਤੇਜ਼ੀ ਨਾਲ ਫ਼ੈਸਲੇ ਨਹੀਂ ਲੈਂਦੀਆਂ, ਉਦੋਂ ਤੱਕ ਘੱਟਗਿਣਤੀਆਂ ਦੇ ਮਨਾਂ ਵਿੱਚ ਬੇਗਾਨਗੀ ਅਤੇ ਨਿਰਾਸ਼ਾ ਦਾ ਇਹ ਭਾਵ ਦੂਰ ਕਰਨਾ ਮੁਸ਼ਕਿਲ ਹੋਵੇਗਾ।

# ਭਗਤ ਰਵਿਦਾਸ ਜੀ ਦੀ ਸੰਖੇਪ ਜੀਵਨ-ਝਲਕ

ਗਿਆਨੀ ਅਮਰੀਕ ਸਿੰਘ
98156-63344





SHRI GURU RAVIDASS JI MAHARAJ

ਸੰਸਾਰ ਅੰਦਰ ਜੀਵਨ ਦੇ ਚਾਰ ਪ੍ਰਮੁੱਖ ਪੱਖ ਹਨ- ਪਹਿਲਾ ਸਮਾਜਿਕ; ਦੂਜਾ ਆਰਥਿਕ; ਤੀਜਾ ਰਾਜਨੀਤਕ; ਚੌਥਾ ਧਾਰਮਿਕ। ਇਹਨਾਂ ਚਾਰਾਂ ਪੱਖਾਂ ਵਿੱਚੋਂ ਜਿਹੜਾ ਕਿਸੇ ਇਕ ਪੱਖ ਕਰਕੇ ਵੀ ਆਪਣੇ ਆਪ ਨੂੰ ਆਮ ਪਰੰਪਰਾਵਾਂ ਤੋਂ ਉੱਚਾ ਚੁੱਕ ਲੈਂਦਾ ਹੈ, ਅਜਿਹੇ ਲੋਕਾਂ ਨੂੰ ਹੀ ਇਤਿਹਾਸ ਆਪਣੀ ਬੁੱਕਲ ਵਿੱਚ ਥਾਂ ਦਿੰਦਾ ਹੈ। ਭਗਤ ਰਵਿਦਾਸ ਜੀ ਦਾ ਜੀਵਨ ਧਾਰਮਿਕ ਪੱਖ ਤੋਂ ਇੰਨੀ ਉੱਚੀ ਬੁਲੰਦੀ ਨੂੰ ਛੂਹ ਗਿਆ ਕਿ ਰੱਬ ਨੂੰ ਵੀ ਪ੍ਰੇਮ ਬੰਧਨ ਵਿੱਚ ਬੰਨ੍ਹ ਲਿਆ। ਸਾਚੀ ਪ੍ਰੀਤ ਨੇ ਸਾਰੇ ਭੇਦ ਭਾਵ ਮਿਟਾ ਦਿੱਤੇ, ਉਹਨਾਂ ਦੀ ਰਸਨਾ ਤੋਂ ਉਚਾਰੇ ਚਾਲ੍ਹੀ ਸ਼ਬਦ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚ ਸ਼ਾਮਿਲ ਹੋ ਕੇ "ਬਾਣੀ ਗੁਰੂ, ਗੁਰੂ ਹੈ ਬਾਣੀ॥" ਦਾ ਦਰਜਾ ਪ੍ਰਾਪਤ ਕਰ ਗਏ ਹਨ।

ਇਤਿਹਾਸ ਪੱਖੋਂ ਭਾਵੇਂ ਬਹੁਤੀ ਸਾਮੱਗਰੀ ਉਪਲਬਧ ਨਹੀਂ, ਪਰ ਫਿਰ ਵੀ ਕੁਝ ਕੁ ਇਤਿਹਾਸਕ ਅੱਖਰਾਂ ਵਿੱਚੋਂ ਅਤੇ ਉਹਨਾਂ ਦੇ ਆਪਣੇ ਉਚਾਰੇ ਅੰਮ੍ਰਿਤਮਈ ਬੋਲਾਂ ਵਿੱਚੋਂ ਜੋ ਕੁਝ ਪ੍ਰਾਪਤ ਹੁੰਦਾ ਹੈ, ਉਸ ਅਨੁਸਾਰ ਆਪ ਜੀ ਦਾ ਪ੍ਰਕਾਸ਼ ਅਸਥਾਨ ਬਨਾਰਸ ਦਾ ਇਲਾਕਾ ਹੈ। ਕਾਰੋਬਾਰ ਚਮੜੇ ਦਾ ਹੋਣ ਕਰਕੇ ਜਾਤੀ ਚਮਾਰ ਸੀ। ਅਕਸਰ ਰੱਬੀ ਰੂਹਾਂ ਵਾਂਗ ਇਹਨਾਂ ਨੇ ਵੀ ਗਰੀਬੀ ਦੇ ਪੰਘੂੜੇ ਵਿੱਚ ਹੀ ਰੱਬੀ ਮੌਜ ਨੂੰ ਮਾਣਿਆ। ਸਮੇਂ ਦੇ ਅਖੌਤੀ ਧਰਮੀਆਂ ਨੇ ਧਰਮ ਨੂੰ ਆਪਣੀ ਹੀ ਵਿਰਾਸਤ ਸਮਝਣ ਕਰਕੇ ਬਹੁਤ ਹੀ ਵਿਰੋਧਤਾ ਕੀਤੀ। ਜਾਤੀ ਹੰਕਾਰੀ ਵੀ ਆਪ ਜੀ ਦੀ ਹੋਂਦ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਰਹੇ, ਪਰ ਜਿਨ੍ਹਾਂ ਦੀਆਂ ਪ੍ਰੀਤਾਂ ਹੀ "ਨੀਚਹ ਊਚ ਕਰੈ ਮੇਰਾ ਗੋਬਿੰਦੁ..॥" ਨਾਲ ਪੈ ਗਈਆਂ ਹੋਣ, ਫਿਰ ਉਨ੍ਹਾਂ ਦੀ ਪ੍ਰਤਿਭਾ ਨੂੰ ਮਿਟਾਉਣ ਵਾਲੇ ਤਾਂ ਮਿੱਟ ਜਾਂਦੇ ਹਨ, ਪਰ ਉਹ ਸਦਾ ਲਈ ਅਮਿੱਟ ਹੋ ਜਾਂਦੇ ਹਨ।

ਮਾਤਾ ਪਿਤਾ ਨੇ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਦਿਆਂ ਆਪ ਜੀ ਦੀ ਸ਼ਾਦੀ ਕਰ ਦਿੱਤੀ। ਇਸ ਜ਼ਿੰਮੇਵਾਰੀ ਦਾ ਭਾਰ ਬਾਖੂਬੀ ਉਠਾਉਂਦਿਆਂ ਹੋਇਆਂ ਵੀ ਆਪਣੇ ਸੁਨਹਿਰੀ ਸਿਧਾਂਤਾਂ ਵਿੱਚ ਕੋਈ ਤਬਦੀਲੀ ਨਾ ਕੀਤੀ। ਮਾਇਆ ਦੀ ਦੁਨੀਆਂ ਨੇ ਕਈ ਕੌਤਕ ਦਰਸਾਏ, ਪਰ ਆਖਿਰ ਦਾਸੀ ਬਣ ਕੇ ਹੀ ਰਹਿਣਾ ਪਿਆ ਭਾਵ ਮਾਇਆ ਵੀ ਕੁਝ ਨਾ ਕਰ ਸਕੀ।

ਜਿੱਥੇ ਹੰਕਾਰੀ, ਕੱਟੜ ਲੋਕ ਆਪ ਜੀ ਦੀ ਵਿਰੋਧਤਾ ਵਿੱਚ ਹੀ ਲੱਗੇ ਰਹੇ ਅਤੇ ਨੇੜੇ ਰਹਿ ਕੇ ਵੀ ਖਾਲੀ ਰਹਿ ਗਏ, ਉੱਥੇ ਦੂਜੇ ਪਾਸੇ ਦੂਰੋਂ ਦੂਰੋਂ ਰਾਜੇ ਰਾਣੀਆਂ ਵੀ ਆਪ ਜੀ ਦੇ ਦਰ ਤੋਂ ਸੱਚੀ ਸਿੱਖਿਆ ਪ੍ਰਾਪਤ ਕਰਕੇ ਆਪ ਜੀ ਦੇ ਸੇਵਕ ਬਣ ਕੇ ਜੀਵਨ ਦੀਆਂ ਸਿਖਰਾਂ ਨੂੰ ਛੂਹ ਗਏ। ਇਨ੍ਹਾਂ ਵਿੱਚੋਂ ਰਾਣਾ ਸਾਂਗਾ ਦੀ ਪਤਨੀ, ਜੋ ਚਿਤੌੜ ਦੇ ਇਲਾਕੇ ਦਾ ਮੁਖੀਆ ਸੀ, ਕੁਝ ਪੰਡਿਤਾਂ ਨਾਲ ਤੀਰਥ ਯਾਤਰਾ ਕਰਦੀ ਹੋਈ ਜਦੋਂ ਨਿਰਾਸਤਾ ਵਿੱਚ ਹੀ ਭਟਕ ਰਹੀ ਸੀ ਤਾਂ ਉਸ ਦੀ ਤਸੱਲੀ ਰਵਿਦਾਸ ਜੀ ਮਹਾਰਾਜ ਕੋਲ ਆ ਕੇ ਹੀ ਹੋਈ, ਗੁਰੂ ਧਾਰਨ ਕਰਕੇ ਜਦੋਂ ਉਹ ਵਾਪਸ ਮੁੜੀ ਤਾਂ ਜਿਹੜੇ ਉੱਚ ਜਾਤੀਏ ਲੋਕ ਤੀਰਥਾਂ ਦੀ ਯਾਤਰਾ ਦੇ ਨਾਂ 'ਤੇ ਮਨੁੱਖਤਾ ਨੂੰ ਲੁੱਟ ਰਹੇ ਸਨ, ਉਹ ਕਿਵੇਂ ਬਰਦਾਸ਼ਤ ਕਰਦੇ। ਉਨ੍ਹਾਂ ਦੀ ਸ਼ਿਕਾਇਤ 'ਤੇ ਜਦੋਂ ਦੋਨਾਂ ਧਿਰਾਂ ਨੂੰ ਬੁਲਾ ਕੇ ਸੱਚ ਦਾ ਨਿਤਾਰਾ ਕੀਤਾ ਤਾਂ ਰਾਣੀ ਦੇ ਗੁਰੂ ਦਾ ਦਰਸਾਇਆ ਸੱਚ; ਕੂੜ ਦੇ ਪਾਜ ਖੋਲ੍ਹਦਾ ਹੋਇਆ ਜਿੱਤ ਪ੍ਰਾਪਤ ਕਰ ਗਿਆ: "ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ; ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥" (ਭਗਤ ਰਵਿਦਾਸ/੧੨੯੩)

16 ਰਾਗਾਂ ਵਿੱਚ ਆਏ ਚਾਲ੍ਹੀ ਸ਼ਬਦਾਂ ਵਿੱਚੋਂ ਇਨ੍ਹਾਂ ਦੀ ਜਿਹੜੀ ਸ਼ਖ਼ਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ, ਉਸ ਅਨੁਸਾਰ ਆਪ ਜੀ ਇਕ ਨਿਰਗੁਣ (ਅਦ੍ਰਿਸ਼ ਸ਼ਕਤੀ ਦੀ) ਭਗਤੀ ਭਾਵ ਦੇ ਰਾਹ ਨੂੰ ਅਪਣਾ ਕੇ ਸੱਚੀ ਪ੍ਰੀਤ ਦਾ ਸਦਕਾ ਹਰੇਕ ਫਰਕ ਮਿਟਾ ਕੇ ਪਰਮੇਸ਼ਰ ਰੂਪ ਹੋ ਗਏ ਹਨ। ਅਨੇਕਾਂ ਭੁੱਲੇ-ਭਟਕਿਆਂ ਨੂੰ ਸਗੋਂ ਵਕਤੀ ਰਮਜ਼ਾਂ ਨਾਲ ਸਮਝਾਉਂਦੇ ਰਹੇ ਕਿ ਗੰਗਾ ਆਦਿਕ ਦੇ ਇਸ਼ਨਾਨ, ਠਾਕੁਰਾਂ ਦੀ ਪੂਜਾ ਦਾ ਪਾਖੰਡ, ਝੂਠੀਆਂ ਆਰਤੀਆਂ ਦੇ ਢਕੌਂਸਲੇ ਇਹ ਸਭ ਕੁਝ ਰੱਬ ਤੋਂ ਦੂਰ ਤਾਂ ਕਰ ਸਕਦਾ ਹੈ, ਪਰ ਨੇੜਤਾ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਸੰਸਾਰਿਕ ਵਿੱਦਿਆ ਪ੍ਰਾਪਤੀ ਦਾ ਸੰਕੇਤ ਭਾਵੇਂ ਕਿਧਰੋਂ ਵੀ ਪ੍ਰਾਪਤ ਨਹੀਂ ਹੁੰਦਾ, ਪਰ ਫਿਰ ਵੀ ਆਪ ਜੀ ਵੱਲੋਂ ਉਚਾਰੇ ਅੰਮ੍ਰਿਤ ਬਚਨਾਂ ਵਿੱਚ ਪੰਡਿਤਾਈ ਵਾਲੀਆਂ ਗੁੰਝਲਾਂ ਦੀ ਥਾਂ ਸਾਦਗੀ ਭਰਪੂਰ ਹੈ, ਪਰ ਹਰ ਬਚਨ ਪਾਰਬ੍ਰਹਮ ਦੇ ਰਹੱਸ ਦਾ ਭੇਦ ਖੋਲ੍ਹ ਕੇ ਆਤਮਾ ਨੂੰ ਪ੍ਰਮਾਤਮਾ ਦੇ ਮਿਲਾਪ ਲਈ ਚਾਅ ਪੈਦਾ ਕਰਦਾ ਹੈ।

ਕਬੀਰ ਸਾਹਿਬ ਜੀ ਦੇ ਸਲੋਕ ਬਾਣੀ ਵਿੱਚ ਅੰਕਿਤ ਹਨ। ਕਬੀਰ ਸਾਹਿਬ ਜੀ ਦੀ ਬਾਣੀ ਵਿੱਚ ਇਕ ਅਦਭੁੱਤ ਗੱਲ ਹੈ ਕਿ ਕਬੀਰ ਸਾਹਿਬ ਨੇ 212 ਅਤੇ 213 ਨੰਬਰ ਸਲੋਕਾਂ ਵਿੱਚ ਭਗਤ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਵਾਰਤਾ ਦਾ ਜ਼ਿਕਰ ਕੀਤਾ ਹੈ, ਜਦ ਕਿ ਭਗਤ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਆਪਣੀ ਬਾਣੀ ਵੀ ਸ਼ਾਮਿਲ ਹੈ, ਪਰ "ਨਾਮਾ ਮਾਇਆ ਮੋਹਿਆ..॥" ਵਾਲੇ ਤੇ "ਹਾਥ ਪਾਉ ਕਰਿ ਕਾਮੁ ਸਭੁ..॥" ਵਾਲੇ ਦੋ ਸਲੋਕ ਭਗਤ ਕਬੀਰ ਸਾਹਿਬ ਜੀ ਦੀ ਰਚਨਾ ਹਨ, ਪਰ ਇਸ ਵਿੱਚ ਵਾਰਤਾ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਹੈ। ਇਸੇ ਤਰ੍ਹਾਂ 242 ਨੰਬਰ ਸਲੋਕ ਭਾਵ ਸਮਾਪਤੀ ਦੇ ਇਕ ਸਲੋਕ ਤੋਂ ਪਹਿਲਾਂ, ਜੋ ਸਲੋਕ ਦਰਜ ਹੈ, ਉਹ ਹੈ:

"ਹਰਿ ਸੋ ਹੀਰਾ ਛਾਡਿ ਕੈ; ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ; ਸਤਿ ਭਾਖੈ ਰਵਿਦਾਸ ॥" (ਭਗਤ ਕਬੀਰ/੧੩੭੭)

ਇਹ ਸਲੋਕ ਰਵਿਦਾਸ ਜੀ ਮਹਾਰਾਜ ਦਾ ਨਹੀਂ ਬਲਕਿ ਯਾਦ ਰੱਖਣਯੋਗ ਗੱਲ ਹੈ ਕਿ ਇਹ ਸਲੋਕ ਭਗਤ ਕਬੀਰ ਸਾਹਿਬ ਜੀ ਦਾ ਹੈ ਪਰ ਵੀਚਾਰ ਰਵਿਦਾਸ ਮਹਾਰਾਜ ਜੀ ਦਾ ਪ੍ਰਗਟ ਕਰ ਰਹੇ ਹਨ।

ਵਿਦਵਾਨਾਂ ਦੀ ਬਹੁਮਤਿ ਅਨੁਸਾਰ ਭਗਤ ਰਵਿਦਾਸ ਜੀ ਦਾ ਜਨਮ 1376 ਈ: ਦਾ ਹੈ ਅਤੇ 1491 ਈ: ਵਿੱਚ ਜੋਤੀ ਜੋਤਿ ਸਮਾਉਣ ਕਰਕੇ ਸਰੀਰਕ ਜੀਵਨ ਯਾਤਰਾ ਦਾ ਕੁਲ ਸਮਾਂ ਲਗਪਗ 115 ਸਾਲ ਦੇ ਨੇੜੇ ਜਾ ਪਹੁੰਚਦਾ ਹੈ। ਇਹ ਸਰੀਰਕ ਜਾਮੇ ਦੀ ਗੱਲ ਹੈ, ਪਰ 1604 ਈ: ਨੂੰ ਆਪ ਜੀ ਦੇ ਇਨ੍ਹਾਂ 40 ਸ਼ਬਦਾਂ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਕਰਕੇ ਸਦੀਵ ਕਾਲ ਲਈ ਅਮਰ ਕਰ ਦਿੱਤਾ। ਹੁਣ ਇਨ੍ਹਾਂ ਬਚਨਾਂ ਦਾ ਪ੍ਰਕਾਸ਼ ਦਿਵਸ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਤਾਂ ਮਨਾਇਆ ਜਾਂਦਾ ਹੈ, ਪਰ ਕਦੇ ਅੰਤਿਮ ਦਿਨ ਨਹੀਂ ਮਨਾਇਆ ਜਾਂਦਾ ਤੇ ਨਾ ਹੀ ਮਨਾਇਆ ਜਾਏਗਾ।

## ਸੈਕੰਡ ਲੇਡੀ ਊਸ਼ਾ ਵੈਂਸ ਜੁਲਾਈ ਵਿੱਚ ਦੇਵੇਗੀ ਆਪਣੇ ਚੌਥੇ ਬੱਚੇ ਨੂੰ ਜਨਮ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਉੱਪ ਰਾਸ਼ਟਰਪਤੀ ਜੇ ਡੀ ਵੈਂਸ ਦੀ ਪਤਨੀ ਊਸ਼ਾ ਵੈਂਸ ਗਰਭਵਤੀ ਹੈ ਤੇ ਉਹ ਗਰਮੀਆਂ ਵਿੱਚ ਆਪਣੇ ਚੌਥੇ ਬੱਚੇ ਨੂੰ ਜਨਮ ਦੇਵੇਗੀ। ਪਤੀ-ਪਤਨੀ ਨੇ ਸੋਸ਼ਲ ਮੀਡੀਆ ਉਪਰ ਪੋਸਟ ਕੀਤੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਅਸੀਂ ਇਹ ਖਬਰ ਸਾਂਝੀ ਕਰਦਿਆਂ ਬਹੁਤ ਉਤਸੁਕ ਹਾਂ ਕਿ ਊਸ਼ਾ ਗਰਭਵਤੀ ਹੈ ਤੇ ਉਹ ਜੁਲਾਈ ਦੇ ਅੰਤ ਵਿੱਚ ਆਪਣੇ ਚੌਥੇ ਬੱਚੇ ਜੋ ਕਿ ਮੁੰਡਾ ਹੈ, ਨੂੰ ਜਨਮ ਦੇਵੇਗੀ। ਵੈਂਸ ਜੋੜੀ ਦੇ ਪਹਿਲਾਂ 3 ਬੱਚੇ ਈਵਾਨ, ਵਿਵੇਕ ਤੇ ਮੀਰਾਬੈਲ ਹਨ ਜੋ ਅਕਸਰ ਯਾਤਰਾ ਦੌਰਾਨ ਉਨਾਂ ਨਾਲ ਰਹਿੰਦੇ ਹਨ। ਬਿਆਨ ਵਿੱਚ ਫੌਜ ਦੇ ਡਾਕਟਰਾਂ ਤੇ ਆਪਣੇ ਸਟਾਫ ਦਾ ਧੰਨਵਾਦ ਕੀਤਾ ਹੈ ਜੋ ਊਸ਼ਾ ਵੈਂਸ ਤੇ ਬੱਚੇ ਦੀ ਚੰਗੀ ਤਰਾਂ ਦੇਖ ਭਾਲ ਕਰ ਰਹੇ ਹਨ। ਜਿਕਰਯੋਗ ਹੈ ਕਿ ਵੈਂਸ ਦੇ ਉੱਪ ਰਾਸ਼ਟਰਪਤੀ ਬਣਨ ਉਪਰੰਤ 40 ਸਾਲਾ ਊਸ਼ਾ ਵੈਂਸ ਨੇ ਹਾਈ ਪ੍ਰੋਫਾਈਲ ਪਬਲਿਕ ਵਕੀਲ ਵਜੋਂ ਆਪਣੀ ਨੌਕਰੀ ਛੱਡ ਦਿੱਤੀ ਸੀ।

# ਲਾਟ ਸਾਹਿਬ ਦੀ ਭੂਮਿਕਾ 'ਤੇ ਉੱਠਦੇ ਸਵਾਲ

ਗੁਰਮੀਤ ਸਿੰਘ ਪਲਾਹੀ
-9815802070



**ਰਾਜਪਾਲ ਦੀ ਭੂਮਿਕਾ ਮਹੱਤਵਪੂਰਨ ਹੈ, ਪਰ ਸਿਆਸੀ ਪਿਛੋਕੜ ਅਤੇ ਮਨਮਾਨੀਆਂ ਕਾਰਨ ਇਹ 'ਲਾਟ ਸਾਹਿਬ' ਦੀ ਕੁਰਸੀ ਲਗਾਤਾਰ ਵਿਵਾਦਾਂ ਵਿੱਚ ਘਿਰਦੀ ਜਾ ਰਹੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਸੰਵਿਧਾਨਕ ਸਿਧਾਂਤਾਂ ਅਤੇ ਲੋਕਤੰਤਰੀ ਮਾਪਦੰਡਾਂ ਦੀ ਪਾਲਣਾ 'ਤੇ ਜ਼ੋਰ ਦਿੱਤਾ ਹੈ ਅਤੇ ਸਮਾਂ-ਬੱਧ ਫੈਸਲੇ ਕਰਨ ਲਈ ਦਿਸ਼ਾ-ਨਿਰਦੇਸ਼ ਵੀ ਦਿੱਤੇ ਹਨ।**

ਦੇਸ਼ ਵਿੱਚ ਸੂਬਿਆਂ ਦੇ ਰਾਜਪਾਲਾਂ (ਗਵਰਨਰਾਂ) ਦੀ ਭੂਮਿਕਾ ਇੱਕ ਵਾਰ ਫਿਰ ਚਰਚਾ ਵਿੱਚ ਹੈ। ਕੇਵਲ ਕੁਝ ਦਿਨਾਂ ਵਿੱਚ ਹੀ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਿੱਚ ਸੂਬਾ ਸਰਕਾਰਾਂ ਅਤੇ ਰਾਜਪਾਲਾਂ ਵਿੱਚ ਵਿਵਾਦ ਖੜ੍ਹਾ ਹੋ ਗਿਆ। ਸਵਾਲ ਪੈਦਾ ਹੁੰਦਾ ਹੈ ਕਿ ਵਿਰੋਧੀ ਧਿਰ ਵਾਲੀਆਂ ਸਰਕਾਰਾਂ ਦੇ 'ਲਾਟ ਸਾਹਿਬ' ਹੀ ਇੰਨੇ ਉਤੇਜਿਤ ਕਿਉਂ ਹਨ? ਦੱਖਣੀ ਸੂਬੇ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਤਿੰਨੇ ਇਹੋ ਜਿਹੇ ਸੂਬੇ ਹਨ, ਜਿੱਥੇ ਭਾਜਪਾ ਵਿਰੋਧੀ ਸਰਕਾਰਾਂ ਹਨ ਅਤੇ ਮੌਜੂਦਾ ਭਾਜਪਾ ਸਰਕਾਰ ਆਪਣੇ "ਲਾਟ ਸਾਹਿਬਾਂ" ਰਾਹੀਂ ਇੱਥੇ ਆਪਣੀਆਂ ਚੰਮ ਦੀਆਂ ਚਲਾਉਣਾ ਚਾਹੁੰਦੀ ਹੈ ਅਤੇ ਰਾਜ ਸਰਕਾਰਾਂ ਦੇ ਕੰਮਾਂ 'ਚ ਨਿੱਤ ਰੁਕਾਵਟਾਂ ਪਾਉਂਦੀ ਹੈ?

ਤਾਜ਼ਾ ਵਿਵਾਦ ਕਰਨਾਟਕ ਦੇ ਰਾਜਪਾਲ ਥਾਵਰ ਚੰਦ ਗਹਿਲੋਤ ਨਾਲ਼ ਜੁੜਿਆ ਹੈ, ਜਿਹਨਾਂ 22 ਜਨਵਰੀ 2026 ਨੂੰ ਰਾਜ ਵਿਧਾਨ ਸਭਾ ਨੂੰ ਸੰਬੋਧਿਤ ਕੀਤਾ ਅਤੇ ਰਾਜ ਸਰਕਾਰ ਦਾ ਦਿੱਤਾ ਭਾਸ਼ਣ ਪੂਰਾ ਨਹੀਂ ਪੜ੍ਹਿਆ। ਤਾਮਿਲਨਾਡੂ ਦੇ ਰਾਜਪਾਲ ਆਰ. ਐੱਨ.ਰਵੀ ਵਿਧਾਨ ਸਭਾ ਵਿੱਚ ਆਪਣਾ ਉਦਘਾਟਨੀ ਭਾਸ਼ਣ ਦੇਣ ਤੋਂ ਪਹਿਲਾਂ ਹੀ ਸਦਨ ਵਿੱਚੋਂ ਬਾਹਰ ਚਲੇ ਗਏ। ਉਹਨਾਂ ਨੇ ਰਾਸ਼ਟਰਗਾਨ ਪ੍ਰਤੀ ਅਨਾਦਰ ਭਾਵਨਾ ਪ੍ਰਤੀ ਨਿਰਾਸ਼ਾ ਦਰਸਾਈ। ਕੇਰਲ ਵਿੱਚ ਉਸ ਵੇਲੇ ਵਿਵਾਦ ਪੈਦਾ ਹੋ ਗਿਆ, ਜਦੋਂ ਮੁੱਖ ਮੰਤਰੀ ਪਿਨਾਰਾਈ ਵਿਜੈਅਨ ਨੇ ਵਿਧਾਨ ਸਭਾ ਵਿੱਚ ਰਾਜਪਾਲ ਰਜੇਂਦਰ ਵਿਸ਼ਵਨਾਥ ਅਰਲੇਕਰ ਦਾ ਭਾਸ਼ਣ ਖ਼ਤਮ ਹੋਣ ਤੋਂ ਤੁਰੰਤ ਬਾਅਦ ਦੋਸ਼ ਲਗਾਇਆ ਕਿ ਉਹਨਾਂ ਨੇ ਰਾਜ ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੇ ਨੀਤੀਗਤ ਭਾਸ਼ਣ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹਿਆ।

ਇਸ ਤੋਂ ਪਹਿਲਾਂ ਮਹਾਂਰਾਸ਼ਟਰ (ਜਦੋਂ ਇੱਥੇ ਵਿਰੋਧੀ ਧਿਰ ਦਾ ਰਾਜ ਸੀ), ਪੱਛਮੀ ਬੰਗਾਲ, ਪੰਜਾਬ ਅਤੇ ਦਿੱਲੀ ਜਿਹੇ ਸੂਬਿਆਂ ਦੇ ਰਾਜਪਾਲਾਂ ਦੇ ਵੱਲੋਂ ਨਿਭਾਈ ਜਾ ਰਹੀ ਭੂਮਿਕਾ 'ਤੇ ਸਵਾਲ ਉੱਠੇ। ਤਾਮਿਲਨਾਡੂ ਦੇ ਤਤਕਾਲੀਨ ਰਾਜਪਾਲ ਮੁਹੰਮਦ ਖਾਨ ਅਤੇ ਪੱਛਮੀ ਬੰਗਾਲ ਦੇ ਤਤਕਾਲੀਨ ਰਾਜਪਾਲ ਜਗਦੀਪ ਧਨਖੜ ਅਤੇ ਮੌਜੂਦਾ ਰਾਜਪਾਲ ਸੀ.ਵੀ. ਅਨੰਦ ਬੋਸ ਦੀ ਰਾਜਪਾਲਾਂ ਵਜੋਂ ਭੂਮਿਕਾ ਚਰਚਾ ਵਿੱਚ ਰਹੀ। ਪੰਜਾਬ ਦੇ ਰਾਜਪਾਲ ਵੱਲੋਂ ਮੰਤਰੀ ਮੰਡਲ ਵੱਲੋਂ ਸਿਫ਼ਾਰਸ਼ ਦੇ ਬਾਵਜੂਦ ਵਿਧਾਨ ਸਭਾ ਇਜਲਾਸ ਨਾ ਬੁਲਾਏ ਜਾਣ ਦੇ ਮਾਮਲੇ 'ਚ ਕੇਸ ਸੁਪਰੀਮ ਕੋਰਟ ਪੁੱਜਾ। ਇਹਨਾਂ ਸਾਰੀਆਂ ਘਟਨਾਵਾਂ ਨਾਲ਼ ਰਾਜਪਾਲ ਦੀ ਭੂਮਿਕਾ ਉੱਤੇ ਗੰਭੀਰ ਸਵਾਲ ਉੱਠਣੇ ਲਾਜ਼ਮੀ ਸਨ।

ਰਾਜਸ਼ਾਹੀ ਸ਼ਾਸ਼ਨ ਦੇ ਦੌਰਾਨ ਬਰਤਾਨੀਆਂ ਹਕੂਮਤ ਨੇ ਭਾਰਤ ਵਿੱਚ ਰਾਜਪਾਲ ਦਾ ਸਜਾਵਟੀ ਅਹੁਦਾ ਬਣਾਇਆ ਸੀ। ਜਿਸਦੀ ਭੂਮਿਕਾ ਹੀ ਆਪਣੇ ਰਾਜ ਨਿਵਾਸ ਵਿੱਚ ਬਰਤਾਨਵੀ ਹੁਕਮਰਾਨਾ ਦੀ ਠਾਠ-ਬਾਠ ਦਿਖਾਉਣ ਦੀ ਸੀ। ਉਹ ਗਵਰਨਰ ਸਾਹਿਬ - ਲਾਟ ਸਾਹਿਬ ਵਜੋਂ ਜਾਣੇ ਜਾਂਦੇ ਸਨ।

ਅਜ਼ਾਦ ਭਾਰਤ ਨੇ ਜਦੋਂ ਆਪਣੇ-ਆਪ ਨੂੰ ਗਣਤੰਤਰ ਘੋਸ਼ਿਤ ਕਰਦਿਆਂ ਆਪਣਾ ਸੰਵਿਧਾਨ ਲਾਗੂ ਕੀਤਾ ਤਾਂ ਵੀ ਇਹ ਅਹੁਦਾ ਖ਼ਾਸ ਆਦਰਸ਼ਾਂ ਤਹਿਤ ਬਰਕਰਾਰ ਰੱਖਿਆ ਗਿਆ। ਕੇਂਦਰ ਅਤੇ ਸੂਬਿਆਂ ਦੇ ਵਿੱਚ ਇਸ ਗ਼ੈਰ-ਰਾਜਨੀਤਕ ਪ੍ਰਤੀਨਿਧ ਦੀ ਭੂਮਿਕਾ ਕਿਸੇ ਤਰ੍ਹਾਂ ਦੇ ਸਿਆਸੀ ਸੰਕਟ ਜਾਂ ਕਿਸੇ ਗੰਭੀਰ ਸੰਕਟ ਦੇ ਸੰਦਰਭ 'ਚ ਰੱਖੀ ਗਈ। ਪਰ ਅੱਜ ਇਹਨਾਂ ਰਾਜ ਭਵਨਾਂ ਉੱਤੇ ਸਿਆਸੀ ਲੋਕਾਂ ਦਾ ਡੰਕਾ ਵੱਜਦਾ ਹੈ ਅਤੇ ਇਹ ਰਾਜ-ਭਵਨ ਠਾਠ-ਬਾਠ ਦੇ ਪ੍ਰਤੀਕ ਬਣੇ ਹੋਏ ਹਨ ਅਤੇ ਇਹ ਰਾਜ ਭਵਨ ਸੰਕਟ-ਮੋਚਨ ਬਣਨ ਦੀ ਥਾਂ ਸ਼ਾਂਤੀ ਅਤੇ ਆਮ ਸਮੇਂ 'ਚ ਵੀ ਸੰਕਟ ਖੜ੍ਹਾ ਕਰ ਰਹੇ ਹਨ।

ਰਾਜਪਾਲ ਨੂੰ ਇੱਕ ਗ਼ੈਰ-ਸਿਆਸੀ ਪ੍ਰਮੁੱਖ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ, ਜਿਹੜਾ ਸੂਬੇ ਦੀ ਮੰਤਰੀ ਪਰਿਸ਼ਦ ਦੀ ਸਲਾਹ ਨਾਲ਼ ਕੰਮ ਕਰਦਾ ਹੈ, ਲੇਕਿਨ ਸੰਵਿਧਾਨ ਦੇ ਤਹਿਤ ਉਸਨੂੰ ਕੁਝ ਤਾਕਤਾਂ ਵੀ ਮਿਲੀਆਂ ਹੋਈਆਂ ਹਨ। ਇਸ ਵਿੱਚ ਰਾਜ ਵਿਧਾਨ ਮੰਡਲ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਸਹਿਮਤੀ ਦੇਣ ਜਾਂ ਨਾ ਦੇਣ ਦਾ ਅਧਿਕਾਰ ਵੀ ਸ਼ਾਮਲ ਹੈ, ਜਾਂ ਕਿਸੇ ਸਿਆਸੀ ਦਲ ਨੂੰ ਆਪਣਾ ਬਹੁਮਤ ਸਾਬਤ ਕਰਨ ਲਈ ਸਮਾਂ ਨਿਰਧਾਰਿਤ ਕਰਨਾ ਜਾਂ ਚੋਣ ਵਿੱਚ ਤ੍ਰਿਸ਼ੰਕੂ ਫੈਸਲੇ ਦੇ ਬਾਅਦ ਕਿਸੇ ਦਲ ਨੂੰ ਪਹਿਲਾਂ ਸਰਕਾਰ ਬਣਾਉਣ ਲਈ ਬੁਲਾਉਣਾ ਸ਼ਾਮਲ ਹੈ।

ਪਰ ਮੋਦੀ ਕਾਲ ਦੇ ਸਮੇਂ 'ਚ ਰਾਜਪਾਲ ਆਪਹੁਦਰੇ ਢੰਗ ਨਾਲ਼ ਕੰਮ ਕਰਦੇ ਨਜ਼ਰ ਆ ਰਹੇ ਹਨ। ਸਾਲ 2018 ਵਿੱਚ ਜੰਮੂ-ਕਸ਼ਮੀਰ ਦੇ ਤਤਕਾਲੀਨ ਰਾਜਪਾਲ ਸਤਿਆਪਾਲ ਮਲਿਕ ਨੇ ਵਿਧਾਨ ਸਭਾ ਭੰਗ ਕਰ ਦਿੱਤੀ, ਕਿਉਂਕਿ ਅਸ਼ੰਕਾ ਸੀ ਕਿ ਕੁਝ ਦਲ ਮਿਲ ਕੇ ਸਰਕਾਰ ਬਣਾਉਣ ਦੀ ਤਿਆਰੀ ਕਰ ਰਹੇ ਹਨ, ਜੋ ਕਿ ਕੇਂਦਰ ਸਰਕਾਰ ਨੂੰ ਪ੍ਰਵਾਨ ਨਹੀਂ ਸੀ।

2019 ਵਿੱਚ ਮਹਾਰਾਸ਼ਟਰ ਵਿੱਚ ਤ੍ਰਿਸ਼ੰਕੂ ਵਿਧਾਨ ਸਭਾ ਬਣਨ ਬਾਅਦ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਚੁੱਪ-ਚਾਪ ਭਾਜਪਾ ਨੇਤਾ ਦੇਵਿੰਦਰ ਫਰਨਵੀਸ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਵਾ ਦਿੱਤੀ। ਕੇਂਦਰ ਸਰਕਾਰ ਉੱਤੇ ਰਾਜਪਾਲ ਦੇ ਅਹੁਦੇ ਦੇ ਦੁਰਉਪਯੋਗ ਕਰਨ ਦੇ ਦੋਸ਼ ਸਾਲ 1950 ਦੇ ਦਹਾਕੇ ਤੋਂ ਹੀ ਲੱਗਣੇ ਸ਼ੁਰੂ ਹੋ ਗਏ ਸਨ।

ਸਾਲ 1959 ਵਿੱਚ ਰਾਜਪਾਲ ਦੀ ਇੱਕ ਰਿਪੋਰਟ ਦੇ ਆਧਾਰ 'ਤੇ ਕੇਰਲ ਦੀ ਈ. ਐੱਮ. ਐੱਸ. ਨੰਬੂਦਰੀਪਾਦ ਸਰਕਾਰ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ। ਸਾਲ 1971 ਤੋਂ ਸਾਲ 1990 ਦੇ ਵਿਚਕਾਰ ਰਾਜਪਾਲਾਂ ਵੱਲੋਂ ਜਾਰੀ ਰਾਸ਼ਟਰਪਤੀ ਸ਼ਾਸਨ ਦੇ ਆਦੇਸ਼ਾਂ ਅਧੀਨ 63 ਰਾਜ ਸਰਕਾਰਾਂ ਬਰਖ਼ਾਸਤ ਕੀਤੀਆਂ ਗਈਆਂ। ਹਰਿਆਣਾ (1967), ਕਰਨਾਟਕ ਦੀ 1971 ਦੀ ਪਾਟਿਲ ਸਰਕਾਰ, ਉੱਤਰ ਪ੍ਰਦੇਸ਼, ਉੜੀਸਾ, ਆਂਧਰ ਪ੍ਰਦੇਸ਼ ਅਤੇ ਗੁਜਰਾਤ ਵਿੱਚ ਰਾਜਪਾਲਾਂ ਨੇ ਸਰਕਾਰਾਂ ਭੰਗ ਕੀਤੀਆਂ। ਪਰ ਇਹ ਮਾਮਲੇ ਗਠਜੋੜ ਸਰਕਾਰਾਂ ਦੇ ਦੌਰ ਵਿੱਚ ਘੱਟ ਗਏ।

ਸੰਵਿਧਾਨ ਸਭਾ ਨੇ ਰਾਜਪਾਲ ਦੇ ਅਹੁਦੇ ਉੱਤੇ ਵਿਸਥਾਰ ਨਾਲ਼ ਚਰਚਾ ਕੀਤੀ ਸੀ। ਸੰਵਿਧਾਨ ਸਭਾ ਦੇ ਕਈ ਮੈਂਬਰਾਂ ਦਾ ਮੰਨਣਾ ਸੀ ਕਿ ਨਿਯੁਕਤ ਕੀਤਾ ਰਾਜਪਾਲ ਚੁਣੇ ਹੋਏ ਮੁੱਖ ਮੰਤਰੀ ਦੇ ਅਧਿਕਾਰ ਕਮਜ਼ੋਰ ਕਰ ਦੇਵੇਗਾ। ਉਹਨਾਂ ਨੇ ਤਰਕ ਦਿੱਤਾ ਕਿ ਕਿਸੇ ਪਾਰਟੀ ਟਿਕਟ ਉੱਤੇ ਚੁਣੇ ਗਏ ਵਿਅਕਤੀ ਦੀ ਬਜਾਏ ਕਿਸੇ ਨਿਰਪੱਖ ਵਿਅਕਤੀ ਨੂੰ ਇਸ ਅਹੁਦੇ ਉੱਤੇ ਨਿਯੁਕਤ ਕੀਤਾ ਜਾਵੇ।

ਸੰਵਿਧਾਨ ਸਭਾ ਦੇ ਮੈਂਬਰਾਂ ਨੇ ਰਾਜਪਾਲ ਤੇ ਮੁੱਖ ਮੰਤਰੀ ਦੀ ਭੂਮਿਕਾ ਬਾਰੇ ਵੀ ਚਰਚਾ ਕੀਤੀ। ਧਾਰਾ 163 ਵਿੱਚ ਲਿਖਿਆ ਹੈ ਕਿ ਰਾਜਪਾਲ ਨੂੰ ਆਪਣੇ ਕੰਮ ਕਰਨ ਲਈ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਸਲਾਹ ਦੇਣਗੇ, ਸਿਵਾਏ ਉਹਨਾਂ ਮਾਮਲਿਆਂ ਦੇ ਜਿੱਥੇ ਸੰਵਿਧਾਨ ਦੇ ਤਹਿਤ ਉਸਨੂੰ ਆਪਣੇ ਕੰਮ ਜਾਂ ਉਹਨਾਂ ਵਿੱਚੋਂ ਕਿਸੇ ਵੀ ਕੰਮ ਨੂੰ ਆਪਣੇ ਵਿਵੇਕ ਨਾਲ਼ ਕਰਨ ਦੀ ਲੋੜ ਹੋਵੇ ਜਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ।

ਸੰਵਿਧਾਨ ਰਾਜਪਾਲ ਨੂੰ ਕੁਝ ਵਿਸ਼ੇਸ਼ ਕੰਮ ਕਰਨ ਲਈ ਵਿਸ਼ੇਸ਼ ਅਧਿਕਾਰ ਦਿੰਦਾ ਹੈ। ਇਨ੍ਹਾਂ ਸ਼ਕਤੀਆਂ ਵਿੱਚ ਰਾਜਪਾਲ ਨੂੰ ਉਸ ਵੇਲੇ ਕਾਰਵਾਈ ਕਰਨ ਦਾ ਅਧਿਕਾਰ ਹੈ, ਜਦੋਂ ਰਾਸ਼ਟਰ ਦੀ ਏਕਤਾ ਖਤਰੇ ਵਿੱਚ ਹੋਵੇ।

ਰਾਜਪਾਲਾਂ ਨੇ ਸਮੇਂ-ਸਮੇਂ 'ਤੇ ਕੀਤੇ ਕੰਮਾਂ ਸੰਬੰਧੀ ਕਈ ਵਿਵਾਦ ਖੜ੍ਹੇ ਕੀਤੇ ਹਨ। ਉਹਨਾਂ ਦੀ ਭੂਮਿਕਾ ਤੈਅ ਕਰਨ ਲਈ ਸਮੇਂ-ਸਮੇਂ ਕਈ ਆਯੋਗ ਬਣਾਏ ਗਏ, ਤਾਂ ਜੋ ਉਹਨਾਂ ਦੇ ਕੰਮ ਦੀ ਸਮੀਖਿਆ ਹੋ ਸਕੇ। ਪੁੰਛੀ ਆਯੋਗ (2010) ਇਨ੍ਹਾਂ ਵਿੱਚੋਂ ਅਹਿਮ ਸੀ, ਜਿਸ ਨੇ ਸੁਝਾਅ ਦਿੱਤਾ ਕਿ ਰਾਜਪਾਲ ਕਿਸੇ ਦੂਜੇ ਸੂਬੇ ਦਾ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ, ਜੋ ਹਾਲ ਹੀ ਵਿੱਚ ਸਿਆਸਤ ਵਿੱਚ ਸ਼ਾਮਲ ਨਾ ਰਿਹਾ ਹੋਵੇ ਅਤੇ ਉਸਦੀ ਨਿਯੁਕਤੀ ਤੋਂ ਪਹਿਲਾਂ ਸਬੰਧਤ ਮੁੱਖ ਮੰਤਰੀ ਨਾਲ਼ ਸਲਾਹ ਕੀਤੀ ਜਾਣੀ ਚਾਹੀਦੀ ਹੈ। ਪਰ ਉਹਨਾਂ ਦੀਆਂ ਸਿਫ਼ਾਰਸ਼ਾਂ ਨੂੰ ਲਗਭਗ ਨਜ਼ਰਅੰਦਾਜ਼ ਕਰ ਦਿੱਤਾ ਗਿਆ।

ਸਿੱਟਾ ਇਹ ਹੈ ਕਿ ਪਾਰਟੀਆਂ ਦੇ ਧੁਰੰਦਰ ਨੇਤਾ ਅੱਜ ਰਾਜਪਾਲ ਦੀ ਕੁਰਸੀ 'ਤੇ ਬਿਰਾਜਮਾਨ ਹਨ। ਉਹ ਠਾਠ-ਬਾਠ ਨਾਲ਼ ਰਾਜ ਭਵਨ ਵਿੱਚ ਰਹਿੰਦੇ ਹਨ, ਸੁੱਖ-ਸੁਵਿਧਾਵਾਂ ਭੋਗਦੇ ਹਨ ਅਤੇ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਵਜੋਂ ਉਸਦੇ ਹਿੱਤ ਵਿੱਚ ਕੰਮ ਕਰਦੇ ਹਨ। ਇਸ ਦੇ ਸਿੱਟੇ ਵਜੋਂ ਵਿਰੋਧੀ ਧਿਰਾਂ ਦੇ ਮੁੱਖ ਮੰਤਰੀਆਂ ਅਤੇ ਕੇਂਦਰ ਦੇ ਹਾਕਮਾਂ ਦੇ ਨਿਯੁਕਤ ਕੀਤੇ ਰਾਜਪਾਲਾਂ ਵਿਚਕਾਰ ਤਕਰਾਰ ਵਧਦਾ ਹੈ ਅਤੇ ਮੁੱਖ ਮੰਤਰੀ ਅਤੇ ਕਈ ਵਾਰ ਰਾਜਪਾਲਾਂ ਦਾ ਆਪਸੀ ਤਣਾਅ ਕਈ ਹਾਲਤਾਂ ਵਿੱਚ ਸਿਖ਼ਰਾਂ 'ਤੇ ਪੁੱਜ ਜਾਂਦਾ ਹੈ।

ਫਿਰ ਇਹ ਮਾਮਲੇ ਦੇਸ਼ ਦੀ ਸੁਪਰੀਮ ਕੋਰਟ ਤੱਕ ਪੁੱਜਦੇ ਹਨ। ਮਹਿੰਗੇ-ਭਾਰੇ ਵਕੀਲ ਇੱਕ ਪਾਸੇ ਰਾਜਪਾਲ ਵੱਲੋਂ ਅਤੇ ਦੂਜੇ ਪਾਸੇ ਮੁੱਖ ਮੰਤਰੀ ਵੱਲੋਂ ਪੇਸ਼ ਹੁੰਦੇ ਹਨ, ਜਿਸ ਨਾਲ਼ ਸਰਕਾਰੀ ਖਜ਼ਾਨੇ ਉੱਤੇ ਵਕੀਲਾਂ ਦੀ ਫ਼ੀਸ ਅਤੇ ਹੋਰ ਖ਼ਰਚਿਆਂ ਦਾ ਬੋਝ ਪੈਂਦਾ ਹੈ।

ਦੱਖਣ ਦੇ ਤਿੰਨ ਸੂਬਿਆਂ ਵੱਲੋਂ ਪਾਸ ਕੀਤੇ ਗਏ ਕੁਝ ਬਿੱਲਾਂ ਨੂੰ ਰਾਜਪਾਲਾਂ ਵੱਲੋਂ ਮਨਜ਼ੂਰੀ ਨਾ ਦਿੱਤੇ ਜਾਣ ਜਾਂ ਲੰਮੇ ਸਮੇਂ ਤੱਕ ਰੋਕ ਕੇ ਰੱਖਣ ਕਾਰਨ ਕਾਫ਼ੀ ਵਿਵਾਦ ਖੜ੍ਹੇ ਹੋਏ। ਸੂਬਾ ਸਰਕਾਰਾਂ ਨੇ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਦਾ ਰੁਖ਼ ਕੀਤਾ। ਪਿਛਲੇ ਕੁਝ ਦਿਨਾਂ ਵਿੱਚ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਿੱਚ ਸੂਬਾ ਸਰਕਾਰਾਂ ਅਤੇ ਰਾਜਪਾਲਾਂ ਵਿਚਕਾਰ ਜਿਸ ਤਰ੍ਹਾਂ ਟਕਰਾਅ ਨਜ਼ਰ ਆ ਰਿਹਾ ਹੈ ਅਤੇ ਤਾਕਤ ਦਾ ਮੁਜ਼ਾਹਰਾ ਕੀਤਾ ਜਾ ਰਿਹਾ ਹੈ, ਇੱਕ-ਦੂਜੇ ਉੱਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ,ਉਹ ਕਿਸੇ ਵੀ ਤਰ੍ਹਾਂ ਲੋਕ-ਹਿੱਤ ਵਿੱਚ ਨਹੀਂ ਹੈ।

ਇਹ ਗੱਲ ਤੈਅ ਹੈ ਕਿ ਮੁੱਖ ਮੰਤਰੀ ਲੋਕਾਂ ਪ੍ਰਤੀ ਜਵਾਬਦੇਹ ਹੁੰਦਾ ਹੈ, ਪਰ ਰਾਜਪਾਲ ਨਹੀਂ। ਉਸ ਦੀ ਜਵਾਬਦੇਹੀ ਕੇਂਦਰ ਸਰਕਾਰ ਤੱਕ ਸੀਮਿਤ ਹੈ। ਉਹ ਪੰਜ ਸਾਲ ਲਈ ਨਿਯੁਕਤ ਹੁੰਦਾ ਹੈ ਅਤੇ ਕੇਂਦਰ ਸਰਕਾਰ ਆਪਣੀ ਇੱਛਾ ਅਨੁਸਾਰ ਉਸਨੂੰ ਅਹੁਦੇ ਤੋਂ ਹਟਾ ਸਕਦੀ ਹੈ।

ਰਾਜਪਾਲਾਂ ਵੱਲੋਂ ਟਕਰਾਅ ਦੀ ਸਥਿਤੀ ਪੈਦਾ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਸੰਵਿਧਾਨ ਰਾਜਪਾਲ ਦੀਆਂ ਸ਼ਕਤੀਆਂ ਲਈ ਸਪਸ਼ਟ ਦਿਸ਼ਾ-ਨਿਰਦੇਸ਼ ਨਹੀਂ ਦਿੰਦਾ। ਇਸ ਕਾਰਨ ਕਈ ਹਾਲਾਤਾਂ ਵਿੱਚ ਰਾਜਪਾਲ ਮਨਮਾਨੀਆਂ ਕਰਦੇ ਹਨ। ਆਮ ਤੌਰ 'ਤੇ ਇਹ ਵੇਖਿਆ ਗਿਆ ਹੈ ਕਿ ਰਾਜਪਾਲ ਕੇਂਦਰੀ ਪਰਿਸ਼ਦ ਦੇ ਹੁਕਮਾਂ ਅਨੁਸਾਰ ਕੰਮ ਕਰਦੇ ਹਨ, ਜਿਸ ਨਾਲ਼ ਇਹ ਧਾਰਨਾ ਬਣਦੀ ਹੈ ਕਿ ਉਹ ਕੇਂਦਰ ਦੇ ਪ੍ਰਤੀਨਿਧ ਹਨ।

ਪਿਛਲੇ ਦਿਨਾਂ ਵਿੱਚ ਰਾਜਪਾਲਾਂ ਵੱਲੋਂ ਸੂਬਾ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਮਨਜ਼ੂਰੀ ਨਾ ਦੇਣਾ ਜਾਂ ਰੋਕ ਕੇ ਰੱਖਣਾ ਉਨ੍ਹਾਂ ਦੇ ਪੱਖਪਾਤੀ ਰਵੱਈਏ ਦੇ ਸਬੂਤ ਵਜੋਂ ਵੇਖਿਆ ਗਿਆ। ਰਾਜਪਾਲਾਂ ਵੱਲੋਂ ਤ੍ਰਿਸ਼ੰਕੂ ਵਿਧਾਨ ਸਭਾਵਾਂ ਬਣਨ ਵੇਲੇ ਵੀ ਕਈ ਵਾਰ ਕੇਂਦਰ ਦੀਆਂ ਹਾਕਮ ਪਾਰਟੀਆਂ ਨੂੰ ਤਰਜੀਹ ਦਿੱਤੀ ਗਈ - ਜਿਵੇਂ 2018 ਵਿੱਚ ਕਰਨਾਟਕ ਅਤੇ 2019 ਵਿੱਚ ਮਹਾਰਾਸ਼ਟਰ ਵੱਡੀ ਮਿਸਾਲ ਬਣੇ ਹਨ।

ਯੂਨੀਵਰਸਿਟੀਆਂ ਵਿੱਚ ਨਿਯੁਕਤੀਆਂ ਨੂੰ ਲੈ ਕੇ ਵੀ ਰਾਜਪਾਲਾਂ ਵੱਲੋਂ ਮਨਮਾਨੀਆਂ ਕੀਤੀਆਂ ਗਈਆਂ। 2023 ਵਿੱਚ ਪੱਛਮੀ ਬੰਗਾਲ ਵਿੱਚ ਰਾਜਪਾਲ ਵੱਲੋਂ ਇੱਕਤਰਫ਼ਾ ਕੁੱਲਪਤੀਆਂ ਦੀ ਨਿਯੁਕਤੀ ਕੀਤੀ ਗਈ।

ਰਾਜਪਾਲ ਦੀ ਭੂਮਿਕਾ ਮਹੱਤਵਪੂਰਨ ਹੈ, ਪਰ ਸਿਆਸੀ ਪਿਛੋਕੜ ਅਤੇ ਮਨਮਾਨੀਆਂ ਕਾਰਨ ਇਹ 'ਲਾਟ ਸਾਹਿਬ' ਦੀ ਕੁਰਸੀ ਲਗਾਤਾਰ ਵਿਵਾਦਾਂ ਵਿੱਚ ਘਿਰਦੀ ਜਾ ਰਹੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਸੰਵਿਧਾਨਕ ਸਿਧਾਂਤਾਂ ਅਤੇ ਲੋਕਤੰਤਰੀ ਮਾਪਦੰਡਾਂ ਦੀ ਪਾਲਣਾ 'ਤੇ ਜ਼ੋਰ ਦਿੱਤਾ ਹੈ ਅਤੇ ਸਮਾਂ-ਬੱਧ ਫੈਸਲੇ ਕਰਨ ਲਈ ਦਿਸ਼ਾ-ਨਿਰਦੇਸ਼ ਵੀ ਦਿੱਤੇ ਹਨ।

ਅਸਲ ਵਿੱਚ ਵਿਵਾਦਾਂ ਦੀ ਜੜ੍ਹ ਰਾਜਪਾਲ ਦੀ ਨਿਯੁਕਤੀ ਦਾ ਤਰੀਕਾ, ਉਸਦੀ ਯੋਗਤਾ ਅਤੇ ਉਸਦਾ ਕੰਮ ਕਰਨ ਦਾ ਢੰਗ-ਤਰੀਕਾ ਹੈ। ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਰਾਜਪਾਲ ਨੂੰ ਨਾ ਤਾਂ ਆਮ ਲੋਕ ਚੁਣਦੇ ਹਨ ਅਤੇ ਨਾ ਹੀ ਕੋਈ ਵਿਸ਼ੇਸ਼ ਰੂਪ ਵਿੱਚ ਗਠਿਤ ਕਮੇਟੀ ਜਾਂ ਮੰਡਲ ਉਸਦੀ ਨਿਯੁਕਤੀ ਕਰਦਾ ਹੈ। ਰਾਜਪਾਲ ਨੂੰ ਰਾਸ਼ਟਰਪਤੀ ਨਿਯੁਕਤ ਕਰਦਾ ਹੈ ਅਤੇ ਇਸ ਲਈ ਉਸਨੂੰ ਮੌਜੂਦਾ ਕੇਂਦਰੀ ਹਾਕਮਾਂ ਦਾ ਨੁਮਾਇੰਦਾ ਕਿਹਾ ਜਾਂਦਾ ਹੈ।

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891

Email: jaggikussa@yahoo.de


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 57


# ਇੱਕ ਮੇਰੀ ਅੱਖ ਕਾਸ਼ਣੀ...


–"ਮੇਰਾ ਨਾਂ ਮਾਣੋਂ ਐਂ ਜੀ...।" ਉਸ ਨੇ ਸੱਸ ਦੇ ਪੈਰੀਂ ਹੱਥ ਲਾਏ। ਸੱਸ ਨੇ ਉਸ ਨੂੰ ਹੋਰ ਅਪਣੱਤ ਅਤੇ ਮੋਹ ਨਾਲ਼ ਘੁੱਟ ਲਿਆ। ਮਾਣੋਂ ਨੂੰ ਵੀ ਸੱਸ 'ਚੋਂ ਮਾਂ ਦੀ ਮਹਿਕ ਆਈ। ਉਸ ਨੂੰ ਪ੍ਰਤੀਤ ਹੋਇਆ ਕਿ ਜਿੰਨਾਂ ਬਘੇਲ ਸਿਉਂ ਕਰੂਰ ਅਤੇ ਕਠੋਰ ਸੀ, ਉਤਨੀ ਹੀ ਉਸ ਦੀ ਸੱਸ ਕੂਨੀ ਅਤੇ ਮੋਹਖੋਰੀ ਸੀ।

–"ਆਹ ਤੇਰੀ ਨਣਾਨ ਐਂ, ਪੁੱਤ...।" ਉਸ ਨੇ ਨਾਲ਼ ਖੜ੍ਹੀ ਕੁੜੀ ਵੱਲ ਇਸ਼ਾਰਾ ਕੀਤਾ ਤਾਂ ਕੁੜੀ ਨੇ "ਹਾਏ" ਆਖ ਹੱਥ ਮਿਲ਼ਾਉਣ ਲਈ ਵਧਾਇਆ। ਮਾਣੋਂ ਨੇ ਹੱਥ ਮਿਲ਼ਾ ਲਿਆ।

–"ਡਾਲੀ ਨਾਂ ਐਂ ਇਹਦਾ...! ਤੇ ਮੇਰਾ ਨਾਂ ਮਲਕੀਤ ਕੁਰ ਐ...।"

–"....................।" ਮਾਣੋਂ ਨੀਵੀਂ ਪਾਈ ਖੜ੍ਹੀ ਸੀ। ਉਸ ਨੂੰ ਕੁਝ ਵੀ ਔੜ ਨਹੀਂ ਸੀ ਰਿਹਾ ਕਿ ਕੀ ਕਹੇ ਅਤੇ ਕੀ ਬੋਲੇ?


## ਕਾਂਡ 26

–"ਤੇਰੇ ਦੁਸ਼ਟ ਡੈਡ ਨੂੰ ਆਬਦੀ ਅੱਗ ਲੱਗੀ ਹੋਣੀ ਆਂ...? ਕਿੱਥੇ ਵਿਆਹ ਕੀਤਾ..? ਐਥੇ, ਜਾਂ ਇੰਡੀਆ...?"

–"ਇੰਡੀਆ...!"

–"ਵੇ ਮੈਨੂੰ ਦੱਸ ਤਾਂ ਜਾਂਦਾ...? ਮੈਂ ਫੇਰ ਵੀ ਤੇਰੀ ਮਾਂ ਐਂ...!"

–"..................।" ਹੈਰੀ ਫ਼ੇਰ ਚੁੱਪ ਸੀ।

–"ਮੈਂ ਤੇਰੀ ਸੱਸ ਐਂ ਪੁੱਤ...। ਕੀ ਨਾਂ ਐਂ ਤੇਰਾ...?" ਉਸ ਨੇ ਮਾਣੋਂ ਨੂੰ ਬੁੱਕਲ਼ ਵਿੱਚ ਲੈ ਕੇ ਬੜੇ ਮਾਣ ਨਾਲ਼ ਕਿਹਾ।

–"ਮੇਰਾ ਨਾਂ ਮਾਣੋਂ ਐਂ ਜੀ...।" ਉਸ ਨੇ ਸੱਸ ਦੇ ਪੈਰੀਂ ਹੱਥ ਲਾਏ। ਸੱਸ ਨੇ ਉਸ ਨੂੰ ਹੋਰ ਅਪਣੱਤ ਅਤੇ ਮੋਹ ਨਾਲ਼ ਘੁੱਟ ਲਿਆ। ਮਾਣੋਂ ਨੂੰ ਵੀ ਸੱਸ 'ਚੋਂ ਮਾਂ ਦੀ ਮਹਿਕ ਆਈ। ਉਸ ਨੂੰ ਪ੍ਰਤੀਤ ਹੋਇਆ ਕਿ ਜਿੰਨਾਂ ਬਘੇਲ ਸਿਉਂ ਕਰੂਰ ਅਤੇ ਕਠੋਰ ਸੀ, ਉਤਨੀ ਹੀ ਉਸ ਦੀ ਸੱਸ ਕੂਨੀ ਅਤੇ ਮੋਹਖੋਰੀ ਸੀ।

–"ਆਹ ਤੇਰੀ ਨਣਾਨ ਐਂ, ਪੁੱਤ...।" ਉਸ ਨੇ ਨਾਲ਼ ਖੜ੍ਹੀ ਕੁੜੀ ਵੱਲ ਇਸ਼ਾਰਾ ਕੀਤਾ ਤਾਂ ਕੁੜੀ ਨੇ "ਹਾਏ" ਆਖ ਹੱਥ ਮਿਲ਼ਾਉਣ ਲਈ ਵਧਾਇਆ। ਮਾਣੋਂ ਨੇ ਹੱਥ ਮਿਲ਼ਾ ਲਿਆ।

–"ਡਾਲੀ ਨਾਂ ਐਂ ਇਹਦਾ...! ਤੇ ਮੇਰਾ ਨਾਂ ਮਲਕੀਤ ਕੁਰ ਐ...।"

–"....................।" ਮਾਣੋਂ ਨੀਵੀਂ ਪਾਈ ਖੜ੍ਹੀ ਸੀ। ਉਸ ਨੂੰ ਕੁਝ ਵੀ ਔੜ ਨਹੀਂ ਸੀ ਰਿਹਾ ਕਿ ਕੀ ਕਹੇ ਅਤੇ ਕੀ ਬੋਲੇ?

–"ਨੀ ਮਾਂ ਸਦਕੇ, ਮੇਰੇ ਘਰੇ ਨੂੰਹ ਆਈ ਹੋਵੇ, ਤੇ ਮੈਨੂੰ ਪਤਾ ਈ ਨਾ ਹੋਵੇ...? ਨੀ ਮੈਂ ਮਰਜਾਂ...!" ਸੱਸ ਆਪਣੇ ਆਪ ਨੂੰ ਉਲਾਂਭੇ ਜਿਹੇ ਦੇਈ ਜਾ ਰਹੀ ਸੀ।

–"ਲੈ ਪੁੱਤ, ਲੈ ਫੜ, ਸ਼ਗਨ ਫੜ...।" ਉਸ ਨੇ ਸੌ ਡਾਲਰ ਦਾ ਨੋਟ ਕੱਢ ਕੇ ਮਾਣੋਂ ਨੂੰ ਫੜਾ ਦਿੱਤਾ, "ਅਜੇ ਤਾਂ ਪੁੱਤ ਮੇਰੇ ਕੋਲ਼ ਐਨੇ ਕੁ ਈ ਐ, ਮੈਨੂੰ ਕਿਹੜਾ ਪਤਾ ਸੀ ਬਈ ਪੁੱਤ ਨੂੰ ਮਿਲਣ ਜਾਊਂਗੀ, ਤੇ ਅੱਗਿਓਂ ਚੰਗੇ ਨਸੀਬਾਂ ਨਾਲ਼ ਨੂੰਹ ਮਿਲ਼ਜੂਗੀ...?" ਉਸ ਨੇ ਸੌ ਡਾਲਰ ਦਿੰਦਿਆਂ ਕਿਹਾ। ਮਾਣੋਂ ਥੋੜ੍ਹਾ ਜਕ ਰਹੀ ਸੀ।

–"ਇਹ ਸ਼ਗਨ ਹੁੰਦੈ ਪੁੱਤ...! ਤੂੰ ਤਾਂ ਮੈਨੂੰ ਮੇਰੀ ਡਾਲੀ ਵਰਗੀ ਐਂ, ਜਕ ਨਾ..। ਸ਼ਗਨ ਨੀ ਮੋੜੀਦਾ ਹੁੰਦਾ ਪੁੱਤ...। ਨਾਲ਼ੇ ਇਹ ਘਰ ਬਾਰ ਤੇਰਾ ਈ ਤਾਂ ਹੈ...।" ਉਸ ਨੇ ਸ਼ਗਨ ਦੇ ਕੇ ਮਾਣੋਂ ਨੂੰ ਫ਼ਿਰ ਘੁੱਟ ਲਿਆ। ਮਾਣੋਂ ਨੂੰ ਇਸ ਪ੍ਰੀਵਾਰ ਦੀ ਸਮਝ ਨਹੀਂ ਲੱਗ ਰਹੀ ਸੀ। ਕਿੱਥੇ ਬੁੱਚੜ ਅਤੇ ਲੁੱਚਾ ਜਿਹਾ ਬਘੇਲ ਸਿਉਂ, ਤੇ ਕਿੱਥੇ ਇਹ ਦੇਵੀ ਵਰਗੀ ਸੱਸ ਮਲਕੀਤ ਕੌਰ...? ਕਿੱਥੇ ਝੁੱਡੂ ਜਿਹਾ ਹੈਰੀ ਅਤੇ ਕਿੱਥੇ ਤੇਜ਼ ਤਰਾਰ ਉਸ ਦੀ ਭੈਣ ਡਾਲੀ...? ਡਾਲੀ ਗੱਦਰ ਜਿਹੇ ਸਰੀਰ ਦੀ ਫ਼ੁਰਤੀਲੀ ਕੁੜੀ ਜਾਪਦੀ ਸੀ, ਜਿਸ ਦਾ ਸਰੀਰ ਉਡਣੇ ਸੱਪ ਵਾਂਗ "ਉਡਜੂੰ-ਉਡਜੂੰ" ਕਰਦਾ ਸੀ।

–"ਮੇਰਾ ਨੰਬਰ ਨੋਟ ਕਰ ਪੁੱਤ...! ਕੰਡੇ ਜਿੰਨੀ ਤਕਲੀਫ਼ ਹੋਵੇ, ਮੈਨੂੰ ਫ਼ੋਨ ਮਾਰੀਂ, ਮੈਂ ਖੜ੍ਹੀ ਖੜੋਤੀ ਹੀ ਪਹੁੰਚੂੰ...। ਵੈਸੇ ਮੈਂ ਬਹੁਤੀ ਦੂਰ ਨੀ ਰਹਿੰਦੀ...! ਆਹ ਨੇੜੇ ਈ ਐ...। ਕਰ ਮੇਰਾ ਨੰਬਰ ਨੋਟ...!"

–"ਪਰ ਬੀਜੀ ਮੇਰੇ ਕੋਲ਼ ਤਾਂ ਫ਼ੋਨ ਈ ਹੈਨ੍ਹੀ...।" ਮਾਣੋਂ ਨੇ ਦੱਸਿਆ।

–"ਨੀ ਫ਼ੋਟ੍ਹ...! ਕਿਉਂ ਵੇ, ਕੁੜੀ ਨੂੰ ਹੁਣ ਤੱਕ ਫ਼ੋਨ ਕਿਉਂ ਨੀ ਲੈ ਕੇ ਦਿੱਤਾ...?" ਉਹ ਹੈਰੀ ਵੱਲ ਨੂੰ ਹੋ ਗਈ। ਹੈਰੀ ਉੱਤਰ ਦੇਣ ਦੀ ਵਜਾਏ ਬਾਥਰੂਮ ਵੱਲ ਨੂੰ ਤੁਰ ਗਿਆ।

–"ਡਾਲੀ, ਜਾਹ ਪੁੱਤ ਆਬਦੀ ਭਾਬੀ ਨੂੰ ਇੱਕ ਫ਼ੋਨ ਖਰੀਦ ਕੇ ਦੇਹ...!" ਜਦ ਮਲਕੀਤ ਕੌਰ ਨੇ ਕਿਹਾ ਤਾਂ "ਭਾਬੀ" ਲਫ਼ਜ਼ ਸੁਣ ਕੇ ਮਾਣੋਂ ਦਾ ਮੂੰਹ ਲਾਲ ਝਰੰਗ ਹੋ ਗਿਆ। ਕਿਉਂਕਿ ਉਸ ਨੂੰ ਅੱਜ ਤੱਕ ਕਿਸੇ ਨੇ 'ਭਾਬੀ' ਨਹੀਂ ਕਿਹਾ ਸੀ।

–"ਕਿਹੜਾਂ ਲਿਆ ਕੇ ਦੇਵਾਂ ਮੰਮ...?" ਡਾਲੀ ਨੇ ਪੁੱਛਿਆ।

–"ਨੀ ਕੋਈ ਚੱਜ ਦਾ ਲਿਆ ਦੇ...। ਵਧੀਆ ਜਿਆ..। ਸਾਡੀ 'ਕੱਲੀ-'ਕੱਲੀ ਨੂੰਹ ਐਂ...।"

ਡਾਲੀ ਤੁਰ ਗਈ।

ਹੈਰੀ ਬਾਥਰੂਮ ਵਿੱਚ ਸੀ। ਸ਼ਾਇਦ ਦੰਦ ਸਾਫ਼ ਕਰ ਰਿਹਾ ਸੀ।

–"ਹੁਣ ਆਪਾਂ 'ਕੱਲੇ ਆਂ ਪੁੱਤ...। ਤੈਨੂੰ ਇੱਕ ਗੱਲ ਦੱਸਦੀ ਆਂ, ਆ ਕੋਲ਼ ਬੈਠ ਮੇਰੇ...।" ਸੱਸ ਨੇ ਮਾਣੋਂ ਦਾ ਹੱਥ ਫੜ ਕੇ ਸੋਫ਼ੇ 'ਤੇ ਕੋਲ਼ ਬਿਠਾ ਲਈ। ਮਾਣੋਂ ਦਾ ਦਿਲ ਹਿੱਕ ਵਿੱਚ "ਠੱਕ-ਠੱਕ" ਵੱਜ ਰਿਹਾ ਸੀ। ... ਪਤਾ ਨਹੀਂ ਸੱਸ ਕੀ ਅਜੀਬ ਗੱਲ ਦੱਸਣ ਵਾਲੀ ਸੀ...? ਰੱਬ ਸੁੱਖ ਰੱਖੇ...! ਉਸ ਨੇ ਆਪਣਾ ਦਿਲ ਅੰਦਰੋਂ ਕਰੜਾ ਕੀਤਾ।

–"ਮੈਂ ਤਾਂ ਪੁੱਤ ਤੈਨੂੰ ਇੱਕ ਗੱਲ ਦੱਸਣੀ ਸੀ...।" ਉਸ ਨੇ ਸਾਹ ਲਿਆ ਅਤੇ ਫਿਰ ਬੋਲਣਾ ਸ਼ੁਰੂ ਕੀਤਾ, "ਹੈਰੀ ਤਾਂ ਤੂੰ ਦੇਖ ਈ ਲਿਐ ਬਈ ਲੋਲ੍ਹਾ ਮੁੰਡੈ..। ਪਰ ਮੇਰੇ ਘਰਵਾਲ਼ਾ ਬਘੇਲ ਸਿਉਂ, ਮਤਲਬ ਤੇਰਾ ਸਹੁਰਾ, ਬੜਾ ਕੰਜਰ ਆ ਅੱਗ ਲੱਗੜਾ...!"

–"....................।"

–"ਇਹਨੇ ਤਾਂ ਕੋਈ ਗੋਰੀ, ਕੋਈ ਕਾਲ਼ੀ, ਕੋਈ ਮਸੀਕਣ, ਕੋਈ ਨੀ ਛੱਡੀ ਧੀਏ...! ਪੂਰਾ ਕੰਜਰ ਆ...!" ਸੱਸ ਨੇ ਕੌੜੀ ਸੱਚਾਈ ਦੱਸੀ ਤਾਂ ਮਾਣੋਂ ਦੇ ਲੂੰ-ਕੰਡੇ ਖੜ੍ਹੇ ਹੋ ਗਏ। ਹੁਣ ਉਸ ਨੂੰ ਯਕੀਨ ਹੋ ਗਿਆ ਸੀ ਉਸ ਦਾ ਸਹੁਰਾ ਹੀ ਸੀ, ਜੋ ਉਸ ਨਾਲ਼ ਹਮਬਿਸਤਰ ਹੋ ਰਿਹਾ ਸੀ। ਉਸ ਦਾ ਸਰੀਰ "ਝਰਨ – ਝਰਨ" ਕਰ ਰਿਹਾ ਸੀ।

–"ਧੀਏ ਰਾਤ ਨੂੰ ਕਦੇ 'ਕੱਲੀ ਨਾ ਸੌਂਵੀਂ...! ਹੈਰੀ ਤੋਂ ਬਿਨਾ ਹੋਰ ਕਿਸੇ ਦਾ ਵਿਸਾਹ ਨਾ ਕਰੀਂ ਤੇ ਆਬਦੇ ਸਹੁਰੇ ਹੱਥੋਂ ਕੁਛ ਲੈ ਕੇ ਨਾ ਖਾਈਂ, ਤੇ ਨਾ ਕੁਛ ਪੀਵੀਂ...! ਸਮਝਗੀ...?"

–"..................।" ਮਾਣੋਂ ਨੇ "ਹਾਂ" ਵਿੱਚ ਸਿਰ ਹਿਲਾਇਆ। ਪਰ ਮੂੰਹੋਂ ਚੁੱਪ ਰਹੀ।

–"ਪੈਸੇ ਵਾਸਤੇ ਇਹ ਜੁੱਤੀਆਂ ਵੀ ਚੱਟ ਸਕਦੈ, ਤੇ ਤੀਮੀਂ ਦੇਖ ਕੇ ਹਰਾਮਦੇ ਨੂੰ ਤੋੜ ਲੱਗ ਜਾਂਦੀ ਐ, ਗਿੱਠ ਲੰਮੀਂ ਜੀਭ ਕੱਢ ਕੇ ਮਗਰ ਲੱਗ ਤੁਰਦੈ...। ਮੈਂ ਤਾਂ ਇਹਤੋਂ ਮਸਾਂ ਖਹਿੜਾ ਛੁਡਾਇਐ ਧੀਏ...! ਬਥੇਰਾ ਦੁਖੀ ਕੀਤੀ ਮੈਂ ਇਹਨੇ ਹਰਾਮ ਦੇ ਨੇ...।"

–"..........................।"

–"ਆਖੇਂਗੀ ਆਂਹਦੀ ਐ...। ਇੱਕ ਆਰੀ ਇਹਨੇ ਟੁੱਟੜੇ ਨੇ ਇੱਕ ਮਸੀਕਣ ਲੇਡੀ ਫੜਲੀ...। ਉਹ ਤਕੜੀ ਵਗੀ ਤੇ ਉਹਨੇ ਨਾਲ਼ੇ ਤਾਂ ਇਹਦਾ ਬੁਥੜ ਸੇਕਿਆ ਤੇ ਨਾਲ਼ੇ ਪੁਲਸ 'ਚ ਕਰਤੀ ਰਿਪੋਰਟ..। ਤੇ ਇਹਨੂੰ ਹਰਾਮਦੇ ਨੂੰ ਪੁਲਸ ਨੇ ਚੱਕ ਲਿਆ...। ਉਹਨਾਂ ਨੇ ਭਾਈ ਇਹਦੇ 'ਤੇ ਜਿਸਮਾਨੀ ਛੇੜ ਛਾੜ ਦੇ ਚਾਰਜ ਲਾ ਕੇ ਅੰਦਰ ਦੇਤਾ...! ਇਹ ਤਾਂ ਬੇੜੀ ਬਹਿਜੇ ਇਹਦੇ ਮਾਮੇ ਦੇ ਪੁੱਤ ਦੀ, ਉਹਨੇ ਦਫ਼ਾ ਹੋਣੇ ਨੇ ਮਸੀਕਣ ਲੇਡੀ ਦੇ ਮੂੰਹ 'ਚ ਵੱਡਾ ਹੱਡ ਦੇ ਕੇ ਉਹਤੋਂ ਕੇਸ ਵਾਪਸ ਕਰਵਾ ਲਿਆ, ਨਹੀਂ ਇਹ ਕੰਜਰ ਹੁਣ ਨੂੰ ਜੇਲ੍ਹ ਦੀਆਂ ਰੋਟੀਆਂ ਤੋੜਦਾ ਹੁੰਦਾ...।"

–"..................।" ਸੱਸ ਦੀਆਂ ਸੱਚੀਆਂ ਸੁਣ-ਸੁਣ ਕੇ ਮਾਣੋਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਹ ਬੇਹੋਸ਼ ਹੋ ਕੇ ਡਿੱਗ ਪਵੇਗੀ। ਪਰ ਮਨ ਕਰੜਾ ਕਰ ਕੇ ਉਸ ਨੇ ਜਾਬਤਾ ਬਣਾਈ ਰੱਖਿਆ।

–"ਪੁੱਤ, ਰਾਤ ਨੂੰ ਜੇ ਹੈਰੀ ਕਿਤੇ ਅੱਗੇ ਪਿੱਛੇ ਹੋਵੇ, ਤੂੰ ਕਮਰੇ ਨੂੰ ਅੰਦਰੋਂ ਤਾਲਾ ਮਾਰ ਕੇ ਸੌਂਇਆਂ ਕਰ...। ਹਲ਼ਕੇ ਕੁੱਤੇ ਤੇ ਕਾਮੀਂ ਬੰਦੇ ਦਾ ਕੋਈ ਇਤਬਾਰ ਨੀ ਹੁੰਦਾ...! ਨਾਲ਼ੇ ਇਹ ਤਾਂ ਚਾਹੇ ਤੇਰੇ ਸਾਹਮਣੇ ਸੋਨੇ ਦਾ ਮਿਰਗ ਬਣ ਕੇ ਖੜ੍ਹਜੇ, ਇਹਦਾ ਤਾਂ ਇਤਬਾਰ ਤੂੰ ਜਮਾਂ ਨਾ ਕਰੀਂ...!"

–"......................।"

–"ਇਹਦੇ ਚੱਟੇ ਤਾਂ ਦਰੱਖ਼ਤ ਨੀ ਹਰੇ ਹੋਏ ਪੁੱਤ...! ਬੱਸ ਇਹਦਾ ਤਾਂ ਪ੍ਰਛਾਵਾਂ ਵੀ ਨਾ ਪੈਣ ਦੇਈਂ ਆਬਦੇ 'ਤੇ...। ਸੌ ਦੈਂਤ ਤੇ ਇਹ ਇੱਕ, ਸਮਝਲਾ ਇੱਕੋ ਜੇ ਐ...। ਇਹ ਤਾਂ ਕਾਲ਼ੇ ਨਾਗ ਅਰਗਾ ਐਡਾ ਜ਼ਹਿਰੀ ਐ, ਬਈ ਜੇ ਕਿਸੇ ਨੂੰ ਜੀਭ ਵੀ ਲਾਦੂ, ਅਗਲੇ ਨੂੰ ਕੋਹੜ ਹੋਜੂ...।"

–"................।" ਸੁਣਦੀ ਮਾਣੋਂ ਦੀ ਹਾਲਤ ਖ਼ਸਤਾ ਹੁੰਦੀ ਜਾ ਰਹੀ ਸੀ।

ਡਾਲੀ ਫ਼ੋਨ ਲੈ ਕੇ ਆ ਗਈ।

ਹੈਰੀ ਵੀ ਬਾਥਰੂਮ 'ਚੋਂ ਬਾਹਰ ਆ ਗਿਆ ਸੀ।

–"ਤੂੰ ਅੰਦਰ ਘਰ ਈ ਪਾ ਕੇ ਬਹਿ ਗਿਆ ਸੀ ਵੇ...?"

–"...............।" ਹੈਰੀ ਨਾ ਬੋਲਿਆ।

ਡਾਲੀ ਨਵੇਂ ਫ਼ੋਨ ਨੂੰ ਚਾਰਜ 'ਤੇ ਲਾਉਣ ਲੱਗੀ ਹੋਈ ਸੀ।

–"ਇੱਕ ਗੱਲ ਪੁੱਛਾਂ ਪੁੱਤ...?" ਉਸ ਨੇ ਮਾਣੋਂ ਨੂੰ ਬੜੀ ਧੀਮੀਂ ਅਵਾਜ਼ ਵਿੱਚ ਪੁੱਛਿਆ।

–"...........।" ਉਸ ਨੇ ਸਿਰ ਹਿਲਾਇਆ।

–"ਹੈਰੀ ਨੇ ਤੇਰੇ ਨਾਲ਼ ਕੀਤਾ ਕਰਾਇਆ ਕੁਛ...?"

–".................।" ਮਾਣੋਂ ਤ੍ਰਭਕ ਕੇ ਸੱਸ ਵੱਲ ਝਾਕੀ। ਸੱਸ ਉਸ ਨੂੰ 'ਲੁੱਚੀ' ਜਿਹੀ ਲੱਗੀ। ਪਰ ਫ਼ਿਰ ਉਸ ਨੇ ਸੋਚਿਆ ਕਿ ਇਕਲੌਤੇ ਪੁੱਤ ਦੀ ਮਾਂ ਹੈ। ਅਜਿਹੀਆਂ ਗੱਲਾਂ ਪਿੱਛੇ ਕੋਈ ਅਸ਼ਲੀਲਤਾ ਨਹੀਂ, ਕੋਈ 'ਮਕਸਦ' ਸੀ। ਸੱਸ ਨੂੰਹ ਤੋਂ ਪੋਤੇ ਦੀ ਝਾਕ ਕਰਦੀ ਸੀ।

–"ਬੋਲੀ ਨੀ ਪੁੱਤ...? ਇਹਨੇ ਕੀਤਾ ਕੱਤਰਿਆ ਕੁਛ..? ਕਿ ਉਂ ਈਂ ਬੱਸ ਐਡੀ ਦੇਹ ਚੱਕੀ ਫਿਰਦੈ...?" ਸੱਸ ਨੇ ਗੱਲ ਦੁਹਰਾਈ ਤਾਂ ਮਾਣੋਂ ਨੇ "ਨਾਂਹ" ਵਿੱਚ ਸਿਰ ਫ਼ੇਰ ਦਿੱਤਾ।

ਸੱਸ ਨੇ ਡਾਂਗ ਜਿੱਡਾ ਹਾਉਕਾ ਲਿਆ।

–"ਇਹਦੇ ਵੀ ਵੱਸ ਨੀ ਕੋਈ ਪੁੱਤ...! ਜਦੋਂ ਇਹਦੇ ਵਧਣ ਫੁੱਲਣ ਤੇ ਮੱਲਣ ਦੇ ਦਿਨ ਸੀ, ਓਦੋਂ ਇਹਦਾ ਦੁਸ਼ਟ ਪਿਉ ਮੈਨੂੰ ਇਹਦੇ ਸਾਹਮਣੇ ਕੁੱਟਦਾ ਮਾਰਦਾ ਤੇ ਘੜ੍ਹੀਸਦਾ ਰਿਹਾ, ਮੇਰੇ ਵਾਲ਼ ਪੱਟਦਾ ਰਿਹਾ...। ਇਹ ਮੇਰੀ ਹਾਲਤ ਦੇਖ ਕੇ ਰੋਂਦਾ ਰਹਿੰਦਾ, ਖਿਝਦਾ ਕੁੜ੍ਹਦਾ ਰਹਿੰਦਾ, ਪਰ ਕਰ ਕੁਛ ਨੀ ਸੀ ਸਕਦਾ...। ਜੁਆਕ ਸੀ, ਕਰਦਾ ਵੀ ਕੀ...? ਬੋਤੇ ਜਿੱਡੇ ਦੁਸ਼ਟ ਬੰਦੇ ਦਾ ਮੁਕਾਬਲਾ ਥੋੜ੍ਹੋ ਕਰ ਸਕਦਾ ਸੀ...?

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੁ ਬੈਠਾ ਅਮਰੁ ਸਰੂਪ ਹੋਇ




**ਕਿਸ਼ਤ–23**

**ਇਤਿਹਾਸਕ ਹਵਾਲੇ:**

ਜਿਤਨੇ ਤੁਸੀ ਡੱਲੇਵਾਲੀਏ ਸਿਖ ਹੋ ਸਭਨਾਂ ਨੂੰ ਇਹ ਸਾਂਝਾ ਉਪਦੇਸ ਹੈ। ਜੋ ਗੁਰਾਂ ਦੇ ਪੁਰਬ ਦੇ ਦਿਨ ਸੰਗਰਾਂਦ ਓਮਾਵਸ ਵੈਸਾਖੀ ਦੀਪਮਾਲਾ ਦਸਹਿਰਾ ਸਭਨਾਂ ਦਿਨਾਂ ਵਿਚ ਸਭਨਾਂ ਸਿਖਾਂ ਆਪੁ ਵਿਚ ਅਰਦਾਸ ਕਰਿ ਕੈ ਆਪਣੀ ਸਰਧਾ ਨਾਲਿ ਮਾਇਆ ਰੁਜੂ (ਇਕਤ੍ਰ) ਕਰਣੀ। ਪ੍ਰਸਾਦੁ ਕਰਨਾ ਕੜਾਹੁ ਕਰਨਾ। ਗੁਰੂ ਕੇ ਨਮਿਤ ਵਰਤਾਵਣਾ। ਗਰੀਬਾਂ ਸਿਖਾਂ ਨੂ ਬਸਤ੍ਰ ਦੀ ਲੋੜ ਵਾਲੇ ਨੂ ਬਸਤ੍ਰ ਦੇਵਣਾ। ਤੇ ਪਰਸਾਦ ਦੀ ਲੋੜ ਹੋਵੈ ਤਿਸ ਨੂੰ ਪਰਸਾਦ ਛਕਾਵਣਾ। ਅਰਦਾਸ ਕਰਿ ਕੈ ਪੈਸਾ ਰੁਪਯਾ ਜੇਹੀ ਕਿਸੇ ਦੀ ਸਰਧਾ ਹੋਵੇ ਸਿਖ ਨੂੰ ਇਕਠਾ ਕਰਿ ਕੈ ਉਸ ਦਾ ਕਾਰਜ ਕਰਿ ਦੇਵਣਾ। ਤੁਸਾਡਿਆਂ ਪੁਤ੍ਰਾਂ ਪੋਤ੍ਰਿਆਂ ਤੀਕ ਏਹੁ ਰਹੁਰਾਸ ਚਲੈਗੀ। ਸਦਾ ਸਿਖੀ ਤੁਸਾਡੇ ਘਰ ਹੋਵੈਗੀ। ਤੁਸਾਂ ਸੰਸਾ ਕੋਈ ਨਹੀ ਕਰਨਾ।29॥ ਸਿ.ਦੀ ਭ.ਮਾ. ਪੰਨਾ 269–70

...ਸਿਖ ਗਰੀਬ ਹੁਇ ਬਸਤ੍ਰ ਬਿਹੀਨ।
(ਜੇ ਗ਼ਰੀਬ ਸਿਖ ਕੋਲ ਕਪੜਾ ਨ ਹੋਵੇ)
ਦੀਜਹਿ ਤਿਸਹਿ ਸਵਾਇ ਨਵੀਨ।
(ਉਸ ਨੂੰ ਨਵਾਂ ਸਿਵਾ ਦਿਉ)
ਪਿਖਹੁ ਛੁਧਿਤਿ ਕੋ ਦੇਹੁ ਅਹਾਰੋ। (ਜੇ ਕੋਈ ਭੁੱਖਾ ਵੇਖੋ ਉਸ ਨੂੰ ਭੋਜਨ ਖੁਆਉ)
ਮਿਲਿ ਕਰਿ ਸਕਲ ਏਵ ਪ੍ਰਤਿਪਾਰੋ।
(ਮਿਲ ਕੇ ਇਉਂ ਸੰਭਾਲ ਕਰੋ)
ਕਿਹਾਂ ਸਿਖ ਕੋ ਕਾਰਜ ਅਰ ਜਾਇ।
(ਕਿ ਜੇ ਕਿਸੇ ਸਿਖ ਦਾ ਕਾਰਜ ਅੜ ਜਾਵੇ)
ਨਹਿਂ ਤਿਸ ਤੇ ਕਯੋਂ ਹੂੰ ਬਨਿ ਆਇ।
(ਉਸ ਕੋਲੋਂ ਨ ਹੋ ਸੱਕੇ)
ਮਿਲਹੁ ਸਕਲ ਮਹਿਂ ਕਰਿ ਅਰੁਦਾਸ।
(ਸਾਰੇ ਆਪਸ ਵਿਚ ਦੱਸ ਕੇ)।
ਜਥਾਸ਼ਕਤਿ ਲੀਜੈ ਨਿਜ ਪਾਸਿ।
(ਸਮਰਥਾ ਅਨੁਸਾਰ ਇਕੱਠਾ ਕਰ ਕੇ)।
ਇਕਠੋ ਕਰਿ ਧਨ ਦਿਹੁ ਤਿਸ ਤਾਈਂ।
(ਧਨ ਉਸ ਨੂੰ ਦਿਹੁ)।
ਜਿਸ ਤੇ ਕਾਰਜ ਕੋ ਬਨਿ ਜਾਈ।49॥
(ਜਿਸ ਨਾਲ ਉਸ ਦਾ ਕੰਮ ਹੋ ਜਾਏ)
ਇਹੀ ਰੀਤਿ ਨਿਜ ਬਿਖੈ ਚਲਾਵਹੁ।
(ਇਉਂ ਆਪ ਵੀ ਚੱਲੋ)
ਕਰਹੁ ਜੋੜ ਸ਼ੁਭ ਦਿਨ ਜਬ ਪਾਵਹੁ।
(ਖ਼ੁਸ਼ੀ ਦੇ ਦਿਨ ਜਦੋਂ ਵੀ ਇਕੱਠੇ ਹੋਵੋ)
ਪੁਤ੍ਰ ਪੌਤ੍ਰੇ ਹੋਹਿਂ ਤੁਮਾਰੇ।
(ਅਰ, ਆਪਣੇ ਪੁੱਤ੍ਰ ਪੋਤ੍ਰਿਆਂ)
ਕਰਹਿਂ ਕਾਰ ਇਸ ਰੀਤੀ ਸਾਰੇ। 50॥40॥ ਰਾਸ 1 (ਸਾਰਿਆਂ ਨੂੰ ਵੀ ਏਵੇਂ ਹੀ ਤੋਰੋ)
ਧਰਮਸਾਲ ਨਿਜ ਨਗਰ ਬਨਾਵਹੁ।
ਸਿਖ ਸਾਧੂ ਭਲ ਤਹਾਂ ਟਿਕਾਵਹੁ।
ਕਥਾ ਕੀਰਤਨ ਸਤਸੰਗ ਕਰੋ।
ਸ੍ਰਵਨ ਮੰਨਨ ਨਿਧਿਆਸਨ ਕਰੋ।
ਦਿਹੁ ਗਰੀਬ ਕੋ ਬਸਤ੍ਰ ਅੰਨਯ।
ਧਾਰਹੁ ਭਗਤੀ ਭਾਵ ਅਨੰਨਯ।
ਕਾਰਜ ਜਿਸ ਸਿਖ ਕਾ ਅੜ ਜਾਇ।
ਕਰਿ ਅਰਦਾਸ ਸੁਧਾਰਹੁ ਸਾਇ।
ਪੰਨਾ 17 ਤ.ਖ਼ਾ.

ਇਉਂ ਸਤਿਗੁਰੂ ਜੀ ਕੁਝ ਦਿਨ ਡੱਲੇ ਦੇ ਇਲਾਕੇ ਵਿਚ ਨਾਮ-ਬਾਣੀ ਦਾ ਛੱਟਾ ਦੇ ਕੇ ਗੋਇੰਦਵਾਲ ਵਾਪਸ ਪਰਤ ਆਏ।

**ਨਿਜ ਜਗਤ ਪਿਤ- ਮਾਈ ਦਾ ਪੁੱਤ ਜਿਵਾਉਣਾ**

ਜਾਲਪ ਭੱਟ ਜੀ ਨੇ ਗੁਰੂ ਅਮਰਦਾਸ ਪਾਤਸ਼ਾਹ ਜੀ ਨੂੰ ਜਗਤ-ਪਿਤਾ ਕਹਿ ਕੇ ਉਨ੍ਹਾਂ ਦੀ ਅਪਾਰ ਦਿਆਲਤਾ ਵੱਲ ਸਾਡਾ ਧਿਆਨ ਦਿਵਾਇਆ ਹੈ। ਪੈਰ ਉਹ ਸਫ਼ਲ ਜੋ ਗੁਰੂ ਅਮਰਦਾਸ ਜੀ ਦੇ ਰਾਹ ਚੱਲਣ, ਹੱਥ ਉਹ ਸਫ਼ਲ ਜੋ ਗੁਰੂ ਅਮਰਦਾਸ ਜੀ ਦੇ ਚਰਨੀਂ ਲੱਗਣ, ਜ਼ਬਾਨ ਉਹ ਸਫ਼ਲ ਜੋ ਉਨ੍ਹਾਂ ਦੇ ਗੁਣ ਗਾਏ, ਨੇਤ੍ਰ ਉਹ ਸਫ਼ਲ ਜੋ ਉਨ੍ਹਾਂ ਦੇ ਦਰਸ਼ਨ ਕਰਨ, ਕੰਨ ਉਹ ਸਫ਼ਲ ਜੋ ਉਨ੍ਹਾਂ ਦੀ ਵਡਿਆਈ ਸੁਣਨ, ਹਿਰਦਾ ਉਹ ਸਫ਼ਲ ਜਿਸ ਅੰਦਰ ਉਹ ਬੈਠਾ ਅਰ ਸੀਸ ਉਹ ਸਫ਼ਲ ਜੋ ਉਸ ਦੇ ਚਰਨਾਂ ਵਿਚ ਟਿਕਿਆ। ਜੇ ਕੋਈ ਪੁੱਛੇ ਕਿ ਐਸਾ ਕਿਉਂ? ਤਾਂ ਆਪ ਦੱਸਦੇ ਹਨ ਕਿਉਂਕਿ ਉਹ ਜਗਤ ਪਿਤਾ ਹਨ ਜੋ ਸਭਨਾਂ ਦਾ ਸਦਾ ਧਿਆਨ ਰੱਖਣ ਵਾਲੇ ਹਨ। ਉਨ੍ਹਾਂ ਨੂੰ ਚੇਤੇ ਕਰਨ ਵਾਲੇ ਨੂੰ ਕਦੀ ਦੁੱਖ-ਭੁੱਖ ਨਹੀਂ ਵਿਆਪਦਾ; ਉਹ ਕਦੀ ਗ਼ਮਗੀਨ ਨਹੀਂ ਹੁੰਦਾ; ਉਹ ਉੱਚੇ ਥਾਂ 'ਤੇ ਬੈਠ ਬੇਅੰਤ ਪਦਾਰਥਾਂ ਦੀ ਮੌਜ ਵਿਚ ਪਰਮ-ਸੁਖ ਮਾਣਦੇ ਹਨ ਅਰ ਦੁਸ਼ਮਨਾਂ ਵਿਚ ਸਦਾ ਨਿਰਭੈ ਵਿਚਰਦੇ ਹਨ ਜਿਨ੍ਹਾਂ ਉਪਰ ਧੰਨ ਗੁਰੂ ਅਮਰਦਾਸ ਪਾਤਸ਼ਾਹ ਜੀ ਦੀਆਂ ਮਿਹਰਾਂ ਦਾ ਮੀਂਹ ਵੱਸਦਾ ਹੈ। ਇਕ ਵਾਰ ਪਿਆਰ ਨਾਲ ਪੜ੍ਹੀਏ:

ਚਰਣ ਤ ਪਰ ਸਕਯਥ ਚਰਣ ਗੁਰ ਅਮਰੁ ਪਵਲਿ ਰਯ॥ ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰੁ ਪਯ॥ ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥ ਨੈਣ ਤ ਪਰ ਸਕਯਥ ਨੈਣਿ ਗੁਰ ਅਮਰੁ ਪਿਖਿਜੈ॥ ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰ ਅਮਰੁ ਸੁਣਿਜੈ॥ ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥ ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥1॥10॥ ਤਿ ਨਰ ਦੁਖ ਨਹ ਭੁਖ ਤਿ ਨਰ ਨਿਧਨ ਨਹੁ ਕਹੀਅਹਿ॥ ਤਿ ਨਰ ਸੋਕੁ ਨਹੁ ਹੁਐ ਤਿ ਨਰ ਸੇ ਅੰਤੁ ਨ ਲਹੀਅਹਿ॥ ਤਿ ਨਰ ਸੇਵ ਨਹੁ ਕਰਹਿ ਤਿ ਨਰ ਸਯ ਸਹਸ ਸਮਪਹਿ॥ ਤਿ ਨਰ ਦੁਲੀਚੈ ਬਹਹਿ ਤਿ ਨਰ ਉਥਪਿ ਬਿਥਪਹਿ॥ ਸੁਖ ਲਹਹਿ ਤਿ ਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ॥ ਸਕਯਥ ਤਿ ਨਰ ਜਾਲਪੁ ਭਣੈ ਗੁਰ ਅਮਰਦਾਸ ਸੁਪ੍ਰਸੰਨੁ ਜਿਹ॥2॥11॥ ਗੁ.ਗ੍ਰੰ.ਸਾ. ਪੰਨਾ 1394

ਭਾਈ ਨੰਦ ਲਾਲ ਗੋਯਾ ਜੀ ਦਾ ਕਥਨ ਹੈ: ਮਲਕ-ਉਲ-ਮੌਤੇ ਗ਼ਾਲਬ ਮਗ਼ਲੂਬਸ਼ { ਜਮ ਜੋ ਸਭ ਪੁਰ ਗ਼ਾਲਿਬ ਭਾਵ ਹਾਵੀ ਜਾਂ ਡਾਢਾ ਹੈ ਉਸ (ਗੁਰੂ ਅਮਰਦਾਸ ਜੀ) ਅੱਗੇ ਆਜਿਜ਼ ਜਾਂ ਵਿਚਾਰਾ ਹੈ}

ਵ ਸੁਲਤਾਨ-ਇ ਮਲਕੂਤ ਮੁਹਾਸਿਬ ਮਹਸੂਬਸ਼।63॥ ਸਲਤਨਤੇ ਸਿਵਮ {ਅਰ ਫ਼ਰਿਸ਼ਤਿਆਂ ਦਾ ਹਿਸਾਬ ਕਰਨ ਵਾਲਾ ਬਾਦਸ਼ਾਹ (ਧਰਮਰਾਜਾ) ਵੀ ਉਸ (ਗੁਰੂ ਅਮਰਦਾਸ ਜੀ) ਦੇ ਹਿਸਾਬ ਹੇਠ ਹੈ}

ਹੁਣ ਬਾਵਾ ਸਰੂਪ ਦਾਸ ਜੀ ਦਾ ਇਹ ਲਿਖਣਾ ਸਾਨੂੰ ਸਮਝ ਆ ਸਕਦਾ ਹੈ:

ਇਹ ਲੀਲਾ ਸਤਿਗੁਰ ਦਇਆਲ ਕੀ
ਜਾਨ ਸਕੇ ਨਹੀਂ ਕੋਇ।
ਸੋ ਮਹਿਮਾ ਸਤਿਗੁਰ ਲਖੇ
ਜਿਹ ਪਰ ਕਿਰਪਾ ਹੋਇ।16॥

ਸਾਖੀਕਾਰਾਂ ਨੇ ਇਕ ਬਿਰਤਾਂਤ ਲਿਖਿਆ ਹੈ ਕਿ ਇਕ ਦਿਨ ਜਦੋਂ ਅਜੇ ਪਹਿਰ ਰਾਤ ਰਹਿੰਦੀ ਅਰ ਗੁਰੂ ਪਾਤਸ਼ਾਹ ਜੀ ਕਰਤਾਰ ਨਾਲ ਲਿਵ ਜੋੜੀ ਬੈਠੇ ਸਨ ਤਾਂ ਕੰਨਾਂ ਵਿਚ ਇਕ ਮਾਈ ਦੇ ਵੈਣ ਪੈਣ ਦੀ ਆਵਾਜ਼ ਪੈਣ ਲਗੀ। ਹਜ਼ੂਰ ਨੇ ਭਾਈ ਬੱਲੂ ਨੂੰ ਪਤਾ ਕਰਨ ਲਈ ਕਿਹਾ ਤਾਂ ਉਸ ਪਰਤ ਕੇ ਦੱਸਿਆ ਕਿ ਇਕ ਵਿਧਵਾ ਮਾਈ ਦਾ ਇਕਲੌਤਾ ਪੁਤ੍ਰ ਚਲਾਣਾ ਕਰ ਗਿਆ ਹੈ ਜੋ ਬੂਹੇ ਅੱਗੇ ਉਸ ਦੀ ਲਾਸ਼ ਰੱਖ ਕੇ ਵਿਰਲਾਪ ਕਰ ਰਹੀ ਹੈ ਕਿ ਹਜ਼ੂਰ ਮੇਰੇ ਪੁੱਤਰ ਨੂੰ ਜੀਂਦਾ ਕਰਨ। ਸੁਣ ਕੇ ਪਾਤਸ਼ਾਹ ਜੀ ਨੇ ਕਿਹਾ, 'ਹੋ ਜਾਇਗਾ। ਹੁਣ ਸਾਡਾ ਕਰਤਾਰ ਦੇ ਸਿਮਰਨ ਦਾ ਵੇਲਾ ਹੈ, ਤੁਸੀਂ ਵੀ ਉਸ ਅੱਗੇ ਅਰਦਾਸ ਕਰੋ'।

ਬੱਲੂ ਜੀ ਨੇ ਜਾ ਕੇ ਮਾਈ ਨੂੰ ਦੱਸਿਆ।
ਬਲੂ ਜਾਇ ਤਾ ਸੋ ਸਮਝਾਇਆ।
ਦੀਨ ਦਇਆਲ ਸਤਿਗੁਰ ਫੁਰਮਾਇਆ।
ਅਬ ਕਰੋ ਖਿਮਾ ਹੋਇ ਪ੍ਰਾਤਹਕਾਲ।
ਮੂਆ ਸੁਤ ਪ੍ਰਭ ਦੇਇ ਜਿਵਾਲ।8॥

ਕੁਝ ਸਮੇਂ ਬਾਦ ਆਪ ਜੀ ਚੁਬਾਰੇ ਤੋਂ ਉਤਰੇ ਅਰ ਬੱਚੇ ਨੂੰ ਚਰਨ ਛੁਹਾਉਂਦਿਆਂ ਕਿਹਾ, 'ਉੱਠੋ ਪੁੱਤਰ! ਕਰਤਾਰ ਚਿੱਤ ਆਵੇ!!

ਬੱਚਾ ਉੱਠ ਪਿਆ, ਵਿਲਕਦੀ ਮਾਂ ਨੇ ਸੀਨੇ ਲਾਇਆ, ਹਜ਼ੂਰ ਪਾਤਸ਼ਾਹ ਜੀ ਦਾ ਸ਼ੁਕਰ ਕੀਤਾ ਅਰ ਚਲੀ ਗਈ। ਆਪ ਜੀ ਨੇ ਬੱਲੂ ਪ੍ਰਤੀ ਕਿਹਾ,

'ਕਰਤਾਰ ਕਿਰਪਾ ਕਰੇਗਾ ਸਾਡੇ ਹੁੰਦਿਆਂ ਕਿਸੇ ਮਾਂ ਦੇ ਜਿਉਂਦਿਆਂ ਉਸ ਦਾ ਪੁੱਤ੍ਰ ਨਹੀਂ ਮਰੇਗਾ'। 'ਵਾਹਿਗੁਰੂ!' ਕਹਿੰਦਿਆਂ ਭਾਈ ਜੀ ਨੇ ਸਿਰ ਨਿਵਾ ਦਿੱਤਾ।

ਸਾਰੇ ਨਗਰ ਵਿਚ ਇਸ ਘਟਨਾ ਦਾ ਸ਼ੋਰ ਹੋ ਗਿਆ ਕਿ ਗੁਰੂ ਪਾਤਸ਼ਾਹ ਜੀ ਨੇ ਮਰੇ ਬੱਚੇ ਨੂੰ ਜ਼ਿੰਦਾ ਕਰ ਦਿੱਤਾ ਹੈ। ਵਿਰੋਧੀਆਂ ਦੇ ਤਾਂ ਮੂੰਹ ਬੰਦ ਹੋ ਗਏ ਪਰ ਗੁਰੂ-ਘਰ ਦੇ ਹਿਤੂ ਇਸ ਕੌਤਕ ਦੇ ਵਾਪਰਨ ਤੋਂ ਬਲਿਹਾਰ ਜਾ ਰਹੇ ਸਨ।

ਸਾਨੂੰ ਪੰਚਮ ਪਾਤਸ਼ਾਹ ਜੀ ਦਾ ਵਾਕ ਯਾਦ ਆ ਰਿਹਾ ਹੈ:

ਗੁਰੁ ਪਰਮੇਸਰੁ ਕਰਣੈਹਾਰੁ॥
ਸਗਲ ਸ੍ਰਿਸਟਿ ਕਉ ਦੇਇ ਆਧਾਰੁ॥1॥
ਗੁਰ ਕੇ ਚਰਣ ਕਮਲ ਮਨ ਧਿਆਇ॥
**ਦੂਖੁ ਦਰਦੁ ਇਸੁ ਤਨ ਤੇ ਜਾਇ॥1॥ਰਹਾਉ॥**
ਭਵਜਲਿ ਡੂਬਤ ਸਤਿਗੁਰੁ ਕਾਢੈ॥
ਜਨਮ ਜਨਮ ਕਾ ਟੂਟਾ ਗਾਢੈ॥2॥
ਗੁਰ ਕੀ ਸੇਵਾ ਕਰਹੁ ਦਿਨੁ ਰਾਤਿ॥
ਸੂਖ ਸਹਜ ਮਨਿ ਆਵੈ ਸਾਂਤਿ॥
ਸਤਿਗੁਰ ਕੀ ਰੇਣੁ ਵਡਭਾਗੀ ਪਾਵੈ॥
**ਨਾਨਕ ਗੁਰ ਕਉ ਸਦ ਬਲਿ ਜਾਵੈ॥4॥16॥22॥**
ਗੁ.ਗ੍ਰੰ.ਸਾ. ਪੰਨਾ 741

**ਇਤਿਹਾਸਕ ਹਵਾਲੇ:**

ਬਰਖ ਬਾਈਸ ਮਹਿ ਕੋਇ ਨ ਮੂਆ।
ਯਹ ਪਰਗਟ ਕਾਲ (ਮੌਤ) ਕੋ ਲੋਪਨ (ਗੁਪਤ) ਕੀਆ।
ਬਾਈਸ ਬਰਸ ਤਹਾਂ ਗੁਰ ਤਨ ਰਾਖਾ।
ਨਹੀ ਕੋਊ ਮੂਆ ਨ ਕਾਹੂ ਭਾਖਾ।13॥
ਦੋਹਰਾ॥
ਯਹ ਲੀਲਾ ਸਤਿਗੁਰ ਦਇਆਲ ਕੀ
ਜਾਨ ਸਕੇ ਨ ਕੋਇ।
ਸੋ ਮਹਿਮਾ ਸਤਿਗੁਰ ਲਖੇ
ਜਿਹ ਪਰ ਕਿਰਪਾ ਹੋਇ।
16॥105॥ ਮ.ਪ੍ਰ.

ਸਭ ਰਜਾਇ ਜਾ ਤਿਸ ਨੂੰ ਐਸੇ ਕਹਿਆ।
ਉਠ ਸਿਖਾ ਵਾਹਿਗੁਰੂ ਆਖ ਸੋਇ ਕਿਉ ਰਹਿਆ।
...ਬਚਨ ਕੀਤਾ ਗੁਰੂ ਕੇ ਰਾਜ
ਵਿਚਿ ਮਾਪਿਆਂ ਅਗੇ ਪੁਤੁ ਨ ਮਰਸੀ।
ਵਿਧਵਾ ਨਾਰ ਨ ਸਤਿਗੁਰ ਕਰਸੀ।
ਖਤ੍ਰੀ ਦੇਖ ਭਏ ਹੈਰਾਨ।
ਏਹ ਤ ਹੋਇਆ ਪੂਰਨ ਭਗਵਾਨ।45॥
ਬੰ.ਨਾ.

ਚਲਦਾ.....

# Navigating the Future Development of UK Sikh Representation: An Independent Summit Report

– ਲੇਖਕ –
ਸੁਜਿੰਦਰ ਸਿੰਘ ਸੰਘਾ



..Continued from last week

**(Part 2)**

We are acutely aware that those that gain power however are not always the best fit, until empaths are sought and positioned in echelons of power, the needy will suffer - we need to better screen out those leaders that care for power and those that care for the 'people'.

3.6 Some Sikhs have perused their politics inspired and motivated by a range of outstanding issues and concerns relating to Punjab geopolitics, Punjabi language and Sikh identity. There is a continuing sense of grievance in the Sikh-Punjabi psyche that their just demands have continued to be unaddressed and that there is no settlement and closure to the 1947, 1966 and 1984 concerns. However, the UK Sikh communities think and act pragmatically. They have appreciation for the open democratic and legal culture, and value diversity and pluralism. Despite organisational limitations, successive UK Sikh representations have protected and advanced the community's interests within the democratic framework often in the face of challenges of race-hatred, institutional racism and disadvantages.

3.7 The origins and rise of Gurdwaras and Sikh organisations in UK can be traced back to the 1908-1911 activities of the Sikh Society in London. Over the past 115 years, Gurdwaras have been meeting individual, family and community needs relating to births, weddings, deaths and other occasions. UK Sikh communities' religious and cultural celebrations, events and educational programmes have been central in the provision of Gurdwaras. The development of Gurdwaras and Sikh organisations have provided a collective identity and influence for achieving many objectives and community aspirations. UK Gurdwaras have made enormous contributions to local, regional, national and international charities. For example, the recent services provided during the Covid period, including the langar/food provision, was widely noted and applauded, (Kaur et al, 2021).

3.8 We witness a regrettable polarisation and lack of trust between Gurdwara organisations and those that wish to collegially work with them, often caused by those that wish for accountability but the sensitivity is simply not there. There has been scrutiny applied to Gurdwara organisations that is not applied to many other community groups, this has led to an observation of religious discrimination to faith spaces. There have been examples of good practice in many committees that never gets celebrated and noted, as such Sikhs in Academia have started breaking down some of these barriers in their research endeavours, and engagement is improving. Both SiA and SiL have been welcomed at student freshers' fairs and other events, and this is a valuable asset that needs to continue to ensure ongoing dialogue with 'our' Gurdwaras. There are some examples of Gurdwara organisations who have a diverse committee structure and that take social causes seriously, hold educational seminars and ensure female representation at committee level, but these success stories are buried. We need to understand that it's time to work on common issues of concern, without necessarily fully subscribing to each other's woes.

**4. Reflections**

4.1 We respectfully define the parameters and define Gurdwara as the "Gateway to the Guru (Shabd)'or the institution for learning the philosophy of the Guru; and its functions are to disseminate it to humanity," Chahal, (2002). It is then imperative that we respect the terminology Gurdwara and desist those that make unsubstantiated allegations that can be deemed as sacrilege. For this purpose, we have referred to Gurdwara committees in this report, and emphasise that there are models of good practice too. There is, however, a body of literature in Punjabi reflecting on UK Sikh affairs, involving discussion on the evolution of the Gurdwara management committees and community organisations. Many articles in the Punjabi print media, talks on radio, TV and social media have reflected on the UK Sikh representation. A review such as this one, will highlight both many strengths, and some weaknesses of UK Sikh representation in charting a way forward. The current literature acknowledges many single-issue campaigns that have been successfully led to achieve recognition of Sikh faith articles, attire, religious and cultural rights. However, there are also growing accounts of shortcomings in leadership and groups, highlighting such issues as competition, rivalries, and tensions, especially over the influence and control on Gurdwara resources. Issues of doctrinal differences in relation to Maryada (Sikh codes of religious practice) and allegiances or criticism of religious leaders, can create controversies. Along with media coverage, there are a number of well researched conference papers and peer review publications through academic sources, specifically, the Punjab Research Group (PRG), International Sikh Research Conference and the Centre for Sikh and Panjabi Studies. There are pockets of academic research which can be considered as independent and not aligned to seeking of funding or non-partial which is credible but at times global.

4.2 Singh G and Tatla DS (2006) have analysed the making of the Sikh community organisations including the development of Gurdwaras along the lines of religious and cultural traditions, socio-denominational diversity, and the geographical spread of UK Sikh communities. They have discussed factionalism, conflicts, rivalries, disputes, and underlying reasons for them. Singh and Rajput (2013) published 45 life profiles of adults who arrived between the 1940s and 1970s showing their toil and dedication in earning a place in the UK as individuals, families, communities, establishing Gurdwaras, forming groups and organisations. Singh J (2013) inquired that British Sikhs have not been able to establish any credible national and local institutions that command legitimacy across the whole community; he asserts that despite a vast number of Sikh organisations in the UK, new groups are continuously being established. Takhar (2014) has observed the limited representation of disadvantaged Sikh communities in the dominant bodies of Sikh Panth in terms of caste, gender, and other social entities. She asserted that the role and rise of Sants, Deras and some denominational Gurdwara committees have challenged the dominance of self-styled UK Sikh representation. Self-styling is not restricted to Gurdwara Committees as impression management is present in community groups, academic groups and many state led interventions - the question really should be, why is self-styling scrutinised more in Gurdwara committees than other establishments?

4.3 Singh R and Sangha (2015) discussed the organisational challenges and opportunities in managing Britain's Gurdwaras. Jhutti-Johal (2017), discussing hate crimes against Sikhs, has argued that more research on the Sikh community in the UK is essential to better inform government policies, and that quality of surveys for gathering data must also be improved. Thandi (2017) in 'Rhetoric and Reality of Failed Engagement', questioned the representation of Sikhs, and observed their politics as in a state of fissure. Singh and Shani (2022) noted the strains between the politics of recognition and the politics of homeland. On the one hand greater representation for Sikhs and recognition of their ethnic and religious particularity is sought from the British state (at local and national levels) for increased representation, funding for education and heritage projects, and recognition of Punjabi as a modern language. On the other hand, the politics of homeland is evident in the call for self-determination for the Sikh nation. Therefore, UK Sikh representation has many tensions, contradictions, and competing formations. We can however observe that there is global civil unrest and state control against this group, and any injustice is our business.

4.4 Sangha (1997, 2001) has noted events and processes relating to UK Sikh organisational issues between the 1940s and 1990s, and has reflected on the difficulties and disadvantages that communities have faced. Sangha (2022) presented a case for forming UK Gurdwaras' corporate constitutional body, based on corporate membership of committees providing a collective UK level representation, within the framework of respecting and recognising the local autonomy of the management committees. Sangha also underlined that besides delivering a range of reli-

(To be continued)

31 ਜਨਵਰੀ
ਆਗਮਨ ਗੁਰਪੁਰਬ
ਤੇ ਵਿਸ਼ੇਸ਼ 'ਤੇ ਵਿਸ਼ੇਸ਼

– ਲੇਖਕ –
ਭਗਵਾਨ ਸਿੰਘ ਜੌਹਲ



Email:bhagwansinghjohal@gmail.com

## ਸੱਤਵੇਂ ਪਾਤਸ਼ਾਹ ਦੇ ਆਗਮਨ ਗੁਰਪੁਰਬ 'ਤੇ ਵਿਸ਼ੇਸ਼

# ਸਿਮਰੌ ਸ੍ਰੀ ਹਰਿ ਰਾਇ

ਸਿੱਖ ਇਤਿਹਾਸ ਵਿੱਚ ਧੰਨ ਗੁਰੂ ਨਾਨਕ ਦੇਵ ਜੀ ਦੇ ਸੱਤਵੇਂ ਸਰੂਪ ਸ੍ਰੀ ਗੁਰੂ ਹਰਿ ਰਾਇ ਸਾਹਿਬ ਬਾਰੇ ਇਕ ਸਾਖੀ ਆਮ ਪ੍ਰਚੱਲਿਤ ਹੈ ਕਿ ਆਪ ਆਪਣੇ ਸੁਭਾਅ ਮੁਤਾਬਕ ਹਰ ਰੋਜ਼ ਬਾਗ ਵਿੱਚ ਸੈਰ ਕਰਨ ਜਾਇਆ ਕਰਦੇ ਸਨ। ਸੈਰ ਕਰਨ ਸਮੇਂ ਆਪ ਆਮ ਤੌਰ 'ਤੇ ਖੁੱਲ੍ਹਾ ਤੇ ਲੰਮਾ ਚੋਲਾ ਪਹਿਨਦੇ ਸਨ, ਜਿਸ ਨੂੰ ਫ਼ਕੀਰ ਲੋਕ ਚੋਗਾ ਆਖਦੇ ਹਨ। ਆਪ ਜੀ ਇਕ ਦਿਨ ਪ੍ਰਭੂ ਦੀ ਸਿਫ਼ਤ ਸਲਾਹ ਤੇ ਬੰਦਗੀ ਵਿੱਚ ਜੁੜੇ ਚਹਿਲਕਦਮੀ ਕਰ ਰਹੇ ਸਨ ਕਿ ਅਚਾਨਕ ਇਨ੍ਹਾਂ ਦੇ ਚੋਗੇ ਨਾਲ ਛੂਹ ਕੇ ਫੁੱਲਾਂ ਫਲਾਂ ਨਾਲ ਭਰੇ ਬਾਗ ਵਿੱਚੋਂ ਕੁਝ ਫੁੱਲ ਆਪਣੇ ਅਸਲ ਨਾਲੋਂ ਟੁੱਟ ਕੇ ਪੱਤੀ-ਪੱਤੀ ਹੋ ਗਏ। ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਦਾ ਕੋਮਲ ਹਿਰਦਾ, ਉਨ੍ਹਾਂ ਫੁੱਲਾਂ ਨੂੰ ਆਪਣੇ ਅਸਲ ਨਾਲੋਂ ਟੁੱਟਾ ਦੇਖ ਕੇ ਇਕ ਦਮ ਉਦਾਸੀ ਤੇ ਗ਼ਮ ਵਿੱਚ ਗ਼ਮਗੀਨ ਹੋ ਗਿਆ। ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਵੀ ਸੈਰ ਕਰਦਿਆਂ ਅਚਾਨਕ ਮੌਕੇ 'ਤੇ ਪਹੁੰਚ ਗਏ। ਗੁਰੂ ਹਰਿ ਰਾਇ ਸਾਹਿਬ ਨੂੰ ਡੂੰਘੀ ਸੋਚ ਵਿੱਚ ਡੁੱਬਿਆਂ ਦੇਖ ਕੇ ਪੁੱਛਣ ਲੱਗੇ ਕਿ ਇਨ੍ਹਾਂ ਫੁੱਲਾਂ ਨੂੰ ਆਪਣੇ ਅਸਲ ਨਾਲੋਂ ਕਿਸ ਨੇ ਵੱਖ ਕੀਤਾ ਹੈ? ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਸਾਹਿਬ ਦਾ ਜਵਾਬ ਸੀ ਕਿ ਇਹ ਫੁੱਲ ਮੇਰੇ ਚੋਗੇ ਨਾਲ ਖਹਿ ਕੇ ਪੱਤੀ-ਪੱਤੀ ਹੋਏ ਹਨ। ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਨੇ ਬਚਨ ਕੀਤਾ, ਜਦੋਂ ਵੀ ਸੰਸਾਰ ਰੂਪੀ ਬਾਗ ਵਿੱਚ ਵਿਚਰਨਾ ਹੈ ਤਾਂ ਆਪਾ ਸੰਭਾਲ ਕੇ ਰੱਖਣਾ ਹੈ। ਵੇਖਣਾ ਇਹ ਹੈ ਕਿ ਤੁਹਾਡੇ ਬਚਨਾਂ ਤੇ ਕਰਮਾਂ ਕਰਕੇ ਕਿਸੇ ਵੀ ਦੁਨਿਆਵੀਂ ਜੀਵ ਦੇ ਕੋਮਲ ਹਿਰਦੇ ਨੂੰ ਠੇਸ ਨਹੀਂ ਲੱਗਣੀ ਚਾਹੀਦੀ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਇਨ੍ਹਾਂ ਸਿੱਖਿਆ ਰੂਪੀ ਬਚਨਾਂ ਨੇ ਉਨ੍ਹਾਂ ਦੇ ਕੋਮਲ ਮਨ ਤੇ ਜੀਵਨ ਨੂੰ ਹਮੇਸ਼ਾ ਲਈ ਬਦਲ ਕੇ ਰੱਖ ਦਿੱਤਾ।

ਗੁਰੂ ਨਾਨਕ ਸਾਹਿਬ ਜੀ ਦੇ ਸੱਤਵੇਂ ਸਰੂਪ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਕਾਸ਼ 1630 ਈ: ਵਿੱਚ ਪਿਤਾ ਬਾਬਾ ਗੁਰਦਿੱਤਾ ਜੀ ਮਾਤਾ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਸ੍ਰੀ ਕੀਰਤਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹੋਇਆ। ਬਾਬਾ ਗੁਰਦਿੱਤਾ ਜੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ, ਜਿਨ੍ਹਾਂ ਦੀ ਉੱਚ ਅਵਸਥਾ ਨੂੰ ਵੇਖਦਿਆਂ ਸ੍ਰੀ ਗੁਰੂ ਨਾਨਕ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਸੰਪਰਦਾ ਦੀ ਜ਼ਿੰਮੇਵਾਰੀ ਵੀ ਸੰਭਾਲ ਦਿੱਤੀ ਸੀ। ਗੁਰੂ ਹਰਿ ਰਾਇ ਸਾਹਿਬ ਆਪਣੇ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਸਮੇਂ, ਸਿੱਖਾਂ ਅਤੇ ਪੁੱਤਰਾਂ ਤੇ ਪੋਤਰਿਆਂ ਵਿੱਚੋਂ ਗੁਰੂ ਹਰਿ ਰਾਇ ਸਾਹਿਬ ਨੂੰ ਹੀ ਯੋਗ ਸਮਝਿਆ। ਮਾਰਚ, 1644 ਈ: ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ ਆਪਣੇ ਪੋਤਰੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਉੱਤੇ ਭਰੇ ਦੀਵਾਨ ਵਿੱਚ ਗੁਰਗੱਦੀ ਦਾ ਛਤਰ ਝੁਲਾ ਕੇ ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਉਨ੍ਹਾਂ ਤਾਬਿਆ ਵਿੱਚ ਰਹਿਣ ਦਾ ਹੁਕਮ ਕੀਤਾ। ਨਾਲ ਹੀ ਗੁਰੂ ਨਾਨਕ ਸਾਹਿਬ ਦੇ ਸੱਤਵੇਂ ਸਰੂਪ ਹੋਣ ਦੇ ਬਚਨ ਦ੍ਰਿੜ ਕਰਵਾਏ। 14 ਸਾਲ ਦੀ ਉਮਰ ਵਿੱਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੋਏ। ਗੁਰੂ ਹਰਿ ਰਾਇ ਸਾਹਿਬ ਨੇ ਪੂਰੇ ਹਿੰਦੁਸਤਾਨ ਵਿੱਚ 360 ਗੱਦੀਆਂ ਕਾਇਮ ਕਰਕੇ ਸਿੱਖੀ ਦਾ ਪ੍ਰਚਾਰ ਕੀਤਾ। ਇਕ ਵੈਰਾਗੀ ਸਾਧੂ ਭਗਤ ਭਗਵਾਨ ਨੂੰ ਗੁਰੂ ਨਾਨਕ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਪ੍ਰੇਰਨਾ ਦਿੱਤੀ। ਜੋ ਆਪਣੇ ਸਮੇਂ ਦਾ ਵੱਡਾ ਪ੍ਰਚਾਰਕ ਹੋ ਨਿਬੜਿਆ। ਕੀਰਤਪੁਰ ਸਾਹਿਬ ਵਿਖੇ ਹੀ ਭਾਈ ਸੰਗਤੀਆ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ, ਇਸ ਦਾ ਨਵਾਂ ਨਾਂਅ ਭਾਈ ਫੇਰੂ ਰੱਖ ਕੇ ਦੁਆਬੇ ਵਿੱਚ ਪ੍ਰਚਾਰ ਲਈ ਭੇਜਿਆ। ਭਾਈ ਗੋਂਦੇ ਨੂੰ ਕਾਬਲ ਵਿੱਚ ਪ੍ਰਚਾਰ ਲਈ ਭੇਜਿਆ।

ਨਗਾਰੇ ਦੀ ਨਵੀਂ ਪ੍ਰਥਾ ਵੀ ਗੁਰੂ ਹਰਿ ਰਾਇ ਸਾਹਿਬ ਨੇ ਹੀ ਆਰੰਭ ਕੀਤੀ। ਨਗਾਰਾ ਹੁਣ ਗੁਰੂ ਕੇ ਲੰਗਰ ਦੇ ਆਰੰਭ ਸਮੇਂ ਵੀ ਵੱਜਣ ਲੱਗਾ। ਪਹਿਲਾਂ ਨਗਾਰਾ ਕੇਵਲ ਜੰਗ ਦੇ ਆਰੰਭ ਦਾ ਪ੍ਰਤੀਕ ਸੀ। ਗੁਰੂ ਸਾਹਿਬ ਨੇ ਸਿੱਖੀ ਨੂੰ ਵਿਰਸੇ ਵਿੱਚ ਮਿਲੀ ਸੰਗਤ ਤੇ ਪੰਗਤ ਦੀ ਰੀਤ ਨੂੰ ਨਵਾਂ ਰੂਪ ਦਿੱਤਾ। ਜਦੋਂ ਸ਼ਾਹ ਜਹਾਨ ਦੇ ਪੁੱਤਰਾਂ ਵਿੱਚ ਰਾਜ ਗੱਦੀ ਲਈ ਆਪਸੀ ਜੰਗ ਛਿੜੀ ਤਾਂ ਦਾਰ ਸ਼ਿਕੋਹ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਇਆ। ਗੁਰੂ ਸਾਹਿਬ ਨੇ ਮਾਨਵੀ ਰਿਸ਼ਤੇ ਦੇ ਨਾਤੇ ਦਾਰਾ ਦੀ ਜਿੰਨੀ ਵੀ ਹੋ ਸਕੀ ਮਦਦ ਕੀਤੀ। ਗੁਰੂ ਸਾਹਿਬ ਨਾਲ ਹਰ ਸਮੇਂ 2200 ਘੋੜ ਸਵਾਰ ਤਿਆਰ-ਬਰ-ਤਿਆਰ ਰਹਿੰਦੇ ਸਨ। ਵਾਹਿਗੁਰੂ ਅੱਗੇ ਅਰਦਾਸ ਨੂੰ ਖਲੋ ਕੇ ਕਰਨ ਦੀ ਮਰਿਯਾਦਾ ਨੂੰ ਵੀ ਕਾਇਮ ਕੀਤਾ। ਅੱਜ ਵੀ ਗੁਰੂ ਨਾਨਕ ਸਾਹਿਬ ਦੇ



ਸੱਤਵੇਂ ਸਰੂਪ ਗੁਰੂ ਹਰਿ ਰਾਇ ਸਾਹਿਬ ਦਾ ਸਮੁੱਚਾ ਜੀਵਨ ਮਨੁੱਖਤਾ ਲਈ ਪੱਥ-ਪ੍ਰਦਰਸ਼ਨ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸੱਤਵੇਂ ਪਾਤਸ਼ਾਹ ਦੇ ਸੰਪਰਕ ਵਿੱਚ ਆਉਣ ਵਾਲਾ ਹਰ ਰਾਜਾ ਤੇ ਰੰਕ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਇਸ ਵਾਰਸ ਤੋਂ ਇਨਸਾਨੀਅਤ ਦੇ ਭਲੇ ਦਾ ਅਜਿਹਾ ਸੁਨੇਹਾ ਲੈ ਕੇ ਗਿਆ ਜਿਸ ਸਦਕਾ ਗੁਰੂ-ਘਰ ਦੀ ਆਭਾ ਤੇ ਸ਼ੋਭਾ ਵਿੱਚ ਸਲਾਹੁਣ ਯੋਗ ਵਾਧਾ ਹੋਇਆ। ਕੋਮਲਤਾ, ਸੁਹਜ, ਸਹਿਜ ਤੇ ਦ੍ਰਿੜ੍ਹਤਾ ਵਰਗੇ ਗੁਣ ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਦਾ ਸ਼ਿੰਗਾਰ ਸਨ। ਪੁੱਤਰ ਮੋਹ ਛੱਡ ਕੇ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਅੱਠਵੇਂ ਵਾਰਿਸ ਦੀ ਚੋਣ ਕਰਨੀ ਸੰਸਾਰੀ ਲੋਕਾਂ ਲਈ ਇਕ ਵਿਲੱਖਣ ਘਟਨਾ ਹੈ। ਗੁਰੂ ਹਰਿ ਰਾਇ ਸਾਹਿਬ ਦਾ ਜੀਵਨ ਸਮੁੱਚੇ ਸੰਸਾਰ ਲਈ ਪ੍ਰੇਰਨਾ ਦਾ ਸਰੋਤ ਹੈ।

* * * * *

### ਖਾਕੀ ਫਿਰ ਹੋਈ ਸ਼ਰਮਸਾਰ

## ਪੁਲਸੀਆ ਹੀ ਨਿਕਲਿਆ ਆਪਣੀ ਮਾਂ ਤੇ ਭੈਣ ਦਾ ਕਾਤਲ

### ਲਾਸ਼ਾਂ ਕਾਰ ਵਿੱਚ ਪਾ ਕੇ ਦਰੱਖਤ ਨਾਲ ਮਾਰੀ ਗੱਡੀ-ਪੈਟਰੋਲ ਨਾਲ ਲਾਈ ਅੱਗ

ਸੰਗਰੂਰ-ਪੁਲਸ ਨੇ ਇਕ ਅੰਨ੍ਹੇ ਕਤਲ ਦਾ ਸੁਰਾਗ ਲਗਾਉਂਦਿਆਂ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਸ ਨੇ ਆਪਣੀ ਮਾਂ ਅਤੇ ਭੈਣ ਦਾ ਕਤਲ ਕਰਨ ਦੀ ਸਾਜਿਜ਼ ਰਚਦਿਆਂ ਆਪਣੇ ਇਸ ਕਾਰੇ ਨੂੰ ਹਾਦਸੇ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਇਹ ਵੀ ਸੂਚਨਾ ਮਿਲੀ ਹੈ ਕਿ ਇੰਨੀ ਘਿਨਾਉਣੀ ਵਾਰਦਾਤ ਨੂੰ ਅੰਜਾਮ ਜਾਇਦਾਦ ਖਾਤਰ ਦਿੱਤਾ ਗਿਆ ਹੈ। ਸ਼ੁਰੂ ਵਿੱਚ ਤਾਂ ਪੁਲਸ ਇਸ ਨੂੰ ਸੜਕ ਹਾਦਸਾ ਮੰਨ ਰਹੀ ਸੀ, ਕਿਉਂਕਿ ਹਾਦਸਾਗ੍ਰਸਤ ਹੋਣ ਕਾਰਨ ਕਾਰ ਨੂੰ ਅੱਗ ਲੱਗ ਗਈ, ਜਿਸ ਕਾਰਨ ਮਾਂ-ਧੀ ਦੀ ਮੌਤ ਹੋ ਗਈ, ਜਿਨ੍ਹਾਂ ਦੇ ਪਿੰਜਰ ਕਾਰ ਵਿੱਚ ਹੀ ਪਏ ਸਨ। ਪਰ ਸ਼ੱਕ ਹੋਣ 'ਤੇ ਜਾਂਚ-ਪੜਤਾਲ ਦੌਰਾਨ ਗੁਰਪ੍ਰੀਤ ਸਿੰਘ ਵਾਸੀ ਮੋੜਾਂ ਨੂੰ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ ਤੇ ਡੂੰਘਾਈ ਨਾਲ ਪੁੱਛ-ਗਿੱਛ ਦੌਰਾਨ ਮੁਲਜ਼ਮ ਨੇ ਮੰਨਿਆ ਕਿ ਘਟਨਾ ਵਾਲੀ ਦਰਮਿਆਨੀ ਰਾਤ ਨੂੰ ਆਪਣੀ ਭੈਣ ਸਰਬਜੀਤ ਕੌਰ (35 ਸਾਲ) ਅਤੇ ਮਾਤਾ ਇੰਦਰਜੀਤ ਕੌਰ (55 ਸਾਲ) ਨੂੰ ਮਾਰ ਕੇ ਲਾਸ਼ਾਂ ਕਾਰ ਵਿੱਚ ਰੱਖ ਕੇ ਹਾਦਸੇ ਦਾ ਰੂਪ ਦੇਣ ਲਈ ਕਾਰ ਨੂੰ ਦਰੱਖਤ ਨਾਲ ਟਕਰਾ ਕੇ ਲਾਸ਼ਾਂ ਅਤੇ ਕਾਰ ਉੱਪਰ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਸੀ ਅਤੇ ਆਪ ਮੌਕੇ ਤੋਂ ਫਰਾਰ ਹੋ ਗਿਆ। ਜ਼ਿਕਰਯੋਗ ਹੈ ਕਿ ਗੁਰਪ੍ਰੀਤ ਸਿੰਘ ਵਾਸੀ ਮੋੜਾਂ ਪੰਜਾਬ ਪੁਲਸ ਵਿੱਚ ਸੀਆਈਡੀ ਦਿੜ੍ਹਬਾ ਵਿਖੇ ਨੌਕਰੀ ਕਰਦਾ ਹੈ।

## ਬੰਗਲਾਦੇਸ਼ ਦੀ ਥਾਂ ਸਕਾਟਲੈਂਡ ਖੇਡੇਗਾ ਟੀ-20 ਵਿਸ਼ਵ ਕੱਪ




ਇੰਟਰਨੈਸ਼ਨਲ ਕ੍ਰਿਕਟ ਕਾਊਂਸਲ (ਆਈਸੀਸੀ) ਨੇ ਬੰਗਲਾਦੇਸ਼ ਦੀ ਥਾਂ ਸਕਾਟਲੈਂਡ ਦੀ ਟੀਮ ਨੂੰ ਆਉਣ ਵਾਲੇ ਟੀ-20 ਵਿਸ਼ਵ ਕੱਪ ਵਿਚ ਸ਼ਾਮਲ ਕਰ ਲਿਆ ਹੈ। ਆਈਸੀਸੀ ਨੇ ਇਸ ਸਬੰਧੀ ਬੰਗਲਾਦੇਸ਼ ਕ੍ਰਿਕਟ ਬੋਰਡ (ਬੀਸੀਬੀ) ਨੂੰ ਅਧਿਕਾਰਤ ਤੌਰ ਤੇ ਸੂਚਿਤ ਕਰ ਦਿੱਤਾ ਹੈ। ਇਹ ਫੈਸਲਾ ਆਈਸੀਸੀ ਦੇ ਚੇਅਰਮੈਨ ਜੈ ਸ਼ਾਹ ਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਦੁੱਬਈ ਵਿੱਚ ਲਿਆ ਤੇ ਇਸ ਸਬੰਧੀ ਦੇਰ ਸ਼ਾਮ ਬੀਸੀਬੀ ਦੇ ਚੇਅਰਮੈਨ ਅਮੀਨੁਲ ਇਸਲਾਮ ਬੁਲਬੁਲ ਨੂੰ ਈਮੇਲ ਭੇਜ ਕੇ ਗਲੋਬਲ ਬਾਡੀ ਦੇ ਫੈਸਲੇ ਬਾਰੇ ਜਾਣਕਾਰੀ ਦਿੱਤੀ ਗਈ ਹੈ। ਆਈਸੀਸੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਬੀਸੀਬੀ ਦੇ ਚੇਅਰਮੈਨ ਨੂੰ ਕੱਲ੍ਹ ਸ਼ਾਮ ਇੱਕ ਈਮੇਲ ਭੇਜੀ ਗਈ ਸੀ ਜਿਸ ਵਿੱਚ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਨ੍ਹਾਂ ਦੇ ਬੋਰਡ ਨੇ 24 ਘੰਟੇ ਦੀ ਸਮਾਂ ਸੀਮਾ ਤੋਂ ਬਾਅਦ ਅਧਿਕਾਰਤ ਤੌਰ ਤੇ ਆਈਸੀਸੀ ਨਾਲ ਸੰਪਰਕ ਨਹੀਂ ਕੀਤਾ ਤੇ ਨਾ ਹੀ ਭਾਰਤ ਖੇਡਣ ਆਉਣ ਬਾਰੇ ਦੱਸਿਆ। ਬੰਗਲਾਦੇਸ਼ ਵਲੋਂ ਭਾਰਤ ਵਿਚ ਖੇਡਣ ਤੋਂ ਇਨਕਾਰ ਕਰਨ ਤੇ ਸਕਾਟਲੈਂਡ ਦੀ ਟੀਮ ਨੂੰ ਵਿਸ਼ਵ ਕੱਪ ਵਿਚ ਬੰਗਲਾਦੇਸ਼ ਦੀ ਥਾਂ ਸ਼ਾਮਲ ਕੀਤਾ ਗਿਆ ਹੈ।

ਇਸ ਤਰ੍ਹਾਂ ਸਕਾਟਲੈਂਡ ਆਪਣੇ ਚਾਰ ਗਰੁੱਪ ਲੀਗ ਮੈਚ ਵੈਸਟ ਇੰਡੀਜ਼ (7 ਫਰਵਰੀ), ਇਟਲੀ (9 ਫਰਵਰੀ) ਅਤੇ ਇੰਗਲੈਂਡ (14 ਫਰਵਰੀ) ਵਿਰੁੱਧ ਕੋਲਕਾਤਾ ਵਿੱਚ ਖੇਡੇਗਾ ਅਤੇ ਉਸ ਤੋਂ ਬਾਅਦ 17 ਫਰਵਰੀ ਨੂੰ ਮੁੰਬਈ ਵਿੱਚ ਨੇਪਾਲ ਵਿਰੁੱਧ ਮੈਚ ਖੇਡੇਗਾ।

ਬੰਗਲਾਦੇਸ਼ ਕ੍ਰਿਕਟ ਬੋਰਡ ਨੇ ਭਾਵੇਂ ਆਈਸੀਸੀ ਦੀ ਵਿਵਾਦ ਨਿਪਟਾਰਾ ਕਮੇਟੀ (ਡੀਆਰਸੀ) ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਭਾਰਤ ਦੀ ਥਾਂ ਸ੍ਰੀਲੰਕਾ ਵਿੱਚ ਟੀ-20 ਵਿਸ਼ਵ ਕੱਪ ਮੈਚ ਕਰਵਾਉਣ ਬਾਰੇ ਫੈਸਲਾ ਲਵੇ ਪਰ ਬੰਗਲਾਦੇਸ਼ ਦੀ ਅਪੀਲ ਤੇ ਸੁਣਵਾਈ ਨਹੀਂ ਹੋਵੇਗੀ ਕਿਉਂਕਿ ਇਹ ਮਾਮਲਾ ਇਸ ਕਮੇਟੀ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**648. ਮਤਿ ਉੱਤਮ ਕਿਵੇਂ ਹੁੰਦੀ ਹੈ?**

ਪਰਮਾਤਮਾ ਦੇ ਗੁਣ ਗਾਉਣ ਨਾਲ ਮਤਿ ਸ੍ਰੇਸ਼ਟ ਹੋ ਜਾਂਦੀ ਹੈ । ਉਹ ਸਹਿਜੇ ਹੀ ਆਤਮਿਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ । "ਹਰਿਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥2॥ ਅੰਗ 161" । ਪ੍ਰਭੂ ਦੇ ਪ੍ਰੇਮ ਵਿਚ ਰੰਗਿਆਂ ਮਤਿ ਉੱਤਮ ਹੋ ਜਾਂਦੀ ਹੈ । "ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ ਅੰਗ 201" । ਪ੍ਰਭੂ ਦੀ ਕਿਰਪਾ ਨਾਲ ਮਤਿ ਉੱਤਮ ਹੁੰਦੀ ਹੈ । "ਪ੍ਰਭ ਦਇਆ ਤੇ ਮਤਿ ਊਤਮ ਹੋਇ॥ ਅੰਗ 271" । ਜਿਹੜਾ ਭਗਵਾਨ ਦਾ ਉਪਾਸ਼ਕ ਸਾਧ (ਗੁਰੂ) ਦੀ ਸੰਗਤ ਵਿਚ ਪਾਪਾਂ ਦੀ ਮੈਲ਼ ਧੋ ਲੈਂਦਾ ਹੈ ਉਸਦੀ ਮਤਿ ਉੱਤਮ ਹੁੰਦੀ ਹੈ । "ਸਾਧ ਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥ ਅੰਗ 274" । ਪ੍ਰਭੂ ਦੇ ਭਾਣੇ ਵਿਚ ਅਮੋਲਕ ਜਨਮ ਪਾਇਆ ਤੇ ਮਤਿ ਉੱਤਮ ਹੋ ਗਈ । "ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ ॥ ਅੰਗ 365" । ਪੂਰੇ ਗੁਰੂ ਨੇ ਸਮਝਾਇਆ (ਭਾਵ ਗਿਆਨ ਮਈ ਉਪਦੇਸ਼ ਦਿੱਤਾ), ਜਿਸ ਨਾਲ ਮਤਿ ਸ੍ਰੇਸ਼ਟ ਹੋ ਗਈ । "ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ ॥ ਅੰਗ 424" । ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਦਾ ਸਿਮਰਨ ਕਰ ਕੇ ਅੰਤਰ ਆਤਮੇ ਗਿਆਨ ਦਾ ਚਾਨਣ ਹੋ ਜਾਂਦਾ ਹੈ ਤੇ ਮਤਿ ਉੱਤਮ ਹੋ ਜਾਂਦੀ ਹੈ । "ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥ ਅੰਗ 516" । ਹੇ ਨਾਨਕ! ਪ੍ਰਭੂ ਦੇ ਨਾਮ (ਜਪਣ) ਨਾਲ ਮਤਿ ਸ੍ਰੇਸ਼ਟ ਹੋ ਜਾਂਦੀ ਹੈ, ਪ੍ਰਭੂ ਉਸ ਉਤੇ ਬਖਸ਼ਿਸ਼ ਕਰਕੇ ਉਸ ਨੂੰ (ਸੰਸਾਰ-ਸਮੁੰਦਰ ਤੋਂ) ਪਾਰ ਉਤਾਰਾ ਕਰ ਦਿੰਦਾ ਹੈ । "ਨਾਨਕ ਰਾਮ ਨਾਮਿ ਮਤਿ ਊਤਮ ਹਰਿ ਬਖਸੇ ਪਾਰਿ ਉਤਾਰਾ ਹੇ ॥17॥4॥10॥ ਅੰਗ 1031" । ਅਵਿਨਾਸ਼ੀ ਪ੍ਰਭੂ ਦੀ ਬਾਣੀ ਨਾਲ ਮਨੁੱਖ ਦੀ ਮਤਿ ਸਦਾ ਸ੍ਰੇਸ਼ਟ ਹੁੰਦੀ ਹੈ ਅਤੇ ਉਸ ਦੇ ਅੰਦਰ ਦਾ ਹਿਰਦਾ ਕਮਲ ਰੌਸ਼ਨ ਹੋ ਜਾਂਦਾ ਹੈ । "ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ ॥3॥ ਅੰਗ 1048" । ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਵਾਸਾ ਹੁੰਦਾ ਹੈ ਉਹਨਾਂ ਦੀ ਮਤਿ ਤੇ ਪਤਿ (ਇੱਜ਼ਤ) ਉੱਤਮ ਹੁੰਦੀ ਹੈ । "ਤਿਨ ਮਤਿ ਊਤਮ ਤਿਨ ਪਤਿ ਊਤਮ ਜਿਨ ਹਿਰਦੈ ਵਸਿਆ ਬਨਵਾਰੀ ॥ ਅੰਗ 1135" । ਸਤਿਗੁਰੂ ਨੂੰ ਮਿਲਣ ਨਾਲ ਮਤਿ ਉੱਤਮ ਹੋ ਜਾਂਦੀ ਹੈ । "ਸਤਿਗੁਰ ਮਿਲਿਐ ਮਤਿ ਊਤਮ ਹੋਇ ॥ ਅੰਗ 1188" । ਜਿਹੜੇ ਮਨੁੱਖ ਪ੍ਰਭੂ ਦਾ ਨਾਮ ਸਿਮਰਦੇ ਹਨ, ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਈ ਰੱਖਦੇ ਹਨ, ਉਹ ਜੀਉਂਦੇ ਜੀ ਹੀ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ । ਉਹਨਾਂ ਦਾ ਮਨ ਤੇ ਤਨ ਨਿਰਮਲ ਹੋ ਜਾਂਦਾ ਹੈ, ਮਤਿ ਉੱਤਮ ਹੋ ਜਾਂਦੀ ਹੈ ਤੇ ਬਾਣੀ ਵੀ ਉੱਤਮ ਹੋ ਜਾਂਦੀ ਹੈ । "ਜੀਵਨ ਮੁਕਤਿ ਹਰਿ ਨਾਮੁ ਧਿਆਇਆ ਹਰਿ ਰਾਖਿਆ ਉਰਿ ਧਾਰਿ ॥ ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ ॥ ਅੰਗ 1259" ।

**649. ਮਲੀਨ ਮਤਿ ਕਿਵੇਂ ਪ੍ਰਕਾਸ਼ਵਾਨ ਹੁੰਦੀ ਹੈ?**

ਸਤਿਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਸ੍ਰਿਸ਼ਟੀ ਦੇ ਮੂਲ ਪ੍ਰਭੂ ਦੀ ਵਿਚਾਰ ਕੀਤੀ; ਭਾਵ ਪ੍ਰਭੂ ਦਾ ਸਿਮਰਨ ਕੀਤਾ । ਤਾਂ ਪ੍ਰਭੂ ਦਾ ਨਾਮ ਜਪ ਕੇ (ਹਉਮੈ/ਵਿਕਾਰਾਂ ਨਾਲ) ਮੈਲੀ ਹੋਈ ਮਤਿ ਪ੍ਰਕਾਸ਼ਵਾਨ ਹੋ ਗਈ । "ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਅੰਗ 163" ।

**650. ਧਨਵੰਤ (ਧਨੀ) ਕੌਣ ਹਨ?**

ਉਹ ਜੋ ਪ੍ਰਭੂ ਦੇ ਨਾਮ ਧਨ ਦੀ ਕਮਾਈ ਕਰਦੇ ਹਨ! "ਸੇ ਧਨਵੰਤ ਹਰਿਨਾਮੁ ਕਮਾਇ ॥ ਅੰਗ 161" । ਮੈਂ ਸੱਚੇ ਪ੍ਰਭੂ ਦੇ ਨਾਮ ਰਾਹੀਂ ਧਨਵੰਤ ਤੇ ਭਾਗਾਂ ਵਾਲਾ ਹਾਂ। ਮੈਂ ਆਤਮਿਕ ਅਡੋਲਤਾ 'ਚ ਸ੍ਰੇਸ਼ਟ ਪ੍ਰੇਮ ਨਾਲ ਪ੍ਰਭੂ ਦੇ ਗੁਣ ਗਾਉਂਦਾ ਹਾਂ । "ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥1॥ ਰਹਾਉ॥ ਅੰਗ 185" । ਜਿਸਨੇ ਨਾਮ ਪ੍ਰਾਪਤ ਕਰ ਲਿਆ ਉਹ ਧਨਵੰਤ ਹੁੰਦਾ ਹੈ ਜੀ । "ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥ ਅੰਗ 217" । ਜਿਹੜੇ ਪ੍ਰਭੂ ਨੂੰ ਸਿਮਰਦੇ ਹਨ ਉਹ ਧਨਵੰਤ ਹੁੰਦੇ ਹਨ । "ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ ਅਮਗ 276" । ਜਿਹੜੇ ਸਰਬ ਵਿਆਪਕ ਵਾਹਿਗੁਰੂ ਦੇ ਨਾਮ ਨੂੰ ਵਿਚਾਰਦੇ ਹਨ ਉਹ ਸੰਸਾਰ ਵਿਚ ਧਨਵੰਤ ਗਿਣੇ ਜਾਂਦੇ ਹਨ । "ਰਾਮ ਨਾਮ ਜੋ ਕਰਹਿ ਬੀਚਾਰ ॥ ਸੇ ਧਨਵੰਤ ਗਨੀ ਸੰਸਾਰ ॥ ਅੰਗ 281" । ਹੇ ਦਾਸ ਨਾਨਕ! ਜਿਨ੍ਹਾਂ ਗੁਰੂ ਅਨੁਸਾਰੀਆਂ ਨੇ ਨਾਮ ਸਿਮਰਿਆ ਹੈ, ਉਹ ਧਨਵੰਤ ਹੁੰਦੇ ਹਨ । "ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਧਨਵੰਤਾ ॥20॥ ਅੰਗ 650"। ਜੋ ਪ੍ਰਭੂ ਦੇ ਨਾਮ ਨਾਲ ਅਟੁੱਟ ਪਿਆਰ ਪਾਉਂਦੇ ਹਨ ਉਹ ਧਨਵੰਤ ਹੁੰਦੇ ਹਨ । "ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥ ਅੰਗ 663" । ਜਿਸਨੇ ਪ੍ਰਭੂ ਦਾ ਧਿਆਨ ਧਰਿਆ ਉਹ ਧਨਵੰਤਾ ਹੁੰਦਾ ਹੈ । "ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥ ਅੰਗ 1079" । ਜਿਸਨੂੰ ਪ੍ਰਭੂ ਚਿੱਤ ਆਉਂਦਾ ਹੈ ਉਹ ਸਦਾ ਧਨਵੰਤ ਹੁੰਦਾ ਹੈ । "ਚੀਤਿ ਆਵੈ ਤਾਂ ਸਦ ਧਨਵੰਤਾ ॥ ਅੰਗ 1141"। ਹੇ ਨਾਨਕ! ਜਿਹਨਾਂ ਦੇ ਪੱਲੇ ਨਾਮ ਦਾ ਖ਼ਜ਼ਾਨਾ ਹੁੰਦਾ ਹੈ ਉਹੀ ਧਨਵੰਤੇ ਅਤੇ ਸ਼੍ਰੋਮਣੀ ਪੁਰਸ਼ ਹੁੰਦੇ ਹਨ । "ਧਨਵੰਤੇ ਸੇਈ ਪਰਧਾਨ ॥ ਨਾਨਕ ਜਾ ਕੈ ਨਾਮੁ ਨਿਧਾਨ॥4॥17॥30॥ ਅੰਗ 1144" । ਅਤੇ "ਸੇ ਧਨਵੰਤ ਜਿਨਿ ਹਰਿ ਪ੍ਰਭੁ ਰਾਸਿ॥ ਅੰਗ 1184" । ਨਾਮ ਦਾ ਵਣਜ ਕਰਨ ਵਾਲੇ ਧਨਵੰਤ ਹੁੰਦੇ ਹਨ । "ਧਨਵੰਤ ਨਾਮ ਕੇ ਵਣਜਾਰੇ ॥ ਅੰਗ 1219" । ਪ੍ਰਭੂ ਦਾ ਸਿਮਰਨ ਕਰਕੇ ਨਾਮ ਦੀ ਖੱਟੀ ਖੱਟ ਕੇ ਧਨਵੰਤ ਹੋ ਜਾਈਦਾ ਹੈ । "ਲਾਹਾ ਖਾਟਿ ਹੋਈਐ ਧਨਵੰਤਾ ਅਪੁਨਾ ਪ੍ਰਭੂ ਧਿਆਈਐ॥3॥ ਅੰਗ 1338" ।

ਉਹੀ ਧਨਵੰਤ ਹਨ ਉਹੀ ਸੱਚੇ ਸ਼ਾਹ ਹਨ ਜਿਹਨਾਂ ਦਾ ਪ੍ਰਭੂ ਦੀ ਦਰਗਾਹ ਵਿਚ ਨਾਮ ਜਮ੍ਹਾਂ ਹੈ। "ਸੇ ਧਨਵੰਤ ਸੇਈ ਸਚੁ ਸਾਹਾ॥ ਹਰਿ ਕੀ ਦਰਗਹ ਨਾਮੁ ਵਿਸਾਹਾ ॥1॥ ਅੰਗ 1339" ।

ਚਲਦਾ...


# ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

**FOR SUBSCRIPTION**
(PLEASE TICK ONE RELEVANT BOX)

| | | |
|---|---|---|
| 6 MONTHS ---- | £105 | ☐ |
| 1 YEAR ---- | £205 | ☐ |

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.................................................................................
ADDRESS...........................................................................
...............................................POST CODE.................................
TEL....................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**
*www.panjabtimes.uk Email: Panjabtimes@aol.com*



# ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਡਾਰਟਫੋਰਡ ਕੈਂਟ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

ਇਸ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਕੀਰਤਨ ਅਤੇ ਤਬਲਾ ਚੰਗੀ ਤਰ੍ਹਾਂ ਜਾਣਦਾ ਹੋਵੇ । ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ ਜਿਹਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸ਼ਾਮਿਲ ਹਨ । ਉਸ ਦੇ ਕੋਲ ਸਿੱਖ ਧਰਮ ਬਾਰੇ ਗਿਆਨ ਹੋਣਾ ਲਾਜ਼ਮੀ ਹੈ । ਕੰਮ ਅਤੇ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਮੁਤਾਬਕ ਤਨਖਾਹ, ਖਾਣਾ ਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਦਿੱਤੀ ਜਾਵੇਗੀ । ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ । ਹਫ਼ਤੇ ਦਾ ਘੱਟੋ-ਘੱਟ 23 ਘੰਟੇ ਕੰਮ ਹੋਵੇਗਾ । ਤਨਖਾਹ £12·71 ਪੌਂਡ ਘੰਟੇ ਦੀ ਹੋਵੇਗੀ

ਆਪਣੇ ਪੂਰੇ ਵੇਰਵੇ ਸਮੇਤ ਅਰਜ਼ੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੇਠਾਂ ਦਿੱਤੇ ਪਤੇ 'ਤੇ 26 ਫਰਵਰੀ 2026 ਤੱਕ ਭੇਜੋ ਜੀ ।

# VACANCY for RELIGIOUS WORKER at GURU HARGOBIND SAHIB GURDWARA, DARTFORD, KENT

Religious worker required at Guru Hargobind Sahib Gurdwara, Dartford, Kent. He Must have sufficient experience to do the Paath reciting Guru Granth Sahib with good command, and also they must know to do Kirtan and play Tabla. He would be performing all the Gurdwara duties as per our requirements. Must have right to work in uk. Accommodation and meals free and Salary £12.71 per hour.

**Minimum hours will be 23hrs. per week.**

**Please send your applications to Gurdwara management committee on address given below or Email: ghsdartford@outlook.com**

**CLOSING DATE: 26th FEBRUARY 2026**

**GURDWARA GURU HARGOBIND SAHIB**
8-10 Highfield Road, Dartford, Kent, DA1 2JJ (Charity No.1127047)



ਡਾ.ਚਰਨਜੀਤ ਸਿੰਘ
ਗੁਮਟਾਲਾ
919417533060
gumtalacs@gmail.com

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਨ ’ਤੇ ਵਿਸ਼ੇਸ਼



ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਊਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ ‘ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ।ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੁਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ ‘ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਵਿੱਚ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

5 ਫਰਵਰੀ ਸੰਨ 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ ‘ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ. ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ ’ਤੇ ਪੁੱਜੀ ਤਾਂ ਆਪ ਦੇ ਦਿਲ ’ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ ’ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ ’ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ ’ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਓਹਨਾ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਸਵਾ ਮਣ ਦਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ। ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈਂਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ। ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ ‘ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ’ ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

# ਗੱਲ ਹੋਵੇ ਜੇ ਕਮਾਲ ! ਬਣਦੀ ਉਹ ਮਿਸਾਲ ! !

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com



ਜਿਲ੍ਹਾ ਹੁਸ਼ਿਆਰ ਪੁਰ ਦੇ ਗੜ੍ਹਸ਼ੰਕਰ ਸ਼ਹਿਰ ਲਾਗਲੇ ਪਿੰਡ ਪਾਲ੍ਹੇਵਾਲ਼ ਕੁਟੀਆ ਵਿਚ ਰਹਿੰਦੇ ਹੁੰਦੇ ਸਨ ਸੰਤ ਗਿਆਨਾ ਨੰਦ ਜੋ ਹਮੇਸ਼ਾ ਭਗਵੇਂ ਰੰਗ ਦੀ ਗਿਲਤੀ ਪਹਿਨਦੇ ਸਨ। ਦੇਸੀ ਜੜ੍ਹੀ-ਬੂਟੀਆਂ ਦੀਆਂ ਦਵਾਈਆਂ ਬਣਾਉਣ ਦਾ ਸ਼ਰਫ ਵੀ ਹਾਸਲ ਸੀ ਉਨ੍ਹਾਂ ਨੂੰ। ਸੂਰਤ ਪੱਖੋਂ ਤਾਂ ਉਹ ਸਨ ਘੋਨ ਮੋਨ ਪਰ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਚੰਗੇ ਜਾਣੂ ਹੋਣ ਕਰਕੇ ਦੂਰ ਦੂਰ ਦੇ ਸਿੱਖ ਸਮਾਗਮਾਂ ਵਿਚ ਵੀ ਉਨ੍ਹਾਂ ਨੂੰ ਬੁਲਾਇਆ ਜਾਂਦਾ ਸੀ। ਮੇਰਾ ਉਨ੍ਹਾਂ ਨਾਲ ਅਕਸਰ ਮੇਲ਼ ਮਿਲਾਪ ਹੁੰਦਾ ਰਹਿੰਦਾ ਸੀ। ਪਿਆਰ ਨਾਲ ਉਹ ਮੈਨੂੰ 'ਤ੍ਰੈ-ਨੇਤਰ ਸਿੰਘ' ਕਹਿ ਕੇ ਬੁਲਾਇਆ ਕਰਦੇ ਸਨ।

ਸਾਡੇ ਪਿੰਡ ਆਇਆਂ ਕੋਈ ਗੱਲ ਚੱਲੀ ਤੋਂ ਉਨ੍ਹਾਂ ਮੈਨੂੰ ਆਪਣੀ ਇਕ ਅਜੀਬ ਜਿਹੀ ਹੱਡ-ਬੀਤੀ ਸੁਣਾਈ। ਇੰਗਲੈਂਡ ਰਹਿੰਦੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਪਿਆਰ ਸਤਿਕਾਰ ਨਾਲ ਉਨ੍ਹਾਂ ਨੂੰ ਆਪਣੇ ਕੋਲ ਯੂ.ਕੇ ਬੁਲਾਇਆ। ਉੱਥੇ ਜਾ ਕੇ ਸੰਤ ਜੀ ਨੂੰ ਪਤਾ ਲੱਗਾ ਕਿ ਉਹ ਸ਼ਰਧਾਲੂ ਉੱਥੇ ਸ਼ਰਾਬ ਦਾ ਕਾਰੋਬਾਰ ਕਰਦੇ ਹਨ। ਜਿਵੇਂ ਸਾਧ ਬਾਬਿਆਂ ਦੇ ਸ਼ਰਧਾਲੂ ਜਨ, ਨਿਜੀ ਕਾਰੋਬਾਰ ਵਿਚ ਬਣਦੇ ਉਤਪਾਦ ਆਪਣੇ ਸੰਤਾਂ ਨੂੰ ਵਰਤਣ ਲਈ ਭੇਟ ਕਰਕੇ ਜਿਆਦਾ ਪ੍ਰਸੰਨ ਹੁੰਦੇ ਹਨ ਤਿਵੇਂ ਇਹ ਇੰਗਲੈਂਡੀਏ ਸ਼ਰਧਾਲੂ ਬਾਬੇ ਗਿਆਨਾ ਨੰਦ ਨੂੰ ਸ਼ਰਾਬ ਦੀ ਪੇਸ਼ਕਸ਼ ਕਰਨ ਲੱਗੇ !

ਸੰਤ ਕਹਿੰਦੇ ਮੈਂ ਉਨ੍ਹਾਂ ਨੂੰ 'ਕੋਈ ਅਕਲ ਨੂੰ ਹੱਥ ਮਾਰੋ !' ਕਹਿ ਕੇ ਵਰਜਿਆ ਵੀ ਪਰ ਉਹ ਸ਼ਰਾਬ ਪੀਣ ਬਾਰੇ ਕਈ ਤਰਾਂ ਦੀਆਂ ਦਲੀਲਾਂ ਦੇਣ ਲੱਗ ਪਏ। ਕਦੇ ਕੋਈ ਬੋਤਲ ਮੇਰੇ ਮੋਹਰੇ ਰੱਖ ਕੇ ਕਿਹਾ ਕਰਨ ਕਿ ਇਹ ਸ਼ਰਾਬ ਨਹੀਂ ਜੌਆਂ ਦਾ ਅਰਕ ਹੀ ਹੈ। ਗਰਮੀਆਂ 'ਚ ਜੌਆਂ ਦੇ ਸੱਤੂ ਵੀ ਸਾਰੇ ਪੀ ਲੈਂਦੇ ਹਨ, ਇਸ 'ਪਾਣੀ' ਨੂੰ ਵੀ ਸੱਤੂ ਹੀ ਸਮਝੋ। ਕਦੇ ਕਿਸੇ ਹੋਰ ਰੰਗ ਦੀ ਬੋਤਲ ਮੇਰੇ ਅੱਗੇ ਰੱਖਕੇ ਕਹਿਣ ਕਿ ਇਹਨੂੰ ਤਾਂ ਇੱਥੇ ਆਪਣੀਆਂ ਬੀਬੀਆਂ ਵੀ ਪੀ ਲੈਂਦੀਆਂ ਹਨ ! ਤੁਸੀਂ ਇਹ ਤਾਂ ਛਕ ਕੇ ਦੇਖੋ ?

ਮੇਰੇ ਵਲੋਂ ਪੱਕਾ ਇਨਕਾਰ ਕਰੀ ਜਾਣ 'ਤੇ ਉਹ ਇਕ ਦਿਨ ਥੋੜਾ ਝੁੰਜਲਾ ਕੇ ਕਹਿਣ ਲੱਗੇ ਕਿ ਸੰਤ ਜੀ ਤੁਸੀਂ ਸਾਡੀ ਸ਼ੌਪ 'ਤੇ ਚੱਲ ਕੇ ਦੇਖਿਉ ਸਾਡੇ ਕੋਲ਼ੋਂ ਰਾਗੀ ਢਾਡੀ ਅਤੇ ਕਈ 'ਜਥੇਦਾਰ' ਵੀ ਫਲਾਣੇ ਬਰਾਂਡ ਦੀ ਸ਼ਰਾਬ ਲੈਣ ਆਉਂਦੇ ਹਨ। ਜੇ ਉਹ ਧਾਰਮਿਕ ਪ੍ਰਚਾਰਕ ਲੋਕ ਕਿਤੇ ਥੋੜੀ ਬਹੁਤ ਸ਼ਰਾਬ ਪੀ ਲੈਂਦੇ ਹਨ ਤਾਂ ਸਾਡੀ 'ਸ਼ਰਧਾ ਪੂਰੀ ਕਰਦਿਆਂ' ਤੁਹਾਡੇ ਦੋ ਘੁੱਟ ਪੀਣ ਨਾਲ ਕੀ ਗੁਨਾਹ ਹੋ ਚੱਲਿਆ ਐ ਭਲਾ ? ਗਿਆਨਾ ਨੰਦ ਕਹਿੰਦੇ ਉਨ੍ਹਾਂ ਮੂੰਹੋਂ ਇਹ ਗੱਲ ਸੁਣਕੇ ਮੈਂ ਹੱਸਦਿਆਂ ਕਿਹਾ-'ਬਸ ਬਸ.....ਭਾਈ ਸਿੱਖੋ,ਮੈਂ ਇਸੇ ਕਰਕੇ ਹੀ ਨਹੀਂ ਪੀਂਦਾ ਕਿ ਕੋਈ ਇੱਕ-ਅੱਧ ਧਾਰਮਿਕ ਪ੍ਰਚਾਰਕ ਐਸਾ ਵੀ ਹੋਣਾ ਹੀ ਚਾਹੀਦਾ ਹੈ ਕਿ ਜਿਹਦੀ 'ਨਾ ਪੀਂਦਾ ਹੋਣ ਦੀ' ਮਿਸਾਲ ਦਿੱਤੀ ਜਾ ਸਕੇ ? ਬਈ ਅਜਿਹਾ ਵੀ ਕੋਈ ਚਾਹੀਦਾ ਈ ਐ ਕਿ ਨਹੀਂ ?'

ਦੂਸਰੀ ਨਿਗੂਣੀ ਜਿਹੀ 'ਕਮਾਲ' ਮੇਰੇ ਨਿੱਜ ਨਾਲ਼ ਸਬੰਧਤ ਹੈ-ਸਾਡੇ ਪਿੰਡ ਲਾਗੇ ਵਗਦੇ ਸਤਲੁਜ ਦਰਿਆ ਵੱਲ੍ਹ ਦੇ ਪਾਸੇ 'ਫਲਾਹੀਆਂ' ਨਾਮ ਦੀ ਝਿੜੀ (ਜੋ ਕਿਸੇ ਸਮੇਂ ਪਸ਼ੂਆਂ ਦੀ ਖੁਲ੍ਹੀ ਚਰਾਂਦ ਹੁੰਦੀ ਸੀ) ਵਿੱਚ ਪੰਜਾਂ ਪੀਰਾਂ ਦੀ ਇਕ ਕਬਰ ਹੈ। ਬਜ਼ੁਰਗ ਦੱਸਦੇ ਹੁੰਦੇ ਸਨ ਕਿ ਸੰਨ ਸੰਤਾਲ਼ੀ ਤੋਂ ਪਹਿਲਾਂ ਦੁਪਾਲ ਪੁਰ ਰਹਿੰਦੇ ਕਈ ਮੁਸਲਿਮ ਪ੍ਰਵਾਰਾਂ 'ਚੋਂ ਅਰਾਈਂ ਪ੍ਰਵਾਰ ਇੱਥੇ ਜੁਮੇਂ ਨੂੰ ਕਵਾਲੀਆਂ ਗਾਉਂਦੇ ਹੁੰਦੇ ਸਨ। ਸਾਡੇ ਬਚਪਨ ਵੇਲੇ ਤਾਂ ਉਹ ਬੇਅਬਾਦ ਜਿਹੀ ਹੁੰਦੀ ਸੀ ਪਰ ਹੌਲ਼ੀ ਹੌਲ਼ੀ ਲੋਕੀ ਉੱਥੇ ਮੱਥਾ ਟੇਕਣ ਲੱਗ ਪਏ। ਸਾਡੇ ਦੇਖਦੇ ਦੇਖਦੇ ਉੱਥੇ ਇਕ 'ਮਜੌਰ' ਵੀ ਬਹਿ ਗਿਆ ਜੋ ਹਰੇਕ ਸਾਲਾ 'ਸੱਭਿਆਚਾਰਕ ਮੇਲਾ' ਵੀ ਕਰਾਉਣ ਲੱਗ ਪਿਆ ਕਬਰ ਉੱਤੇ।

ਦੇਖਾ ਦੇਖੀ ਸਾਡੇ ਪਿੰਡ ਦੇ ਬਹੁਤੇ ਲੋਕਾਂ ਵਾਂਗ ਵੀਰਵਾਰ ਜਾਂ ਸ਼ੁੱਕਰਵਾਰ ਵਾਲ਼ੇ ਦਿਨ ਇਕ ਉਹ ਪ੍ਰਵਾਰ ਵੀ ਪੰਜਾਂ ਪੀਰਾਂ ਦੇ ਮੱਥਾ ਟੇਕਣ ਜਾਣ ਲੱਗ ਪਿਆ ਜਿਸ ਟੱਬਰ ਦਾ ਇਕ ਨੌਜਵਾਨ ਮੁੰਡਾ ਮੇਰੇ ਛੋਟੇ ਭਰਾ ਦਾ ਹਮਜਮਾਤੀ ਸੀ। ਇਸੇ ਕਾਰਨ ਉਹਦੀ ਸਾਡੇ ਨਾਲ ਚੰਗੀ ਬਹਿਣੀ-ਉੱਠਣੀ ਸੀ।ਉਹ ਮੁੰਡਾ ਅਕਸਰ ਸਾਡੇ ਨਾਲ ਗੁਰਮਤਿ ਜਾਂ ਗੁਰਬਾਣੀ ਬਾਰੇ ਵੀ ਸਵਾਲ-ਜਵਾਬ ਕਰਦਾ ਰਹਿੰਦਾ ਸੀ।ਉਹਦੇ ਘਰ ਦੇ ਦੂਸਰੇ ਜੀਅ ਤਾਂ ਗਾਹੇ ਬਗਾਹੇ ਪੰਜੀਂ ਪੀਰੀਂ 'ਚਿਰਾ.ਗ' ਵਗੈਰਾ ਕਰਨ ਚਲੇ ਜਾਂਦੇ ਪਰ ਉਹ ਨਹੀਂ ਸੀ ਕਦੇ ਉੱਥੇ ਜਾਂਦਾ ! ਇਸੇ ਦੌਰਾਨ ਕੁੱਝ ਅਰਸੇ ਬਾਅਦ ਸਾਡੇ ਪਿੰਡ ਦੇ ਇਕ ਹੋਰ ਕਹਿੰਦੇ ਕਹਾਉਂਦੇ 'ਸਿੱਖ ਪ੍ਰਵਾਰ' ਨੇ ਵੀ ਪੰਜ ਪੀਰਾਂ ਦੀ ਕਬਰ 'ਤੇ ਜਾਣਾ ਸ਼ੁਰੂ ਕਰ ਦਿੱਤਾ ! ਫਲਾਹੀਆਂ ਵਾਲ਼ੀ ਕਬਰ ਦੇ ਨਵੇਂ ਨਵੇਂ ਸ਼ਰਧਾਲੂ ਬਣੇ ਇਸ 'ਸਿੱਖ ਪ੍ਰਵਾਰ' ਦੀ ਮਿਸਾਲ ਦਿੰਦਿਆਂ ਉਸ ਮੁੰਡੇ ਦੇ ਘਰ ਵਾਲਿਆਂ ਨੇ ਕਿਹਾ ਕਿ ਕਾਕਾ ਦੇਖ ਲੈ ਫਲਾਣਿਆਂ ਦਾ ਟੱਬਰ ਵੀ ਚਿਰਾ.ਗ ਕਰਨ ਲੱਗ ਪਿਆ ਐ ! ਹੁਣ ਤਾਂ ਤੂੰ ਸਾਡੇ ਨਾਲ ਪੰਜੀ ਪੀਰੀਂ ਚੱਲਿਆ ਕਰ ਮੱਥਾ ਟੇਕਣ ? ਉਸ ਮੁੰਡੇ ਨੇ ਸਾਡੇ ਘਰੇ ਆ ਕੇ ਮੈਨੂੰ ਦੱਸਿਆ ! ਕਹਿੰਦਾ ਭਾਅ ਜੀ ਮੈਂ ਤੁਹਾਡਾ ਨਾਂ ਲੈ ਕੇ ਆਪਣੇ ਘਰ ਦਿਆਂ ਨੂੰ ਕਿਹਾ ਕਿ ਜਿਸ ਦਿਨ ਬੀਰੇ ਹੁਣਾ ਦੇ ਘਰ ਦੇ ਉੱਥੇ ਜਾਣ ਲੱਗ ਪਏ ਫੇਰ ਮੈਨੂੰ ਦੱਸਿਉ,ਮੈਂ ਵੀ ਜਰੂਰ ਚਲਾ ਜਾਇਆ ਕਰਾਂ ਗਾ ਤੁਹਾਡੇ ਨਾਲ਼ !!

'ਤਦ ਮੈਂ ਦੇਖ ਅਚੰਭਤ ਹੋਇਆ।
ਸਿੱਖਾਂ ਦੀ ਕਿਸਮਤ ਪਰ ਰੋਇਆ।
ਦੇਖੋ ਯਾਰੋ ਇਹ ਗੁਰ ਪੰਥ।
ਗੁਣਦਾ ਮੂਲ ਨਾ ਗੁਰੂ ਗ੍ਰੰਥ।
ਜਗ੍ਹਾ ਜਗ੍ਹਾ ਪਰ ਭਟਕਤ ਐਸੇ।
ਭੁੱਖਾ ਕਾਗ ਕੁਰੰਗ ਪਰ ਜੈਸੇ।'

-ਗਿਆਨੀ ਦਿੱਤ ਸਿੰਘ ਲਿਖਤ ਕਿਤਾਬ 'ਗੁੱਗਾ ਗਪੌੜਾ ਤੇ ਸੁਲਤਾਨ ਪੁਆੜਾ' ਸਫਾ-45

## ਡੈਮੋਕਰੈਟਿਕ ਉਮੀਦਵਾਰ ਰਾਖੀ ਇਸਰਾਨੀ ਨੂੰ ਵੱਡਾ ਹੁੰਗਾਰਾ

## 24 ਘੰਟਿਆਂ ਵਿੱਚ 10 ਲੱਖ ਡਾਲਰ ਫੰਡ ਹੋਇਆ ਇਕੱਠਾ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਲੀਫੋਰਨੀਆ ਦੇ ਅਮਰੀਕੀ ਕਾਂਗਰਸ ਦੇ 14 ਵੇਂ ਜਿਲੇ ਤੋਂ ਡੈਮੋਕਰੈਟਿਕ ਉਮੀਦਵਾਰ ਭਾਰਤੀ ਮੂਲ ਦੀ ਰਾਖੀ ਇਸਰਾਨੀ ਵੱਲੋਂ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਰਸਮੀ ਤੌਰ 'ਤੇ ਚੋਣ ਮੁਹਿੰਮ ਸ਼ੁਰੂ ਕਰਨ ਉਪਰੰਤ ਉਸ ਨੂੰ ਲੋਕਾਂ ਵੱਲੋਂ ਵੱਡੀ ਪੱਧਰ 'ਤੇ ਸਮਰਥਨ ਮਿਲਿਆ ਹੈ ਤੇ ਮਹਿਜ਼ 24ਘੰਟਿਆਂ ਵਿੱਚ 10 ਲੱਖ ਡਾਲਰ ਤੋਂ ਵਧ ਫੰਡ ਇਕੱਠਾ ਹੋਇਆ ਹੈ। ਇਹ ਜਾਣਕਾਰੀ ਉਸ ਦੀ ਚੋਣ ਮੁਹਿੰਮ ਦੇ ਸੰਚਾਲਕਾਂ ਨੇ ਦਿੱਤੀ ਹੈ। ਇਸਰਾਨੀ ਨੇ ਕਿਹਾ ਕਿ ਮਿਲੇ ਹੁੰਗਾਰੇ ਤੋਂ ਸਪੱਸ਼ਟ ਹੈ ਕਿ ਲੋਕ ਸਮਾਜ ਵਿੱਚ ਵੰਡੀਆਂ ਪਾਉਣ ਤੇ ਨਫਰਤੀ ਭਰੇ ਮਾਹੌਲ ਦੀ ਬਜਾਏ ਆਪਣੀਆਂ ਸਮੱਸਿਆਵਾਂ ਦਾ ਹਲ ਚਹੁੰਦੇ ਹਨ। ਉਨਾਂ ਕਿਹਾ ਕਿ ਮੈਨੂੰ ਵਿਸ਼ਵਾਸ਼ ਹੈ ਕਿ ਸਾਡਾ ਤਬਦੀਲੀ ਦਾ ਸੁਨੇਹਾ ਹਰ ਘਰ ਪੁੱਜੇਗਾ ਤੇ ਜਮੀਨ ਪੱਧਰ ਉਪਰ ਸਾਡਾ ਚੋਣ ਪ੍ਰਚਾਰ ਸਾਡੀ ਜਿੱਤ ਯਕੀਨੀ ਬਣਾਵੇਗਾ। 14 ਵੀਂ ਕਾਂਗਰਸ ਜਿਲਾ ਸੀਟ ਅਲਾਮੇਡਾ ਕਾਊਂਟੀ ਵਿੱਚ ਪੈਂਦੀ ਹੈ ਤੇ ਇਸ ਖੇਤਰ ਵਿੱਚ ਰਜਿਸਟਰਡ ਏਸ਼ੀਅਨ ਵੋਟਰਾਂ ਦੀ ਗਿਣਤੀ ਤਕਰੀਬਨ 32 ਫੀਸਦੀ ਹੈ।

## ਗੋਲੀਬਾਰੀ ਵਿੱਚ ਦੋ ਮੌਤਾਂ ਤੇ ਇਕ ਦੀ ਹਾਲਤ ਗੰਭੀਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਿਊਯਾਰਕ ਸਿਟੀ ਅਪਾਰਟਮੈਂਟ ਇਮਾਰਤ ਵਿੱਚ ਹੋਈ ਗੋਲੀਬਾਰੀ ਵਿੱਚ 2 ਮੌਤਾਂ ਹੋਣ ਤੇ ਇਕ ਦੇ ਗੰਭੀਰ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਪ੍ਰਤੱਖ ਤੌਰ 'ਤੇ ਹੱਤਿਆ ਤੇ ਖੁਦਕੁੱਸ਼ੀ ਦਾ ਮਾਮਲਾ ਹੈ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਸਵੇਰੇ 8 ਵਜੇ ਦੇ ਕਰੀਬ ਇਮਾਰਤ ਵਿੱਚ ਪੁੱਜੇ ਜਿਥੇ ਇੱਕ 55 ਸਾਲਾ ਵਿਅਕਤੀ ਦੇ ਸਿਰ ਵਿੱਚ ਗੋਲੀ ਵੱਜੀ ਹੋਈ ਸੀ ਤੇ ਇਕ 59 ਸਾਲਾ ਔਰਤ ਦੇ ਵੀ ਸਿਰ ਵਿੱਚ ਗੋਲੀ ਵੱਜੀ ਹੋਈ ਸੀ। ਇਨਾਂ ਦੋਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਜਦ ਕਿ ਇੱਕ 86 ਸਾਲਾ ਔਰਤ ਜਿਸ ਦੇ ਚੇਹਰੇ 'ਤੇ ਗੋਲੀ ਵੱਜੀ ਸੀ, ਨੂੰ ਜਖਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਨਸਾਰ ਉਸ ਦੀ ਹਾਲਤ ਗੰਭੀਰ ਪਰ ਸਥਿੱਰ ਹੈ। ਪੁਲਿਸ ਨੇ ਪੀੜਤਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ। ਪੁਲਿਸ ਅਨੁਸਾਰ ਹਾਲਾਂ ਕਿ ਮਾਮਲਾ ਜਾਂਚ ਅਧੀਨ ਹੈ ਪਰੰਤੂ ਲੱਗਦਾ ਹੈ ਕਿ ਵਿਅਕਤੀ ਨੇ ਆਪਣੇ ਆਪ ਨੂੰ ਗੋਲੀ ਮਾਰਨ ਤੋਂ ਪਹਿਲਾਂ ਔਰਤਾਂ ਨੂੰ ਗੋਲੀਆਂ ਮਾਰੀਆਂ ਹਨ। ਇਹ ਵਿਅਕਤੀ 23 ਸਾਲ ਪੁਲਿਸ ਫੋਰਸ ਦਾ ਹਿੱਸਾ ਰਿਹਾ ਹੈ। ਮੌਕੇ ਤੋਂ ਇੱਕ ਹਥਿਆਰ ਵੀ ਬਰਾਮਦ ਹੋਇਆ ਹੈ।

## ਭਾਰਤੀ ਮੂਲ ਦੀ ਗਾਜ਼ਲਾ ਹਾਸ਼ਮੀ ਨੇ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਗਾਜ਼ਲਾ ਹਾਸ਼ਮੀ ਨੇ ਵਰਜੀਨੀਆ ਦੇ 43 ਵੇਂ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕੀ। ਉਹ ਪਹਿਲੀ ਮੁਸਲਮਾਨ ਦੱਖਣ ਏਸ਼ੀਅਨ ਅਮਰੀਕੀ ਔਰਤ ਹੈ ਜੋ ਇਸ ਅਹੁੱਦੇ 'ਤੇ ਪੁੱਜੀ ਹੈ।



ਹਾਸ਼ਮੀ ਨੂੰ ਅਹੁੱਦੇ ਦੀ ਸਹੁੰ ਵਰਜੀਨੀਆ ਸੁਪਰੀਮ ਕੋਰਟ ਦੀ ਚੀਫ ਜਸਟਿਸ ਸਲੀਓ ਪਾਵਲ ਨੇ ਚੁੱਕਾਈ। ਇਸ ਮੌਕੇ ਹਾਸ਼ਮੀ ਨੇ ਕਿਹਾ ਕਿ ਉਨਾਂ ਉਪਰ ਪ੍ਰਗਟਾਏ ਭਰੋਸੇ ਲਈ ਉਹ ਧੰਨਵਾਦੀ ਹੈ। ਭਾਰਤ ਦੇ ਹੈਦਰਾਬਾਦ ਵਿਚ ਪੈਦਾ ਹੋਈ ਹਾਸ਼ਮੀ ਨੇ ਜਾਰਜੀਆ ਸਾਊਥਰਨ ਯੁਨੀਵਰਸਿਟੀ ਤੋਂ ਅੰਡਰਗਰੈਜੂਏਟ ਡਿਗਰੀ, ਯਨੀਵਰਸਿਟੀ ਆਫ ਵਰਜੀਨੀਆ ਤੋਂ ਮਾਸਟਰ ਡਿਗਰੀ ਤੇ ਅਮੈਰਕੀਨ ਸਟੱਡੀਜ ਵਿੱਚ ਪੀ ਐਚ ਡੀ ਐਮੋਰੀ ਯੁਨੀਵਰਸਿਟੀ ਤੋਂ ਕੀਤੀ। ਰਾਜਨੀਤੀ ਵਿਚ ਆਉਣ ਤੋਂ ਪਹਿਲਾਂ ਹਾਸ਼ਮੀ ਨੇ ਕਈ ਦਹਾਕੇ ਵਰਜੀਨੀਆ ਦੇ ਕਾਲਜਾਂ ਵਿਚ ਪੜਾਇਆ। ਉਹ ਵਰਜੀਨੀਆ ਸੈਨੇਟ ਲਈ ਵੀ ਚੁਣੀ ਗਈ ਸੀ। ਉਨਾਂ ਨੇ ਸਿੱਖਿਆ, ਸਿਹਤ ਸੰਭਾਲ ਤੇ ਮਾਨਵੀ ਅਧਿਕਾਰਾਂ ਦੇ ਖੇਤਰ ਵਿਚ ਲਾਮਿਸਾਲ ਕੰਮ ਕੀਤਾ।

## 70 ਫੀਸਦੀ ਗ੍ਰਿਫਤਾਰੀਆਂ ਗੈਰ ਕਾਨੂੰਨੀ ਅਪਰਾਧੀਆਂ ਦੀਆਂ ਹੋਈਆਂ- ਡੀ ਐਚ ਐਸ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨ ਕਾਰਨ ਹੋ ਰਹੀ ਅਲੋਚਨਾ ਦਰਮਿਆਨ ਟਰੰਪ ਪ੍ਰਸ਼ਾਸਨ ਨੇ ਸਾਬਕਾ ਬਾਈਡਨ ਪ੍ਰਸ਼ਾਸਨ ਦੀ ਅਲੋਚਨਾ ਕੀਤੀ ਹੈ ਤੇ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਮੈਂਟ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪ੍ਰਸੰਸਾ ਕੀਤੀ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਇਮੀਗ੍ਰੇਸ਼ਨ ਦੁਆਰਾ 70 ਫੀਸਦੀ ਗ੍ਰਿਫਤਾਰੀਆਂ ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਿਲ ਲੋਕਾਂ ਦੀਆਂ ਕੀਤੀਆਂ ਗਈਆਂ ਹਨ ਜੋ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਸਨ। ਇਨਾਂ ਵਿਚ ਸ਼ੱਕੀ ਬੱਬਰ ਖਾਲਸਾ ਇੰਟਰਨੈਸ਼ਲ ਨਾਲ ਸਬੰਧਤ ਅੱਤਵਾਦੀ ਹਰਪ੍ਰੀਤ ਸਿੰਘ ਵੀ ਸ਼ਾਮਿਲ ਹੈ ਜੋ ਭਾਰਤ ਵਿੱਚ ਲੋੜੀਂਦਾ ਹੈ। ਡੀ ਐਚ ਐਸ ਅਨੁਸਾਰ ਉਹ 2022 ਵਿੱਚ ਐਰੀਜ਼ੋਨਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਇਆ ਸੀ ਤੇ ਆਈ ਸੀ ਏ ਨੇ ਉਸ ਨੂੰ ਅਪ੍ਰੈਲ 2025 ਵਿੱਚ ਗ੍ਰਿਫਤਾਰ ਕੀਤਾ ਸੀ। ਸਹਾਇਕ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਦੇ ਪਹਿਲੇ ਸਾਲ ਦੌਰਾਨ ਆਈ ਸੀ ਈ ਦੁਆਰਾ ਗੈਰ ਕਾਨੂੰਨੀ ਅਪਰਾਧੀ ਵਿਦੇਸ਼ੀਆਂ ਜਿਨਾਂ ਵਿੱਚ ਕਾਤਲ, ਗੈਂਗਸਟਰ, ਅੱਤਵਾਦੀ ਤੇ ਬਲਾਤਕਾਰੀ ਸ਼ਾਮਿਲ ਹਨ, ਵਿਰੁੱਧ ਕਾਰਵਾਈ ਕੀਤੀ ਗਈ ਹੈ। ਇਹ ਲੋਕ ਅਮਰੀਕੀ ਸਮਾਜ ਲਈ ਖਤਰਾ ਸਨ।

# Beyond Power and Retirement! Living in the Present by Serving Society

**Iqbal Singh Lalpura**
**Mobile 9780003333**



An officer or a judge enters public service after passing a prescribed examination. With that examination come salary, allowances, authority, and social standing. These are not privileges granted for personal comfort; they are instruments entrusted to serve society, as a friend, a guide, and a protector of the weak. Whether in the executive, police, or judiciary, the essence of public service remains the same: to uphold justice, resist wrongdoing, and stand firm against pressure of power or money.

This is the ideal. The reality often falls short.

During service, authority creates a protective illusion. Files move, orders are complied with, and influence appears natural. But many learn, consciously or unconsciously, to adjust rather than reform, to avoid difficult decisions, to dilute justice, to rationalize silence. In this gradual compromise, institutions weaken and public faith erodes. Corruption is not always about taking money; it is equally about surrendering independence.

Yet every public servant remembers moments when he or she resisted pressure, when a powerful person was denied an illegal favour, when money failed to bend a decision, when the law was allowed to take its course. In those moments, the system may have frowned, but society silently blessed. The satisfaction of those decisions lingers long after retirement. Those blessings are the true rewards of service.

Guru Nanak Dev Ji reminded rulers and administrators centuries ago that justice is the foundation of governance: "Raja chuli niau ki ." (Ang 1240)

When justice is cooked in the vessel of truth, only then does governance become righteous. When justice is diluted by fear or favour, authority loses moral legitimacy.

The judiciary, no less than the executive, carries this burden. Courts are the final refuge of the citizen. When judges withstand pressure from power, wealth, or popular sentiment, democracy breathes. When they falter, injustice becomes institutional. Judicial independence is not protected merely by constitutional provisions; it survives through personal courage exercised daily, quietly, often without applause.



One fundamental truth distinguishes bureaucracy and judiciary from political power. Political authority is temporary, subject to elections and public mood. Bureaucracy and judiciary are continuous institutions, extending beyond governments and regimes. This continuity is not a weakness; it is a moral strength. It gives the civil servant and the judge a unique opportunity to serve without fear of electoral loss. This space between permanence and transience is where public service must find its courage.

When this opportunity is wasted, retirement exposes the truth. Majority of them comes from rural or suburban areas, which they leave for better opportunities and majority settle down in the capital area of the country or state. However after retirement there is no one to call them their own and they hesitate to be with their villagers whom they never looked back.

After retirement, the uniform is folded, the gavel rests, the official chair is vacated. The retired officer or judge becomes an ordinary citizen, standing in queues, waiting for hearings, seeking basic services. This transition should lead to reflection. If one held authority for decades and yet the system still humiliates the citizen, including oneself after retirement, then the failure is not abstract. It is collective and personal.

Retired officers and judges are not alone in this responsibility. Retired Army officers, with their deep sense of discipline, leadership, and organisational training, also have a vital role to play in rebuilding society. Having led jawans in the most testing circumstances, they possess the moral authority and practical experience to mobilise disciplined, law-abiding citizens. Along with former soldiers and conscientious retired civil servants, they can help organise innocent civilians to stand firmly against drug peddlers, organised criminals, and mafias that are vitiating society and destroying the future of Punjab's youth. Such collective action does not mean taking the law into one's own hands; rather, it means strengthening society from within—creating awareness, supporting lawful institutions, resisting fear, and restoring confidence among citizens. When experience, discipline, and conscience come together, they can act as a powerful deterrent to those who thrive on silence and helplessness, and can help reclaim social spaces surrendered to crime and addiction.

Many choose to withdraw into comfortable isolation, living on memories of power once exercised. Clubs, social gatherings, and endless recollections replace engagement with present realities. Nostalgia becomes a shelter from accountability. But past authority is not contribution, and leisure is not legacy.

Punjab today stands in need of its experienced minds. Erosion of institutional trust, challenges to law and order, youth alienation, drug abuse, and social fragmentation demand wisdom forged through experience. Retired officers and judges possess deep understanding of where institutions fail and how they can be repaired. Silence at this stage is not neutrality; it is abdication.

Mistakes made during service need not define failure. Acknowledged honestly, they can guide reform. Retirement offers freedom—from transfer, pressure, and fear. It is the stage where truth can be spoken without consequence to career, and service can continue without compromise. Guru Gobind Singh Ji gave a timeless call to ethical action: "Shubh karman te kabhun na taron."

Never retreat from righteous action. This command does not expire with retirement. In fact, it becomes more relevant when authority is gone and only conscience remains.

Philosophers across civilizations echo this truth. Edmund Burke warned that "the only thing necessary for the triumph of evil is for good men to do nothing." Public servants who do nothing after retirement allow the erosion they once witnessed to continue unchecked.


Punjab does not need retired officials who live in the shadow of past power. It needs citizens of conscience who live in the present and serve society with clarity and courage. It needs former officers and judges who mentor, guide, write, speak, and stand, using experience not to dominate discourse but to elevate it. The examination was only an entry point. Service was the test. What one does after retirement is the final moral audit.

Institutions survive on rules, but societies survive on conscience. Power fades. Integrity endures.

Punjab is waiting, not for authority, but for responsibility renewed through experience.

**Former Chairman National Commission for Minorities Government of India**

# ਪੰਜਾਬ ਕਾਂਗਰਸ ਦਾ ਕਲੇਸ਼ ਕਿਸ ਕਰਵਟ ਬੈਠੇਗਾ



ਉਜਾਗਰ ਸਿੰਘ



ਕਾਂਗਰਸ ਪਾਰਟੀ ਨੂੰ ਬਾਹਰੀ ਦੁਸ਼ਮਣ ਦੀ ਲੋੜ ਨਹੀਂ ਹੁੰਦੀ, ਉਹ ਆਪਣੀ ਦੁਸ਼ਮਣ ਹਮੇਸ਼ਾ ਆਪ ਹੀ ਬਣਦੀ ਹੈ। ਕਾਂਗਰਸੀ ਹੀ ਕਾਂਗਰਸ ਦੀ ਜੜ੍ਹਾਂ ਵਿੱਚ ਬੈਠਦੇ ਹਨ। ਪੰਜਾਬ ਵਿੱਚ ਪੰਜਾਬ ਦੇ ਲੋਕ ਕਾਂਗਰਸ ਨੂੰ ਹੁੰਗਾਰਾ ਭਰ ਰਹੇ ਸਨ, ਪ੍ਰੰਤੂ ਜਦੋਂ ਕਾਂਗਰਸੀ ਨੇਤਾਵਾਂ ਨੂੰ ਇਸ ਹੁੰਗਾਰੇ ਦਾ ਮਾਣ ਹੋ ਗਿਆ ਤਾਂ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਦੇ ਸਪਨੇ ਆਉਣ ਲੱਗ ਪਏ। ਬਸ ਫਿਰ ਕੀ ਸੀ, ਉਨ੍ਹਾਂ ਨੇ ਇੱਕ ਦੂਜੇ ਦੇ ਵਿਰੁੱਧ ਗੁੱਝੇ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਤੀਰਾਂ ਦੇ ਜ਼ਖਮਾਂ ਨੇ ਕਾਂਗਰਸ ਪਾਰਟੀ ਲਹੂ-ਲੁਹਾਣ ਕਰ ਦਿੱਤੀ। ਕਾਂਗਰਸ ਹਾਈ ਕਮਾਂਡ ਮਰਹਮ ਲਗਾਉਣ ਲਈ ਮਜ਼ਬੂਰ ਤੇ ਬੇਬਸ ਹੋ ਕੇ ਮਰਹਮ ਲਗਾਉਣ ਦੇ ਉਪਰਾਲੇ ਕਰਨੇ ਪੈ ਰਹੇ ਹਨ। ਜ਼ਖ਼ਮ ਇਤਨੇ ਡੂੰਘੇ ਹਨ, ਛੇਤੀ ਕੀਤਿਆਂ ਮਰਹਮ ਦਾ ਕੋਈ ਅਸਰ ਹੁੰਦਾ ਨਹੀਂ ਲੱਗਦਾ। ਉਨ੍ਹਾਂ ਨੂੰ ਤਾਂ ਅਨੁਸ਼ਾਸ਼ਨ ਦਾ ਟੀਕਾ ਲਗਾਉਣਾ ਪਵੇਗਾ ਤਾਂ ਜੋ ਹੋਰ ਨੇਤਾਵਾਂ ਨੂੰ ਕੰਨ ਹੋ ਜਾਣ। ਕਾਂਗਰਸੀਆਂ ‘ਤੇ ਕਿਸੇ ਸ਼ਾਇਰ ਦੇ ਇਹ ਬੋਲ ਬਹੁਤ ਢੁਕਦੇ ਹਨ:

‘ਘਰੋਂ ਤੁਰੇ ਸੀ ਫ਼ਿਰੰਗੀ ਦੇ ਮਾਰਨੇ ਨੂੰ,
ਅੱਗੋਂ ਚਾਬੀਆਂ ਹੱਥ ਫੜਾ ਆਏ’।

ਪੰਜਾਬ ਕਾਂਗਰਸ ਦੇ ਨੇਤਾ ਤਾਂ ਖਾਸ ਤੌਰ ’ਤੇ ਕਾਟੋ ਕਲੇਸ਼ ਪਾਉਣ ਦੇ ਮਾਹਿਰ ਗਿਣੇ ਜਾਂਦੇ ਹਨ। ਇਨ੍ਹਾਂ ਕਾਂਗਰਸੀਆਂ ਦਾ ਵਾਦ-ਵਿਵਾਦ ਕੋਈ ਨਵੀਂ ਗੱਲ ਨਹੀਂ, ਇਹ ਤਾਂ ਆਪਣੀ ਆਦਤ ਤੋਂ ਮਜ਼ਬੂਰ ਹਨ। ‘ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ, ਭਾਵੇਂ ਕੱਟ ਦੀਏ ਪੋਰੀਆਂ-ਪੋਰੀਆਂ’। ਇਹ ਲੋਕ ਬਾਜ਼ ਨਹੀਂ ਆ ਸਕਦੇ। ਆਪਣੇ ਹੱਥ ਆਈ ਖੇਡ ਆਪ ਹੀ ਆਪ ਹੀ ਗੁਆ ਰਹੇ ਹਨ। ਇਹ ਕਿਸੇ ਵੀ ਸਮੇਂ ਕੋਈ ਵੀ ਬਿਆਨ ਦਾ.ਗ ਦਿੰਦੇ ਹਨ। ਪਾਰਟੀ ਦੇ ਅਨੁਸ਼ਾਸ਼ਨ ਨੂੰ ਇਹ ਛਿੱਕੇ ‘ਤੇ ਟੰਗ ਦਿੰਦੇ ਹਨ। ਇਨ੍ਹਾਂ ਦੇ ਕੁਝ ਮੋਹਰੀ ਨੇਤਾਵਾਂ ਨੇ ਆਪੋ ਆਪਣੀਆਂ ਮਿਸਲਾਂ ਬਣਾਈਆਂ ਹੋਈਆਂ ਹਨ। ਇੱਕ ਕਿਸਮ ਨਾਲ ਆਪੋ ਆਪਣੇ ਧੜਿਆਂ ਦੇ ਸਰਦਾਰ ਹਨ। ਆਪੋ ਆਪਣੀ ਸਰਦਾਰੀ ਬਰਕਰਾਰ ਰੱਖਣ ਲਈ ਇੱਕ ਦੂਜੇ ਨੂੰ ਸਿੱਧੇ ਜਾਂ ਅਸਿੱਧੇ ਨੀਵਾਂ ਵਿਖਾਉਣ ਲਈ ਬਿਆਨ ਦੇ ਦਿੰਦੇ ਰਹਿੰਦੇ ਹਨ। ਹਾਲਾਂ ਕਿ ਉਨ੍ਹਾਂ ਨੂੰ ਪਾਰਟੀ ਦੇ ਪਲੇਟ ਫਾਰਮ ‘ਤੇ ਗੱਲ ਕਰਨੀ ਚਾਹੀਦੀ ਹੈ। ਇਹ ਨੇਤਾ ਪਾਰਟੀ ਨਾਲੋਂ ਆਪਣੇ ਆਪ ਨੂੰ ਸੁਪਰੀਮ ਸਮਝਦੇ ਹਨ। ਨਿਰਾ ਇਨ੍ਹਾਂ ਨੇਤਾਵਾਂ ਦਾ ਵੀ ਕਸੂਰ ਨਹੀਂ। ਮੈਂ ਕਾਂਗਰਸ ਪਾਰਟੀ ਦੀ ਸਿਆਸਤ ਨੂੰ ਪਿਛਲੇ ਪੰਜਾਹ ਸਾਲ ਤੋਂ ਨੇੜੇ ਤੋਂ ਵੇਖ ਰਿਹਾ ਹਾਂ। ਇਨ੍ਹਾਂ ਦੇ ਕੇਂਦਰੀ ਕਾਂਗਰਸ ਵਿੱਚ ਹਰ ਇੱਕ ਦੇ ਵੱਖਰੇ-ਵੱਖਰੇ ਰਹਿਨੁਮਾ ਹਨ, ਜਿਹੜੇ ਇਨ੍ਹਾਂ ਦੀ ਸਰਪਰਸਤੀ ਕਰਦੇ ਹਨ। ਕੇਂਦਰੀ ਕਾਂਗਰਸ ਦੀ ਲੀਡਰਸ਼ਿਪ ਹੀ ਇਨ੍ਹਾਂ ਨੂੰ ਹਵਾ ਦਿੰਦੀ ਰਹਿੰਦੀ ਹੈ ਤਾਂ ਜੋ ਇਹ ਉਨ੍ਹਾਂ ਦੀ ਤਾਮੀਰਦਾਰੀ ਕਰਦੇ ਰਹਿਣੇ। ਇਹ ਆਪਣੇ ਆਪਨੂੰ ਖੱਬੀ ਖ਼ਾਨ ਸਮਝਦੇ ਹਨ। ਇੱਕ ਦੂਜੇ ਨੂੰ ਨੀਵਾਂ ਵਿਖਾਉਣ ਦੇ ਨਤੀਜੇ ਇਹ ਲੋਕ ਸਭਾ ਅਤੇ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਭੁਗਤ ਚੁੱਕੇ ਹਨ, ਪ੍ਰੰਤੂ ਫਿਰ ਵੀ ਆਪਣੀਆਂ ਆਦਤਾਂ ਤੋਂ ਬਾਜ਼ ਨਹੀਂ ਆਉਂਦੇ। ਆਜ਼ਾਦੀ ਤੋਂ ਬਾਅਦ ਬੜਾ ਲੰਬਾ ਸਮਾਂ ਪੰਜਾਬ ਦੀ ਵਾਗ ਡੋਰ ਕਾਂਗਰਸ ਪਾਰਟੀ ਕੋਲ ਰਹੀ ਹੈ। ਹੁਣ ਸਮਾਂ ਬਦਲ ਗਿਆ ਹੈ, ਪਹਿਲਾਂ ਵੋਟਰ ਇਤਨੇ ਪੜ੍ਹੇ ਲਿਖੇ ‘ਤੇ ਜਾਗ੍ਰਤ ਨਹੀਂ ਹੁੰਦੇ ਸਨ। ਕਾਂਗਰਸ ਪਾਰਟੀ ਦਾ ਦੇਸ਼ ਦੀ ਆਜ਼ਾਦੀ ਵਿੱਚ ਵੱਡਾ ਯੋਗਦਾਨ ਸੀ। ਇਸ ਕਰਕੇ ਵੋਟਰ ਵੋਟਾਂ ਪਾ ਦਿੰਦੇ ਸਨ। ਸਰਕਾਰ ਦੀ ਕਾਰਗੁਜ਼ਾਰੀ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ ਸੀ। ਨਵੀਂ ਪੀੜ੍ਹੀ ਦੇ ਆਉਣ ਨਾਲ ਵੋਟਰ ਸਿਆਣੇ ਹੋ ਗਏ ਹਨ, ਇਸ ਕਰਕੇ ਉਹ ਮਨਮਾਨੀਆਂ ਕਰਨ ਵਾਲਿਆਂ ਨੂੰ ਦੁਰਕਾਰ ਦਿੰਦੇ ਹਨ। ਹੁਣ ਪੁਰਾਣੀਆਂ ਚਾਲਾਂ ਅਤੇ ਹੱਥਕੰਡੇ ਨਹੀਂ ਚਲਦੇ। ਲੋਕ ਸਾ.ਫ ਸੁਥਰਾ ਰਾਜ ਪ੍ਰਬੰਧ ਚਾਹੁੰਦੇ ਹਨ। ਪੰਜਾਬੀ ਤਾਂ ਸਰਕਾਰ ਬਦਲਣ ਲੱਗੇ ਸਮਾਂ ਨਹੀਂ ਬਰਬਾਦ ਕਰਕੇ।

ਕਾਂਗਰਸ ਪਾਰਟੀ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੇ ਨੇਤਾਵਾਂ ਦੀ ਗੁਟਬੰਦੀ ਕਰਕੇ ਬੁਰੀ ਤਰ੍ਹਾਂ ਅਸ.ਫਲ ਰਹੀ ਹੈ। ਉਨ੍ਹਾਂ ਆਪਣੇ ਪੈਰੀਂ ਆਪ ਕੁਹਾੜੀ ਮਾਰੀ ਸੀ। ਹੁਣ ਵੀ ਇਹੋ ਕੁਝ ਕਰ ਰਹੇ ਹਨ। ਨਾਲੇ ਉਸਦੇ ਨੇਤਾਵਾਂ ਨੂੰ ਹੁਣ ਹਾਰ ਹਜ਼ਮ ਨਹੀਂ ਹੁੰਦੀ। ਰਾਜ ਭਾਗ ਤੋਂ ਬਿਨਾਂ ਉਨ੍ਹਾਂ ਨੂੰ ਜੀਵਨ ਬਸਰ ਕਰਨਾ ਔਖਾ ਹੋ ਗਿਆ ਹੈ। ਇਸ ਲਈ ਕੋਈ ਨਾ ਕੋਈ ਅਜਿਹਾ ਬਿਆਨ ਦੇ ਦਿੰਦੇ ਹਨ, ਜਿਸ ਨਾਲ ਵਾਦ-ਵਿਵਾਦ ਖੜ੍ਹਾ ਹੋ ਜਾਂਦਾ ਹੈ। ਵਾਦ-ਵਿਵਾਦ ਪੈਦਾ ਕਰਨਾ ਉਨ੍ਹਾਂ ਲਈ ਔਖਾ ਕੰਮ ਨਹੀਂ। ਨੁਕਸਾਨ ਨੇਤਾਵਾਂ ਦਾ ਘੱਟ ਪ੍ਰੰਤੂ ਵਰਕਰਾਂ ਦਾ ਬਹੁਤ ਜ਼ਿਆਦਾ ਹੁੰਦਾ ਹੈ। ਇਸ ਲਈ ਕਾਂਗਰਸ ਦੇ ਵਰਕਰ ਨਿਰਾਸ਼ਾ ਦੇ ਆਲਮ ਵਿੱਚ ਹਨ, ਕਿਉਂਕਿ ਪੰਜਾਬ ਦੇ ਲੋਕ ਕਾਂਗਰਸ ਪਾਰਟੀ ਦੀ ਬਾਂਹ ਫੜ੍ਹਨ ਨੂੰ ਤਿਆਰ ਬੈਠੇ ਸਨ। ਇਹ ਆਇਆ ਮੌਕਾ ਗੁਆਉਣ ਲੱਗੇ ਹਨ। ਜਦੋਂ ਵੀ ਵਿਧਾਨ ਸਭਾ ਦੀਆਂ ਚੋਣਾਂ ਦੀ ਗੱਲ ਤੁਰਦੀ ਹੈ ਤਾਂ ਪੰਜਾਬ ਕਾਂਗਰਸ ਦੀਆਂ ਮਿਸਲਾਂ ਦੇ ਸਰਦਾਰਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਦੇ ਸਪਨੇ ਆਉਣ ਲੱਗਦੇ ਹਨ। ਬਿਨਾ ਪਾਣੀ ਤੋਂ ਹੀ ਮੌਜੇ ਖੋਲ੍ਹਕੇ ਖੜ੍ਹ ਜਾਂਦੇ ਹਨ। ਅਜੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇੱਕ ਸਾਲ ਰਹਿੰਦਾ ਹੈ। ਕਾਂਗਰਸੀ ਨੇਤਾਵਾਂ ਨੇ ਆਪੋ ਆਪਣੀ ਨੇਤਾਗਿਰੀ ਚਮਕੌਣ ਲਈ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ। 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਹੀ ਇਹ ਨੇਤਾ ਆਪਸ ਵਿੱਚ ਇੱਕ ਦੂਜੇ ਦੀਆਂ ਲੱਤਾਂ ਖਿਚਦੇ ਰਹੇ। ਇੱਥੋਂ ਤੱਕ ਕਿ ਪ੍ਰਿਅੰਕਾ ਗਾਂਧੀ ਦੀ ਹਾਜ਼ਰੀ ਵਿੱਚ ਵੀ ਹੁਜਾਂ ਮਾਰਦੇ ਰਹੇ। ਨਤੀਜਾ ਉਨ੍ਹਾਂ ਦੇ ਸਾਹਮਣੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰੂਪ ਵਿੱਚ ਆਇਆ। ਹੁਣ ਫਿਰ ਉਹ ਕੰਮ ਅਗੇਤਾ ਹੀ ਸ਼ੁਰੂ ਕਰ ਦਿੱਤਾ। ਇਹ ਪੱਕੀ ਜਾਣਕਾਰੀ ਹੈ ਕਿ ਦਲਿਤ ਅਤੇ ਜਨਰਲ ਵਰਗ ਦੇ ਨੇਤਾਵਾਂ ਨੇ ਆਪੋ ਆਪਣੇ ਸਪੋਰਟਰਾਂ ਦੇ ਦਸਤਖ਼ਤ ਕਰਵਾਕੇ ਕਾਂਗਰਸ ਹਾਈ ਕਮਾਂਡ ਕੋਲ ਆਪਣਾ ਪੱਖ ਪੇਸ਼ ਕਰਨ ਲਈ ਆਉਂਦੀਆਂ, ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਪੋ ਆਪਣੇ ਵਰਗਾਂ ਦੇ ਨੇਤਾਵਾਂ ਦੀ ਅਗਵਾਈ ਵਿੱਚ ਚੋਣਾਂ ਲੜਾਉਣ ਦੀ ਬੇਨਤੀ ਲਈ ਸਮਾਂ ਮੰਗਿਆ ਹੈ। ਇਹ ਕਸ਼ਮਕਸ਼ ਅਜੇ ਚਲ ਹੀ ਰਹੀ ਸੀ, ਆਲ ਇੰਡੀਆ ਕਾਂਗਰਸ ਦੇ ਅਨੁਸੂਚਿਤ ਜਾਤੀ ਵਿੰਗ ਦੇ ਮੁੱਖੀ ਰਾਜਿੰਦਰ ਪਾਲ ਗੌਤਮ ਨੇ ਚੰਡੀਗੜ੍ਹ ਵਿਖੇ ਪੰਜਾਬ ਕਾਂਗਰਸ ਦੇ ਦਲਿਤ ਨੇਤਾਵਾਂ ਨੂੰ ਸੰਬੋਧਨ ਕਰਨ ਲਈ ਮੀਟਿੰਗ ਰੱਖ ਲਈ। ਉਸ ਮੀਟਿੰਗ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਹਾਜ਼ਰ ਸਨ। ਮੀਟਿੰਗ ਵਿੱਚ ਬੋਲਦਿਆਂ ਚਰਨਜੀਤ ਸਿੰਘ ਚੰਨੀ ਨੇ ਬਹੁਤ ਹੀ ਧੜੱਲੇਦਾਰੀ ਨਾਲ ਕਹਿ ਦਿੱਤਾ ਕਿ “ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੀ 32 .ਫੀ ਸਦੀ ਵਸੋਂ ਹੈ, ਪ੍ਰੰਤੂ ਸਾਨੂੰ ਮਿਲਿਆ ਕੁਝ ਵੀ ਨਹੀਂ। ਅਸੀਂ ਕਿਥੇ ਜਾਈਏ ਕਿਉਂਕਿ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ, ਵਿਰੋਧੀ ਧਿਰ ਦਾ ਨੇਤਾ ਅਤੇ ਵਿਮੈਨ ਵਿੰਗ ਦੀ ਪ੍ਰਧਾਨ ਅਪਰ ਸ਼੍ਰੇਣੀ ਵਿੱਚੋਂ ਹਨ, ਭਾਵ ਸਾਨੂੰ ਇਨ੍ਹਾਂ ਮਹੱਤਵਪੂਰਨ ਅਹੁਦਿਆਂ ਵਿੱਚੋਂ ਇੱਕ ਵੀ ਨਹੀਂ ਦਿੱਤਾ ਗਿਆ।” ਉਸ ਸਮੇਂ ਤਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਬਿਨਾ ਸਾਰੇ ਅਨੁਸੂਚਿਤ ਜਾਤੀਆਂ ਦੇ ਨੇਤਾਗਣ ਸਨ। ਉਨ੍ਹਾਂ ਬਹੁਤਿਆਂ ਨੇ ਚਰਨਜੀਤ ਸਿੰਘ ਚੰਨੀ ਦੇ ਵਿਚਾਰਾਂ ਦੇ ਹੱਕ ਵਿੱਚ ਜ਼ੋਰਦਾਰ ਢੰਗ ਨਾਲ ਤਾੜੀਆਂ ਵਜਾਈਆਂ। ਚਰਨਜੀਤ ਸਿੰਘ ਚੰਨੀ ਮੀਟਿੰਗ ਵਿੱਚੋਂ ਉਠ ਕੇ ਵੀ ਚਲਾ ਗਿਆ। ਕੁਝ ਕੁ ਨੇ ਘੁਸਰ ਮੁਸਰ ਵੀ ਕੀਤੀ ਕਿ ਇੰਜ ਕਹਿਣਾ ਨਹੀਂ ਚਾਹੀਦਾ ਸੀ। ਇਹ ਖ਼ਬਰ ਮੀਡੀਆ ਕੋਲ ਵੀ ਵਿੱਚੋਂ ਹੀ ਕਿਸੇ ਨੇਤਾ ਨੇ ਲੀਕ ਕਰ ਦਿੱਤੀ। ਇਹ ਕਾਂਗਰਸ ਕਲਚਰ ਦਾ ਹਿੱਸਾ ਹੈ, ਉਹ ਇਸ ਤਰ੍ਹਾਂ ਹੀ ਕਰਦੇ ਹਨ। ਚੋਣਵੇਂ ਅ.ਖ਼ਬਾਰਾਂ ਵਿੱਚ ਖ਼ਬਰ ਨਸ਼ਰ ਹੋ ਗਈ। ਦੋ ਦਿਨ ਬਾਅਦ ਫਿਰ ਕਿਸੇ ਨੇਤਾ ਨੇ ਚਰਨਜੀਤ ਸਿੰਘ ਚੰਨੀ ਦੇ ਭਾਸ਼ਣ ਦੀ ਵੀਡੀਓ ਲੀਕ ਕਰ ਦਿੱਤੀ। ਬਸ ਫਿਰ ਤਾਂ ਕਾਂਗਰਸੀ ਹਲਕਿਆਂ ਖਾਸ ਤੌਰ ‘ਤੇ ਦਿਲੀ ਦਰਬਾਰ ਵਿੱਚ ਖਲਬਲੀ ਮੱਚ ਗਈ। ਦੂਜੀ ਸ਼੍ਰੇਣੀ ਵਾਲੇ ਨੇਤਾਵਾਂ ਨੇ ਚੰਨੀ ਦੇ ਵਿਰੁੱਧ ਸ਼ਬਦੀ ਜੰਗ ਸ਼ੁਰੂ ਕਰ ਦਿੱਤੀ। ਚੰਨੀ ਧੜੇ ਨੇ ਉਸਦੇ ਹੱਕ ਵਿੱਚ ਬੋਲਣਾ ਸ਼ੁਰੂ ਕਰ ਦਿੱਤਾ। ਕਾਂਗਰਸ ਦੇ ਦੋ ਧੜੇ ਸਾ.ਫ ਵਿਖਾਈ ਦੇਣ ਲੱਗ ਪਏ। ਵੈਸੇ ਨੇਤਾਵਾਂ ਦੀ ਖਹਿਬਾਜ਼ੀ ਦੀ ਚਰਚਾ ਪਿੰਡਾਂ ਦੀਆਂ ਸੱਥਾਂ ਵਿੱਚ ਪਹਿਲਾਂ ਹੀ ਚਲ ਰਹੀ ਸੀ। ਕਾਂਗਰਸ ਪਾਰਟੀ ਦੀ ਅੰਦਰੀਆਂ ਮਿਸਲਾਂ ਦੇ ਸਰਦਾਰ ਆਪੋ ਆਪਣੇ ਨੇਤਾਵਾਂ ਰਾਹੀਂ ਗੁਪਤ ਢੰਗ ਨਾਲ ਪ੍ਰਚਾਰ ਕਰ ਰਹੇ ਸਨ। ਚਰਨਜੀਤ ਸਿੰਘ ਚੰਨੀ ਦੀ ਵੀਡੀਓ ਨੇ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਤੁਰੰਤ ਚਰਨਜੀਤ ਸਿੰਘ ਚੰਨੀ ਨੇ ਆਪਣੀ ਗੱਲ ਤੋਂ ਕਿਨਾਰਾ ਕਰਨ ਦੀ ਗੱਲ ਕਰਦਿਆਂ ਕਿਹਾ ਕਿ ਉਸਨੂੰ ਬਦਨਾਮ ਕੀਤਾ ਜਾ ਰਿਹਾ ਹੈ। ਪਰ ਕਾਂਗਰਸੀਆਂ ਨੂੰ ਚੰਨੀ ਦਾ ਬਿਆਨ ਹਜ਼ਮ ਨਹੀਂ ਹੋ ਰਿਹਾ, ਉਹ ਤਾਂ ਚੰਨੀ ਵਿਰੁੱਧ ਤੂਤੀਆਂ ਲਾ ਰਹੇ ਹਨ।

ਇਹ ਵੀ ਹੋ ਸਕਦਾ ਹੈ, ਚਰਨਜੀਤ ਸਿੰਘ ਚੰਨੀ ਦਾ ਮਕਸਦ ਅਨੁਸੂਚਿਤ ਜਾਤੀਆਂ ਦੇ ਨੇਤਾਵਾਂ ਵਿੱਚ ਆਉਂਦੀਆਂ ਚੋਣਾਂ ਵਿੱਚ ਜ਼ੋਰ ਸ਼ੋਰ ਨਾਲ ਪ੍ਰਚਾਰ ਕਰਨ ਲਈ ਕਮਰਕੱਸੇ ਕਰਨ ਲਈ ਤਕਰੀਰ ਦਿੱਤੀ ਹੋਵੇ, ਪ੍ਰੰਤੂ ਇਸਦਾ ਪ੍ਰਭਾਵ ਉਲਟਾ ਪੈ ਗਿਆ, ਕਿਉਂਕਿ ਵਿਰੋਧੀਆਂ ਨੂੰ ਚੰਨੀ ਦੇ ਵਿਰੁੱਧ ਬੋਲਣ ਦਾ ਮੌਕਾ ਮਿਲ ਗਿਆ। ਚੰਨੀ ਕੁਝ ਵੀ ਕਹੀ ਜਾਵੇ ਪ੍ਰੰਤੂ ਕਾਂਗਰਸ ਦਾ ਅਕਸ ਡਾਵਾਂਡੋਲ ਹੋ ਗਿਆ ਹੈ। ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ ਕਾਂਗਰਸ ਹਾਈ ਕਮਾਂਡ ਵਿਗੜੇ ਅਕਸ ਨੂੰ ਕਿਵੇਂ ਸੁਧਾਰੇਗੀ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਭਗਤ ਰਵਿਦਾਸ ਦਾ ਬੇਗਮਪੁਰਾ ਨਗਰੀ ਦਾ ਸੰਕਲਪ

ਬਹਾਦਰ ਸਿੰਘ ਗੋਸਲ



**ਬੇਗਮਪੁਰਾ ਨਗਰੀ ਦਾ ਸੰਕਲਪ ਬਿਲਕੁਲ ਨਵਾਂ, ਅਜਬ ਅਤੇ ਕਰੁਣਾਮਈ ਭਾਵਨਾ ਨਾਲ ਰੰਗਿਆ ਹੋਇਆ ਹੈ। ਭਗਤ ਰਵਿਦਾਸ ਦੇ ਸਮੇਂ ਟੈਕਸਾਂ ਕਾਰਨ ਲੋਕਾਂ ਵਿਚ ਖੌਫ਼ ਅਤੇ ਹਰ ਪਾਸੇ ਆਪੋ-ਧਾਪੀ ਸੀ। ਰਾਜਿਆਂ ਦੇ ਮਹਿਲਾਂ ਵਿਚ ਜਾਣ ਦੀ ਮਨਾਹੀ ਸੀ ਤੇ ਆਮ ਲੋਕਾਂ ਨੂੰ ਇਨਸਾਫ ਨਹੀਂ ਸੀ ਮਿਲਦਾ। ਇਸੇ ਲਈ ਭਗਤ ਰਵਿਦਾਸ ਜੀ ਨੇ ਬੇਗਮਪੁਰੇ ਦੇ ਸਕੰਲਪ ਦੀ ਉਸਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਸਾਰੇ ਤੱਥਾਂ ਅਤੇ ਅਲਾਮਤਾਂ ਨੂੰ ਚੰਗੀ ਤਰ੍ਹਾਂ ਘੋਖ ਕੇ ਨਿਸ਼ਾਨਦੇਈ ਕਰ ਲਈ ਸੀ। ਉਨ੍ਹਾਂ ਨੇ ਇਸੇ ਕਰਕੇ ਬੇਗਮਪੁਰੇ ਨਗਰੀ ਦਾ ਬਹੁਤ ਹੀ ਸੁੰਦਰ ਚਿੱਤਰਣ ਕੀਤਾ ਹੈ।**

ਭਗਤ ਰਵਿਦਾਸ ਜੀ ਮੱਧਕਾਲੀ ਭਾਰਤ ਦੇ ਮਹਾਨ ਸੰਤ ਅਤੇ ਕਵੀ ਸਨ, ਜਿਨ੍ਹਾਂ ਦਾ ਸਿੱਖ ਧਰਮ ਵਿੱਚ ਬਹੁਤ ਸਤਿਕਾਰ ਹੈ। ਉਨ੍ਹਾਂ ਨੂੰ ਪੰਜਵੇਂ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤੇ ਗਏ 15 ਭਗਤਾਂ ’ਚੋਂ ਇੱਕ ਹੋਣ ਦਾ ਮਾਣ ਪ੍ਰਾਪਤ ਹੈ। ਉਨ੍ਹਾਂ ਦਾ ਜਨਮ ਸੀਰ ਗੋਵਰਧਨਪੁਰ ਨੇੜੇ ਬਨਾਰਸ ਵਿੱਚ ਸਤੋਖ ਦਾਸ ਅਤੇ ਮਾਤਾ ਕਲਸੀ ਦੇਵੀ ਦੇ ਘਰ ਹੋਇਆ ਸੀ। ਉਨ੍ਹਾਂ ਦੇ ਵੱਡੇ-ਵਡੇਰੇ ਅਜਿਹੇ ਪਰਿਵਾਰ ਨਾਲ ਸਬੰਧਿਤ ਸਨ, ਜਿਸ ਨੂੰ ਸਮੇਂ ਦੇ ਲਿਹਾਜ ਨਾਲ ਨੀਵੀਂ ਜਾਤ ਸਮਝਿਆ ਜਾਂਦਾ ਸੀ। ਉਸ ਸਮੇਂ ਦੀ ਜਾਤੀ ਵੰਡ ਕਾਰਨ ਇਸ ਨੀਵੀਂ ਜਾਤ ਨੂੰ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਦੁੱਖ ਝੱਲਣੇ ਪੈ ਰਹੇ ਸਨ। ਤਾਂ ਸੁਭਾਵਕ ਸੀ ਕਿ ਭਗਤ ਰਵਿਦਾਸ ਜੀ ਨੇ ਵੀ, ਇਸ ਜਾਤੀ ਦੇ ਦੂਜੇ ਭਗਤਾ ਜਾਂ ਬਾਣੀਕਾਰਾਂ ਦੀ ਤਰ੍ਹਾਂ ਸਮਾਜ ਦਾ ਉਹ ਦੁਖਾਂਤ ਆਪਣੇ ਜੀਵਨ ਵਿਚ ਹੰਢਾਇਆ ਸੀ। ਫਿਰ ਵੀ ਭਗਤ ਰਵਿਦਾਸ ਜੀ ਨੇ ਜੋ ਬਾਣੀ ਰਚੀ ਹੈ, ਉਸ ਵਿੱਚ ਸਮਕਾਲੀ ਸਮਾਜ ਦੇ ਸ਼ਾਸਕ ਦੀ ਜ਼ਾਲਮਾਨਾ ਰੁਚੀ ਅਤੇ ਪੁਜਾਰੀ ਵਰਗ ਦੇ ਹੰਕਾਰੀ ਵਤੀਰੇ ਨੂੰ ਮਨਜ਼ੂਰ ਨਾ ਕਰਦਿਆਂ ਕਿਸੇ ਤਰ੍ਹਾਂ ਦੀ ਭੜਕਾਹਟ ਨਜ਼ਰ ਨਹੀਂ ਆਉਂਦੀ ਪਰ ਉਹ ਸ਼ਾਸਕ ਦੇ ਜ਼ੁਲਮ ਦੇ ਤਰੀਕੇ ਅਤੇ ਪੁਜਾਰੀਆਂ ਦੇ ਕਰਮ-ਕਾਂਡਾਂ ਨੂੰ ਨਕਾਰਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਭਲੀ-ਭਾਂਤ ਅਹਿਸਾਸ ਸੀ ਕਿ ਉਨ੍ਹਾਂ ਨੂੰ ਆਪ ਅਤੇ ਉਨ੍ਹਾਂ ਦੇ ਭਾਈਚਾਰੇ ਨੂੰ ਅਤਿ ਗਰੀਬ ਅਤੇ ਨਿਤਾਣੇ ਹੋਣ ਕਾਰਨ ਹਰ ਕੋਈ ਹਾਸਾ-ਠੱਠਾ ਕਰਦਾ ਹੈ ਤਾਂ ਹੀ ਉਹ ਆਪਣੀ ਬਾਣੀ ਵਿਚ ਲਿਖਦੇ ਹਨ : ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥

ਡਾ. ਜਸਬੀਰ ਸਿੰਘ ਸਾਬਰ ਆਪਣੀ ਪੁਸਤਕ ‘ਸਿੱਖ ਧਰਮ ਅਧਿਐਨ’ ਵਿਚ ਲਿਖਦੇ ਹਨ ਕਿ ਹਿੰਸਾਤਮਕ ਕਾਰਵਾਈਆਂ ਨਾਲ ਰਾਜ ਪਲਟਾ ਲਿਆਉਣਾ, ਕੌੜੇ, ਤੇਜ ਤਰਾਰ ਬੋਲਾਂ ਰਾਹੀਂ ਮਾਨਵ-ਚੇਤਨਾ ਵਿਚ ਡਰ ਦੀ ਭਾਵਨਾ ਪੈਦਾ ਕਰਕੇ ਸਮਾਜਿਕ ਕ੍ਰਾਂਤੀ ਲਿਆਉਣਾ, ਜਬਰੀ ਧਾਰਮਿਕ ਰਸਮਾਂ ਦਾ ਪ੍ਰਚਲਨ ਕਰਨਾ ਅਤੇ ਆਰਥਿਕ ਪੱਧਰ ’ਤੇ ਲੁੱਟ-ਖਸੁੱਟ ਕਰਨਾ ਭਗਤ ਰਵਿਦਾਸ ਜੀ ਦਾ ਜੀਵਨ-ਦਰਸ਼ਨ ਦਾ ਉਦੇਸ਼ ਨਹੀਂ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜਗਤ-ਪ੍ਰੇਮ ਪਿਆਰ ਨਾਲ ਹੀ ਮਨੁੱਖ ਦੇ ਉਦੇਸ਼ਾਂ ਦੀ ਪ੍ਰਾਪਤੀ ਹੋ ਸਕਦੀ ਹੈ। ਵੱਡੇ ਰਾਜਿਆਂ ਅਤੇ ਪੁਜਾਰੀਆਂ ਦੇ ਦਿਲ ਜਿੱਤਣ ਅਤੇ ਉਨ੍ਹਾਂ ਦੇ ਦਿਮਾਗ ਬਦਲਣ ਦਾ ਕੰਮ ਅਧਿਆਤਮਿਕ ਅਤੇ ਨੈਤਿਕ ਸ਼ਕਤੀ ਨਾਲ ਹੀ ਕੀਤਾ ਜਾ ਸਕਦਾ ਹੈ।

ਇਹ ਗੱਲ ਵੀ ਸੱਚ ਸੀ ਕਿ ਜਾਤ-ਪਾਤ, ਊਚ-ਨੀਚ ਦਾ ਕੋਹੜ ਸਿਰਫ ਭਾਰਤੀ ਲੋਕਾਂ ਨੂੰ ਹੀ ਚਿੰਬੜਿਆ ਹੋਇਆ ਸੀ ਅਤੇ ਹਿੰਦੁਸਤਾਨੀ ਲੋਕਾਂ ਨੂੰ ਛੱਡ ਸੰਸਾਰ ਦੇ ਹੋਰ ਮੁਲਕਾਂ ਵਿਚ ਭਾਵੇਂ ਰੰਗ-ਭੇਦ ਭਾਵ ਤਾਂ ਭਾਵੇਂ ਹੈ ਪਰ ਜਾਤੀਵਾਦ ਪ੍ਰਥਾ ਕਿਤੇ ਵੀ ਨਹੀਂ ਸੀ। ਬਾਹਰਲੇ ਮੁਲਕਾਂ ਵਿਚ ਤਾਂ ਛੋਟੀ ਜਾਤਾਂ ਦੇ ਜਾਂ ਕਹਿ ਲਵੋ ਸਮਾਜ ਵਿਚ ਛੋਟਾ ਕੰਮ ਕਰਨ ਵਾਲਿਆਂ ਦੀ ਪਛਾਣ ਸਿਰਫ ਉਨ੍ਹਾਂ ਦੇ ਕੰਮਾਂ ਨਾਲ ਹੀ ਹੁੰਦੀ ਸੀ ਅਤੇ ਆਮ ਕਰਕੇ ਲੋਕਾਂ ਦੀ ਪਛਾਣ ਦਾ ਆਧਾਰ ਉਸ ਦਾ ਆਰਥਿਕ ਪੱਧਰ ਅਤੇ ਰਹਿਣ-ਸਹਿਣ ਹੀ ਸੀ। ਅਸਲ ਵਿਚ ਭਗਤ ਰਵਿਦਾਸ ਜੀ ਮਾਨਵ ਪਿਆਰ ਦੇ ਭੁੱਖੇ ਸਨ ਅਤੇ ਮਨੁੱਖਤਾ ਦਾ ਪਿਆਰ ਹੀ ਉਨ੍ਹਾਂ ਦੇ ਰੋਮ-ਰੋਮ ਵਿਚ ਰਚਿਆ ਹੋਇਆ ਸੀ। ਉਨ੍ਹਾਂ ਨੇ ਪਿਆਰ ਦੇ ਇਸ ਅਥਾਹ ਸਮੁੰਦਰ ’ਚੋਂ ਮਾਨਵ-ਜਾਤੀ ਨੂੰ ਰੱਜ ਕੇ ਪਿਆਰ ਵੰਡਿਆ। ਦੂਜਾ ਉਹ ਆਮ ਲੋਕਾਂ ਦੀ ਲੁੱਟ ਦੇ ਵਿਰੁੱਧ ਸਨ ਅਤੇ ਚਾਹੁੰਦੇ ਸਨ ਕਿ ਹਰ ਕੋਈ ਰੋਜ਼ੀ-ਰੋਟੀ ਕਮਾਵੇ। ਇਹ ਗੱਲ ਵੀ ਕਮਾਲ ਦੀ ਹੀ ਸੀ ਕਿ ਭਗਤ ਰਵਿਦਾਸ ਜੀ ਨੂੰ ਰਾਜੇ, ਰਾਣੀਆਂ ਅਤੇ ਧਨਾਢਾਂ ਵਲੋਂ ਬੇ-ਸ਼ੁਮਾਰ ਧਨ-ਦੌਲਤ ਦੇਣ ਦੀ ਪੇਸ਼ਕਸ਼ ਹੁੰਦੀ ਸੀ ਪਰ ਉਹ ਸਦਾ ਕੁਝ ਲੈਣ ਲਈ ਮਨ੍ਹਾਂ ਕਰ ਦਿੰਦੇ ਸਨ ਕਿਉਂਕਿ ਉਨ੍ਹਾਂ ਦਾ ਵਿਚਾਰ ਸੀ ਕਿ ਖੁਦ ਆਪਣੀ ਰੋਟੀ-ਰੋਜ਼ੀ ਆਪਣੇ ਪਰਿਵਾਰਕ ਕਿੱਤੇ ਨੂੰ ਜਾਰੀ ਰੱਖ ਕੇ ਕਮਾਉਣਾ ਹੀ ਚੰਗਾ ਹੈ, ਜਿਸ ਨਾਲ ਕਿਰਤ ਦੀ ਰਵਾਇਤ ਸੁਦ੍ਰਿੜ ਹੁੰਦੀ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਰਾਜੇ ਅਤੇ ਧਨਾਢ ਲੋਕ ਤਾਂ ਕੋਠੀਆਂ, ਡੇਰਿਆਂ ਜਾਂ ਮਹਿਲਾਂ ਦੀ ਉਸਾਰੀ ਵਿਚ ਲੱਗੇ ਰਹਿੰਦੇ ਹਨ ਅਤੇ ਆਪਣਾ ਹੰਕਾਰ ਘੱਟ ਕਰਕੇ ਕਦੇ ਵੀ ਗਰੀਬ ਸਮਾਜ ਦੀ ਸੇਵਾ ਵੱਲ ਨਹੀਂ ਲੱਗਦੇ। ਪਰ ਭਗਤ ਜੀ ਨੇ ਇਕ ਨਵੀਂ ਜੁਗਤ ਦੱਸੀ ਕਿ ਰਾਜ ਸੱਤਾ ਨੂੰ ਅਧਿਆਤਮਿਕਤਾ ਦੇ ਅਧੀਨ ਲਿਆਂਦਾ ਜਾਵੇ ਕਿਉਂਕਿ ਧਰਮ-ਜੁਗਤ ਰਾਜ ਸੱਤਾ ਹੀ ਆਮ ਲੋਕਾਂ ਦਾ ਸ਼ੋਸ਼ਣ ਬੰਦ ਕਰਕੇ ਉਸ ਦਾ ਕਲਿਆਣ ਕਰ ਸਕਦੀ ਹੈ। ਮਨੁੱਖਤਾ ਲਈ ਪਿਆਰ, ਅਧਿਆਤਮਿਕਤਾ ਪ੍ਰਮੁੱਖ ਅਤੇ ਮਨੁੱਖਾਂ ਦੇ ਦੁੱਖਾਂ ਤੋਂ ਛੁਟਕਾਰੇ ਲਈ ਉਨ੍ਹਾਂ ਨੇ ‘ਬੇਗਮਪੁਰਾ ਨਗਰੀ’ ਦਾ ਸੰਕਲਪ ਬਣਾਇਆ ਪਰ ਉਹ ਇਸ ਸੰਕਲਪ ਦੇ ਹਾਮੀ ਹੋਣ ਦੇ ਨਾਲ ਕਿਸੇ ਤਰ੍ਹਾਂ ਦੀ ਵਿਸ਼ੇਸ਼ ਉਤੇਜਨਾ ਜਾਂ ਭੜਕਾਹਟ ਦਾ ਸੰਦੇਸ਼ ਨਹੀਂ ਦਿੰਦੇ। ਉਹ ਤਾਂ ਸੰਤੁਲਤ ਮਨ ਨਾਲ ਆਪਣੇ ਪਿਆਰ ਭਰੀ ਜੁਗਤ ਨੂੰ ਨਿਰੰਤਰ ਜਾਰੀ ਰੱਖਦੇ ਹਨ। ਦਰਅਸਲ ਉਨ੍ਹਾਂ ਦੇ ਇਸ ਸੰਕਲਪ ਦਾ ਵਿਚਾਰ ਪੇਸ਼ ਕਰਨ ਦਾ ਮੁੱਖ ਕਾਰਨ ਵੀ ਇਹ ਹੀ ਸੀ ਕਿ ਮੱਧਕਾਲੀ ਭਾਰਤ ਵਿੱਚ ਸਿੱਖ ਗੁਰੂ-ਕਾਲ ਤੋਂ ਪਹਿਲਾਂ ਜਿੰਨੇ ਵੀ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਹੈ, ਉਨ੍ਹਾਂ ਬਾਣੀਕਾਰਾਂ ਅਤੇ ਭਗਤਾਂ ਨੇ ਅਖੌਤੀ ਨੀਵੀ ਜਾਤ ਕਾਰਨ ਆਪਣੇ ਸਮੇਂ ਦਾ ਨਰਕਮਈ ਜੀਵਨ ਭੋਗਿਆ ਸੀ। ਉਨ੍ਹਾਂ ਨੂੰ ਇਨ੍ਹਾਂ ਦੁੱਖਾਂ ਦਾ ਨਿੱਜੀ ਤੌਰ ’ਤੇ ਪਤਾ ਹੈ ਅਤੇ ਸਮਾਜ ਦੀ ਦੁਰਦਸ਼ਾ ਉਨ੍ਹਾਂ ਨੇ ਆਪਣੇ ਅੱਖੀਂ ਦੇਖੀ ਹੋਈ ਸੀ। ਇਹ ਵੀ ਸੱਚ ਹੈ ਕਿ ਕਿਸੇ ਵੀ ਦਲਿਤ ਬਾਣੀਕਾਰ ਦੀ ਰਚਨਾ ਵਿਚ ਹਿੰਸਕ, ਪਲਾਇਨਵਾਦੀ ਜਾਂ ਬਦਲਾ ਲਊ ਸੋਚ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ। ਇਨ੍ਹਾਂ ਸਾਰੇ ਬਾਣੀਕਾਰਾਂ ਨੇ ਅਰੋਗ ਸੋਚ ਦੀ ਹੀ ਵਡਿਆਈ ਕੀਤੀ ਹੈ। ਸ਼ਾਇਦ ਉਨ੍ਹਾਂ ਦੇ ਇਸੇ ਗੁਣ ਕਰਕੇ ਗੁਰੂ ਅਰਜਨ ਦੇਵ ਨੇ ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿੱਤਾ ਹੈ।

ਬੇਗਮਪੁਰਾ ਨਗਰੀ ਦਾ ਸੰਕਲਪ ਬਿਲਕੁਲ ਨਵਾਂ, ਅਜਬ ਅਤੇ ਕਰੁਣਾਮਈ ਭਾਵਨਾ ਨਾਲ ਰੰਗਿਆ ਹੋਇਆ ਹੈ। ਭਗਤ ਰਵਿਦਾਸ ਦੇ ਸਮੇਂ ਟੈਕਸਾਂ ਕਾਰਨ ਲੋਕਾਂ ਵਿਚ ਖੌਫ਼ ਅਤੇ ਹਰ ਪਾਸੇ ਆਪੋ-ਧਾਪੀ ਸੀ। ਰਾਜਿਆਂ ਦੇ ਮਹਿਲਾਂ ਵਿਚ ਜਾਣ ਦੀ ਮਨਾਹੀ ਸੀ ਤੇ ਆਮ ਲੋਕਾਂ ਨੂੰ ਇਨਸਾਫ ਨਹੀਂ ਸੀ ਮਿਲਦਾ। ਇਸੇ ਲਈ ਭਗਤ ਰਵਿਦਾਸ ਜੀ ਨੇ ਬੇਗਮਪੁਰੇ ਦੇ ਸਕੰਲਪ ਦੀ ਉਸਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਸਾਰੇ ਤੱਥਾਂ ਅਤੇ ਅਲਾਮਤਾਂ ਨੂੰ ਚੰਗੀ ਤਰ੍ਹਾਂ ਘੋਖ ਕੇ ਨਿਸ਼ਾਨਦੇਈ ਕਰ ਲਈ ਸੀ। ਉਨ੍ਹਾਂ ਨੇ ਇਸੇ ਕਰਕੇ ਬੇਗਮਪੁਰੇ ਨਗਰੀ ਦਾ ਬਹੁਤ ਹੀ ਸੁੰਦਰ ਚਿੱਤਰਣ ਕੀਤਾ ਹੈ। ਇਸ ਬਚਿੱਤਰ ਨਗਰੀ ਵਿਚ ਵਸਨੀਕਾਂ ਨੂੰ ਕਿਸੇ ਪ੍ਰਕਾਰ ਦਾ ਦੁੱਖ, ਦਰਦ, ਡਰ, ਗਮ, ਪ੍ਰੇਸ਼ਾਨੀ ਨਹੀਂ ਹੋ ਸਕਦੀ। ਰਾਜਨੀਤਿਕ ਪ੍ਰਬੰਧ ਵਿਚ ਕਿਸੇ ਤਰ੍ਹਾਂ ਦੇ ਟੈਕਸ, ਖੌਫ਼, ਤਰਸ, ਖਤਾ ਦੀ ਕੋਈ ਥਾਂ ਨਹੀਂ ਹੈ। ਇਹ ਤਾਂ ਅਜਿਹੀ ਨਗਰੀ ਹੈ, ਜਿੱਥੇ ਖੁਸ਼ੀਆਂ ਦਾ ਵਾਸਾ ਹੋਵੇਗਾ ਅਤੇ ਸਦਾ ਹੀ ਅਕਾਲ ਪੁਰਖ ਦੀ ਰਹਿਮਤ ਦੀ ਵਰਖਾ ਨਿਰੰਤਰ ਹੋਣ ਨਾਲ ਹਰ ਪ੍ਰਕਾਰ ਦਾ ਖੈਰ-ਸੁੱਖ ਹੋਵੇਗਾ। ਇਸ ਨਗਰੀ ਦੇ ਵਸਨੀਕ ਹਰ ਤਰ੍ਹਾਂ ਦੀ ਗੁਲਾਮੀ ਤੋਂ ਮੁਕਤ ਹੋਣਗੇ ਅਤੇ ਸਭ ਨੂੰ ਮਹਿਲਾਂ ਵਿਚ ਜਾਣ ਦੀ ਆਜ਼ਾਦੀ ਹੋਵੇਗੀ। ਸਮਾਜ ਵਿੱਚ ਸੁੱਖ-ਸ਼ਾਂਤੀ ਅਤੇ ਸਾਰਾ ਹੀ ਮਾਨਵ-ਸਮਾਜ ਗ਼ਮ-ਰਹਿਤ ਹੋਵੇਗਾ। ਪਿਆਰ ਅਤੇ ਪ੍ਰੇਮ ਦੀ ਗੰਗਾ ਵਹਿੰਦੀ ਨਜ਼ਰ ਆਵੇਗੀ, ਜਾਤੀ-ਪ੍ਰਥਾ ਤੋਂ ਦੂਰ ਸਮਾਜ ਬਰਾਬਰਤਾ ਦਾ ਸੁੱਖ ਭੋਗੇਗਾ। ਉਨ੍ਹਾਂ ਨੇ ਬਹੁਤ ਹੀ ਸੁੰਦਰ ਸ਼ਬਦਾਂ ਵਿਚ ਦੱਸਿਆ ਹੈ:

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥

ਭਗਤ ਜੀ ਨੇ ਜਿੱਥੇ ਇਸ ਸੰਕਲਪ ਨੂੰ ਕਿਰਤ ਕਰਨ, ਬਰਾਬਰਤਾ, ਪ੍ਰੇਮ ਭਾਈਚਾਰਾ, ਦੁੱਖ ਰਹਿਤ ਮਨੁੱਖੀ ਸਮਾਜ, ਆਜ਼ਾਦੀ ਅਤੇ ਅਧਿਆਤਮਿਕਤਾ ਨਾਲ ਜੋੜਿਆ, ਉੱਥੇ ਹੀ ਮਨੁੱਖਤਾ ਨੂੰ ਇਕ ਨਵੀਂ ਸੇਧ ਦੇ ਕੇ ਰਾਜਿਆਂ, ਧਨਾਢਾਂ, ਜ਼ਿਮੀਦਾਰਾਂ ਅਤੇ ਅਮੀਰ ਲੋਕਾਂ ਨੂੰ ਵੀ ਮਨੁੱਖਤਾ ਦੇ ਭਲੇ ਲਈ ਵੰਗਾਰਿਆ।




## ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਲੋਹੜੀ ਦਾ ਤਿਉਹਾਰ ਮਨਾਇਆ ਗਿਆ



ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ)–ਪੰਜਾਬੀ ਸਾਹਿਤ ਸਭਾ ਗਲਾਸਗੋ ਵਲੋਂ ਗਲਾਸਗੋ ਦੇ ਫਿਰੰਗੀ ਰੈਸਟੋਰੈਂਟ ਵਿਚ ਲੋਹੜੀ ਦਾ ਤਿਉਹਾਰ ਮਨਾਇਆ ਗਿਆ । ਸਭਾ ਦੇ ਪ੍ਰਧਾਨ ਦਲਜੀਤ ਸਿੰਘ ਦਿਲਬਰ ਨੇ ਆਏ ਲੋਕਾਂ ਦਾ ਸਵਾਗਤ ਕੀਤਾ ਅਤੇ ਲੋਹੜੀ ਦੇ ਤਿਉਹਾਰ ਦੀ ਮਹੱਤਤਾ ਤੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਸਭਾ ਵਲੋਂ ਮੂੰਗਫਲੀ ਤੇ ਰਿਓੜੀਆਂ ਵੀ ਵੰਡੀਆਂ ਗਈਆਂ। ਇਸ ਤੋਂ ਬਾਅਦ ਦੁਪਿੰਦਰ ਕੌਰ ਅਤੇ ਉਸ ਦੀ ਟੀਮ ਵਲੋਂ ਲੋਹੜੀ ਦਾ ਗੀਤ “ਸੁੰਦਰ ਮੁੰਦਰੀਏ” ਗਾਇਆ ਗਿਆ, ਜਿਸਦਾ ਸਮਾਗਮ ਵਿੱਚ ਸ਼ਾਮਲ ਸਾਰੇ ਲੋਕਾਂ ਨੇ ਤਾੜੀਆਂ ਨਾਲ ਸਾਥ ਦਿੱਤਾ। ਇਸ ਮੌਕੇ ਸੰਤੋਖ ਸੋਹਲ, ਕਰਮਜੀਤ ਮੀਨੀਆ, ਜਸਵਿੰਦਰ ਕੁਮਾਰ, ਇੰਦਰਜੀਤ ਲੀਡਰ ਅਤੇ ਦਲਜੀਤ ਸਿੰਘ ਦਿਲਬਰ ਵਲੋਂ ਵੀ ਪੰਜਾਬੀ ਗੀਤ ਪੇਸ਼ ਕੀਤੇ ਗਏ। ਮਾਸਟਰ ਗੁਰਦੇਵ ਸਿੰਘ ਵਲੋਂ ਪੰਜਾਬੀ ਮੁਹਾਵਰਿਆਂ ’ਤੇ ਆਧਾਰਿਤ ਬਹੁਤ ਹੀ ਰੌਚਿਕ ਅਤੇ ਗਿਆਨ ਭਰਪੂਰ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਸਾਰੇ ਸਰੋਤਿਆਂ ਨੇ ਖੁਸ਼ੀ ਨਾਲ ਭਾਗ ਲਿਆ। ਬੱਚਿਆਂ ਲਈ ਪੰਜਾਬੀ ਗੀਤਾਂ ਨਾਲ ਮਿਊਜ਼ਿਕਲ ਚੇਅਰ ਖੇਡ ਕਰਵਾਈ ਗਈ, ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਜੇਤੂ ਬੱਚਿਆਂ ਨੂੰ ਹੌਂਸਲਾ ਹਫ਼ਜਾਈ ਲਈ ਇਨਾਮ ਦਿੱਤੇ ਗਏ। ਮਿਊਜੀਕਲ ਚੇਅਰ ਪਰੋਗਰਾਮ ਵਿੱਚ ਬੀਬੀਆਂ ਨੇ ਵੀ ਵੱਧ ਚੜ ਕੇ ਹਿੱਸਾ ਲਿਆ। ਸਟੇਜ ਸਕੱਤਰ ਦੀ ਭੂਮਿਕਾ ਕਮਲਜੀਤ ਮਿਨਹਾਸ ਵਲੋਂ ਬਖੂਬੀ ਨਿਭਾਈ ਗਈ। ਉਨ੍ਹਾਂ ਵਲੋਂ ਗੀਤਾਂ ਦੀ ਅੰਤਾਕਸ਼ਰੀ ਵੀ ਕਰਵਾਈ ਗਈ, ਜਿਸ ਨਾਲ ਦਰਸ਼ਕਾਂ ਦੀ ਰੁਚੀ ਹੋਰ ਵੀ ਵਧ ਗਈ। ਇਸ ਮੌਕੇ ਪੰਜਾਬੀ ਸਾਹਿਤ ਸਭਾ ਦੇ ਮੈਂਬਰ ਦਿਲਬਾਗ ਸਿੰਘ ਸੰਧੂ, ਤਰਲੋਚਨ ਮੁਠੱਡਾ, ਜਗਦੀਸ਼ ਸਿੰਘ, ਸੁਖਦੇਵ ਰਾਹੀ, ਡਾ: ਇੰਦਰਜੀਤ ਸਿੰਘ ਆਦਿ ਮੌਜੂਦ ਸਨ । ਅੰਤ ਵਿੱਚ ਸਭਾ ਦੇ ਜਨਰਲ ਸਕੱਤਰ ਅਮਨਦੀਪ ਸਿੰਘ ਵਲੋਂ ਲੋਹੜੀ ਦੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਮਹਿਮਾਨਾਂ ਦਾ, ਕਲਾਕਾਰਾਂ ਦਾ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਸਿਕਰਦੂ

ਸਿਕਰਦੂ ਅੱਜ ਕੱਲ੍ਹ ਪਾਕਿਸਤਾਨ ਵਿੱਚਲੇ ਕਸ਼ਮੀਰ ਦਾ ਇਕ ਪ੍ਰਮੁੱਖ ਨਗਰ ਹੈ। ਇਹ ਨਗਰ ਲਾਹੌਰ ਤੋਂ ਤਕਰੀਬਨ ਸਾਢੇ ਚਾਰ ਸੌ (450) ਕਿਲੋਮੀਟਰ ਦੂਰ ਹੈ। ਸਿਕਰਦੂ ਦੇ ਪ੍ਰਮੁੱਖ ਚੌਕਾਂ ਤੋਂ ਕੋਈ ਇਕ ਕਿਲੋਮੀਟਰ ਇਕ ਛੋਟੀ ਜਿਹੀ ਪਹਾੜੀ ਉੱਤੇ ਇਕ ਵਿਸ਼ਾਲ ਇਮਾਰਤ ਹੈ। ਇਹ ਇਮਾਰਤ ਹੀ ਅਸਲ ਵਿੱਚ ਗੁਰਦੁਆਰਾ ਛੋਟਾ ਨਾਨਕਿਆਣਾ ਕਰਕੇ ਪ੍ਰਸਿੱਧ ਹੈ। ਪਹਾੜੀ ਦੇ ਉਪਰ ਪ੍ਰਕਾਸ਼ ਅਸਥਾਨ, ਲੰਗਰ ਹਾਲ ਅਤੇ ਰਿਹਾਇਸ਼ੀ ਕਮਰੇ ਹਨ।

ਇਸ ਇਮਾਰਤ ਦੇ ਹੇਠਾਂ ਸੜਕ ਉੱਤੇ ਦੁਕਾਨਾਂ ਹਨ। ਇਹ ਦੁਕਾਨਾਂ ਗੁਰਦੁਆਰੇ ਦੀ ਮਾਲਕੀ ਹਨ। ਇਸੇ ਅਸਥਾਨ ਤੋਂ ਦੋ ਕਿਲੋਮੀਟਰ ਦੂਰ ਸਿਕਰਦੂ ਦਾ ਮਸ਼ਹੂਰ ਕਿਲ੍ਹਾ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਚੀਨ ਦੀ ਯਾਤਰਾ ਤੋਂ ਬਾਅਦ ਇਸ ਨਗਰ ਵਿੱਚ ਆਪਣੇ ਮੁਬਾਰਕ ਕਦਮ ਪਾਏ ਸਨ। ਇਸ ਅਸਥਾਨ ਨੂੰ ਮੁਕਾਮੀ ਲੋਕੀ ਅਸਥਾਨ ਨਾਨਕ ਪੀਰ ਕਹਿ ਕੇ ਬੁਲਾਉਂਦੇ ਹਨ। ਇਮਾਰਤ ਦੀ ਹਾਲਤ ਬਹੁਤੀ ਚੰਗੀ ਨਹੀਂ। ਪ੍ਰਕਾਸ਼ ਅਸਥਾਨ ਅਲੋਪ ਹੁੰਦਾ ਜਾ ਰਿਹਾ ਹੈ। ਬਾਕੀ ਇਮਾਰਤ ਵੀ ਖਸਤਾ ਹਾਲਤ ਵਿੱਚ ਹੈ। ਕੇਵਲ ਦੁਕਾਨਾਂ ਦੀ ਹੀ ਸੰਭਾਲ ਲੋਕੀਂ ਕਰਦੇ ਹਨ। ਇਮਾਰਤ ਦੇ ਆਸ-ਪਾਸ ਲਾਲ, ਸਬਜ਼ ਝੰਡੀਆਂ ਹੀ ਨਜ਼ਰੀਂ ਪੈਂਦੀਆਂ ਹਨ।

ਸਿਕਰਦੂ ਵਿੱਚ ਹਰ ਸਾਲ ਗਰਮੀਆਂ ਵਿੱਚ ਹਜ਼ਾਰਾਂ ਲੋਕ ਸੈਰ ਕਰਨ ਆਉਂਦੇ ਹਨ।

**ਪੁਸਤਕ ਸੂਚੀ**:-

1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998 2. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ, ਚੰਡੀਗੜ੍ਹ, 2005

## ਸਿੰਘਪੁਰਾ ਕਲਾਂਨ

ਸਿੰਘਪੁਰਾ ਕਲਾਂਨ, ਜ਼ਿਲ੍ਹਾ ਬਾਰਾਮੂਲਾ (ਕਸ਼ਮੀਰ) ਦਾ ਇਕ ਪਿੰਡ ਹੈ। ਇਥੇ ਕਲਮਪੁਰਾ ਪਿੰਡ ਹੈ ਜੋ ਬਾਰਾਮੂਲਾ ਸ਼ਹਿਰ ਤੋਂ ਅੱਠ ਕਿਲੋਮੀਟਰ ਦੂਰ ਇਕ ਕਰੇਵੇ 'ਤੇ ਸਥਿਤ ਹੈ, ਜੋ ਬਾਰਾਮੂਲਾ-ਸ੍ਰੀਨਗਰ ਸੜਕ ਤੋਂ ਇਕ ਕਿਲੋਮੀਟਰ ਦੂਰ ਹੈ। ਬਾਰਾਮੂਲਾ ਦਾ ਅਕਸ਼ਾਂਸ਼ 340-13 ਅਤੇ ਰੇਖਾਂਸ਼ ਦੇਸ਼ਾਂਤਰ 740-23 ਹੈ।

ਕਲਮਪੁਰਾ ਦਾ ਪੁਰਾਤਨ ਨਾਂ ਕਰਨਪੁਰਾ ਸੀ। ਇਹ ਨਾਂ ਬਾਦਸ਼ਾਹ ਨੇ ਆਪਣੀ ਛੋਟੀ ਰਾਣੀ ਕਰਨਾ ਦੇਵੀ ਦੇ ਨਾਂ 'ਤੇ ਇਸ ਪਿੰਡ ਦਾ ਨਾਂ ਰੱਖਿਆ ਸੀ। ਇਸ ਪਿੰਡ ਦੇ ਆਲੇ-ਦੁਆਲੇ ਦੇ ਸਾਰੇ ਇਲਾਕੇ ਨੂੰ ਕਰੂਣ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਨਾਂ ਵੀ ਉਸੇ ਬਾਦਸ਼ਾਹ ਦਾ ਰੱਖਿਆ ਹੋਇਆ ਹੈ। ਉਸ ਸਮੇਂ ਪਿੰਡ ਕਲਮਪੁਰਾ ਦੇ ਆਸ-ਪਾਸ ਕਾਫੀ ਘਣਾ ਜੰਗਲ ਸੀ, ਜਿਥੇ ਰੰਗ-ਬਿਰੰਗੇ ਫੁੱਲ ਅਤੇ ਜਾਨਵਰ ਆਮ ਹੁੰਦੇ ਸੀ। ਇਥੇ ਪਾਣੀ ਵੀ ਨਾਯਾਬ ਸੀ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਚਰਨ ਪਾਏ ਹਨ।



ਗੁਰਦੁਆਰਾ ਸ੍ਰੀ ਮੰਜੀ ਸਾਹਿਬ ਸਿਧਵਾਂ ਕਲਾਂ

ਰਿਵਾਇਤ ਅਨੁਸਾਰ ਇਸ ਜਗ੍ਹਾ 'ਤੇ ਇਕ ਫ਼ਕੀਰ ਬਲੋਲ ਅਤੇ ਉਸ ਦੇ ਸਾਥੀ ਗੁਰੂ ਸਾਹਿਬ ਨੂੰ ਮਿਲੇ ਸਨ। ਗੁਰੂ ਸਾਹਿਬ ਦੇ ਰੂਹਾਨੀ ਵਿਚਾਰਾਂ ਤੋਂ ਬਲੋਲ ਬੜਾ ਪ੍ਰਭਾਵਿਤ ਹੋਇਆ। ਬਲੋਲ ਦੀ ਬੇਨਤੀ 'ਤੇ ਗੁਰੂ ਸਾਹਿਬ ਨੇ ਬਰਛਾ ਮਾਰ ਕੇ ਇਥੇ ਠੰਡੇ ਪਾਣੀ ਦਾ ਖੂਹ ਕੱਢਿਆ ਜੋ ਅਜੇ ਤਾਈਂ ਗੁਰਦੁਆਰਾ ਸਾਹਿਬ ਦੇ ਅਹਾਤੇ ਵਿੱਚ ਹੈ। ਗੁਰੂ ਸਾਹਿਬ ਬਾਰਾਮੂਲਾ ਕੋਟ ਤੀਰਥ ਰਹਿਣ ਸਮੇਂ ਇਸ ਪਿੰਡ ਵਿੱਚ ਆਮ ਤੌਰ 'ਤੇ ਸ਼ਿਕਾਰ ਖੇਡਣ ਆਇਆ ਕਰਦੇ ਸਨ। ਗੁਰੂ ਸਾਹਿਬ ਇਕ ਥੜ੍ਹੇ 'ਤੇ ਬਹਿ ਕੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਸਨ। ਇਸ ਥੜ੍ਹੇ ਕਾਰਨ ਗੁਰਦੁਆਰਾ ਥੜ੍ਹਾ ਸਾਹਿਬ ਪ੍ਰਸਿੱਧ ਹੋ ਗਿਆ। ਫ਼ਕੀਰ ਬਲੋਲ ਦੇ ਚੇਲੇ ਸਤਿਕਾਰ ਵਜੋਂ ਇਸੇ ਥਾਂ ਜੋਤ ਜਗਾਇਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਦੋਂ ਬਹੁਤੇ ਸਿੰਘ ਪੰਜਾਬ ਤੋਂ ਆ ਕੇ ਕਸ਼ਮੀਰ ਵਸੇ ਤਾਂ ਬਹੁਤੇ ਸਿੰਘ ਇਸ ਥੜ੍ਹੇ 'ਤੇ ਆ ਕੇ ਮੱਥਾ ਟੇਕਦੇ ਰਹੇ। ਉਨ੍ਹੀਵੀਂ ਸਦੀ ਦੇ ਅਖੀਰਲੇ ਵਰ੍ਹਿਆਂ ਵਿੱਚ ਇਸ ਥਾਂ, ਇਕ ਥੜ੍ਹਾ 20X25 ਫੁੱਟ ਸ. ਮਤਵਾਲ ਸਿੰਘ ਸਾਹਨੀ ਅਤੇ ਹੋਰ ਗੁਰਸਿੱਖਾਂ ਦੇ ਉਦਮ ਸਦਕਾ ਬਣਾਇਆ ਗਿਆ। ਉਸ ਸਮੇਂ ਸਿੰਘਪੁਰਾ ਕਲਾਂਨ ਦੇ ਸਿੰਘ ਕੇਵਲ ਵਿਸਾਖੀ ਵਾਲੇ ਦਿਨ ਹੀ ਆ ਕੇ ਇਸ ਥੜ੍ਹੇ 'ਤੇ ਦੀਵਾਨ ਸਜਾਉਂਦੇ ਸਨ। 1928 ਵਿੱਚ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਸਿਰਕੱਢ ਚਿੰਤਕ ਭਾਈ ਵੀਰ ਸਿੰਘ, ਸ. ਦਮੋਦਰ ਸਿੰਘ ਇੰਜੀਨੀਅਰ, ਸ. ਨਰਿੰਦਰ ਸਿੰਘ ਆਦਿ ਇਸ ਥੜ੍ਹਾ ਸਾਹਿਬ ਦੇ ਦਰਸ਼ਨਾਂ ਲਈ ਕਲਮਪੁਰਾ ਆਏ ਅਤੇ ਬਾਅਦ ਵਿੱਚ ਸ਼ਾਨਦਾਰ ਗੁਰਦੁਆਰਾ ਤਾਮੀਰ ਕੀਤਾ, ਜਿਸ ਦੀ ਨਿਰਮਾਣ ਕਲਾ ਪੰਜਾਬ ਦੇ ਗੁਰਦੁਆਰਿਆਂ ਨਾਲ ਮੇਲ ਖਾਂਦੀ ਹੈ। ਇਹ ਗੁਰਦੁਆਰਾ ਸਾਹਿਬ 13 ਅਪ੍ਰੈਲ 1931 ਨੂੰ ਬਣ ਕੇ ਤਿਆਰ ਹੋਇਆ ਅਤੇ ਉਸੇ ਦਿਨ ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬਕਾਇਦਾ ਕੀਤਾ ਗਿਆ। 1947 ਤੱਕ ਇਸ ਗੁਰਦੁਆਰਾ ਸਾਹਿਬ ਲਈ ਗ੍ਰੰਥੀ ਸਿੰਘ ਦੀ ਨਿਯੁਕਤੀ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਹੀ ਕਰਦੀ ਸੀ।

1947 ਦੇ ਘੱਲੂਘਾਰੇ ਸਮੇਂ ਕਬਾਇਲੀ ਦਰਿੰਦਿਆਂ ਨੇ ਇਸ ਗੁਰਦੁਆਰੇ ਨੂੰ ਵੀ ਨੁਕਸਾਨ ਪਹੁੰਚਾਇਆ। ਅੱਜ ਕੱਲ੍ਹ ਕਾਰ-ਸੇਵਾ ਵਾਲੇ ਬਾਬਾ ਹਰਬੰਸ ਸਿੰਘ (ਦਿੱਲੀ) ਨੇ ਇਕ ਸ਼ਾਨਦਾਰ ਚਿੱਟੇ ਗੁੰਬਦਾਂ ਵਾਲੀ ਇਮਾਰਤ ਤਾਮੀਰ ਕੀਤੀ ਹੈ ਜੋ ਕਾਮਰਾਜ ਅਤੇ ਬਾਰਾਮੂਲਾ ਤੋਂ ਨਜ਼ਰੀਂ ਪੈਂਦੀ ਹੈ। ਸਿੱਖ ਫ਼ੌਜੀ ਵੀ ਗੁਰਦੁਆਰੇ ਵਿੱਚ ਆ ਕੇ ਸਮੇਂ-ਸਮੇਂ ਸੇਵਾ ਕਰਦੇ ਰਹਿੰਦੇ ਹਨ। ਵਿਸਾਖੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਉਤਸਵ ਬੜੀ ਸ਼ਰਧਾ ਨਾਲ ਮਨਾਏ ਜਾਂਦੇ ਹਨ। ਇਹ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰਾਮੂਲਾ ਦੀ ਨਿਗਰਾਨੀ ਹੇਠ ਆਉਂਦਾ ਹੈ, ਜੋ ਜੰਮੂ ਕਸ਼ਮੀਰ ਗੁਰਦੁਆਰਾ ਪ੍ਰਬੰਧਕ ਬੋਰਡ ਦੇ ਪ੍ਰਬੰਧ ਹੇਠ ਆਉਂਦੀ ਹੈ।

**ਪੁਸਤਕ ਸੂਚੀ**:-

1. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ, ਚੰਡੀਗੜ੍ਹ, 2005 2. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ, ਕਸ਼ਮੀਰ, 1997 3. ਸਰਨਾ, ਡਾ. ਜਸਬੀਰ ਸਿੰਘ- ਸਿੱਖ ਸ਼ਰਾਇਨਜ਼ ਇਨ ਜੰਮੂ ਐਂਡ ਕਸ਼ਮੀਰ, ਕੈਨੇਡਾ, 1994 4. ਸਰਨਾ, ਡਾ. ਜਸਬੀਰ ਸਿੰਘ- ਸਿੱਖਜ਼ ਇਨ ਕਸ਼ਮੀਰ, ਦਿੱਲੀ, 1993

## ਸਿੱਧਵਾਂ

ਪੰਜਾਬ ਦੇ ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਪਿੰਡ ਸਿੱਧਵਾਂ ਆਉਂਦਾ ਹੈ। ਇਹ ਫਗਵਾੜਾ ਤੋਂ ਉਤਰ ਪੂਰਬ ਵੱਲ 13 ਕਿਲੋਮੀਟਰ ਦੂਰ ਹੈ। ਫਗਵਾੜਾ ਦਾ ਅਕਸ਼ਾਂਸ਼ 310-14 ਅਤੇ ਰੇਖਾਂਸ਼ ਦੇਸ਼ਾਂਤਰ 750-46 ਹੈ। ਇਸ ਪਿੰਡ ਵਿੱਚ ਗੁਰੂ ਹਰਿਰਾਇ ਸਾਹਿਬ (1630-61 ਕਰਤਾਰਪੁਰ ਤੋਂ ਕੀਰਤਪੁਰ ਜਾਣ ਸਮੇਂ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਡੰਡਾ ਸਾਹਿਬ, ਗੁਰੂ ਹਰਿਰਾਇ ਸਾਹਿਬ ਪਾਤਸ਼ਾਹੀ ਸੱਤਵੀਂ ਬਣਿਆ ਹੋਇਆ ਹੈ। ਪੁਰਾਣੇ ਪਿੰਡ ਦੇ ਪੱਛਮ ਵੱਲ 300 ਮੀਟਰ ਦੂਰ, ਜਿਸ ਥਾਂ ਗੁਰੂ ਸਾਹਿਬ ਇੰਤਜ਼ਾਰ ਕਰਦੀ ਸੰਗਤ ਨੂੰ ਮਿਲੇ ਸਨ, ਉਸੇ ਥਾਂ ਗੁਰਦੁਆਰਾ ਬਣਿਆ ਹੈ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਸਾਹਿਬ ਦੇ ਹੱਥ ਜੋ ਡੰਡਾ ਸੀ, ਉਹ ਗੁਰੂ ਸਾਹਿਬ ਨੇ ਜ਼ਮੀਨ ਵਿੱਚ ਹੀ ਗੱਡ ਦਿੱਤਾ, ਜਿਸ ਤੋਂ ਬਾਅਦ ਵਿੱਚ ਬਿਰਛ ਦੀਆਂ ਕਰੂੰਬਲਾ ਫੁੱਟ ਪਈਆਂ। ਅੱਜ ਉਸੇ ਬਿਰਛ ਦੀ ਸੁੱਕੀ ਖੋਲ, ਮੁਰੱਬਾ ਹਾਲ ਦੇ ਵਿੱਚ, ਪ੍ਰਕਾਸ਼ ਅਸਥਾਨ ਵਿੱਚਕਾਰ ਸਥਿਤ ਹੈ। ਅਜੋਕੀ ਇਮਾਰਤ 1960 ਵਿੱਚ ਬਣੀ ਹੈ, ਜਿਸ ਥਾਂ ਪਹਿਲਾਂ ਛੋਟਾ ਪੁਰਾਣਾ ਗੁੰਬਦਨੁਮਾ ਮੰਜੀ ਸਾਹਿਬ ਬਣਿਆ ਸੀ। ਗੁਰਦੁਆਰੇ ਦਾ ਪ੍ਰਬੰਧ ਪਿੰਡ ਦੀ ਸੰਗਤ ਕਰਦੀ ਹੈ।

**ਪੁਸਤਕ ਸੂਚੀ**:-

1. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 2. ਗਿਆਨ ਸਿੰਘ, ਗਿਆਨੀ- ਤਵਾਰੀਖ਼ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ-ਰਹਿਤ 3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998

## ਸਿੱਧਵਾਂ ਕਲਾਂ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡ ਸਿੱਧਵਾਂ ਕਲਾਂ ਆਉਂਦਾ ਹੈ, ਜੋ ਜਗਰਾਉਂ ਤੋਂ 7 ਕਿਲੋਮੀਟਰ ਉੱਤਰ ਪੂਰਬ ਦਿਸ਼ਾ ਵੱਲ ਹੈ। ਜਗਰਾਉਂ ਦਾ ਅਕਸ਼ਾਂਸ਼ 300-47 ਅਤੇ ਰੇਖਾਂਸ਼ ਦੇਸ਼ਾਂਤਰ 750-28 ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ 1631 ਵਿੱਚ ਮਾਲਵੇ ਦੇ ਸਫ਼ਰ ਦੌਰਾਨ ਆਏ ਸਨ। ਗੁਰੂ ਸਾਹਿਬ ਨੇ ਆਪਣਾ ਕੈਂਪ ਪਿੰਡ ਦੇ ਉੱਤਰ ਵੱਲ ਤਾਲਾਬ ਦੇ ਕੱਢੇ ਇਕ ਪਿੱਪਲ ਦੇ ਦਰਖ਼ਤ ਹੇਠਾਂ ਲਾਇਆ ਸੀ। ਭਾਈ ਮਨਸਾ ਰਾਮ ਨੇ ਸਾਧਾਰਨ ਜਿਹਾ ਗੁਰਦੁਆਰਾ ਬਣਾਇਆ, ਜੋ ਬਾਅਦ ਵਿੱਚ 1938 ਵਿੱਚ ਦੁਬਾਰਾ ਅੱਠ ਨੁੱਕਰਾਂ ਵਾਲਾ ਗੁੰਬਦਨੁਮਾ ਕਮਰਾ ਤਾਮੀਰ ਕੀਤਾ। ਜਿਸ ਦੇ ਆਸ-ਪਾਸ ਪ੍ਰਕਰਮਾ ਬਣਾਈਆਂ ਗਈਆਂ। ਇਸ ਇਮਾਰਤ ਵਿੱਚ ਪ੍ਰਕਾਸ਼ ਅਸਥਾਨ ਹੈ ਅਤੇ ਬਾਅਦ ਵਿੱਚ ਗੁਰ-ਦੁਆਰੇ ਨਾਲ ਹਾਲ ਦਾ ਵਿਸਥਾਰ ਕੀਤਾ ਗਿਆ ਹੈ। ਅੱਜ ਵੀ ਪ੍ਰਕਾਸ਼ ਅਸਥਾਨ ਦੇ ਪਿੱਛੇ ਪ੍ਰਕਰਮਾ ਵਿੱਚ ਪੁਰਾਣਾ ਪਿੱਪਲ ਦਾ ਦਰਖ਼ਤ ਖੜ੍ਹਾ ਹੈ। ਇਥੇ ਦੋ ਮੰਜ਼ਲੀ ਡਿਉਢੀ ਵੀ ਬਣੀ ਹੈ। ਇਸ ਵਿੱਚ ਕੁਝ ਵਰ੍ਹੇ ਪਹਿਲਾਂ ਗੁਰੂ ਕਾ ਲੰਗਰ ਤਾਮੀਰ ਕੀਤਾ ਗਿਆ ਹੈ। ਪਿੰਡ ਦੇ ਤਾਲਾਬ ਨੂੰ ਦੁਬਾਰਾ ਸਾਫ਼ ਕਰਕੇ ਸਰੋਵਰ ਵਿੱਚ ਬਦਲ ਦਿੱਤਾ ਗਿਆ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਸਭ ਤੋਂ ਪ੍ਰਮੁੱਖ ਤਿੰਨ ਦਿਨਾਂ ਜੋੜ-ਮੇਲਾ ਹਰ ਵਰ੍ਹੇ 16, 17 ਅਤੇ 18 ਸਾਵਣ (ਅਗਸਤ ਦੇ ਪਹਿਲੇ ਹਫ਼ਤੇ) ਹੁੰਦਾ ਹੈ ਜਦੋਂ ਗੁਰੂ ਹਰਿਗੋਬਿੰਦ ਸਾਹਿਬ, ਪਿੰਡ ਸਿੱਧਵਾਂ ਕਲਾਂ ਆਏ ਸਨ।

**ਪੁਸਤਕ ਸੂਚੀ**:-1. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 2. ਗਿਆਨ ਸਿੰਘ, ਗਿ.- ਤਵਾਰੀਖ਼ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ-ਰਹਿਤ। 3. ਵਿਸਾਖਾ ਸਿੰਘ, ਸੰਤ- ਮਾਲਵਾ ਇਤਿਹਾਸ, ਕਿਸ਼ਨਪੁਰਾ, 1954

ਬਾਕੀ ਅਗਲੇ ਹਫ਼ਤੇ ਪੜ੍ਹੋ

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ




**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ–27**

**ਜ਼ਾਹਰ ਹੈ ਅੱਜ ਤੋਂ ਢਾਈ ਤਿੰਨ ਸੌ ਸਾਲ ਪਹਿਲਾਂ ਦੀਆਂ ਲਿਖਤਾਂ, ਜਨਮ ਸਾਖੀਆਂ ਵਿੱਚ ਇਹ ਗੋਸ਼ਟੀ ਆਉਂਦੀ ਰਹੀ ਹੈ । ਕਈ ਰੂਪਾਂ ਵਿੱਚ ਪ੍ਰਾਣ ਸੰਗਲੀ ਵਿੱਚ ਲਿਖੀਂਦੀ ਰਹੀ ਹੈ, ਕੁਝ ਗ੍ਰੰਥਾਂ ਵਿੱਚ ਕੋਈ ਕੋਈ ਭਾਗ ਵਰਤੀਂਦਾ ਰਿਹਾ ਹੈ । ਕੁਝ ਪੁਰਾਤਨ ਲਿਖਤਾਂ ਵਿੱਚ ਇਹ ਗੋਸ਼ਟੀਆਂ ਵੱਖੋ ਵੱਖਰੇ ਗ੍ਰੰਥਾਂ ਵਿੱਚ ਅੱਗੇ ਪਿੱਛੇ ਜਾਂ ਵਿੱਚਕਾਰ ਲਿਖੀਆਂ ਭੀ ਮਿਲਦੀਆਂ ਹਨ। ਇਸ ਦੀ ਪੁਰਾਤਨਤਾ ਨੂੰ ਵਧੇਰੇ ਯਕੀਨਨ ਬਣਾਉਂਦੀ ਹੈ ਹਿੰਦੀ ਵਿੱਚ ਛਾਪੀ ਹੋਈ ਪ੍ਰਾਣ ਸੰਗਲੀ ਜਿਸ ਤੋਂ ਇਹ ਗੋਸ਼ਟੀ ਨਕਲ ਕੀਤੀ ਜਾ ਰਹੀ ਹੈ । ਸੰਤ ਸੰਪੂਰਨ ਸਿੰਘ ਜੀ ਨੇ ਕਿਸ ਸੰਨ ਸੰਮਤ ਦੀ ਪੋਥੀ ਤੋਂ ਲੈ ਕੇ ਛਾਪੀ ਸੀ**

ਇਹ ਗੋਸ਼ਟ ਰਾਮਾਨੰਦ ਵੈਰਾਗੀ ਜੀ ਦੇ ਵੈਸ਼ਣਵ ਸਿਧਾਂਤਾਂ ਅਤੇ ਗੁਰੂ ਨਾਨਕ ਜੀ ਦੇ ਗੁਰਮਤਿ ਦੇ ਵਿਚਾਰਾਂ ਦੇ ਰਹੱਸ ਪ੍ਰਗਟਾਉਂਦੀ ਅਤੇ ਤੱਥ ਨਿਖੇੜਦੀ ਹੈ। ਹੁਣ ਤੱਕ ਵਿਦਵਾਨ ਪਾਠਕਾਂ ਦੀ ਦ੍ਰਿਸ਼ਟੀ ਪਤਾ ਨਹੀਂ ਕਿਉਂ ਨਹੀਂ ਖਿੱਚ ਸਕੀ। ਸਿੱਖ ਵਿਦਵਾਨਾਂ ਦੀ ਸਮਝ ਵਿੱਚ ਸ਼ਾਇਦ ਅਜਿਹਾ ਸਾਹਿਤ ਹੋ ਨਹੀਂ ਸਕਦਾ। ਹੀਣ ਭਾਵ ਦੇ ਗ੍ਰਸੇ ਉਹ ਅੰਗ੍ਰੇਜ਼ੀ ਅਤੇ ਹਿੰਦੀ ਲੇਖਕਾਂ ਦੇ ਭਗਤਾਂ ਬਾਰੇ ਕਲਪੇ ਖਿਆਲਾਂ ਦੇ ਅਧੀਨ ਇਕ ਦਮ ਅਜਿਹੀਆਂ ਕਥਾ ਨਜ਼ਰ ਅੰਦਾਜ਼ ਕਰਨ ਲਈ ਕਾਹਲੇ ਪਏ ਰਹਿੰਦੇ ਹਨ। ਉਹ ਗੁਰੂ ਨਾਨਕ ਜੀ ਨੂੰ, ਜਿਸ ਪਦਵੀ ਦੇ ਉਹ ਮਾਲਕ ਸਨ ਉਸ ਜਗਤ ਗੁਰੂ ਨੂੰ ਘਟਾ ਕੇ ਭਗਤਾਂ ਅਤੇ ਫ਼ਰੀਦ ਜਿਹੀਆਂ ਤੋਂ ਪ੍ਰਭਾਵਤ ਹੋਏ ਦੱਸਣ ਵਿੱਚ ਆਪਣੀ ਦੂਸ਼ਤ ਵਿਦਵਤਾ ਤੇ ਕਲਪਨਾ ਦਾ ਜ਼ੋਰ ਲਗਾ ਰਹੇ ਹਨ। ਹਿੰਦੀ ਦੇ ਵਿਦਵਾਨਾਂ ਲਈ ਇਹ ਸਾਹਿਤ ਨਜ਼ਰ ਅੰਦਾਜ਼ ਕਰਨਾ ਹੀ ਭਲਾ ਸੀ। ਜਿਸ ਤਰ੍ਹਾਂ ਰਾਮਾਨੰਦ ਜੀ ਦੀ ਨਿਜ–ਰਚਨਾ ਤੋਂ ਪ੍ਰਗਟ ਹੁੰਦਾ ਹੈ, ਉਸ ਲਈ ਮਹੱਤਵ ਭਰੀ ਜਾਣਕਾਰੀ ਪ੍ਰਾਣ ਸੰਗਲੀ ਵਿੱਚੋਂ ਭੀ ਮਿਲਦੀ ਹੈ। ਭਗਤ ਰਾਮਾਨੰਦ ਜੀ ਕਾਂਸ਼ੀ (ਬਨਾਰਸ) ਵਿੱਚ ਉਸ ਸਮੇਂ ਵੱਡ–ਉਮਰੇ ਯੋਗੀਸ਼ਵਰ ਨਿਵਾਸ ਕਰਦੇ ਸੀ। ਗੁਰੂ ਨਾਨਕ ਜੀ ਦਾ ਮੇਲ ਤੇ ਭਗਤਾਂ ਉਪਰ ਪ੍ਰਭਾਵ ਪੈਣ ਦਾ, ਰਾਮਾਨੰਦ ਜੀ ਦੇ ਚੇਲਿਆਂ ਕਬੀਰ, ਰਵਿਦਾਸ ਆਦਿ ਦਾ ਸਮਾਂ ਵੀ ਇਹੋ ਨਿਰਧਾਰਤ ਹੁੰਦਾ ਹੈ। ਰਾਮਾਨੰਦ ਜੀ ਤੇ ਉਨ੍ਹਾਂ ਦੇ ਚੇਲਿਆਂ ਨਾਲ ਗੁਰੂ ਨਾਨਕ ਜੀ ਦਾ ਮੇਲ ਹੋਣਾ ਇਤਿਹਾਸਕ ਸੱਚ ਅਤੇ ਯਥਾਰਥੀ ਤੱਥ ਹੈ। ਗੁਰੂ ਜੀ ਨਾਲ ਭਗਤ ਰਾਮਾਨੰਦ ਜੀ ਦੇ ਮੇਲ ਦਾ ਜੋ ਪ੍ਰਤੀਕਰਮ ਹੋਇਆ, ਉਹ ਰਾਮਾਨੰਦ ਜੀ ਦੇ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਪਦੇ ਅਤੇ ਬਾਹਰਲੀ ਬਾਣੀ ਵਿੱਚੋਂ ਮਿਲਦੇ ਦੂਜੇ ਪਦਿਆਂ ਵਿੱਚ ਅਵਤਾਰ ਪ੍ਰਸਤੀ ਵਿਰੁੱਧ ਆਏ ਭਾਵਾਂ ਤੋਂ ਜਾਣਿਆ ਜਾ ਸਕਦਾ ਹੈ, ਬਸੰਤ ਰਾਗ ਦੇ ਇਕ ਸ਼ਬਦ ਦੇ 3 ਪਦੇ ਗੁਰੂ ਗ੍ਰੰਥ ਸਾਹਿਬ ਜੀ ਦਾ ਭਾਗ ਹਨ। ਇਸ ਪਦੇ ਵਿੱਚ ਆਏ ਨਿਰੰਕਾਰ ਪ੍ਰਸਤੀ ਦੇ ਭਾਵਾਂ ਨਾਲ ਮਿਲਦੀ ਸਾਂਝ ਉਨ੍ਹਾਂ ਦੇ ਹੋਰ ਪਦਿਆਂ ਵਿੱਚ ਵੀ ਆਉਂਦੀ ਹੈ। ਪ੍ਰਾਣ ਸੰਗਲੀ ਦੀ ਗੋਸ਼ਟੀ ਜੋ ਸੰਨ 1917 ਈਸਵੀ ਵਿੱਚ ਛਪੀ, ਇਕ ਪੁਰਾਤਨ ਲਿਖਤ ਦੀ ਨਕਲ ਹੈ। ਇਹ ਇਕ ਪੁਰਾਣੀ ਅਤੇ ਚਰਚਿਤ ਰਚਨਾ ਦੀ ਛਾਪ ਹੈ। ਪ੍ਰਾਣ ਸੰਗਲੀ ਲਿਖਤ ਉਤਾਰੇ ਦੇ ਰੂਪ, ਤਿੰਨ ਸੌ ਸਾਲ ਪਹਿਲਾਂ ਦੇ ਹਨ। ਕੁਝ ਬੀੜਾਂ ਵਿੱਚ ਵੀ ਇਸ ਗ੍ਰੰਥ ਦੇ ਕਈ ਅੰਸ਼ ਲਿਖੇ ਹੋਏ ਮਿਲਦੇ ਹਨ। ਜਿਵੇਂ ਕਿ ਅੱਗੇ ਜਾ ਕੇ ਪ੍ਰਗਟ ਹੋਵੇਗਾ, ਅਜਿਹੀ ਹੀ ਗੋਸ਼ਟੀ ਕਬੀਰ ਜੀ ਨਾਲ ਵੀ ਹੋਈ ਸੀ। ਪੁਰਾਤਨ ਜਨਮ ਸਾਖੀ 1717 ਸੰਮਤ ਦੀ ਲਿਖੀ ਮੰਨੀ ਜਾਂਦੀ ਹੈ। ਆਮ ਤੌਰ ਉੱਤੇ ਰਾਮਾਨੰਦ ਅਤੇ ਕਬੀਰ ਜੀ ਦੀਆਂ ਗੋਸ਼ਟੀਆਂ ਵਾਲੇ ਭਾਗ ਨੂੰ ਇਕੱਠਾ ਭੀ ਮੰਨਿਆ ਜਾਂਦਾ ਹੈ, ਇਕ ਦੂਜੀ ਦਾ ਪੂਰਕ ਭੀ। ਕਈ ਹੋਰਨਾਂ ਹੱਥ ਲਿਖਤਾਂ ਅਤੇ ਪੁਰਾਤਨ ਬੀੜਾਂ ਵਿੱਚ ਵੀ ਇਹ ਗੋਸ਼ਟਾਂ ਮਿਲਦੀਆਂ ਹਨ।

ਲੇਖਕ (ਮੈਂ) ਸਤੰਬਰ ਸੰਨ 1973 ਵਿੱਚ ਬੁਰਹਾਨਪੁਰ ਗਿਆ, ਜਿਥੇ ਮਾਤਾ ਸੁੰਦਰੀ ਜੀ ਦੇ ਪਾਲਕ ਪੁੱਤਰ ਅਜੀਤ ਸਿੰਘ ਦੀ ਗੱਦੀ ਚੱਲਦੀ ਰਹੀ ਹੈ। ਅਜੀਤ ਸਿਘ ਪਿੱਛੋਂ ਉਸ ਦਾ ਪੁੱਤਰ ਹਠੀ ਸਿੰਘ ਹੋਇਆ, ਉਸ ਦੇ ਸਮੇਂ ਦੀ ਲਿਖੀ ਹੋਈ ਇਕ ਵੱਡ–ਅਕਾਰੀ ਜਨਮ ਸਾਖੀ ਉਥੋਂ ਦੇ ਉਦਾਸੀਆਂ ਦੇ ਡੇਰੇ ਵਿੱਚੋਂ ਪ੍ਰਾਪਤ ਹੋਈ ਹੈ। ਉਸ ਜਨਮ ਸਾਖੀ ਵਿੱਚ ਭੀ ਇਹ ਗੋਸ਼ਟੀ ਮਾਮੂਲੀ ਪਾਠ ਭੇਦਾਂ, ਨਾਲ ਲਿਖੀ ਹੋਈ ਪ੍ਰਾਪਤ ਹੈ। ਜ਼ਾਹਰ ਹੈ ਅੱਜ ਤੋਂ ਢਾਈ ਤਿੰਨ ਸੌ ਸਾਲ ਪਹਿਲਾਂ ਦੀਆਂ ਲਿਖਤਾਂ, ਜਨਮ ਸਾਖੀਆਂ ਵਿੱਚ ਇਹ ਗੋਸ਼ਟੀ ਆਉਂਦੀ ਰਹੀ ਹੈ। ਕਈ ਰੂਪਾਂ ਵਿੱਚ ਪ੍ਰਾਣ ਸੰਗਲੀ ਵਿੱਚ ਲਿਖੀਂਦੀ ਰਹੀ ਹੈ, ਕੁਝ ਗ੍ਰੰਥਾਂ ਵਿੱਚ ਕੋਈ ਕੋਈ ਭਾਗ ਵਰਤੀਂਦਾ ਰਿਹਾ ਹੈ। ਕੁਝ ਪੁਰਾਤਨ ਲਿਖਤਾਂ ਵਿੱਚ ਇਹ ਗੋਸ਼ਟੀਆਂ ਵੱਖੋ ਵੱਖਰੇ ਗ੍ਰੰਥਾਂ ਵਿੱਚ ਅੱਗੇ ਪਿੱਛੇ ਜਾਂ ਵਿੱਚਕਾਰ ਲਿਖੀਆਂ ਭੀ ਮਿਲਦੀਆਂ ਹਨ। ਇਸ ਦੀ ਪੁਰਾਤਨਤਾ ਨੂੰ ਵਧੇਰੇ ਯਕੀਨਨ ਬਣਾਉਂਦੀ ਹੈ ਹਿੰਦੀ ਵਿੱਚ ਛਾਪੀ ਹੋਈ ਪ੍ਰਾਣ ਸੰਗਲੀ ਜਿਸ ਤੋਂ ਇਹ ਗੋਸ਼ਟੀ ਨਕਲ ਕੀਤੀ ਜਾ ਰਹੀ ਹੈ। ਸੰਤ ਸੰਪੂਰਨ ਸਿੰਘ ਜੀ ਨੇ ਕਿਸ ਸੰਨ ਸੰਮਤ ਦੀ ਪੋਥੀ ਤੋਂ ਲੈ ਕੇ ਛਾਪੀ ਸੀ * ਇਸ ਦਾ ਪਤਾ ਨਹੀਂ




ਦਿੱਤਾ, ਫਿਰ ਵੀ ਉਸੇ ਹੀ ਲਿਖਤ ਦਾ ਅਧਾਰ ਹੇਠ ਲਿਖੀ ਗੋਸ਼ਟੀ ਹੈ:

* ਪ੍ਰਾਣ–ਸੰਗਲੀ, ਸੰਪਾਦਕ ਸੰਤ ਸੰਪੂਰਨ ਸਿੰਘ, ਪ੍ਰਕਾਸ਼ਕ: ਪੰਜਾਬੀ ਯੂਨੀ: ਪਟਿਆਲਾ, ਮੂਲ ਖਰੜਾ–ਪਬਲਿਕ ਲਾਇਬਰੇਰੀ, ਲਾਹੌਰ।

ਨੋਟ: ਸੰਤ ਸੰਪੂਰਨ ਸਿੰਘ ਜੀ ਦੀ ਸੰਪਾਦਤ ਕਰਕੇ ਛਪਾਈ ਪ੍ਰਾਣ ਸੰਗਲੀ ਹੁਣ ਤੀਜੀ ਵਾਰ ਛਾਪੀ ਹੋਈ ਬੈਂਕਟੀਯਰ ਪ੍ਰਿੰਟਿਗ ਵਰਕਸ (ਪਬਲੀਕੇਸ਼ਨ) ਇਲਾਹਾਬਾਦ ਦੀ ਛਪੀ ਹੋਈ ਪ੍ਰਾਪਤ ਹੈ।

ਗੋਸ਼ਟ ਸ੍ਰੀ ਰਾਮਾਨੰਦ ਜੀ ਨਾਲ ਹੋਈ ਪ੍ਰਸ਼ਨੋਤ੍ਰਮਾਲਾ, ਮਹਲਾ 1:–

ੴ ਸ਼ਬਦ ਪ੍ਰਗਾਸਾ।
ਤੁਮ ਤੋ ਸਤਿਗੁਰ ਹਮ ਤੋ ਦਾਸਾ।
ਏਕ ਸ਼ਬਦ ਕਾ ਪੂਛਤ ਭੇਵ।
ਕ੍ਰਿਪਾ ਕਰੋ ਭਾਖੋ ਗੁਰਦੇਵ।
ਕਵਲ ਸ਼ਬਦ ਕਵਨ ਨਾਦ।
ਕਵਨ ਗੋਸ਼ਟ ਕਵਨ ਬਾਦ।
ਕਵਨ ਪੂਛੇ ਕਵਨ ਕਹੇ।
ਕਵਨ ਅਰੰਭ ਸੁਹੇਲਾ ਰਹੇ।
ਸ੍ਰੀ ਗੁਰੂ ਵਾਚ: ਸ਼ਬਦ ਏਕ ਦੂਸਰਾ ਨਾਦ।
ਸਮਝ ਗੋਸ਼ਟ ਅਨਸਮਝ ਬਾਦ॥
ਮਨ ਪੂਛੇ ਉਨਮਨ ਕਹੈ।
ਕਵਨ ਅਰੰਭ ਸੁਹੇਲਾ ਰਹੈ॥2॥
ਸ੍ਰੀ ਰਾਮਾਨੰਦ: ਕਵਨ ਮਲੀਨ ਕਵਨ ਪ੍ਰਗਾਸ। ਕਵਨ ਘਰ ਆਸਨ ਰਹੇ ਉਦਾਸ॥
ਕਵਨ ਘਰ ਮਨ ਨਿਹਚਲ ਰਹੈ।
ਕਵਨ ਦਰਸ਼ਨ ਅਲਖ ਪੁਰਸ਼ ਕੋ ਲਹੈ॥
ਸ੍ਰੀ ਗੁਰੂ: ਅਲਮਲ ਕਾਯਾ ਨਿਰਮਲ ਪ੍ਰਗਾਸ। ਸਹਜ ਆਸਨ ਮਨ ਰਹੇ ਉਦਾਸ।
ਪ੍ਰੇਮ ਆਸਨ ਮਨ ਨਿਹਚਲ ਰਹੈ।
ਅਕਲ ਦਰਸ਼ਨ ਅਲਖ ਪੁਰਸ਼ ਕੋ ਲਹੈ।
ਸ੍ਰੀ ਰਾਮਾਨੰਦ: ਕਵਨ ਕਾਯਾ ਕਵਨ ਜੀਓ। ਕਵਨ ਸੁੰਦਰੀ ਕਵਨ ਪੀਉ।
ਕਵਨ ਘਰ ਕਵਨ ਘਰ ਬਾਸ।
ਕਵਨ ਤਤ ਲੈ ਖੇਲੈ ਬਿਲਾਸ॥
ਸ੍ਰੀ ਗੁਰੂ: ਕਾਯਾ ਕਰਨੀ ਕਾਰਨ ਜੀਓ।
ਆਤਮਾ ਸੁੰਦਰੀ ਪ੍ਰਾਨ ਪੀਉ।
ਨਿਹਚਲ ਘਰ ਪਰਚੈ ਘਰ ਬਾਸ।
ਪਾਂਚ ਰਤਨ ਲੈ ਖੇਲੇ ਬਿਲਾਸ।
ਸ੍ਰੀ ਰਾਮਾਨੰਦ: ਕਵਨ ਆਏ ਕਵਨ ਜਾਏ।
ਕਵਨ ਖੋਵੈ ਕਵਨ ਖਾਯ।
ਯਾਂਕਾ ਮੋਹਿ ਬਤਾਵਹੁ ਭੇਵ।
ਪੂਛੇ ਸਿੱਖ ਕਹੋ ਗੁਰਦੇਵ॥7॥

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*


## ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ (ਸਕੌਟਲੈਂਡ) ਵਿਖੇ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ

ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ ਵਿਖੇ ਰੋਜ਼ਾਨਾ ਸੇਵਾਵਾਂ ਨਿਭਾਉਣ ਲਈ ਇਕ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ। ਮੁੱਖ ਕੰਮ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਆਸਣ, ਨਿੱਤਨੇਮ ਦੇ ਇਲਾਵਾ ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ ਅਤੇ ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਨੂੰ ਧਾਰਮਿਕ ਮੁੱਦਿਆਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਮਦਦ ਕਰਨੀ। ਕੰਮ ਦਾ ਸਮਾਂ ਟਰਮ ਲਈ ਫਿਕਸ ਹੋਵੇਗਾ, ਯੋਗਤਾ ਅਤੇ ਯੂ ਕੇ ਦੇ ਰੁਜ਼ਗਾਰ ਕਾਨੂੰਨ ਮੁਤਾਬਿਕ ਚੰਗੀ ਤਨਖਾਹ ਅਤੇ ਵਧੀਆ ਰਿਹਾਇਸ਼ ਦਾ ਪ੍ਰਬੰਧ। ਚੰਗੀ ਤਨਖਾਹ, ਖਾਣਾ ਅਤੇ ਵਧੀਆ ਰਿਹਾਇਸ਼ ਗੁਰਦੁਆਰਾ ਸਾਹਿਬ ਵਿਖੇ।
ਸ਼ਰਤਾਂ: ਬਿਨੈਕਾਰ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਹੋਣੀ ਜਰੂਰੀ ਹੈ। ਪੰਜਾਬੀ ਲਿਖਣ, ਪੜ੍ਹਣ ਅਤੇ ਬੋਲਣ ਵਿਚ ਚੰਗੀ ਮੁਹਾਰਤ ਹੋਵੇ। ਕੰਮ ਦਾ ਤਜ਼ਰਬਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਪਿਛਲੇ ਕੰਮ ਤੋਂ ਨੇਕ ਚਾਲ ਚੱਲਣ ਦਾ ਸਰਟੀਫ਼ਿਕੇਟ ਹੋਣਾ ਜਰੂਰੀ ਹੈ। ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਜਿਆਦਾ ਜਾਣਕਾਰੀ ਲਈ ਰਵਿੰਦਰ ਸਿੰਘ ਨਾਲ ਸੰਪਰਕ ਕਰੋ ਜੀ।
ਯੋਗ ਉਮੀਦਵਾਰ 6 ਫਰਵਰੀ 2026 ਤੋਂ ਪਹਿਲਾਂ ਅਰਜ਼ੀਆਂ ਗੁਰੂ ਘਰ ਦੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ।

**VACANCY AT GURU NANAK GURDWARA IRVINE, AYRSHIRE (TIER-5 GRANTHI) REQUIRED**

One religious worker (Granthi Singh) required to work in a busy and demanding Gurdwara Sahib, Guru Nanak Gurdwara in Irvine.

**Duties:** 1) Parkash of Sri Guru Granth Sahib, 2) Nitnem, 3) Sukhmani Sahib Ji Da Paath, 4) Sehaj Paath, 5) Recite Katha Vichar in the morning and evening, 6) Rehras Sahib, 7) Sukhasan Sahib, 8) Kirtan, 9) Explanation of various religious texts to the congregation.

**Requirements:** 1) Previous experience is essential, 2) Vast knowledge of Sri Guru Granth Sahib and Sikh history, 3) Must be Amritdhari and fluent in writing, reading and speaking Punjabi. 4) Must be of have clean character and appearance. 5) Must be able to provide references of previous experience.

**Must have right to work in U.K.**


**Duration:** Fixed term contract

**Benefits:** 1) Excellent salary, 2) Accommodation will be provided, 3) Access to Gurdwara Sahib's food pantry.

*For more information please contact:* Ravinder Singh on 07462 303 430
Please send applications before 6th February 2026 to Address below

**GURU NANAK GURDWARA SAHIB IRVINE,**
*40-42 BANK STREET, IRVINE, AYRSHIRE, SCOTLAND KA12 0LP*

# ਸਿਹਤ ਤੇ ਸੁੰਦਰਤਾ



## ਕੀ ਰੈੱਡ ਮੀਟ ਖਾਣਾ ਸਹੀ ?



ਅਮਰੀਕੀ ਸਿਹਤ ਵਿਭਾਗ ਵੱਲੋਂ 2025-2030 ਲਈ ਜਾਰੀ ਨਵੀਆਂ ਹਦਾਇਤਾਂ ਅਨੁਸਾਰ ਆਂਡੇ, ਰੈੱਡ ਮੀਟ ਅਤੇ ਫੁੱਲ-ਫੈਟ ਦੁੱਧ ਵਰਗੇ ਪਦਾਰਥ ਹਾਈ-ਕੁਆਲਿਟੀ ਪ੍ਰੋਟੀਨ ਦੇ ਚੰਗੇ ਸਰੋਤ ਹਨ। ਭਾਰਤ ਵਰਗੇ ਦੇਸ਼ਾਂ ਲਈ ਇਹ ਬਦਲਾਅ ਮਹੱਤਵਪੂਰਨ ਹੈ ਕਿਉਂਕਿ ਇੱਥੇ ਦੁੱਧ, ਘਿਓ ਅਤੇ ਪਨੀਰ ਰਵਾਇਤੀ ਖਾਣ-ਪੀਣ ਦਾ ਅਹਿਮ ਹਿੱਸਾ ਹਨ।

ਸੀਨੀਅਰ ਗੈਸਟ੍ਰੋਐਂਟਰੋਲੋਜਿਸਟਾਂ ਅਤੇ ਕਾਰਡੀਓਲੋਜਿਸਟਾਂ ਦਾ ਕਹਿਣਾ ਹੈ ਕਿ ਭਾਰਤੀ ਖੁਰਾਕ ਵਿੱਚ ਰੈੱਡ ਮੀਟ ਬਹੁਤਾ ਜ਼ਰੂਰੀ ਨਹੀਂ ਹੈ। ਜੇਕਰ ਕੋਈ ਇਸ ਦਾ ਸੇਵਨ ਕਰਦਾ ਵੀ ਹੈ, ਤਾਂ ਇਸਨੂੰ ਹਫ਼ਤੇ ਵਿੱਚ ਇੱਕ ਵਾਰ ਜਾਂ 10-15 ਦਿਨਾਂ ਵਿੱਚ ਸੀਮਤ ਮਾਤਰਾ ਵਿੱਚ ਲੈਣਾ ਹੀ ਬਿਹਤਰ ਹੈ। ਵਧੇਰੇ ਸੇਵਨ ਨਾਲ ਕੋਲੈਸਟ੍ਰੋਲ, ਮੋਟਾਪਾ ਅਤੇ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਸਕਦਾ ਹੈ। ਪੱਛਮੀ ਦੇਸ਼ਾਂ ਵਿੱਚ ਹਫ਼ਤੇ ਵਿੱਚ 500 ਗ੍ਰਾਮ ਰੈੱਡ ਮੀਟ ਨੂੰ ਸਹੀ ਮੰਨਿਆ ਜਾਂਦਾ ਹੈ, ਪਰ ਭਾਰਤੀਆਂ ਲਈ ਇਸ ਤੋਂ ਘੱਟ ਮਾਤਰਾ ਦੀ ਸਲਾਹ ਦਿੱਤੀ ਜਾਂਦੀ ਹੈ ਕਿਉਂਕਿ ਸਾਡੀ ਡਾਇਟ ਵਿੱਚ ਪਹਿਲਾਂ ਹੀ ਕਾਰਬੋਹਾਈਡ੍ਰੇਟਸ ਜ਼ਿਆਦਾ ਹੁੰਦੇ ਹਨ।

## ਐਂਟੀਬਾਇਓਟਿਕਸ ਦੀ ਅੰਨ੍ਹੇਵਾਹ ਵਰਤੋਂ ਤੋਂ ਬਚੋ !

ਐਂਟੀਬਾਇਓਟਿਕ ਦਵਾਈਆਂ ਦੀ ਜ਼ਿਆਦਾ ਵਰਤੋਂ ਨਾਲ ਬੈਕਟੀਰੀਆ ਆਪਣੇ ਜੀਨਾਂ ਵਿੱਚ ਬਦਲਾਅ ਕਰ ਰਹੇ ਹਨ। ਇਸ ਨਾਲ ਇਹ ਦਵਾਈਆਂ ਅਸਰ ਨਹੀਂ ਕਰ ਰਹੀਆਂ। ਰੀਜਨਲ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਆਰਐੱਮਆਰਸੀ) ਵਿੱਚ ਨਿਮੋਨੀਆ ਨਾਲ ਜੁੜੇ ਬੈਕਟੀਰੀਆ ਦੇ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ। ਬੈਕਟੀਰੀਆ ਦੇ ਜੀਨਾਂ ਵਿੱਚ ਉਹ ਹਿੱਸਾ ਬਦਲ ਗਿਆ ਹੈ ਜਿੱਥੇ ਐਂਟੀਬਾਇਓਟਿਕ ਅਸਰ ਕਰਦੀ ਹੈ।

### ਡਾਕਟਰਾਂ ਅਤੇ ਲੋਕਾਂ ਦੀ ਗਲਤੀ

ਆਰਐੱਮਆਰਸੀ ਦੇ ਵਾਇਰੋਲਾਜਿਸਟ ਡਾ. ਅਸ਼ੋਕ ਪਾਂਡੇ ਕਹਿੰਦੇ ਹਨ ਕਿ ਇਹ ਸਥਿਤੀ ਬਹੁਤ ਚਿੰਤਾਜਨਕ ਹੈ। ਸੀਐੱਚਸੀ ਅਤੇ ਪੀਐੱਚਸੀ ਵਿੱਚ ਡਾਕਟਰ ਬਿਨਾਂ ਜ਼ਰੂਰਤ ਐਂਟੀਬਾਇਓਟਿਕ ਲਿਖ ਰਹੇ ਹਨ। ਆਮ ਲੋਕ ਵੀ ਛੋਟੀਆਂ ਬਿਮਾਰੀਆਂ ਵਿੱਚ ਕੈਮਿਸਟ ਤੋਂ ਪੁੱਛ ਕੇ ਖੁਦ ਹੀ ਇਹ ਦਵਾਈਆਂ ਲੈ ਰਹੇ ਹਨ। ਇਸ ਨਾਲ ਬੈਕਟੀਰੀਆ ਵਿੱਚ ਦਵਾਈ ਵਿਰੋਧੀ ਤਾਕਤ ਵਧ ਰਹੀ ਹੈ। ਜਦੋਂ ਗੰਭੀਰ ਬਿਮਾਰੀ ਹੁੰਦੀ ਹੈ ਤਾਂ ਇਹ ਦਵਾਈਆਂ ਕੰਮ ਨਹੀਂ ਕਰਦੀਆਂ।

### ਅਧਿਐਨ ਦੇ ਨਤੀਜੇ

ਆਰਐੱਮਆਰਸੀ ਵਿੱਚ ਨਿਮੋਨੀਆ ਬਾਰੇ ਇੱਕ ਸਾਲ ਤੋਂ ਅਧਿਐਨ ਚੱਲ ਰਿਹਾ ਹੈ। ਇਸ ਵਿੱਚ ਸੀਐੱਚਸੀ ਅਤੇ ਪੀਐੱਚਸੀ ਦੇ 600 ਰੋਗੀਆਂ ਦੀਆਂ ਪਰਚੀਆਂ ਜਾਂਚੀਆਂ ਗਈਆਂ। ਲਗਭਗ ਸਾਰੀਆਂ ਪਰਚੀਆਂ ਵਿੱਚ ਐਂਟੀਬਾਇਓਟਿਕ ਲਿਖੀ ਸੀ। 72% ਵਿੱਚ ਐਜੀਥ੍ਰੋਮਾਇਸਿਨ ਅਤੇ ਬਾਕੀ ਵਿੱਚ ਐਮੋਕੀਸਿਲਿਨ। ਵਾਇਰਲ ਬੁਖਾਰ ਵਰਗੀਆਂ ਬਿਮਾਰੀਆਂ ਵਿੱਚ ਵੀ ਇਹ ਲਿਖੀ ਜਾ ਰਹੀ ਹੈ, ਜਦਕਿ ਵਾਇਰਲ ਇਨਫੈਕਸ਼ਨ ਵਿੱਚ ਐਂਟੀਬਾਇਓਟਿਕ ਦਾ ਕੋਈ ਅਸਰ ਨਹੀਂ ਹੁੰਦਾ।

ਕੁਝ ਬੱਚਿਆਂ ਨੂੰ ਜ਼ਿਆਦਾ ਡੋਜ਼ ਲਿਖੀ ਗਈ ਸੀ, ਜੋ ਉਨ੍ਹਾਂ ਦੀ ਉਮਰ ਅਤੇ ਵਜ਼ਨ ਨਾਲ ਮੇਲ ਨਹੀਂ ਖਾਂਦੀ। ਇਹ ਵੀ ਰਜ਼ਿਸਟੈਂਸ ਵਧਾਉਣ ਦਾ ਕਾਰਨ ਹੈ।

### ਵੱਡੇ ਅਧਿਐਨ ਦੇ ਤੱਥ

### ✪ ਬੈਕਟੀਰੀਆ ਵਿੱਚ ਵੱਡਾ ਬਦਲਾਅ ਆ ਰਿਹਾ ਹੈ



ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈਸੀਐੱਮਆਰ) ਦੇ ਇੱਕ ਹੋਰ ਅਧਿਐਨ ਵਿੱਚ ਪਤਾ ਲੱਗਾ ਕਿ 75 ਤੋਂ 91% ਬੈਕਟੀਰੀਆ ਵਿੱਚ ਐਂਟੀਬਾਇਓਟਿਕ ਵਿਰੋਧੀ ਤਾਕਤ ਆ ਚੁੱਕੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸ ਬਾਰੇ ਚਿੰਤਾ ਜ਼ਾਹਿਰ ਕੀਤੀ ਹੈ। 28 ਦਸੰਬਰ ਨੂੰ 'ਮਨ ਕੀ ਬਾਤ' ਵਿੱਚ ਉਨ੍ਹਾਂ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਐਂਟੀਬਾਇਓਟਿਕ ਤੁਰੰਤ ਹੱਲ ਨਹੀਂ ਹਨ ਅਤੇ ਇਨ੍ਹਾਂ ਨੂੰ ਸਿਰਫ਼ ਡਾਕਟਰ ਦੀ ਸਲਾਹ ਨਾਲ ਲੈਣਾ ਚਾਹੀਦਾ ਹੈ।

### ਭਵਿੱਖ ਦਾ ਖ਼ਤਰਾ ਅਤੇ ਸਲਾਹ

ਜੇਕਰ ਸਮੇਂ ਰਹਿੰਦੇ ਐਂਟੀਬਾਇਓਟਿਕ ਦੀ ਸਮਝਦਾਰੀ ਨਾਲ ਵਰਤੋਂ ਲਈ ਸਖਤ ਕਦਮ ਨਾ ਚੁੱਕੇ ਗਏ ਤਾਂ ਛੋਟੀਆਂ ਇਨਫੈਕਸ਼ਨ ਵੀ ਜਾਨਲੇਵਾ ਬਣ ਸਕਦੀਆਂ ਹਨ। ਡਾਕਟਰਾਂ, ਫਾਰਮਾਸਿਸਟਾਂ ਅਤੇ ਆਮ ਲੋਕਾਂ ਨੂੰ ਇਸ ਖ਼ਤਰੇ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ।

ਡਾ. ਹਰੀਸ਼ੰਕਰ ਜੋਸ਼ੀ,
ਡਾਇਰੈਕਟਰ ਆਰਐੱਮਆਰਸੀ

## * ਚੂੰਢੀਆਂ-ਚੋਭਾਂ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਅਮਰੀਕਾ ਨੇ ਵਿਸ਼ਵ ਸਿਹਤ ਸੰਗਠਨ ਨਾਲੋਂ ਤੋੜਿਆ ਨਾਤਾ- ਇਕ ਖ਼ਬਰ**
-ਤੇਰੀ ਮੇਰੀ ਨਹੀਂ ਨਿਭਣੀ, ਮੈਂ ਪਤਲੀ ਤੂੰ ਭਾਰਾ।




***ਟਰੰਪ ਨੇ ਮੋਦੀ ਨੂੰ ਗਾਜ਼ਾ ਲਈ 'ਬੋਰਡ ਆਫ਼ ਪੀਸ' ਵਿਚ ਸ਼ਾਮਲ ਹੋਣ ਲਈ ਦਿਤਾ ਸੱਦਾ- ਇਕ ਖ਼ਬਰ**
-ਮਿੱਤਰਾ ਸੈਰ ਕਰਾਵਾਂ, ਚੜ੍ਹ ਮੇਰੇ ਬੋਤੇ 'ਤੇ।




***ਗਰੀਨਲੈਂਡ ਉੱਤੇ ਅਮਰੀਕਾ ਦਾ ਕੰਟਰੋਲ ਜ਼ਰੂਰੀ- ਟਰੰਪ**
-ਮੈਨੂੰ ਕੱਲੀ ਨੂੰ ਚੁਬਾਰਾ ਪਾ ਦੇ, ਰੋਹੀ ਵਾਲ਼ਾ ਜੰਡ ਵੱਢ ਕੇ।

***ਪੰਜਾਬ ਕਾਂਗਰਸ ਦੀ ਪ੍ਰਧਾਨਗੀ 'ਚ ਕੋਈ ਬਦਲਾਅ ਨਹੀਂ ਹੋਵੇਗਾ- ਕਾਂਗਰਸ ਹਾਈ ਕਮਾਨ**
-ਜਿਊਣਾ ਮੌੜ ਵੱਢਿਆ ਨਾ ਜਾਵੇ, ਛਵ੍ਹੀਆਂ ਦੇ ਘੁੰਡ ਮੁੜ ਗਏ।



***ਫ਼ਰਾਂਸ ਉੱਪਰ 200 ਫ਼ੀਸਦੀ ਟੈਰਿਫ਼ ਲਗਾਵਾਂਗਾ- ਟਰੰਪ**
-ਕਾਹਨੂੰ ਮਾਰਦੈਂ ਪਤਲਿਆ ਡਾਕੇ, ਔਖੀ ਹੋ ਜੂ ਕੈਦ ਕੱਟਣੀ।

***ਅਰਾਵਲੀ ਵਿਚ ਰੋਕ ਦੇ ਬਾਵਜੂਦ ਗ਼ੈਰਕਾਨੂੰਨੀ ਖਣਨ ਜਾਰੀ- ਸੁਪਰੀਮ ਕੋਰਟ**
-ਅਸਾਂ ਨਿੱਤ ਦੇ ਸ਼ਰਾਬੀ ਰਹਿਣਾ, ਅੱਧ ਵਿਚ ਕੰਧ ਕੱਢ ਲੈ।



***ਕੈਨੇਡੀਅਨ ਪ੍ਰਧਾਨ ਮੰਤਰੀ ਦੇ ਬਿਆਨਾਂ 'ਤੇ ਭੜਕੇ ਟਰੰਪ, 'ਬੋਰਡ ਆਫ਼ ਪੀਸ' ਦਾ ਸੱਦਾ ਵਾਪਸ ਲਿਆ- ਇਕ ਖ਼ਬਰ**
-ਜਦੋਂ ਸੱਚੀਆਂ ਸੁਣਾਈਆਂ ਨੀਂ, ਬੜਾ ਦੁਖ ਲੱਗਿਆ, ਬੜਾ ਦੁਖ ਲੱਗਿਆ।



***ਦਲਜੀਤ ਚੀਮਾ 2 ਦਸੰਬਰ 2024 ਦੇ ਫ਼ੈਸਲਿਆਂ ਨੂੰ ਗ਼ਲਤ ਦੱਸਣ ਦੀ ਹਿਮਾਕਤ ਕਰ ਰਿਹੈ- ਗੁਰਜੀਤ ਸਿੰਘ ਤਲਵੰਡੀ, ਤਜਿੰਦਰ ਸਿੰਘ ਪੰਨੂ**
-ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ।

***ਡੈਨਮਾਰਕ ਦੇ ਲੋਕ ਅਮਰੀਕੀ ਸਾਮਾਨ ਦਾ ਕਰ ਰਹੇ ਹਨ ਬਾਈਕਾਟ- ਇਕ ਖ਼ਬਰ**
-ਤੇਰੀ ਰੰਨ ਦਾ ਨਾ ਭਰਨਾ ਪਾਣੀ, ਤੇਰੀ ਨਾ ਮੁਥਾਜ ਝੱਲਣੀ।

***ਭਾਜਪਾ ਦੀ ਸੀਨੀਅਰ ਲੀਡਰਸ਼ਿੱਪ ਸ੍ਰੀ ਨਾਭ ਕੰਵਲ ਮਜਾਰਾ ਸਾਹਿਬ ਵਿਖੇ ਮੱਥਾ ਟੇਕਣ ਜਾਵੇਗੀ- ਇਕ ਖ਼ਬਰ**
-ਮੱਥਾ ਟੇਕਣ ਨਹੀਂ, ਬਲ਼ਦੀ 'ਤੇ ਤੇਲ ਪਾਉਣ ਜਾਵੇਗੀ।



***ਟਰੰਪ ਦੀ ਟੈਰਿਫ਼ ਧਮਕੀ 'ਤੇ ਬਰਤਾਨੀਆ ਦਾ ਸਖ਼ਤ ਵਿਰੋਧ- ਇਕ ਖ਼ਬਰ**
-ਗੱਲ ਸੋਚ ਕੇ ਕਰੀਂ ਜ਼ੈਲਦਾਰਾ, ਅਸਾਂ ਨਹੀਂ ਕਨੌੜ ਝੱਲਣੀ।



***ਮੈਂ ਕਦੇ ਵੀ ਹਾਈ ਕਮਾਨ ਦੇ ਫ਼ੈਸਲਿਆਂ ਵਿਰੁੱਧ ਨਹੀਂ ਗਿਆ- ਸ਼ਸ਼ੀ ਥਰੂਰ**
-ਕਾਹਨੂੰ ਮਾਰਦੈਂ ਚੰਦਰਿਆ ਛਮਕਾਂ, ਮੈਂ ਕੱਚ ਦੇ ਗਿਲਾਸ ਵਰਗੀ।



***ਸੱਤਾ ਦਾ ਕੇਂਦਰੀਕਰਨ ਕਰਨਾ ਚਾਹੁੰਦੀ ਹੈ ਭਾਜਪਾ- ਰਾਹੁਲ ਗਾਂਧੀ**
-ਪੂਣੀਆਂ ਮੈਂ ਤਿੰਨ ਕੱਤੀਆਂ, ਟੁੱਟ ਪੈਣੇ ਦਾ ਤੇਰ੍ਹਵਾਂ ਗੇੜਾ।

***ਕੀ ਪਾਠਾਂ ਦੀਆਂ ਲੜੀਆਂ ਗੁਰਮਤਿ ਅਨੁਸਾਰ ਠੀਕ ਹਨ?- ਗਲੋਬਲ ਸਿੱਖ ਕੌਂਸਲ**
-ਲੌਂਗ ਘੜਾ ਦਊਂਗਾ, ਗੁੱਸਾ ਛੱਡ ਮੁਟਿਆਰੇ।



***ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਦਾਦੂਵਾਲ ਅਤੇ ਝੀਂਡਾ ਵਿਚ ਵਿਵਾਦ ਛਿੜਿਆ- ਇਕ ਖ਼ਬਰ**
-ਕੁੰਢੀਆਂ ਦੇ ਸਿੰਙ ਫ਼ਸ ਗਏ, ਕੋਈ ਨਿੱਤਰੂ ਵੜੇਵੇਂ ਖਾਣੀ।

# ਮਾਂ ਦੀ ਮੌਤ ਤੋਂ ਬਾਅਦ ਬਰਤਾਨਵੀ ਮੀਡੀਆ ਨਾਲ ਸੰਬੰਧ ਚੰਗੇ ਨਹੀਂ ਰਹੇ – ਰਾਜਕੁਮਾਰ ਹੈਰੀ


ਅਦਾਲਤ ਵਿੱਚ ਪੇਸ਼ ਹੋਣ ਮੌਕੇ ਰਾਜਕੁਮਾਰ ਹੈਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਰਾਜਕੁਮਾਰ ਹੈਰੀ ਅਤੇ ਹੋਰਾਂ ਵੱਲੋਂ ਬਰਤਾਨੀਆ ਦੇ ਮੀਡੀਆ ਹਾਊਸ ਡੇਲੀ ਮੇਲ ਖਿਲਾਫ਼ ਕੀਤੀ ਗਈ ਕਾਨੂੰਨੀ ਕਾਰਵਾਈ ਕੀਤੀ ਗਈ ਹੈ। ਜਿਸ ਦੌਰਾਨ ਅੱਜ ਦੀ ਸੁਣਵਾਈ ਦੌਰਾਨ ਲੰਡਨ ਅਦਾਲਤ ਵਿੱਚ ਰਾਜਕੁਮਾਰ ਹੈਰੀ ਨੇ ਆਪਣੀ ਮਾਂ ਦੀ ਮੌਤ ਤੋਂ ਬਾਅਦ ਬਰਤਾਨਵੀ ਮੀਡੀਆ ਨਾਲ 'ਅਣਸੁਖਾਵੇਂ ਸਬੰਧਾਂ' ਬਾਰੇ ਦੱਸਿਆ। ਡਿਊਕ ਆਫ਼ ਸਸੇਕਸ ਲੰਡਨ ਅਦਾਲਤ ਵਿੱਚ ਡੇਲੀ ਮੇਲ ਐਂਡ ਮੇਲ ਆਨ ਸੰਡੇ ਦੇ ਪ੍ਰਕਾਸ਼ਕ ਵਿਰੁੱਧ ਗਵਾਹੀ ਦੇ ਰਹੇ ਹਨ। ਅਦਾਲਤ ਵਿੱਚ ਹੈਰੀ ਦੇ ਦਾਅਵਿਆਂ ਅਤੇ ਐਸੋਸੀਏਟਿਡ ਨਿਊਜ਼ਪੇਪਰਜ਼ ਲਿਮਟਿਡ ਦੇ ਇਨਕਾਰਾਂ ਦੀ ਚਰਚਾ ਹੋ ਰਹੀ ਹੈ। ਆਪਣੇ ਗਵਾਹ ਦੇ ਬਿਆਨ ਵਿੱਚ ਹੈਰੀ ਨੇ ਕਿਹਾ ਕਿ ਉਸਦੀ ਮਾਂ, ਰਾਜਕੁਮਾਰੀ ਡਾਇਨਾ ਦੀ ਮੌਤ ਤੋਂ ਬਾਅਦ ਪ੍ਰੈਸ ਨਾਲ ਉਸਦੇ ਸਬੰਧ ਅਣਸੁਖਾਵੇਂ ਰਹੇ ਸੀ, ਅਤੇ ਉਸਦੀ ਪਤਨੀ ਨਾਲ ਪ੍ਰੈਸ ਦੇ ਵਿਵਹਾਰ ਤੋਂ "ਪ੍ਰੇਸ਼ਾਨ" ਹੋਣ ਤੋਂ ਬਾਅਦ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਕੀਤਾ। ਪ੍ਰਿੰਸ ਹੈਰੀ ਸੱਤ ਦਾਅਵੇਦਾਰਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਅਖਬਾਰ 'ਤੇ ਗੈਰ-ਕਾਨੂੰਨੀ ਤੌਰ 'ਤੇ ਜਾਣਕਾਰੀ ਇਕੱਠੀ ਕਰਨ ਅਤੇ 20 ਸਾਲਾਂ ਦੀ ਮਿਆਦ ਵਿੱਚ "ਗੋਪਨੀਯਤਾ ਦੀ ਗੰਭੀਰ ਉਲੰਘਣਾ" ਕਰਨ ਦਾ ਦੋਸ਼ ਲਗਾਇਆ ਹੈ। ਜਦ ਕਿ ਪ੍ਰਕਾਸ਼ਕ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਮੁਕੱਦਮੇ ਦਾ ਅੱਜ ਤੀਜਾ ਦਿਨ ਸੀ। ਦਾਅਵੇਦਾਰਾਂ ਵਿੱਚ ਲਿਜ਼ ਹਰਲੀ ਅਤੇ ਸਰ ਐਲਟਨ ਜੌਨ ਆਦਿ ਸ਼ਾਮਲ ਹਨ। ਹੈਰੀ ਨੇ ਅੱਜ ਭਾਵੁਕ ਹੁੰਦਿਆਂ ਅਦਾਲਤ ਸਾਹਮਣੇ ਪੇਸ਼ ਹੋ ਕੇ ਕਿਹਾ ਕਿ ਪ੍ਰੈਸ ਨੇ 'ਮੇਰੀ ਪਤਨੀ ਦੀ ਜ਼ਿੰਦਗੀ ਨਰਕ ਬਣਾ ਦਿੱਤੀ' ਸੀ। ਕੇਸ ਦੀ ਸੁਣਵਾਈ ਜਾਰੀ ਹੈ।

# ਡੰਗ ਮਨਚੰਦੇ ਦੇ


ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਪਾਠ 26

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Last week, we made two letter words. Let us make three or more letter words with ਤ, ਥ, ਦ, ਧ, ਨ. Some times you need sound modifiers to make the right sound, but we will make just MUKTA words.

| | | | | |
|---|---|---|---|---|
| ਤਰਕ | ਤਰਸ | ਤਰਲ | ਤਕਣ | ਤਲਵਣ |
| ਥਮਣ | ਥਲਥਲ | ਥਰਮਸ | ਦਰਦ | ਦਰਜਨ |
| ਧਰਮ | ਧਕੜ | ਨਕਲ | ਨਸਲ | ਨਫ਼ਰਤ |

Class Exercise : Make three letter words which at least use one of the letters - ਤ, ਥ, ਦ, ਧ, ਨ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ Page 52 Level I

# ਬਰਤਾਨੀਆ ਵਿੱਚ ਡਰਾਈਵਿੰਗ ਟੈਸਟਾਂ ਵਿੱਚ ਧੋਖਾਧੜੀ ਦੇ ਮਾਮਲੇ ਵਧੇ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਪਿਛਲੇ ਸਾਲ ਦੌਰਾਨ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਵਿੱਚ ਪ੍ਰੈਕਟੀਕਲ ਅਤੇ ਥਿਊਰੀ ਡਰਾਈਵਿੰਗ ਟੈਸਟਾਂ ਦੌਰਾਨ ਧੋਖਾਧੜੀ ਦੇ ਮਾਮਲਿਆਂ ਵਿੱਚ ਲਗਭਗ 50 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਡਰਾਈਵਿੰਗ ਐਂਡ ਵਹੀਕਲ ਸਟੈਂਡਰਡਜ਼ ਏਜੰਸੀ (ਧੜਸ਼ਅ) ਦੇ ਅੰਕੜਿਆਂ ਦੇ ਅਨੁਸਾਰ ਧੋਖਾਧੜੀ ਦੇ ਤਰੀਕੇ ਵੱਖੋ-ਵੱਖਰੇ ਸਨ, ਜਿਹਨਾਂ ਵਿੱਚ ਬਲੂਟੁੱਥ ਹੈੱਡਸੈੱਟਾਂ ਦੀ ਵਰਤੋਂ ਨਾਲ ਸਬੰਧਤ 1,100 ਤੋਂ ਵੱਧ ਮਾਮਲੇ ਸ਼ਾਮਲ ਸਨ। ਕੁੱਲ ਮਿਲਾ ਕੇ ਲਗਭਗ 100 ਅਪਰਾਧੀਆਂ 'ਤੇ ਧੋਖਾ ਦੇਣ ਦੀ ਕੋਸ਼ਿਸ਼ ਕਰਨ ਜਾਂ ਡਰਾਈਵਿੰਗ ਟੈਸਟਾਂ ਵਿੱਚ ਨਕਲ ਕਰਨ ਲਈ ਮੁਕੱਦਮਾ ਚਲਾਇਆ ਗਿਆ। ਇੱਕ ਪ੍ਰੈਸ ਐਸੋਸੀਏਸ਼ਨ ਨਿਊਜ਼ ਏਜੰਸੀ ਨੇ ਸਤੰਬਰ 2025 ਤੱਕ ਦੇ ਸਾਲ ਵਿੱਚ ਡਰਾਈਵਿੰਗ ਟੈਸਟਾਂ ਦੌਰਾਨ ਧੋਖਾਧੜੀ ਦੀਆਂ 2,844 ਕੋਸ਼ਿਸ਼ਾਂ ਦਾ ਖੁਲਾਸਾ ਕੀਤਾ, ਜੋ ਕਿ ਪਿਛਲੇ ਸਾਲ ਨਾਲੋਂ 47% ਵੱਧ ਹਨ।

ਇਨ੍ਹਾਂ ਵਿੱਚੋਂ ਇੱਕ ਤਿਹਾਈ ਤੋਂ ਵੱਧ (1,113) ਟੈਕਨੋਲੋਜੀ ਦੀ ਵਰਤੋਂ ਸ਼ਾਮਲ ਸਨ, ਜਿਵੇਂ ਕਿ ਬਲੂਟੁੱਥ ਰਾਹੀਂ ਇੱਕ ਲੁਕਵੇਂ ਫ਼ੋਨ ਨਾਲ ਜੁੜਿਆ ਇੱਕ ਈਅਰਪੀਸ ਆਦਿ ਦੀ ਵਰਤੋਂ ਕੀਤੀ ਗਈ। ਇਸ ਦੌਰਾਨ 1084 ਵਾਰ ਪਾਸ ਡਰਾਈਵਰਾਂ ਦੀ ਨਕਲ ਕਰਦੇ ਹੋਏ ਥਿਊਰੀ ਟੈਸਟ ਦੇਣ ਦੀ ਕੋਸ਼ਿਸ਼ ਕਰਨ ਲਈ ਕੋਸ਼ਿਸ਼ ਕੀਤੀ ਗਈ ਅਤੇ 647 ਘਟਨਾਵਾਂ ਵਿੱਚ, ਲੋਕਾਂ ਨੇ ਪ੍ਰੈਕਟੀਕਲ ਟੈਸਟ ਲਈ ਰਜਿਸਟਰਡ ਉਮੀਦਵਾਰ ਹੋਣ ਦਾ ਦਿਖਾਵਾ ਕੀਤਾ। ਨਕਲ ਕਰਨ ਵਾਲੇ ਅਤੇ ਉਹਨਾਂ ਦੀ ਵਰਤੋਂ ਕਰਨ ਵਾਲੇ, ਡਰਾਈਵਿੰਗ 'ਤੇ ਪਾਬੰਦੀ ਤੋਂ ਲੈ ਕੇ ਜੇਲ੍ਹ ਦੀਆਂ ਸਜ਼ਾਵਾਂ ਤੱਕ ਦੀਆਂ ਸਜ਼ਾਵਾਂ ਦਾ ਸਾਹਮਣਾ ਕਰ ਸਕਦੇ ਹਨ। ਉਹਨਾਂ ਨੂੰ ਬਿਨਾਂ ਤਨਖਾਹ ਵਾਲਾ ਕੰਮ ਕਰਨ ਦਾ ਹੁਕਮ ਵੀ ਦਿੱਤਾ ਜਾ ਸਕਦਾ ਹੈ ਜਾਂ ਅਦਾਲਤੀ ਖਰਚੇ ਦਾ ਭੁਗਤਾਨ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਪਿਛਲੇ ਸਾਲ ਸਤੰਬਰ ਤੋਂ 12 ਮਹੀਨਿਆਂ ਵਿੱਚ ਡਰਾਈਵਿੰਗ ਟੈਸਟਾਂ ਵਿੱਚ ਧੋਖਾਧੜੀ ਕਰਨ ਜਾਂ ਉਮੀਦਵਾਰਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਨ ਲਈ 96 ਲੋਕਾਂ 'ਤੇ ਮੁਕੱਦਮਾ ਚਲਾਇਆ ਗਿਆ ਸੀ। ਧੋਖਾਧੜੀ ਨੂੰ ਰੋਕਣ ਲਈ ਚੁੱਕੇ ਗਏ ਕਦਮ, ਜਿਸ ਵਿੱਚ ਪ੍ਰੈਕਟੀਕਲ ਟੈਸਟ ਦੇ ਉਮੀਦਵਾਰ ਦੇ ਚਿਹਰੇ ਨੂੰ ਉਨ੍ਹਾਂ ਦੀ ਫੋਟੋ ਆਈਡੀ ਨਾਲ ਮਿਲਾਉਣਾ ਅਤੇ ਨਾਲ ਹੀ ਥਿਊਰੀ ਉਮੀਦਵਾਰਾਂ ਨੂੰ ਆਪਣੀਆਂ ਬਾਹਾਂ ਉੱਪਰ ਚੁੱਕਣ ਅਤੇ ਆਪਣੀਆਂ ਜੇਬਾਂ ਖਾਲੀ ਦਿਖਾਉਣ ਲਈ ਕਹਿਣਾ ਸ਼ਾਮਲ ਹੈ।

ਪਿਛਲੇ ਸਾਲ ਮੁਕੱਦਮਾ ਚਲਾਏ ਗਏ ਲੋਕਾਂ ਦੀਆਂ ਉਦਾਹਰਣਾਂ ਵਿੱਚ 23 ਸਾਲਾ ਕੁਨੈਨ ਖਾਨ ਸ਼ਾਮਲ ਹੈ, ਜਿਸਨੂੰ ਜੂਨ 2025 ਵਿੱਚ ਥਿਊਰੀ ਟੈਸਟ ਸੈਂਟਰਾਂ ਵਿੱਚ 12 ਵਾਰ ਸਿਖਿਆਰਥੀਆਂ ਦੀ ਨਕਲ ਕਰਨ ਦਾ ਦੋਸ਼ੀ ਮੰਨਣ ਤੋਂ ਬਾਅਦ ਅੱਠ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਅਦਾਲਤ ਨੇ ਸੁਣਿਆ ਕਿ ਨਕਲ ਕਰਨ ਵਾਲਿਆਂ ਨੂੰ ਟੈਸਟ ਪਾਸ ਕਰਨ ਲਈ 2000 ਪੌਂਡ ਤੱਕ ਦਾ ਭੁਗਤਾਨ ਕੀਤਾ ਗਿਆ । 42 ਸਾਲਾ ਸੋਰੀਨਾ-ਅਨਾ ਤੁਰਸੀਟੂ ਨੇ ਕਿਸੇ ਹੋਰ ਵੱਲੋਂ ਪ੍ਰੈਕਟੀਕਲ ਡਰਾਈਵਿੰਗ ਟੈਸਟ ਦੇਣ ਦੀ ਕੋਸ਼ਿਸ਼ ਕਰਨ ਦੀ ਗੱਲ ਸਵੀਕਾਰ ਕੀਤੀ। ਉਸਨੂੰ ਸਤੰਬਰ 2025 ਵਿੱਚ 18 ਮਹੀਨਿਆਂ ਲਈ ਮੁਅੱਤਲ 12 ਹਫ਼ਤਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ 22 ਸਾਲਾ ਅਲੀ ਰਸੂਲ ਨੂੰ ਨਵੰਬਰ 2025 ਵਿੱਚ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ ਕਿਉਂਕਿ ਉਸਨੂੰ ਅੱਠ ਮਹੀਨਿਆਂ ਦੀ ਮਿਆਦ ਵਿੱਚ ਲੁਕਵੇਂ ਈਅਰਪੀਸ ਜਾਂ ਨਕਲ ਕਰਨ ਵਾਲੇ ਦੀ ਵਰਤੋਂ ਕਰਕੇ ਥਿਊਰੀ ਟੈਸਟ ਵਿੱਚ ਵਾਰ-ਵਾਰ ਧੋਖਾਧੜੀ ਕਰਨ ਦੀ ਕੋਸ਼ਿਸ਼ ਕਰਦੇ ਫੜਿਆ ਗਿਆ ਸੀ।

# ਚਰਨਦੀਪ ਸਿੰਘ ਸਕਾਟਲੈਂਡ ਦੀ ਚੈਂਬਰਜ ਆਫ ਕਾਮਰਸ ਦੇ ਮੁੱਖ ਕਾਰਜਕਾਰੀ ਨਿਯੁਕਤ


ਚਰਨਦੀਪ ਸਿੰਘ

ਗਲਾਸਗੋ ,(ਹਰਜੀਤ ਸਿੰਘ ਦੁਸਾਂਝ ਪੁਆਦੜਾ) – ਚੈਂਬਰਜ਼ ਆਫ ਕਾਮਰਸ ਦੇ ਬੋਰਡ ਨੇ ਸਕਾਟਲੈਂਡ ਦੇ ਸਿੱਖ ਚਿਹਰੇ ਚਰਨਦੀਪ ਸਿੰਘ ਨੂੰ ਆਪਣਾ ਨਵਾਂ ਮੁੱਖ ਕਾਰਜਕਾਰੀ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਨਿਯੁਕਤੀ ਨਾਲ ਸਕਾਟਲੈਂਡ ਦੇ ਸਿੱਖ ਭਾਈਚਾਰੇ ਵਿੱਚ ਖੁਸ਼ੀ ਪਾਈ ਜਾ ਰਹੀ ਹੈ। ਸਕਾਟਿਸ਼ ਚੈਂਬਰਜ ਆਫ ਕਾਮਰਸ ਦੇ ਪ੍ਰਧਾਨ ਰੋਡਨੀ ਆਇਰੇ ਦੀ ਅਗਵਾਈ ਵਿੱਚ ਯੂਕੇ ਭਰ ਤੋਂ ਭਰਤੀ ਪ੍ਰਕਿਰਿਆ ਤੋਂ ਬਾਅਦ ਚਰਨਦੀਪ ਸਿੰਘ ਨੂੰ ਬੋਰਡ ਦੀ ਸਰਬਸੰਮਤੀ ਨਾਲ ਮੁੱਖ ਕਾਰਜਕਾਰੀ ਚੁਣਿਆ ਗਿਆ। ਉਹ ਅਧਿਕਾਰਤ ਤੌਰ 'ਤੇ 1 ਫਰਵਰੀ 2026 ਨੂੰ ਸੀਈਓ ਵਜੋਂ ਕਾਰਜ ਸੰਭਾਲਣਗੇ। ਨਵੇਂ ਸੀਈਓ ਲਈ ਮੁੱਖ ਤਰਜੀਹਾਂ ਆਉਣ ਵਾਲੀਆਂ ਸਕਾਟਿਸ਼ ਚੋਣਾਂ ਦੌਰਾਨ ਕਾਰੋਬਾਰ ਦੇ ਮੁੱਦਿਆਂ ਨੂੰ ਰੱਖਣਾ , ਅਮਰੀਕਾ ਅਤੇ ਭਾਰਤ ਨਾਲ ਅੰਤਰਰਾਸ਼ਟਰੀ ਵਪਾਰ ਪ੍ਰੋਗਰਾਮਾਂ ਨੂੰ ਵਧਾਉਣਾ ਅਤੇ ਸਕਾਟਿਸ਼ ਚੈਂਬਰਜ਼ ਨੈੱਟਵਰਕ ਨਾਲ ਮਿਲ ਕੇ ਕੰਮ ਕਰਨਾ ਹੋਵੇਗਾ ਤਾਂ ਜੋ ਸਕਾਟਿਸ਼ ਦੇ ਵਪਾਰ ਨੂੰ ਵਧਾਉਣ ਲਈ ਇੱਕ ਮਜ਼ਬੂਤ ਨੀਤੀ ਪਲੇਟਫਾਰਮ ਬਣਾਇਆ ਜਾ ਸਕੇ। ਸਕਾਟਿਸ਼ ਚੈਂਬਰਜ਼ ਆਫ਼ ਕਾਮਰਸ ਦੇ ਪ੍ਰਧਾਨ, ਰੌਡਨੀ ਆਇਰੇ ਨੇ ਕਿਹਾ ਕਿ ਮੈਨੂੰ ਸਕਾਟਿਸ਼ ਚੈਂਬਰਜ਼ ਆਫ਼ ਕਾਮਰਸ ਦੇ ਮੁੱਖ ਕਾਰਜਕਾਰੀ ਦੇ ਵੱਕਾਰੀ ਅਹੁਦੇ ਲਈ ਚਰਨਦੀਪ ਸਿੰਘ ਦੀ ਨਿਯੁਕਤੀ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਯੂਕੇ ਭਰ ਤੋਂ ਸਖ਼ਤ ਭਰਤੀ ਪ੍ਰਕਿਰਿਆ ਤੋਂ ਬਾਅਦ ਅਸੀਂ ਇੱਕ ਉੱਚ-ਯੋਗਤਾ ਵਾਲੇ ਨੇਤਾ ਦੀ ਭਾਲ ਕੀਤੀ ਜਿਸ ਕੋਲ ਰਾਸ਼ਟਰੀ ਅਤੇ ਵਿਸ਼ਵ ਪੱਧਰ 'ਤੇ ਸਕਾਟਲੈਂਡ ਦੇ ਵਪਾਰਕ ਭਾਈਚਾਰੇ ਨੂੰ ਅੱਗੇ ਵਧਾਉਣ ਲਈ ਤਜਰਬਾ ਅਤੇ ਗਤੀਸ਼ੀਲਤਾ ਹੋਵੇ।

ਚਰਨਦੀਪ ਸਿੰਘ ਨੇ ਕਿਹਾ ਮੈਨੂੰ ਸਕਾਟਲੈਂਡ ਦੇ ਵਪਾਰਕ ਭਾਈਚਾਰੇ ਲਈ ਇੱਕ ਪਰਿਭਾਸ਼ਿਤ ਪਲ 'ਤੇ ਮੁੱਖ ਕਾਰਜਕਾਰੀ ਦੀ ਭੂਮਿਕਾ ਨਿਭਾਉਣ ਦਾ ਮਾਣ ਪ੍ਰਾਪਤ ਹੈ। ਮੇਰੀ ਮੁੱਖ ਤਰਜੀਹ ਸਾਡੇ ਮੈਂਬਰਾਂ ਦੀ ਨੁਮਾਇੰਦਗੀ ਕਰਨ ਅਤੇ ਅਰਥਪੂਰਨ ਆਰਥਿਕ ਵਿਕਾਸ ਦੇ ਮੌਕੇ ਪੈਦਾ ਕਰਨ ਲਈ ਸਾਡੇ ਪੂਰੇ ਚੈਂਬਰ ਨੈੱਟਵਰਕ ਨਾਲ ਨੇੜਿਓਂ ਸਾਂਝੇਦਾਰੀ ਵਿੱਚ ਕੰਮ ਕਰਨਾ ਹੈ। ਮੇਰੀ ਇੱਛਾ ਸਕਾਟਲੈਂਡ ਨੂੰ ਵਿਸ਼ਵਵਿਆਪੀ ਵਪਾਰ ਵਿੱਚ ਸਭ ਤੋਂ ਅੱਗੇ ਰੱਖਣਾ, ਡਿਜੀਟਲ ਪਰਿਵਰਤਨ ਨੂੰ ਵਰਤਣਾ ਅਤੇ ਭਵਿੱਖ ਲਈ ਤਿਆਰ ਕਾਰਜਬਲ ਬਣਾਉਣਾ ਹੈ।ਸਕਾਟਿਸ਼ ਚੈਂਬਰਜ਼ ਆਫ਼ ਕਾਮਰਸ ਸਕਾਟਲੈਂਡ ਦਾ ਸਭ ਤੋਂ ਵੱਡਾ ਵਪਾਰਕ ਨੈੱਟਵਰਕ ਹੈ, ਜੋ ਕਿ 30 ਸਥਾਨਕ ਚੈਂਬਰਾਂ ਦੇ ਨੈੱਟਵਰਕ ਰਾਹੀਂ 12,000 ਤੋਂ ਵੱਧ ਕੰਪਨੀਆਂ ਦੀ ਨੁਮਾਇੰਦਗੀ ਕਰਦਾ ਹੈ, ਨੀਤੀ ਵਿੱਚ ਸਕਾਟਿਸ਼ ਕਾਰੋਬਾਰ ਲਈ ਪ੍ਰਮੁੱਖ ਆਵਾਜ਼ ਵਜੋਂ ਕੰਮ ਕਰਦਾ ਹੈ ਅਤੇ ਵਪਾਰ, ਸੰਪਰਕਾਂ, ਅਤੇ ਸਲਾਹਕਾਰ ਅਤੇ ਅੰਤਰਰਾਸ਼ਟਰੀ ਵਪਾਰ ਸਹਾਇਤਾ ਵਰਗੀਆਂ ਸਹਾਇਤਾ ਸੇਵਾਵਾਂ ਨੂੰ ਉਤਸ਼ਾਹਿਤ ਕਰਦਾ ਹੈ। ਇਹ ਵਪਾਰਕ ਬੁੱਧੀ, ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਕਾਲਤ, ਅਤੇ ਮੈਂਬਰਾਂ ਨੂੰ ਵਧਣ ਅਤੇ ਸਫਲ ਹੋਣ ਵਿੱਚ ਮਦਦ ਕਰਨ ਲਈ ਵਿਹਾਰਕ ਸਰੋਤ ਪ੍ਰਦਾਨ ਕਰਦਾ ਹੈ।

# ਚੀਨ ਨਾਲ ਸਾਂਝ ਬਰਤਾਨੀਆ ਲਈ ਲਾਜ਼ਮੀ, ਪ੍ਰਧਾਨ ਮੰਤਰੀ ਸਟਾਰਮਰ ਵਪਾਰਕ ਵਫ਼ਦ ਨਾਲ ਬੀਜਿੰਗ ਰਵਾਨਾ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਚੀਨ ਨੂੰ ਬਰਤਾਨੀਆ ਲਈ ਬਹੁਤ ਅਹੰਕਾਰਪੂਰਕ ਦੇਸ਼ ਕਰਾਰ ਦਿੰਦਿਆਂ ਕਿਹਾ ਹੈ ਕਿ ਮੌਜੂਦਾ ਵਿਸ਼ਵ ਪੱਧਰੀ ਹਾਲਾਤਾਂ ਵਿੱਚ ਚੀਨ ਨਾਲ ਸਬੰਧ ਤੋੜਨ ਦੀ ਥਾਂ ਉਨ੍ਹਾਂ ਨੂੰ ਸੰਭਾਲਣ ਅਤੇ ਮਜ਼ਬੂਤ ਕਰਨ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਚੀਨ ਨਾਲ ਸੰਵਾਦ ਅਤੇ ਸਹਿਯੋਗ ਬਰਤਾਨੀਆ ਦੇ ਆਰਥਿਕ ਹਿਤਾਂ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ।

ਪ੍ਰਧਾਨ ਮੰਤਰੀ ਸਟਾਰਮਰ ਉਦਯੋਗ, ਵਪਾਰ ਅਤੇ ਨਿਵੇਸ਼ ਨਾਲ ਜੁੜੇ ਪ੍ਰਮੁੱਖ ਨੇਤਾਵਾਂ ਦੇ ਇੱਕ ਵਫ਼ਦ ਦੇ ਨਾਲ ਚੀਨ ਦੀ ਰਾਜਧਾਨੀ ਬੀਜਿੰਗ ਦੇ ਦੌਰੇ 'ਤੇ ਰਵਾਨਾ ਹੋ ਰਹੇ ਹਨ। ਇਸ ਦੌਰੇ ਦੌਰਾਨ ਦੋਹਾਂ ਦੇਸ਼ਾਂ ਵਿਚਕਾਰ ਵਪਾਰਕ ਸਹਿਯੋਗ, ਨਵੇਂ ਨਿਵੇਸ਼ ਮੌਕੇ ਅਤੇ ਉਦਯੋਗਕ ਵਿਕਾਸ ਨਾਲ ਸਬੰਧਿਤ ਮਸਲਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਸਟਾਰਮਰ ਨੇ ਕਿਹਾ ਕਿ ਬਰਤਾਨੀਆ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਲਈ ਵਿਦੇਸ਼ੀ ਨਿਵੇਸ਼ ਅਤੇ ਅੰਤਰਰਾਸ਼ਟਰੀ ਵਪਾਰ ਅਹੰਕਾਰਪੂਰਕ ਭੂਮਿਕਾ ਨਿਭਾਂਦੇ ਹਨ ਅਤੇ ਇਸ ਵਿੱਚ ਚੀਨ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੱਸਿਆ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਰਾਸ਼ਟਰੀ ਸੁਰੱਖਿਆ, ਆਰਥਿਕ ਸਥਿਰਤਾ ਅਤੇ ਰੋਜ਼ਗਾਰ ਦੇ ਮੌਕਿਆਂ ਵਿਚਕਾਰ ਸੰਤੁਲਨ ਬਣਾਇਆ ਜਾਵੇ।

ਪ੍ਰਧਾਨ ਮੰਤਰੀ ਨੇ ਇਹ ਵੀ ਸਪਸ਼ਟ ਕੀਤਾ ਕਿ ਮਨੁੱਖੀ ਅਧਿਕਾਰਾਂ, ਕਾਨੂੰਨੀ ਨਿਯਮਾਂ ਅਤੇ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਬਾਰੇ ਬਰਤਾਨੀਆ ਆਪਣਾ ਸਪਸ਼ਟ ਰੁਖ ਰੱਖਦਾ ਰਹੇਗਾ, ਪਰ ਨਾਲ ਹੀ ਗੱਲਬਾਤ ਦੇ ਰਾਹ ਖੁੱਲ੍ਹੇ ਰੱਖਣ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਲੱਗ-ਥਲੱਗ ਰਹਿਣ ਦੀ ਨੀਤੀ ਕਿਸੇ ਵੀ ਦੇਸ਼ ਦੇ ਹਿਤ ਵਿੱਚ ਨਹੀਂ ਹੁੰਦੀ।

ਸਿਆਸੀ ਮਾਹਿਰਾਂ ਅਨੁਸਾਰ ਇਹ ਦੌਰਾ ਬਰਤਾਨੀਆ ਅਤੇ ਚੀਨ ਦੇ ਸਬੰਧਾਂ ਵਿੱਚ ਇੱਕ ਨਵਾਂ ਅਧਿਆਇ ਸਾਬਤ ਹੋ ਸਕਦਾ ਹੈ, ਜਿਸ ਨਾਲ ਦੋਹਾਂ ਦੇਸ਼ਾਂ ਵਿਚਕਾਰ ਭਰੋਸਾ ਵਧਣ ਅਤੇ ਆਰਥਿਕ ਸਹਿਯੋਗ ਨੂੰ ਨਵੀਂ ਦਿਸ਼ਾ ਮਿਲਣ ਦੀ ਉਮੀਦ ਜਤਾਈ ਜਾ ਰਹੀ ਹੈ।

## ਟਰੰਪ ਵੱਲੋਂ ਕੈਨੇਡਾ 'ਤੇ 100 ਫੀਸਦੀ ਟੈਕਸ ਲਾਉਣ ਦੀ ਚਿਤਾਵਨੀ

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਦੇ ਚੀਨ ਨਾਲ ਸੰਭਾਵਿਤ ਵਪਾਰਕ ਸੌਦੇ ਤੇ ਕੈਨੇਡਾ ਤੇ 100 ਫੀਸਦੀ ਟੈਰਿਫ ਲਾਉਣ ਦੀ ਧਮਕੀ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਜੇ ਇਹ ਦੇਸ਼ ਚੀਨ ਨਾਲ ਵਪਾਰਕ ਸੌਦਾ ਕਰਦਾ ਹੈ ਤਾਂ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਸਾਮਾਨ ਤੇ 100 ਫੀਸਦੀ ਟੈਕਸ ਲਾ ਦੇਵੇਗਾ।

ਟਰੰਪ ਨੇ ਸੋਸ਼ਲ ਮੀਡੀਆ ਤੇ ਕਾਰਨੀ ਨੂੰ ਗਵਰਨਰ ਵਜੋਂ ਸੰਬੋਧਨ ਕਰਦਿਆਂ ਪੋਸਟ ਕੀਤੀ, ਜੇਕਰ ਗਵਰਨਰ ਕਾਰਨੀ ਸੋਚਦੇ ਹਨ ਕਿ ਉਹ ਚੀਨ ਲਈ ਸੰਯੁਕਤ ਰਾਜ ਅਮਰੀਕਾ ਵਿੱਚ ਸਾਮਾਨ ਅਤੇ ਉਤਪਾਦ ਭੇਜਣ ਲਈ ਕੈਨੇਡਾ ਨੂੰ ਡਰੌਪ ਆਫ ਪੋਰਟ ਬਣਾਉਣ ਜਾ ਰਹੇ ਹਨ ਤਾਂ ਉਹ ਗਲਤ ਹਨ। ਉਨ੍ਹਾਂ ਕਿਹਾ ਕਿ ਚੀਨ ਕੈਨੇਡਾ ਦੇ ਹਿੱਤ ਪ੍ਰਭਾਵਿਤ ਕਰੇਗਾ ਤੇ ਇਸ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦੇਵੇਗਾ। ਜੇਕਰ ਕੈਨੇਡਾ ਚੀਨ ਨਾਲ ਕੋਈ ਸੌਦਾ ਕਰਦਾ ਹੈ ਤਾਂ ਅਮਰੀਕਾ ਵਿੱਚ ਆਉਣ ਵਾਲੇ ਸਾਰੇ ਕੈਨੇਡੀਅਨ ਸਾਮਾਨ ਅਤੇ ਉਤਪਾਦਾਂ ਤੇ 100% ਟੈਰਿਫ ਲਗਾਇਆ ਜਾਵੇਗਾ।

# ਕਾਵਿ-ਕਿਆਰੀ

## ਹਵਾ



ਵਿੱਚ ਵੱਜਦੀ
ਤੇ ਟਕਰਾਉਂਦੀ ਹਵਾ ,
ਕਦੇ ਹੱਸਦੀ
ਕਦੇ ਮੁਸਕਰਾਉਂਦੀ ਹਵਾ।
ਕਦੇ ਹੌਲ਼ੀ
ਤੇ ਕਦੇ ਤੇਜ਼ ਚਲਦੀ
ਕਦੇ ਹਨੇਰੀ - ਤੂਫ਼ਾਨ ਲਿਆਉਂਦੀ ਹਵਾ
ਲੱਗਦੀ ਕਦੇ ਗਰਮ
ਤੇ ਕਦੇ ਠੰਢੀ ਇਹ,
ਕਦੇ ਮਨ ਨੂੰ ਸਕੂਨ ਪਹੁੰਚਾਉਂਦੀ ਹਵਾ।
ਕਦੇ ਮੰਦ - ਮੰਦ ਚਲਦੀ
ਤੇ ਕਦੇ ਰੁਮਕਦੀ
ਕਦੇ ਚੱਕਰਵਾਤ - ਬਵੰਡਰ ਬਣ ਆਉਂਦੀ
ਹਵਾ।
ਕਦੇ ਪਿਆਰਾ
ਤੇ ਕਦੇ ਭਿਆਨਕ
ਵੱਖ - ਵੱਖ ਰੂਪ ਬਣਾਉਂਦੀ ਹਵਾ।
ਕੁਦਰਤ ਦਾ ਅਭਿੰਨ ਰੂਪ ਹੈ ਇਹ
ਕੁਦਰਤ ਦੀ ਮਹਾਨਤਾ ਨੂੰ ਦਿਖਾਉਂਦੀ ਹਵਾ।

*ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ*

ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਤੇ

## ਤੀਨ ਲੋਕ ਜੈਕਾਰ ਹੋਈ ਰਵਿਦਾਸ ਗੁਰੂ ਦੀ



ਹਰਿ ਹਰਿ ਹਰਿ ਹਰਿ ਜਾਪ ਕਰੇ ਰਵਿਦਾਸ ਗੁਰੂ ਜੀ।
ਤੀਨ ਲੋਕ ਜੈਕਾਰ ਹੋਈ ਰਵਿਦਾਸ ਗੁਰੂ ਦੀ।
ਅੰਮ੍ਰਿਤ ਵੇਲੇ ਗੁਣ ਗਾਵੇ, ਹਰਿਜੂ ਨੂੰ ਆਖ ਸੁਣਾਵੇ,
ਹਮ ਨੇ ਸੰਗਿ ਤੇਰੇ ਜੋੜੀ ਹੁਣ ਨਾ ਇਹ ਤੋੜੀ ਜਾਵੇ।
ਪ੍ਰੇਮ-ਭਗਤਿ ਦੀ ਡੋਰ ਕਹੇ ਰਵਿਦਾਸ ਗੁਰੂ ਜੀ,
ਤੀਨ ਲੋਕ ਜੈਕਾਰ ਹੋਈ ਰਵਿਦਾਸ ਗੁਰੂ ਦੀ।
ਹਰਿ ਹਰਿ ਦਾ ਜਾਪ ਜਪਾ ਕੇ ਦੁਖੀਆਂ ਦੇ ਦੁਖੜੇ ਤੋੜੇ,
ਜੁੱਤੀਆਂ ਗੰਢਣ ਬਹਾਨੇ ਰੱਬ ਨਾਲੋਂ ਟੁੱਟੇ ਜੋੜੇ।
ਲੈ ਰੰਬੀ ਤੇ ਆਰ ਮੇਰੇ ਰਵਿਦਾਸ ਗੁਰੂ ਜੀ,
ਤੀਨ ਲੋਕ ਜੈਕਾਰ ਹੋਈ ਰਵਿਦਾਸ ਗੁਰੂ ਦੀ।
ਮੀਰਾਂ ਜਦ ਦਰ 'ਤੇ ਆਈ, ਕੁੰਡ ਵਿੱਚੋਂ ਅੰਮ੍ਰਿਤ ਪਿਆਇਆ,
ਕਰ ਕੇ ਉਦੇਸ਼ ਸ਼ਿਕਾਰੀ ਦਾ ਨਰਕਾਂ ਵਿਚ ਜਾਣ ਬਚਾਇਆ।
ਤੇ ਹਰਨੀ ਲਈ ਉਬਾਰ ਮੇਰੇ ਰਵਿਦਾਸ ਗੁਰੂ ਜੀ,
ਤੀਨ ਲੋਕ ਜੈਕਾਰ ਹੋਈ ਰਵਿਦਾਸ ਗੁਰੂ ਦੀ।
ਮਾਇਆ ਦੀ ਜਾਲੀ ਤੋੜੀ, ਕਰਮਾਂ ਦੇ ਕਾਗਦ ਪਾੜੇ,
ਰਾਜੇ ਤੇ ਸੇਵਕ ਤਾਰੇ, ਪਾਪੀ ਤੇ ਪੱਥਰ ਤਾਰੇ।
ਨਾਲੇ ਤਾਰਿਆ 'ਪਾਲ' ਮੇਰੇ ਰਵਿਦਾਸ ਗੁਰੂ ਜੀ,
ਤੀਨ ਲੋਕ ਜੈਕਾਰ ਹੋਈ ਰਵਿਦਾਸ ਗੁਰੂ ਦੀ

ਧਰਮ ਪਾਲ ਚੁੰਬਰ

## ਭਗਤ ਰਵਿਦਾਸ ਗੁਰੂ



ਭਗਤ, ਔਲੀਆ, ਸੰਤ ਜਾਂ ਪੀਰ ਆਖਾਂ,
ਰੱਬੀ ਰੂਹ ਆਖਾਂ, ਧੰਨ ਰਵਿਦਾਸ ਗੁਰੂ।

ਸੰਤੋਖ ਦਾਸ ਦੇ ਘਰ ਇਕ ਪੁੱਤ ਜਾਇਆ
ਕਲਸਾਂ ਦੇਵੀ ਦੀ ਅੱਖ ਦਾ ਬਣੇ ਤਾਰਾ,
ਮੰਨੂਵਾਦ ਨਾਲ ਸਿੱਧਾ ਲਾਊ ਮੱਥਾ
ਭਲੇ-ਬੁਰੇ ਦਾ ਕਰੂ ਹਿਸਾਬ ਸਾਰਾ,
ਮਸੀਹਾ ਬਣੂ ਗਰੀਬਾਂ ਤੇ ਗੁਰਬਿਆਂ ਦਾ
ਕ੍ਰਾਂਤੀ ਨਵੀਂ ਲਿਆਊ ਰਵਿਦਾਸ ਗੁਰੂ।
ਭਗਤ, ਔਲੀਆ, ਪੈਗ਼ੰਬਰ, ਪੀਰ ਆਖਾਂ,
ਰੱਬੀ ਰੂਹ ਆਖਾਂ, ਧੰਨ ਰਵਿਦਾਸ ਗੁਰੂ।

ਕਾਂਸ਼ੀ ਸ਼ਹਿਰ ਸੀ ਗੜ੍ਹ ਬ੍ਰਾਹਮਣਾ ਦਾ
ਜਾਤ-ਪਾਤ ਦਾ ਉੱਗਿਆ ਰੁੱਖ ਕਹਿਰੀ,
ਮੰਨੂਪ੍ਰਸਤੀ ਦਾ ਛੂਕਦਾ ਸੱਪ ਉੱਥੇ
ਵਿਚਾਰੇ ਸ਼ੂਦਰਾਂ ਤੇ ਚੱਲਣਾ ਡੰਗ ਜ਼ਹਿਰੀ,
ਨਾਮ-ਬਾਣੀ ਵਿੱਚ ਉਸਨੇ ਲਾਈ ਟੁੱਭੀ
ਰੱਬੀ-ਰੂਪ ਦਿੰਦਾ ਧਰਵਾਸ ਗੁਰੂ।
ਭਗਤ, ਔਲੀਆ, ਪੈਗ਼ੰਬਰ, ਪੀਰ ਆਖਾਂ,
ਰੱਬੀ ਰੂਹ ਆਖਾਂ, ਧੰਨ ਰਵਿਦਾਸ ਗੁਰੂ।

"ਰੰਬੀ" ਉਸਦੀ ਜ਼ੁਲਮ ਦੀ ਖੱਲ ਲਾਹਵੇ
"ਆਰ" ਤਰਕ ਨਾਲ ਦਿਲਾਂ ਨੂੰ ਗੰਢਦੀ ਏ,
ਊਚ-ਨੀਚ ਦੀ ਸੋਚ ਨੂੰ ਖਤਮ ਕਰਦੀ
ਸਮਾਜ ਵਿਰੋਧੀ ਖਿਆਲਾਂ ਨੂੰ ਭੰਡਦੀ ਏ,
ਵਿਰੋਧਤਾ ਕਰੀ ਸੀ ਮੰਤਰਾਂ-ਤੰਤਰਾਂ ਦੀ
ਕਰਦਾ ਪਖੰਡ ਦਾ ਪਰਦਾਫ਼ਾਸ ਗੁਰੂ।
ਭਗਤ, ਔਲੀਆ, ਪੈਗ਼ੰਬਰ, ਪੀਰ ਆਖਾਂ,
ਰੱਬੀ ਰੂਹ ਆਖਾਂ, ਧੰਨ ਰਵਿਦਾਸ ਗੁਰੂ।

ਇਕ ਬ੍ਰਾਹਮਣ ਹੀ ਵੇਦਾਂ ਨੂੰ ਪੜ੍ਹ ਸਕਦਾ
ਕੱਟਦਾ ਹੋਰਾਂ ਦੀਆਂ ਜੀਭਾਂ ਮੰਨੂਵਾਦ ਆਇਆ,
ਨੀਵੀਆਂ ਜਾਤਾਂ ਨਾ ਸੁਣ ਸਕਣ ਵੇਦ ਮੰਤਰ
ਸਿੱਕਾ ਢਾਲ਼ ਕੇ ਕੰਨੀ ਮੰਨੂਵਾਦ ਪਾਇਆ,
ਘਟਾਵਾਂ ਜ਼ੁਲਮ ਦੀਆਂ ਅੰਬਰੀਂ ਚੜ੍ਹ ਆਵਣ
ਪਰਗਟ ਰੂਹ ਹੁੰਦੀ ਖਾਸ-ਮ-ਖਾਸ ਗੁਰੂ।
ਭਗਤ, ਔਲੀਆ, ਪੈਗ਼ੰਬਰ, ਪੀਰ ਆਖਾਂ,
ਰੱਬੀ ਰੂਹ ਆਖਾਂ, ਧੰਨ ਰਵਿਦਾਸ ਗੁਰੂ।

ਪਾਣੀ ਗੰਗਾ ਦਾ ਕਦੇ ਨਹੀਂ ਭਿੱਟ ਹੁੰਦਾ
ਭ੍ਰਿਸ਼ਟ ਸਦਾ ਬ੍ਰਾਹਮਣੀ ਬੁੱਧ ਹੁੰਦੀ,
ਨੀਵੀਂ ਜਾਤ ਦੇ ਮਾਰੇ ਕੋਈ ਲੱਖ ਮੇਹਣੇ
ਸੋਚ ਗੁਰੂ ਰਵਿਦਾਸ ਦੀ ਸ਼ੁੱਧ ਹੁੰਦੀ,
ਇਸ ਵਿਸ਼ਵਾਸ ਨੂੰ ਕਦੇ ਨਾ ਖੁਰਨ ਦੇਵੀਂ
ਸਦਾ ਵੱਸਦਾ ਏ ਸਾਸਿ-ਸਵਾਸ ਗੁਰੂ।
ਭਗਤ, ਔਲੀਆ, ਪੈਗ਼ੰਬਰ, ਪੀਰ ਆਖਾਂ,
ਰੱਬੀ ਰੂਹ ਆਖਾਂ, ਧੰਨ ਰਵਿਦਾਸ ਗੁਰੂ।

ਢੋਰ ਢੋਂਵਦਾ, ਚੰਮ ਦਾ ਕੰਮ ਕਰਦਾ
ਕਿਰਤ ਕਰਦਾ ਹੈ ਗੰਢਦਾ ਜੁੱਤ-ਜੋੜੇ,
ਛੂਤ-ਛਾਤ ਦੇ ਭਾਂਡੇ ਨੂੰ ਮਾਰ ਠੋਕਰ
ਜਾਤ-ਪਾਤ ਦੇ ਫੰਧੇ ਦੇ ਤੰਦ ਤੋੜੇ,
ਇਸ ਗੱਲ ਤੇ ਸ਼ੱਕ ਨਹੀਂ ਰਹਿ ਜਾਂਦਾ
ਖ਼ਜ਼ਾਨਾ ਸ਼ਾਂਤੀ ਦਾ ਸੀ ਰਵਿਦਾਸ ਗੁਰੂ।
ਭਗਤ, ਔਲੀਆ, ਪੈਗ਼ੰਬਰ, ਪੀਰ ਆਖਾਂ,
ਰੱਬੀ ਰੂਹ ਆਖਾਂ, ਧੰਨ ਰਵਿਦਾਸ ਗੁਰੂ।

ਪੱਥਰ ਦਿਲ ਇਨਸਾਨਾ ਨੂੰ ਤਾਰਿਆ ਤੈਂ
ਗੋੜ੍ਹੇ ਡੁੱਬਣ ਦੀ ਸ਼ੰਕਾ ਮੁਕਾ ਦਿੱਤੀ
ਰੱਬ ਭਾਲ਼ਦੀ ਭਟਕਦੀ ਫਿਰ ਰਹੀ ਸੀ
ਮੀਰਾਂ ਬਾਈ ਤੇਰੇ ਦਰ ਪਹੁੰਚਾ ਦਿੱਤੀ,
ਨਛੱਤਰ ਭੋਗਲ ਜੇ ਤੇਰਾ ਵਿਸ਼ਵਾਸ ਹੋਵੇ
ਸਦਾ ਅੰਗ-ਸੰਗ, ਆਸ-ਪਾਸ ਗੁਰੂ।
ਭਗਤ, ਔਲੀਆ, ਪੈਗ਼ੰਬਰ, ਪੀਰ ਆਖਾਂ,
ਰੱਬੀ ਰੂਹ ਆਖਾਂ, ਧੰਨ ਰਵਿਦਾਸ ਗੁਰੂ।

**ਨਛੱਤਰ ਸਿੰਘ ਭੋਗਲ "ਭਾਖੜੀਆਣਾ" (U.K)**

## ਸਰਕਾਰੀ ਬਣ ਗਏ




ਡਾ. ਮੁਹਿੰਦਰ ਸਿੰਘ ਰਾਏ

ਖੇਡਦੇ ਖੇਡਦੇ ਬਾਂਟੇ ਕਈ ਜੁਆਰੀ ਬਣ ਗਏ ।
ਕਈ ਨਹੀਂ ਬਣੇ ਖਿਡੌਣੇ ਤੇ ਖਿਡਾਰੀ ਬਣ ਗਏ ।
ਕਈ ਰਹੇ ਨਾ ਖੇਤੀ ਜੋਗੇ ਨਾ ਹੀ ਮਿਲੀ ਨੌਕਰੀ,
ਉਹ ਬਾਹਰਲੇ ਦੇਸ਼ਾਂ ਦੀ ਉਡਾਰੀ ਬਣ ਗਏ ।
ਲਿਆਕਤ ਨੰਬਰਾਂ ਦੇ ਅਧਾਰ ਤੇ ਮਿਲਦੀ ਨੌਕਰੀ ਨਾ,
ਰਾਖਵੇਂ ਕੋਟੇ 'ਚੋਂ ਤਸੀਲਦਾਰ ਤੇ ਪਟਵਾਰੀ ਬਣ ਗਏ ।
ਕਈ ਇਮਾਨਦਾਰ ਆਦਮੀ ਕੱਢ ਮਾਰੇ ਪਾਰਟੀ 'ਚੋਂ,
ਕਈ ਅਪਰਾਧੀ ਵੀ ਉੱਚੇ ਅਧਿਕਾਰੀ ਬਣ ਗਏ ।
ਲੈ ਲਿਆ ਕਰਜ਼ਾ ਮੁਫ਼ਤ ਸਹੂਲਤਾਂ ਦੇਵਣ ਲਈ,
ਪੰਜਾਬ ਦਾ ਪੈਸਾ ਹੂੰਝਣ ਲਈ ਬਹਾਰੀ ਬਣ ਗਏ ।
ਵੇਚ ਕੇ ਕੋਈ ਜ਼ਮੀਰਾਂ ਅਹੁਦਿਆਂ ਦੇ ਲਾਲਚਾਂ 'ਚ,
ਲਾ ਵੱਟੇ ਅਣਖਾਂ ਨੂੰ ਬੰਦੇ ਸਰਕਾਰੀ ਬਣ ਗਏ ।
ਦਿੱਤਾ ਬਣਾ ਮੰਤਰੀ ਦੁਸ਼ਮਣ ਦੇ ਦੁਸ਼ਮਣ ਨੂੰ ,
ਜੋ ਆਪਣੀ ਕੌਮ ਤੇ ਹੀ ਸੱਟ ਕਰਾਰੀ ਬਣ ਗਏ ।
ਮਿਲੀ ਭੁਗਤ ਜਿਹੀ ਲਗਦੀ ਕੁੱਤੀ ਅਤੇ ਚੋਰਾਂ ਦੀ,
ਰਾਤੋ ਰਾਤ ਅਮੀਰ ਚਿੱਟੇ ਦੇ ਵਪਾਰੀ ਬਣ ਗਏ ।
ਨਾ ਮੰਨੀ ਅਕਾਲ ਤਖ਼ਤ ਦੀ ਨਾ ਹੀ ਸੱਤ ਮੈਂਬਰੀ ਦੀ,
ਆਪੇ ਹੀ ਬਣ ਪ੍ਰਧਾਨ ਫੇਰ ਹੰਕਾਰੀ ਬਣ ਗਏ ।
'ਰਾਏ' ਮਾਰੀ ਜਿਸਨੇ ਠੋਕਰ ਮਿਲੀ ਨਵਾਬੀ ਨੂੰ ,
ਉਹ ਤਾਰੀਖ਼ 'ਚ ਹਸਤੀ ਇੱਕ ਨਿਆਰੀ ਬਣ ਗਏ ।

* * * * * * *

## ਆਦਮਖ਼ੋਰ



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ ਕੇ

ਕੌਣ ਨੇ ਇਹ ਲੋਕ ਜੋ, ਸ਼ਰਾਫਤੀ ਮਖੌਟੇ ਪਹਿਨ ਕੇ,
ਉਤਰ ਆਏ ਨੇ ਮੈਦਾਨ ਵਿੱਚ, ਮਚਾ ਰਹੇ ਨੇ ਤਹਿਲਕੇ।

ਮੂੰਹਾਂ ਤੋਂ ਉਚਰਨ ਰਾਮ ਰਾਮ, ਛੁਰੀਆਂ ਨੇ ਬਗਲੀਂ ਦੱਬੀਆਂ,
ਉੱਚੀਆਂ ਕੰਧਾਂ ਦੇ ਪਿੱਛੇ, ਡਰਾਵਣੇ ਨੇ ਕਹਿਕਹੇ।

ਸ਼ੀਸ਼ੇ ਵੀ ਸ਼ਰਮਸਾਰ ਨੇ, ਕਰੂਪਤਾ ਨੂੰ ਦੇਖ ਦੇਖ,
ਤੜਪ ਰਹੇ ਨੇ ਦਿਨ ਬਦਿਨ ਸੁੰਦਰਤਾ ਨੂੰ ਸਹਿਕਦੇ।

ਦਿਲਾ ਨਾ ਲੱਭ ਦਿਲਦਾਰੀਆਂ, ਬੇਦਿਲਾਂ ਦੀ ਭੀੜ ਵਿੱਚ,
ਅਦਾਕਾਰ ਨੇ ਇਰਦ ਗਿਰਦ, ਜੋ ਕਦੀ ਵੀ ਨਹੀਂ ਚਹਿਕਦੇ।

ਜਾਗ ਨਹੀਂ ਸਕਦੇ ਕਦੀ, ਸੁੱਤੇ ਜ਼ਮੀਰਾਂ ਵੇਚ ਕੇ,
ਤੈਨੂੰ ਕੀ ਸਹਾਰਾ ਦੇਣਗੇ, ਜੋ ਹਰ ਕਦਮ ਨੇ ਬਹਿਕਦੇ।

ਕਿਉਂ ਆਦਮੀ ਨੂੰ ਆਦਮੀ ਹੀ, ਖਾ ਰਹੇ ਨੇ ਦਿਨੇ ਰਾਤ,
ਰੱਤ ਦੇ ਸੋਹਲੇ ਗਾ ਰਹੇ ਨੇ, ਬੇ ਸੁਰੀਲੀ ਬਹਿਰ ਦੇ।

ਕਦੀ ਫਾਂਸੀਆਂ ਸਨ ਸਜ਼ਾਵਾਂ, ਅਜਿਹੇ ਜੁਰਮਾਂ ਦੀਆਂ,
ਅੱਜ ਮੁਜਰਮ ਜਸ਼ਨ ਮਨਾ ਰਹੇ ਨੇ, ਛਲਕਦੇ ਨੇ ਮੈਅਕਦੇ।

ਭਰੇ ਹੋਏ ਬਜ਼ਾਰ ਨੇ, ਵੀਰਾਨੀਆਂ ਦੇ ਸਾਮਾਨ ਨਾਲ,
ਨਹੀਂ ਮਹਿੰਗੇ ਭਾਅ ਵੀ ਮਿਲ ਰਹੇ, ਸਾਮਾਨ ਮਨੁੱਖੀ ਮੈਚ ਦੇ।

ਕੌਣ ਨੇ ਇਹ ਲੋਕ ਜੋ, ਸ਼ਰਾਫਤੀ ਮਖੌਟੇ ਪਹਿਨ ਕੇ,
ਉਤਰ ਆਏ ਨੇ ਮੈਦਾਨ ਵਿੱਚ, ਮਚਾ ਰਹੇ ਨੇ ਤਹਿਲਕੇ।

# ਪੰਜਾਬ ਵਿੱਚ ਵਿਦੇਸ਼ੀ ਗੈਂਗਸਟਰ ਨੈੱਟਵਰਕ: ਪੰਜਾਬ ਸਰਕਾਰ ਲਈ ਇੱਕ ਗੰਭੀਰ ਚੁਣੌਤੀ

## ਕਵਰ ਸਟੋਰੀ ✪ ਪੰਜਾਬ ਪੁਲੀਸ ਦਾ 'ਗੈਂਗਸਟਰਾਂ ਤੇ ਵਾਰ': ਮੁਕਾਬਲੇ ਅਤੇ ਗ੍ਰਿਫ਼ਤਾਰੀਆਂ ਜਾਰੀ



ਪੰਜਾਬ ਵਿੱਚ ਗੈਂਗਵਾਰ ਅਤੇ ਅਪਰਾਧਿਕ ਗਤੀਵਿਧੀਆਂ ਦਾ ਜਾਲ ਵਿਦੇਸ਼ਾਂ ਤੋਂ ਫੈਲ ਰਿਹਾ ਹੈ। ਪੰਜਾਬ ਪੁਲੀਸ ਦੇ ਅਨੁਸਾਰ, ਵਿਦੇਸ਼ ਵਿੱਚ ਬੈਠ ਕੇ ਰਾਜ ਵਿੱਚ ਅਸ਼ਾਂਤੀ ਫੈਲਾਉਣ ਵਾਲੇ ਜ਼ਿਆਦਾਤਰ ਗੈਂਗਸਟਰ ਅਮਰੀਕਾ ਵਿੱਚ ਛੁਪੇ ਹੋਏ ਹਨ। ਵਿਦੇਸ਼ ਵਿੱਚ ਸਰਗਰਮ 61 ਗੈਂਗਸਟਰਾਂ ਵਿੱਚੋਂ 18 ਅਮਰੀਕਾ ਵਿੱਚ ਹਨ, ਜਦਕਿ ਸੰਯੁਕਤ ਅਰਬ ਅਮੀਰਾਤ (ਯੂਏਈ) ਵਿੱਚ 9 ਭਗੌੜੇ ਮੌਜੂਦ ਹਨ। ਇਹ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਅਰਜੂ ਬਿਸ਼ਨੋਈ ਵੱਲੋਂ ਚਲਾਏ ਜਾਂਦੇ ਗਿਰੋਹਾਂ, ਲੱਕੀ ਪਟਿਆਲ ਦੇ ਬੰਬੀਹਾ ਗੈਂਗ, ਗੋਪੀ ਘਣਸ਼ਾਮਪੁਰੀਆ ਗੈਂਗ ਅਤੇ ਪਾਕਿਸਤਾਨ ਵਿੱਚ ਬੈਠੇ ਖਾੜਕੂ ਹਰਵਿੰਦਰ ਸਿੰਘ ਰਿੰਦਾ ਅਤੇ ਲਖਬੀਰ ਸਿੰਘ ਲੰਡਾ ਦੇ ਗਿਰੋਹ ਨਾਲ ਜੁੜੇ ਹੋਏ ਹਨ।

ਵਿਦੇਸ਼ ਵਿੱਚ ਬੈਠ ਕੇ ਅਪਰਾਧਿਕ ਸਿੰਡੀਕੇਟ ਚਲਾਉਣ ਵਾਲੇ ਇਹ ਗੈਂਗਸਟਰ ਭਾਰਤੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਲੰਮੇ ਸਮੇਂ ਤੋਂ ਸਿਰਦਰਦੀ ਬਣੇ ਹੋਏ ਹਨ, ਖਾਸ ਕਰ ਪੰਜਾਬ, ਰਾਜਸਥਾਨ, ਹਰਿਆਣਾ ਅਤੇ ਦਿੱਲੀ ਵਿੱਚ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਕਈ ਹੱਤਿਆਵਾਂ ਨਾਲ ਦਹਿਲ ਚੁੱਕਾ ਹੈ। ਇਨ੍ਹਾਂ ਵਿੱਚ ਮਸ਼ਹੂਰ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੀ ਹੱਤਿਆ ਸ਼ਾਮਲ ਹੈ। ਇਸ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਵਿੱਚ ਪੁਲੀਸ ਥਾਣਿਆਂ ਅਤੇ ਚੌਕੀਆਂ ਵਰਗੇ ਸੁਰੱਖਿਆ ਥਾਣਿਆਂ 'ਤੇ ਹਮਲੇ ਹੋਏ ਹਨ, ਨਾਲ ਹੀ ਮੋਹਾਲੀ ਵਿੱਚ ਪੰਜਾਬ ਪੁਲੀਸ ਦੀ ਇੰਟੈਲੀਜੈਂਸ ਵਿੰਗ ਦੇ ਮੁੱਖ ਦਫ਼ਤਰ 'ਤੇ ਵੀ ਹਮਲਾ ਹੋਇਆ ਹੈ।

ਪੰਜਾਬ ਪੁਲੀਸ ਨੇ ਇਨ੍ਹਾਂ ਵਿਦੇਸ਼ ਵਿੱਚ ਬੈਠੇ ਗੈਂਗਸਟਰਾਂ ਦੇ ਜ਼ਮੀਨੀ ਗੁਰਗਿਆਂ ਵਿਰੁੱਧ 'ਗੈਂਗਸਟਰਾਂ ਤੇ ਵਾਰ' ਮੁਹਿੰਮ ਸ਼ੁਰੂ ਕੀਤੀ ਅਤੇ ਇਸ ਮੁਹਿੰਮ ਵਿੱਚ 3,256 ਸ਼ਕੀ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ।

ਡੀਜੀਪੀ ਯਾਦਵ ਨੇ ਦੱਸਿਆ ਕਿ ਇਨ੍ਹਾਂ ਗੈਂਗਸਟਰਾਂ ਨੂੰ ਵਾਪਸ ਲਿਆਉਣ ਲਈ, ਪੰਜਾਬ ਪੁਲੀਸ ਨੇ ਆਪਣੀ ਕਾਊਂਟਰ-ਇੰਟੈਲੀਜੈਂਸ ਯੂਨਿਟ ਵਿੱਚ ਇੱਕ ਵਿਸ਼ੇਸ਼ ਸੈੱਲ ਓਵਰਸੀਜ਼ ਫਿਊਜ਼ਿਟਿਵ ਟ੍ਰੈਕਿੰਗ ਐਂਡ ਐਕਸਟ੍ਰੈਡਿਸ਼ਨ ਬਣਾਇਆ ਹੈ। ਇਸ ਦੀ ਅਗਵਾਈ ਡਿਪਟੀ ਇੰਸਪੈਕਟਰ ਜਨਰਲ ਰੈਂਕ ਦਾ ਅਧਿਕਾਰੀ ਕਰੇਗਾ।

## ਗੈਂਗਸਟਰ ਤੇ ਅਪਰਾਧ ਵੱਡੀ ਚੁਣੌਤੀ

**ਪੰਜਾਬ ਵਿੱਚ ਵਿਦੇਸ਼ ਤੋਂ ਸੰਚਾਲਿਤ ਗੈਂਗਵਾਰ ਇੱਕ ਵੱਡੀ ਚੁਣੌਤੀ ਬਣ ਗਈ ਹੈ। ਗੈਂਗਸਟਰ ਨਾ ਸਿਰਫ਼ ਅਪਰਾਧ ਵਧਾਉਂਦੇ ਹਨ ਬਲਕਿ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰ ਰਹੀ ਹੈ। ਭਾਰਤ ਸਰਕਾਰ ਅਤੇ ਪੰਜਾਬ ਪੁਲੀਸ ਦੀਆਂ ਕੋਸ਼ਿਸ਼ਾਂ ਨਾਲ ਇਸ ਨੂੰ ਰੋਕਿਆ ਜਾ ਸਕਦਾ ਹੈ, ਪਰ ਸਮਾਜ ਨੂੰ ਵੀ ਜਾਗਰੂਕ ਹੋਣਾ ਪਵੇਗਾ। ਨਸ਼ੇ ਅਤੇ ਗੈਂਗਸਟਰ ਕਲਚਰ ਵਿਰੁੱਧ ਮੁਹਿੰਮਾਂ ਨੂੰ ਵਧਾਉਣ ਦੀ ਲੋੜ ਹੈ। ਜੇਕਰ ਅਜਿਹਾ ਨਹੀਂ ਹੋਇਆ ਤਾਂ ਪੰਜਾਬ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ।**

### ਪੰਜਾਬ ਵਿੱਚ ਕਿੰਨੇ ਗੈਂਗਸਟਰ ਗ੍ਰਿਫ਼ਤਾਰ ਅਤੇ ਮਾਰੇ ਗਏ

2022 ਤੋਂ 2026 ਤੱਕ ਪੰਜਾਬ ਪੁਲੀਸ ਨੇ ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ। ਅਪ੍ਰੈਲ 2022 ਤੋਂ ਅਕਤੂਬਰ 2025 ਤੱਕ ਪੰਜਾਬ ਵਿੱਚ ਪੁਲੀਸ ਅਤੇ ਗੈਂਗਾਂ ਵਿਚਕਾਰ 324 ਮੁਕਾਬਲੇ ਹੋਏ, ਜਿਨ੍ਹਾਂ ਵਿੱਚ 24 ਗੈਂਗਸਟਰ ਮਾਰੇ ਗਏ ਅਤੇ 515 ਗ੍ਰਿਫ਼ਤਾਰ ਕੀਤੇ ਗਏ। ਇਸੇ ਸਮੇਂ ਵਿੱਚ ਪੁਲੀਸ ਨੇ 962 ਗੈਂਗਸਟਰ ਅਤੇ ਅਪਰਾਧੀ ਮਾਡਿਊਲ ਨਸ਼ਟ ਕੀਤੇ ਅਤੇ 2,536 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। 2025 ਵਿੱਚ ਹੀ 925 ਗੈਂਗਸਟਰ ਗ੍ਰਿਫ਼ਤਾਰ ਹੋਏ ਸਨ। ਜਨਵਰੀ 2026 ਵਿੱਚ 'ਆਪਰੇਸ਼ਨ ਪ੍ਰਹਾਰ' ਵਿੱਚ 3,256 ਸ਼ਕੀ ਬੰਦਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕੁੱਲ ਮਿਲਾ ਕੇ 2022 ਤੋਂ 2026 ਤੱਕ ਲਗਭਗ 6,000 ਤੋਂ ਵੱਧ ਗੈਂਗਸਟਰ ਅਤੇ ਅਪਰਾਧੀ ਗ੍ਰਿਫ਼ਤਾਰ ਹੋਏ ਸਨ ਅਤੇ 30 ਤੋਂ ਵੱਧ ਮਾਰੇ ਗਏ ਹਨ। ਇਹ ਅੰਕੜੇ ਪੰਜਾਬ ਪੁਲੀਸ ਦੇ ਡੀਜੀਪੀ ਗੌਰਵ ਯਾਦਵ ਵੱਲੋਂ ਜਾਰੀ ਕੀਤੇ ਗਏ ਸਨ।

ਪੰਜਾਬ ਪੁਲੀਸ ਵੱਲੋਂ ਬੀਤੇ ਦਿਨੀਂ 20 ਜਨਵਰੀ ਤੋਂ ਸ਼ੁਰੂ ਕੀਤੇ 72 ਘੰਟਿਆਂ ਦੇ ਬੇਮਿਸਾਲ 'ਗੈਂਗਸਟਰਾਂ ਤੇ ਵਾਰ' ਆਪ੍ਰੇਸ਼ਨ ਦੌਰਾਨ ਪੰਜਾਬ ਪੁਲੀਸ ਨੇ 61 ਵੱਡੇ ਗੈਂਗਸਟਰਾਂ ਦੇ ਨੈੱਟਵਰਕ ਨੂੰ ਬੇਨਕਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ 61 ਗੈਂਗਸਟਰਾਂ ਦੇ 4,871 ਸਾਥੀਆਂ ਨੂੰ ਕਾਬੂ ਕੀਤਾ ਗਿਆ ਸੀ ਅਤੇ 3,256 ਦੀ ਰਸਮੀ ਤੌਰ 'ਤੇ ਗ੍ਰਿਫ਼ਤਾਰੀ ਪਾਈ ਗਈ ਸੀ। ਪਹਿਲੀ ਵਾਰ ਇਨ੍ਹਾਂ ਚੋਟੀ ਦੇ 61 ਗੈਂਗਸਟਰਾਂ ਅਤੇ ਉਨ੍ਹਾਂ ਦੇ ਅਪਰਾਧਾਂ ਦੀ ਇੱਕ ਵਿਸਤ੍ਰਿਤ ਸੂਚੀ ਜਨਤਕ ਕੀਤੀ ਗਈ ਹੈ।

**ਅਜੈਪਾਲ ਸਿੰਘ ਉਰਫ਼ ਡੈਨੀ-ਅਜੈਪਾਲ** ਸਿੰਘ ਡੈਨੀ , ਅੰਮ੍ਰਿਤਸਰ ਦਿਹਾਤੀ ਦੇ ਜੰਡਿਆਲਾ ਗੁਰੂ ਤੋਂ ਕਈ ਮਾਮਲਿਆਂ ਵਿੱਚ ਦੋਸ਼ੀ ਹੈ ਤੇ ਕਈ ਮਾਮਲਿਆਂ ਵਿੱਚ ਲੋੜੀਂਦਾ ਹੈ। ਯੂਏਈ ਵਿੱਚ ਉਸ ਦੇ ਲੁਕੇ ਹੋਣ ਦਾ ਸ਼ੱਕ ਹੈ।

**ਅਮਨਦੀਪ ਸਿੰਘ ਉਰਫ਼ ਅਮਨ ਘੋਟਾਵਾਲਾ**-ਅਮਨਦੀਪ ਸਿੰਘ ਉਰਫ਼ ਅਮਨ ਘੋਟਾਵਾਲਾ, ਗੁਰਦਾਸਪੁਰ ਯੂਏਈ ਵਿਚ ਲੁਕਿਆ ਹੋਇਆ ਹੈ।

**ਅਮਰਜੀਤ ਸਿੰਘ ਖੱਬੇ ਰਾਜਪੂਤ**-ਅੰਮ੍ਰਿਤਸਰ ਦੇ ਪਿੰਡ ਖੱਬੇ ਰਾਜਪੂਤਾਂ ਦੇ ਰਹਿਣ ਵਾਲਾ ਅਮਰਜੀਤ ਸਿੰਘ, ਮਾਨ ਦਾ ਪੁਰਤਗਾਲ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਅੰਮ੍ਰਿਤਪਾਲ ਸਿੰਘ ਉਰਫ਼ ਅੰਮ੍ਰਿਤ ਬਾਠ**-ਅੰਮ੍ਰਿਤਪਾਲ ਸਿੰਘ, ਬਾਠ, ਉਮਰ 33 ਸਾਲ, ਤਰਨ ਤਾਰਨ ਉੱਤੇ ਯੂਏਪੀਏ, ਕਤਲ, ਕਤਲ ਦੀ ਕੋਸ਼ਿਸ਼ ਅਤੇ ਹਥਿਆਰਾਂ ਦੇ ਦੋਸ਼ਾਂ ਤਹਿਤ 15 ਤੋਂ ਵੱਧ ਅਪਰਾਧਿਕ ਕੇਸ ਦਰਜ ਹਨ। ਬਾਠ ਦਾ ਕੈਨੇਡਾ ਵਿੱਚ ਹੋਣ ਦਾ ਸ਼ੱਕ ਹੈ।

**ਅੰਮ੍ਰਿਤਪਾਲ ਸਿੰਘ ਉਰਫ਼ ਅੰਮ੍ਰਿਤ ਦਾਲਮ**-ਗੁਰਦਾਸਪੁਰ ਦੇ ਦਾਲਮ ਨੰਗਲ ਤੋਂ ਅੰਮ੍ਰਿਤਪਾਲ ਸਿੰਘ ਉਰਫ਼ ਅੰਮ੍ਰਿਤ ਦਾਲਮ, ਦਾ ਯੂਏਈ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਇਸ ਦੀਆਂ ਗਤੀਵਿਧੀਆਂ ਗੁਰਦਾਸਪੁਰ ਵਿੱਚ ਹਨ।

**ਅੰਕੁਸ਼ ਕੁਮਾਰ ਬਾਹਮਣ**-ਅੰਕੁਸ਼ ਕੁਮਾਰ, ਬਾਹਮਣ, ਛੇਹਰਟਾ, ਅੰਮ੍ਰਿਤਸਰ ਆਸਟਰੇਲੀਆ ਤੋਂ ਪੰਜਾਬ ਵਿਚ ਗਤੀਵਿਧੀਆਂ ਚਲਾਉਂਦਾ ਹੈ।

**ਅਰਸ਼ਦੀਪ ਸਿੰਘ ਅਰਸ਼ ਡਾਲਾ**-ਅਰਸ਼ਦੀਪ ਸਿੰਘ ਅਰਸ਼ ਡਾਲਾ, ਮੋਗਾ ਯੂਏਪੀਏ ਤਹਿਤ ਖਾੜਕੂ ਨਾਮਜ਼ਦ ਹੈ। ਉਸ ਦੇ ਕੈਨੇਡਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਬਲਵਿੰਦਰ ਸਿੰਘ ਉਰਫ਼ ਡੋਨੀ ਬਲ**-ਅੰਮ੍ਰਿਤਸਰ ਦਿਹਾਤੀ ਦੇ ਪੱਤੀ ਬਲੇਲ ਪਿੰਡ ਦਾ ਬਲਵਿੰਦਰ ਸਿੰਘ ਉਰਫ਼ ਡੋਨੀ ਬਲ, ਦਾ ਯੂਕੇ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਭੁਵਨੇਸ਼ ਚੋਪੜਾ ਉਰਫ਼ ਆਸ਼ੀਸ਼ ਚੋਪੜਾ**-ਭੁਵਨੇਸ਼ ਚੋਪੜਾ ਉਰਫ ਆਸ਼ੀਸ਼ ਚੋਪੜਾ ਫਿਰੋਜ਼ਪੁਰ ਵਰਤਮਾਨ ਵਿੱਚ ਯੂਏਈ ਵਿੱਚ ਲੁਕਿਆ ਹੋਇਆ ਹੈ।

**ਦਲਬੀਰ ਸਿੰਘ ਉਰਫ਼ ਦਲਬੀਰਾ, ਬੀਰਾ**-ਦਲਬੀਰ ਸਿੰਘ, ਉਰਫ਼ ਦਲਬੀਰਾ ਜਾਂ ਬੀਰਾ, ਜਲੰਧਰ ਸ਼ਹਿਰ ਵਿਰੁੱਧ 28 ਤੋਂ ਵੱਧ ਐਫਆਈਆਰ ਦਰਜ ਹਨ। ਉਸ ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਦਵਿੰਦਰਪਾਲ ਸਿੰਘ ਗੋਪੀ**-ਦਵਿੰਦਰਪਾਲ ਸਿੰਘ ਗੋਪੀ, ਮੋਗਾ, ਕੈਨੇਡਾ ਵਿੱਚ ਲੁਕਿਆ ਹੋਇਆ ਹੈ, ਜਿੱਥੋਂ ਉਹ ਪੰਜਾਬ ਦੇ ਮਾਲਵਾ ਖੇਤਰ ਵਿੱਚ ਆਪਣਾ ਰੈਕੇਟ ਚਲਾ ਰਿਹਾ ਹੈ।

**ਗੌਰਵ ਪਟਿਆਲ ਉਰਫ਼ ਲੱਕੀ-ਗੌਰਵ** ਪਟਿਆਲ, ਉਰਫ਼ ਲੱਕੀ ਪਟਿਆਲ ਜਾਂ ਸੌਰਵ, ਚੰਡੀਗੜ੍ਹ, 'ਤੇ 24 ਤੋਂ ਵੱਧ ਕੇਸ ਦਰਜ ਹਨ । ਉਸ ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਗੁਰਦੇਵ ਸਿੰਘ ਜੈਸਲ**-ਗੁਰਦੇਵ ਸਿੰਘ ਜੈਸਲ, ਤਰਨ ਤਾਰਨ, ਅਮਰੀਕਾ ਵਿੱਚ ਰਹਿ ਕੇ ਆਪਣੇ ਗੁਰਗਿਆਂ ਰਾਹੀਂ ਪੰਜਾਬ ਵਿੱਚ ਵਿਰੋਧੀ ਗੈਂਗ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਵਸੂਲੀ ਦੇ ਰੈਕੇਟ ਚਲਾਉਂਦਾ ਹੈ।

**ਗੁਰਜੰਟ ਸਿੰਘ ਉਰਫ਼ ਜੰਟਾ**-ਗੁਰਜੰਟ ਸਿੰਘ ਜੰਟਾ, ਪਿੰਡ ਸੋਹਾਵੀ (ਫ਼ਤਹਿਗੜ੍ਹ ਸਾਹਿਬ), ਆਸਟਰੇਲੀਆ ਵਿੱਚ ਲੁਕੇ ਹੋਣ ਦਾ ਸ਼ੱਕ ਹੈ, ਜਿੱਥੋਂ ਉਹ ਆਪਣਾ ਪੰਜਾਬ ਵਿਚ ਨੈੱਟਵਰਕ ਚਲਾਉਂਦਾ ਹੈ ।

**ਗੁਰਜੰਟ ਸਿੰਘ ਜਵੰਦਾ**-ਗੁਰਜੰਟ ਸਿੰਘ ਜਵੰਦਾ, ਪਿੰਡ ਜਵੰਦਾ ਕਲਾਂ (ਤਰਨ ਤਾਰਨ), ਲੰਡਾ-ਰਿੰਦਾ ਗੈਂਗ ਦਾ ਸਰਗਰਮ ਮੈਂਬਰ ਹੈ। ਉਸ ਦੇ ਯੂਰਪ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਬਾਕੀ ਹਿਸਾ ਸਫ਼ਾ 44 ਤੇ ਪੜ੍ਹੋ**

## ਪੰਜਾਬ ਵਿੱਚ ਗੈਂਗਵਾਰ ਵਿਦੇਸ਼ ਤੋਂ ਸੰਚਾਲਿਤ ਕਿਉਂ ?

ਪੰਜਾਬ ਵਿੱਚ ਗੈਂਗਵਾਰ ਵਿਦੇਸ਼ ਤੋਂ ਸੰਚਾਲਿਤ ਹੋਣ ਦੇ ਕਈ ਕਾਰਨ ਹਨ। ਪਹਿਲਾਂ ਤਾਂ ਇਹ ਗੈਂਗਸਟਰ ਭਾਰਤੀ ਕਾਨੂੰਨ ਤੋਂ ਬਚਣ ਲਈ ਵਿਦੇਸ਼ ਭੱਜ ਜਾਂਦੇ ਹਨ। ਅਮਰੀਕਾ, ਕੈਨੇਡਾ ਅਤੇ ਯੂਰਪ ਵਰਗੇ ਦੇਸ਼ਾਂ ਵਿੱਚ ਉਹ ਆਸਾਨੀ ਨਾਲ ਨਵੀਂ ਪਛਾਣ ਬਣਾ ਲੈਂਦੇ ਹਨ ਅਤੇ ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ ਆਪਣੇ ਗੁਰਗਿਆਂ ਨੂੰ ਨਿਰਦੇਸ਼ ਦਿੰਦੇ ਹਨ। ਇਹ ਲੋਕ ਵੱਡੇ ਪੱਧਰ 'ਤੇ ਜਬਰੀ ਵਸੂਲੀ, ਨਸ਼ਾ ਤਸਕਰੀ ਅਤੇ ਟਾਰਗੇਟ ਕਿਲਿੰਗ ਨੂੰ ਅੰਜਾਮ ਦਿੰਦੇ ਹਨ। ਵਿਦੇਸ਼ ਵਿੱਚ ਬੈਠ ਕੇ ਉਹ ਪਾਕਿਸਤਾਨੀ ਖੁਫੀਆ ਏਜੰਸੀ ਆਈਐੱਸਆਈ ਨਾਲ ਵੀ ਸਬੰਧ ਬਣਾਉਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਹਥਿਆਰ ਅਤੇ ਵਿੱਤੀ ਮੱਦਦ ਮਿਲਦੀ ਹੈ। ਇਹ ਗੈਂਗਸਟਰ ਸੋਸ਼ਲ ਮੀਡੀਆ 'ਤੇ ਅਪਰਾਧਾਂ ਦੀ ਜ਼ਿੰਮੇਵਾਰੀ ਲੈ ਕੇ ਡਰ ਪੈਦਾ ਕਰਦੇ ਹਨ ਅਤੇ ਨੌਜਵਾਨਾਂ ਨੂੰ ਆਕਰਸ਼ਿਤ ਕਰਦੇ ਹਨ।

**43 ਸਫੇ ਦੀ ਬਾਕੀ**

**ਗੁਰਲਾਲ ਸਿੰਘ ਗੁੱਲੂ**-ਗੁਰਲਾਲ ਸਿੰਘ ਉਰਫ਼ ਗੁੱਲੂ, ਰੁੜਿਆਣਾ (ਗੁਰਦਾਸਪੁਰ), ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਗੁਰਲਾਲ ਵਿਰੁੱਧ 13 ਅਪਰਾਧਿਕ ਮਾਮਲੇ ਦਰਜ ਹਨ।

**ਗੁਰਪ੍ਰੀਤ ਸਿੰਘ ਉਰਫ਼ ਗੋਲਡੀ ਢਿੱਲੋਂ**-ਗੁਰਪ੍ਰੀਤ ਸਿੰਘ ਗੋਲਡੀ ਢਿੱਲੋਂ, ਰਾਜਪੁਰਾ (ਪਟਿਆਲਾ), ਜਰਮਨੀ ਵਿੱਚ ਲੁਕੇ ਹੋਣ ਦਾ ਸ਼ੱਕ ਹੈ । ਐਨਆਈਏ ਨੇ ਉਸ ਦੀ ਗ੍ਰਿਫ਼ਤਾਰੀ ਲਈ 10 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ।

**ਗੁਰਪ੍ਰੀਤ ਸਿੰਘ ਉਰਫ਼ ਗੋਪੀ**-ਗੁਰਪ੍ਰੀਤ ਸਿੰਘ ਗੋਪੀ, ਪਿੰਡ ਬੀਰੋਵਾਲ (ਨਵਾਂਸ਼ਹਿਰ), ਰਾਮਦਾਸੀਆ ਭਾਈਚਾਰੇ ਨਾਲ ਸਬੰਧਤ ਹੈ ਅਤੇ ਰਿੰਦਾ-ਲੰਡਾ ਗੈਂਗ ਦਾ ਮੈਂਬਰ ਹੈ। ਉਸਦੇ ਅਮਰੀਕਾ ਵਿੱਚ ਲੁਕੇ ਹੋਣ ਅਤੇ ਸੰਗਠਿਤ ਅਪਰਾਧ ਵਿੱਚ ਸ਼ਾਮਲ ਰਹਿਣ ਦਾ ਸ਼ੱਕ ਹੈ।

**ਹਰੀਚੰਦ ਉਰਫ਼ ਹਰੀ ਬਾਕਸਰ**-ਹਰੀਚੰਦ ਉਰਫ਼ ਹਰੀ ਬਾਕਸਰ, ਵਾਸੀ ਪਿੰਡ ਚਿਤਰਪੁਰਾ (ਜ਼ਿਲ੍ਹਾ ਅਲਵਰ, ਰਾਜਸਥਾਨ), ਇੱਕ ਗੈਂਗਸਟਰ ਹੈ ਜਿਸ ਦਾ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਹਰਪ੍ਰੀਤ ਸਿੰਘ ਉਰਫ਼ ਹੈਪੀ ਜੱਟ**-ਹਰਪ੍ਰੀਤ ਸਿੰਘ ਉਰਫ਼ ਹੈਪੀ ਜੱਟ, ਵਾਸੀ ਜੰਡਿਆਲਾ ਗੁਰੂ (ਅੰਮ੍ਰਿਤਸਰ ਦਿਹਾਤੀ), ਸੰਯੁਕਤ ਅਰਬ ਅਮੀਰਾਤ ਵਿਚ ਲੁਕਿਆ ਹੋਇਆ ਹੈ।

**ਹਰਪ੍ਰੀਤ ਸਿੰਘ ਉਰਫ਼ ਹੈਪੀ ਮੱਲ**-ਹਰਪ੍ਰੀਤ ਸਿੰਘ ਫ਼ਿਰੋਜ਼ਪੁਰ ਦਾ ਰਹਿਣ ਵਾਲਾ ਹੈ ਤੇ ਵਰਤਮਾਨ ਵਿੱਚ ਯੂ.ਏ.ਈ. ਵਿੱਚ ਰਹਿੰਦਾ ਹੈ।

**ਹਰਵਿੰਦਰ ਸਿੰਘ ਸੰਧੂ ਰਿੰਦਾ**-ਹਰਵਿੰਦਰ ਸਿੰਘ ਸੰਧੂ ਰਿੰਦਾ, ਨਾਂਦੇੜ (ਮਹਾਰਾਸ਼ਟਰ), ਇੱਕ ਖਾੜਕੂ ਐਲਾਨਿਆ ਹੋਇਆ ਹੈ ਜੋ 'ਬੱਬਰ ਖਾਲਸਾ' ਨਾਲ ਜੁੜਿਆ ਹੋਇਆ ਹੈ। ਕੌਮੀਂ ਜਾਂਚ ਏਜੰਸੀ ਅਨੁਸਾਰ, ਉਹ ਪਾਕਿਸਤਾਨ ਵਿੱਚ ਲੁਕਿਆ ਹੋਇਆ ਹੈ, ਜਿੱਥੋਂ ਉਹ ਬੱਬਰ ਖਾਲਸਾ ਦੀਆਂ ਗਤੀਵਿਧੀਆਂ ਚਲਾ ਰਿਹਾ ਹੈ।

**ਹੁਸਨਦੀਪ ਸਿੰਘ ਹੁਸਨ**-ਹੁਸਨਦੀਪ ਸਿੰਘ ਹੁਸਨ, ਪਿੰਡ ਸ਼ਾਹਬਾਦ (ਬਟਾਲਾ), ਦਾ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਇਸ ਨੇ ਬਟਾਲਾ ਵਿੱਚ ਨਸ਼ੇ ਅਤੇ ਹਿੰਸਾ ਨੂੰ ਵਧਾਇਆ ਹੈ।

**ਜਾਹਰ ਸਿੰਘ ਉਰਫ਼ ਪਾਰਸ ਉਰਫ਼ ਪ੍ਰਿੰਸ ਚੌਹਾਨ**-ਜਾਹਰ ਸਿੰਘ ਉਰਫ਼ ਪਾਰਸ ਜਾਂ ਪ੍ਰਿੰਸ ਚੌਹਾਨ, ਰੂਪਨਗਰ ਦਾ ਕੈਨੇਡਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਜਾਹਰ ਸਿੰਘ ਇਸ ਸਮੇਂ (ਚੰਡੀਗੜ੍ਹ-ਮੋਹਾਲੀ-ਪੰਚਕੂਲਾ) ਖੇਤਰ ਵਿੱਚ ਗੈਂਗ ਦੇ ਫਿਰੌਤੀ ਰੈਕੇਟ ਨੂੰ ਸੰਭਾਲ ਰਿਹਾ ਹੈ।

**ਜਸਵਿੰਦਰ ਸਿੰਘ ਉਰਫ਼ ਬਾਗੀ ਉਰਫ਼ ਮੰਨੂ ਅਗਵਾਨ**-ਜਸਵਿੰਦਰ ਸਿੰਘ ਉਰਫ਼ ਬਾਗੀ ਜਾਂ ਮੰਨੂ ਅਗਵਾਨ, ਪਿੰਡ ਅਗਵਾਨ (ਗੁਰਦਾਸਪੁਰ), 'ਖਾਲਿਸਤਾਨ ਜ਼ਿੰਦਾਬਾਦ ਫੋਰਸ' ਨਾਲ ਸਬੰਧ ਰੱਖਦਾ ਹੈ। ਉਸਦਾ ਜਰਮਨੀ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਮੰਨੂ ਅਗਵਾਨ ਪੰਜਾਬ ਵਿੱਚ ਹੋਏ ਹਾਲੀਆ ਗ੍ਰੇਨੇਡ ਹਮਲਿਆਂ ਦਾ ਮਾਸਟਰਮਾਈਂਡ ਹੈ, ਜਿਸ ਵਿੱਚ ਪੰਜਾਬ ਪੁਲੀਸ 'ਤੇ ਹੋਏ ਹਮਲੇ ਵੀ ਸ਼ਾਮਲ ਹਨ।

**ਜਤਿੰਦਰ ਸਿੰਘ ਜਿੰਦੀ**-ਜਤਿੰਦਰ ਸਿੰਘ ਜਿੰਦੀ, ਪਿੰਡ ਮਹਿੰਦੀਪੁਰ (ਐਸ.ਬੀ.ਐਸ. ਨਗਰ), ਯੂ.ਕੇ. ਭੱਜ ਗਿਆ ਸੀ ਅਤੇ ਉੱਥੋਂ ਹੀ ਆਪਣੇ ਗੁਰਗਿਆਂ ਰਾਹੀਂ ਪੰਜਾਬ ਵਿੱਚ ਅਪਰਾਧਿਕ ਗਤੀਵਿਧੀਆਂ ਚਲਾ ਰਿਹਾ ਹੈ।

**ਜਰਮਨਜੀਤ ਸਿੰਘ ਮੱਲ੍ਹੀ**-ਜਰਮਨਜੀਤ ਸਿੰਘ ਮੱਲ੍ਹੀ, ਵਾਸੀ ਪਿੰਡ ਹੰਸਾਵਾਲਾ (ਤਰਨ ਤਾਰਨ), ਅਮਰੀਕਾ ਵਿੱਚ ਲੁਕੇ ਹੋਣ ਦੇ ਸ਼ੱਕ ਦੇ ਚਲਦਿਆਂ, ਉਹ ਤਰਨ ਤਾਰਨ ਜ਼ਿਲ੍ਹੇ ਵਿੱਚ ਫਿਰੌਤੀ ਰੈਕੇਟ ਵਿੱਚ ਸਰਗਰਮ ਹੈ।

**ਜੋਬਨ ਮੱਲ੍ਹੀ**-ਜੋਬਨ ਮੱਲ੍ਹੀ, ਵਾਸੀ ਪਿੰਡ ਹੰਸਾਵਾਲਾ (ਤਰਨ ਤਾਰਨ), ਲੰਡਾ-ਰਿੰਦਾ ਗੈਂਗ ਦਾ ਇੱਕ ਹੋਰ ਸਾਥੀ ਹੈ। ਉਸ ਦੇ ਯੂ.ਕੇ. ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਜੋਬਨਜੀਤ ਸਿੰਘ ਬਿੱਲਾ**-ਜੋਬਨਜੀਤ ਸਿੰਘ ਬਿੱਲਾ, ਵਾਸੀ ਪਿੰਡ ਅਰਜੁਨ ਮਾਂਗਾ (ਅੰਮ੍ਰਿਤਸਰ ਦਿਹਾਤੀ), ਦਾ ਯੂ.ਏ.ਈ. ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਕਰਮਵੀਰ ਸਿੰਘ ਉਰਫ਼ ਕਰਨਵੀਰ ਸਿੰਘ**-ਕਰਮਵੀਰ ਸਿੰਘ ਉਰਫ਼ ਕਰਨਵੀਰ ਸਿੰਘ, ਵਾਸੀ ਪਿੰਡ ਬਹਾਦਰਕੇ (ਲੁਧਿਆਣਾ), ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਉਸ ਵਿਰੁੱਧ 15 ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ।

**ਕੋਮਲਪ੍ਰੀਤ ਸਿੰਘ ਉਰਫ਼ ਕੋਮਲ ਜਰਮਨੀ**-ਕੋਮਲਪ੍ਰੀਤ ਸਿੰਘ, ਉਰਫ਼ ਕੋਮਲ ਜਰਮਨੀ, ਤਰਨ ਤਾਰਨ ਲੰਡਾ-ਰਿੰਦਾ ਗਰੋਹ ਦਾ ਸਾਥੀ ਹੈ। ਉਸ ਦੇ ਜਰਮਨੀ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਕੁਨਾਲ ਮਹਾਜਨ ਉਰਫ਼ ਕੇਸ਼ਵ ਸ਼ਿਵਾਲਾ**-ਕੁਨਾਲ ਮਹਾਜਨ, ਉਰਫ਼ ਕੇਸ਼ਵ ਸ਼ਿਵਾਲਾ, ਅੰਮ੍ਰਿਤਸਰ ਦੇ ਯੂਏਈ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਇਸ ਦੀ ਅੰਮ੍ਰਿਤਸਰ ਵਿੱਚ ਵਪਾਰੀ ਵਰਗ ਉਪਰ ਦਹਿਸ਼ਤ ਹੈ।

**ਲਖਬੀਰ ਸਿੰਘ ਉਰਫ਼ ਲੰਡਾ**-ਖਾੜਕੂ ਲਖਬੀਰ ਸਿੰਘ ਉਰਫ਼ ਲੰਡਾ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਵਿਚ ਹਰੀਕੇ ਪਿੰਡ ਨਾਲ ਸਬੰਧਤ ਹੈ। ਉਸ ਦੇ ਕੈਨੇਡਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਲੰਡਾ ਪੁਲੀਸ ਸਟੇਸ਼ਨਾਂ 'ਤੇ ਆਰਪੀਜੀ ਹਮਲਿਆਂ ਵਿੱਚ ਸ਼ਾਮਲ ਹੈ।

**ਲਵਪ੍ਰੀਤ ਬਜਾਜ ਉਰਫ਼ ਸਚਿਨ**-ਲਵਪ੍ਰੀਤ ਬਜਾਜ, ਉਰਫ਼ ਸਚਿਨ, ਸ੍ਰੀ ਮੁਕਤਸਰ ਸਾਹਿਬ ਦਾ ਯੂਰਪ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਲਵਪ੍ਰੀਤ ਸਿੰਘ ਉਰਫ਼ ਲਾਡੀ ਭੱਜਲ**-ਲਵਪ੍ਰੀਤ ਸਿੰਘ, ਉਰਫ਼ ਲਾਡੀ ਭੱਜਲ, ਹੁਸ਼ਿਆਰਪੁਰ ਦਾ ਇਟਲੀ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਉਹ ਆਪਣੇ ਨੈੱਟਵਰਕ ਰਾਹੀਂ ਪੰਜਾਬ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਨਿਰਦੇਸ਼ਤ ਕਰਦਾ ਹੈ।

**ਮਨਿੰਦਰ ਬਿੱਲਾ**-ਬਟਾਲਾ ਦੇ ਪਿੰਡ ਦਕੋਹਾ ਦਾ ਰਹਿਣ ਵਾਲਾ ਮਨਿੰਦਰ ਬਿੱਲਾ ਦੇ ਜਰਮਨੀ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਉਸ ਵਿਰੁੱਧ ਪੰਜ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ।

**ਮਨਪ੍ਰੀਤ ਸਿੰਘ ਮੰਨਾ**-ਅੰਮ੍ਰਿਤਸਰ ਦਿਹਾਤੀ ਦੇ ਘਣਸ਼ਾਮਪੁਰ ਮਨਪ੍ਰੀਤ ਸਿੰਘ ਮੰਨਾ, ਦੇ ਪੁਰਤਗਾਲ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਮੁਹੱਬਤ ਸਿੰਘ**-ਅੰਮ੍ਰਿਤਸਰ ਦਿਹਾਤੀ ਦੇ ਨਾਥ ਦੀ ਖੂਹੀ ਦੇ ਰਹਿਣ ਵਾਲਾ ਮੁਹੱਬਤ ਸਿੰਘ, ਦਾ ਯੂਕੇ ਵਿੱਚ ਲੁਕੇ ਹੋਣ ਦਾ ਸ਼ੱਕ ਹੈ, ਉਸ ਖਿਲਾਫ ਪੰਜ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ।

**ਮੁਹੰਮਦ ਯਾਸੀਨ ਅਖ਼ਤਰ ਉਰਫ਼ ਜੈਸੀ**-ਜਲੰਧਰ ਦਿਹਾਤੀ ਦੇ ਸ਼ੰਕਰ ਪਿੰਡ ਦਾ ਮੁਹੰਮਦ ਯਾਸੀਨ ਅਖਤਰ ਉਰਫ਼ ਜੈਸੀ, ਦੇ ਯੂਰਪ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਇਸ ਨੇ ਜਲੰਧਰ ਵਿੱਚ ਅਪਰਾਧ ਵਧਾਇਆ ਹੈ।

**ਨਵੀਨ ਕੁਮਾਰ ਉਰਫ ਆਰਜ਼ੂ ਬਿਸ਼ਨੋਈ**-ਨਵੀਨ ਕੁਮਾਰ ਉਰਫ ਆਰਜ਼ੂ ਬਿਸ਼ਨੋਈ, ਵਾਸੀ ਪਿੰਡ ਰਾਜਾਵਾਲੀ ਅਬੋਹਰ ਫਾਜ਼ਿਲਕਾ ਦਾ ਥਾਈਲੈਂਡ ਜਾਂ ਮਲੇਸ਼ੀਆ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਇਸ ਨੇ ਫਾਜ਼ਿਲਕਾ ਵਿੱਚ ਅਪਰਾਧ ਵਧਾਇਆ ਹੈ।

**ਨਿਸ਼ਾਨ ਸਿੰਘ ਜੌੜੀਆਂ**-ਬਟਾਲਾ ਦੇ ਜੌੜੀਆਂ ਕਲਾਂ ਦਾ ਨਿਸ਼ਾਨ ਸਿੰਘ ਜੌੜੀਆਂ, ਦੇ ਯੂਕੇ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਉਸ ਦੇ ਖਿਲਾਫ ਪੰਜ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ।

**ਪਵਿੱਤਰ ਪ੍ਰੀਤ ਸਿੰਘ ਉਰਫ਼ ਪਵਿੱਤਰ**-ਬਟਾਲਾ ਦੇ ਚੌੜਾ ਮਧਰਾ ਪਿੰਡ ਦੇ ਰਹਿਣ ਵਾਲਾ ਪਵਿੱਤਰ ਪ੍ਰੀਤ ਸਿੰਘ ਪਵਿੱਤਰ, ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਇਸ ਨੇ ਬਟਾਲਾ ਵਿੱਚ ਅਪਰਾਧ ਵਧਾਇਆ ਹੈ।

**ਪ੍ਰਭਦੀਪ ਸਿੰਘ ਉਰਫ਼ ਪ੍ਰਭ ਦਾਸੂਵਾਲ**-ਤਰਨ ਤਾਰਨ ਦੇ ਪਿੰਡ ਦਾਸੂਵਾਲ ਦੇ ਰਹਿਣ ਵਾਲਾ ਪੁੱਤਰ ਪ੍ਰਭਦੀਪ ਸਿੰਘ ਉਰਫ਼ ਪ੍ਰਭ ਦਾਸੂਵਾਲ, ਦੇ ਬ੍ਰਾਜ਼ੀਲ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਉਸ ਦੇ ਖਿਲਾਫ ਪੰਜ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ।

**ਰਾਜਨ ਭਗਤ**-ਰਾਜਨ ਭਗਤ, ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਉਸ ਦੇ ਖਿਲਾਫ ਪੰਜ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ।

**ਰਾਜੇਸ਼ ਕੁਮਾਰ ਉਰਫ਼ ਸੋਨੂ ਖਤਰੀ**-ਰਾਜੇਸ਼ ਕੁਮਾਰ, ਉਰਫ਼ ਸੋਨੂੰ ਖੱਤਰੀ, ਐਸਬੀਐਸ ਨਗਰ ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਉਸ ਦੇ ਵਿਰੁੱਧ ਪੰਜ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ।

**ਰਾਜਵਿੰਦਰ ਸਿੰਘ ਉਰਫ਼ ਰਾਜ ਸੰਧੂ ਉਰਫ ਰਾਜ ਜਵੰਧਾ**-ਰਾਜਵਿੰਦਰ ਸਿੰਘ, ਉਰਫ਼ ਰਾਜ ਸੰਧੂ ਜਾਂ ਰਾਜ ਜਵੰਦਾ, ਤਰਨ ਤਾਰਨ ਦੇ ਜਵੰਦਾ ਤੋਂ ਹੈ। ਉਸ ਦੇ ਯੂਏਈ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਇਸ ਨੇ ਤਰਨ ਤਾਰਨ ਵਿੱਚ ਅਪਰਾਧ ਵਧਾਇਆ ਹੈ।

**ਰਣਦੀਪ ਮਲਿਕ**-ਹਰਿਆਣਾ ਦੇ ਜੀਂਦ ਦੇ ਪਿੰਡ ਐਚਲਾ ਕਲਾਂ ਦਾ ਰਹਿਣ ਵਾਲਾ ਰਣਦੀਪ ਮਲਿਕ ਨੇ ਹਰਿਆਣਾ ਅਤੇ ਪੰਜਾਬ ਵਿੱਚ ਅੰਤਰਰਾਜੀ ਅਪਰਾਧ ਵਧਾਇਆ ਹੈ।

**ਰਿਤਿਕ ਰੈਲੀ**-ਅੰਮ੍ਰਿਤਸਰ ਦੇ ਸ਼ਰੀਫਪੁਰਾ ਦੇ ਰਹਿਣ ਵਾਲਾ ਰਿਤਿਕ ਰੈਲੀ, ਦੇ ਆਸਟਰੇਲੀਆ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਰੋਹਿਤ ਗੋਦਾਰਾ**-ਰਾਜਸਥਾਨ ਦੇ ਬੀਕਾਨੇਰ ਦੇ ਕਪੂਰੀਸਰ ਪਿੰਡ ਦਾ ਰੋਹਿਤ ਗੋਦਾਰਾ, ਮਇਸ ਸਮੇਂ ਯੂਰਪ ਵਿੱਚ ਲੁਕਿਆ ਹੋਇਆ ਹੈ।

**ਸੰਦੀਪ ਗਰੇਵਾਲ ਉਰਫ਼ ਬਿੱਲਾ ਉਰਫ਼ ਸੰਨੀ ਖਵਾਜਕੇ**-ਸੰਦੀਪ ਗਰੇਵਾਲ, ਉਰਫ ਸੰਨੀ ਖਵਾਜਕੇ ਦਾ ਇੰਡੋਨੇਸ਼ੀਆ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਉਸ ਦੇ ਖਿਲਾਫ ਤਿੰਨ ਅਪਰਾਧਿਕ ਮਾਮਲੇ ਦਰਜ ਹਨ। ਇਸ ਨੇ ਪੰਜਾਬ ਵਿੱਚ ਅੰਤਰਰਾਸ਼ਟਰੀ ਅਪਰਾਧ ਨੂੰ ਵਧਾਇਆ ਹੈ।

**ਸਵਰਨ ਸਿੰਘ ਜੀਵਨ ਫੌਜੀ**-ਸਵਰਨ ਸਿੰਘ ਜੀਵਨ ਫੌਜੀ, ਪਿੰਡ ਸ਼ਹਿਜ਼ਾਦਾ ਕਲਾਂ (ਗੁਰਦਾਸਪੁਰ), ਫੌਜ ਦਾ ਭਗੌੜਾ ਹੈ ਜੋ ਬਾਅਦ ਵਿੱਚ ਦਿੱਲੀ ਅਤੇ ਯੂ.ਏ.ਈ. ਦੇ ਰਸਤੇ ਜਰਮਨੀ ਚਲਾ ਗਿਆ ਸੀ। ਉਹ ਪੰਜਾਬ ਵਿੱਚ ਪੁਲੀਸ ਸੰਸਥਾਵਾਂ 'ਤੇ ਗ੍ਰੇਨੇਡ ਹਮਲਿਆਂ ਦੀ ਯੋਜਨਾਬੰਦੀ ਤੇ ਹਿੰਸਕ ਗਤੀਵਿਧੀਆਂ ਵਿੱਚ ਸ਼ਾਮਲ ਹੈ।

**ਸਤਬੀਰ ਸਿੰਘ ਉਰਫ਼ ਸਤਨਾਮ ਉਰਫ਼ ਸੱਤਾ**-ਸਤਬੀਰ ਸਿੰਘ ਸੱਤਾ ਨੌਸ਼ਹਿਰਾ, ਵਾਸੀ ਨੌਸ਼ਹਿਰਾ ਪੰਨੂਆਂ (ਤਰਨ ਤਾਰਨ), ਲੰਡਾ ਗੈਂਗ ਦਾ ਇੱਕ ਪ੍ਰਮੁੱਖ ਮੈਂਬਰ ਹੈ। ਉਸ ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ ਅਤੇ ਉਹ ਕੈਨੇਡਾ ਸਥਿਤ ਗੈਂਗਸਟਰ ਲਖਬੀਰ ਸਿੰਘ ਲੰਡਾ ਦਾ ਨਜ਼ਦੀਕੀ ਹੈ। ।

**ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ**-ਸਤਿੰਦਰਜੀਤ ਸਿੰਘ ਬਰਾੜ ਉਰਫ਼ ਗੋਲਡੀ ਬਰਾੜ, ਰੋਹਿਤ ਗੋਦਾਰਾ ਨਾਲ ਮਿਲ ਕੇ ਆਪਣਾ ਗੈਂਗ ਚਲਾਉਂਦਾ ਹੈ। ਉਸ ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਸ਼ਮਸ਼ੇਰ ਸਿੰਘ ਉਰਫ਼ ਗਰਗਜ ਸਿੰਘ ਸ਼ੀਰਾ**-ਸ਼ਮਸ਼ੇਰ ਸਿੰਘ ਸ਼ੀਰਾ, ਵਾਸੀ ਪਿੰਡ ਜੋਦੜੀਆਂ ਕਲਾਂ (ਅੰਮ੍ਰਿਤਸਰ), ਖਾੜਕੂ ਨੈੱਟਵਰਕ ਦਾ ਸਰਗਰਮ ਮੈਂਬਰ ਹੈ। ਅਮਰੀਕਾ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਸ਼ੁਭਮ ਰਾਮੇਸ਼ਵਰ ਲੋਨਕਰ**-ਸ਼ੁਭਮ ਰਾਮੇਸ਼ਵਰ ਲੋਨਕਰ, ਵਾਸੀ ਪੁਣੇ (ਮਹਾਰਾਸ਼ਟਰ), ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ਹੈ। ਉਸ ਦੇ ਏਸ਼ੀਆਈ ਦੇਸ਼ਾਂ (ਥਾਈਲੈਂਡ ਜਾਂ ਮਲੇਸ਼ੀਆ) ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਸੁਨੀਲ ਕੁਮਾਰ ਉਰਫ਼ ਮੋਨੂੰ ਗੁੱਜਰ**-ਸੁਨੀਲ ਕੁਮਾਰ ਉਰਫ਼ ਮੋਨੂੰ ਗੁੱਜਰ, ਵਾਸੀ ਹਾਜੀਪੁਰ (ਹੁਸ਼ਿਆਰਪੁਰ), ਦੇ ਯੂਰਪ ਵਿੱਚ ਹੋਣ ਦਾ ਸ਼ੱਕ ਹੈ ਅਤੇ ਉਹ ਨਸ਼ਾ ਤਸਕਰੀ ਵਿੱਚ ਸ਼ਾਮਲ ਹੈ।

**ਸੁਪਰੀਤ ਸਿੰਘ ਉਰਫ਼ ਹੈਰੀ ਚੱਠਾ**-ਸੁਪਰੀਤ ਸਿੰਘ ਉਰਫ਼ ਹੈਰੀ ਚੱਠਾ, ਵਾਸੀ ਪਿੰਡ ਚੱਠਾ (ਗੁਰਦਾਸਪੁਰ), ਇੱਕ ਬਦਨਾਮ ਗੈਂਗਸਟਰ ਹੈ ਜੋ 2016 ਦੇ ਨਾਭਾ ਜੇਲ੍ਹ ਬ੍ਰੇਕ ਕਾਂਡ ਤੋਂ ਬਾਅਦ ਫ਼ਰਾਰ ਹੈ। ਉਸ ਦੇ ਜਰਮਨੀ ਵਿੱਚ ਲੁਕੇ ਹੋਣ ਦਾ ਸ਼ੱਕ ਹੈ।

**ਸੂਰਿਆ ਪ੍ਰਤਾਪ ਸਿੰਘ ਨੋਨੀ**-ਸੂਰਿਆ ਪ੍ਰਤਾਪ ਸਿੰਘ ਨੋਨੀ, ਵਾਸੀ ਯਮੁਨਾਨਗਰ (ਹਰਿਆਣਾ), ਇੱਕ 24 ਸਾਲਾ ਗੈਂਗਸਟਰ ਹੈ ਜਿਸ 'ਤੇ 20 ਅਪਰਾਧਿਕ ਮਾਮਲੇ ਦਰਜ ਹਨ।

**ਵਿੱਕੀ ਸਿੰਘ ਉਰਫ਼ ਵਿੱਕੀ ਸੱਤੇਵਾਲਾ**-ਵਿਕਰਮਜੀਤ ਸਿੰਘ ਉਰਫ਼ ਵਿੱਕੀ ਸੱਤੇਵਾਲਾ, ਵਾਸੀ ਸੱਤੇਵਾਲਾ (ਫ਼ਿਰੋਜ਼ਪੁਰ), ਗੋਲਡੀ ਬਰਾੜ ਦਾ ਖ਼ਾਸ ਬੰਦਾ ਹੈ। ਉਸ ਦੇ ਯੂਰਪ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਇਸ ਨੇ ਫ਼ਿਰੋਜ਼ਪੁਰ ਵਿੱਚ ਅਪਰਾਧ ਵਧਾਇਆ ਹੈ।

**ਯਾਦਵਿੰਦਰ ਸਿੰਘ ਚਾਂਦੀ**-ਯਾਦਵਿੰਦਰ ਸਿੰਘ ਉਰਫ਼ ਚਾਂਦੀ, ਵਾਸੀ ਸ੍ਰੀ ਮੁਕਤਸਰ ਸਾਹਿਬ, ਦੇ ਇਟਲੀ ਵਿੱਚ ਲੁਕੇ ਹੋਣ ਦਾ ਸ਼ੱਕ ਹੈ ਅਤੇ ਉਸ 'ਤੇ 10 ਤੋਂ ਵੱਧ ਕੇਸ ਦਰਜ ਹਨ।

**ਯਾਦਵਿੰਦਰ ਯਾਦਾ**-ਯਾਦਵਿੰਦਰ ਯਾਦਾ, ਵਾਸੀ ਚੰਬਾ ਕਲਾਂ (ਤਰਨ ਤਾਰਨ), ਲੰਡਾ-ਰਿੰਦਾ ਗੈਂਗ ਦਾ ਮੁੱਖ ਸੰਚਾਲਕ ਹੈ। ਇਸ ਸਮੇਂ ਅਮਰੀਕਾ ਵਿੱਚ ਬੈਠ ਕੇ ਉਹ ਪੰਜਾਬ ਵਿੱਚ ਫਿਰੌਤੀ ਦੇ ਰੈਕੇਟ ਚਲਾ ਰਿਹਾ ਹੈ।

* * * *

# ਈਰਾਨ ਉਪਰ ਅਮਰੀਕੀ ਹਮਲੇ ਦਾ ਡਰ ਵਧਿਆ

## ✪ ਯੂਐੱਸਐੱਸ ਅਬਰਾਹਿਮ ਲਿੰਕਨ ਸਮੇਤ ਵਿਸ਼ਾਲ ਬੇੜਾ ਮੱਧ ਪੂਰਬ ਵੱਲਵਧਿਆ ✪ ਈਰਾਨੀ ਰਿਵੋਲਿਊਸ਼ਨਰੀ ਗਾਰਡ ਦੀ ਚੇਤਾਵਨੀ: "ਉਂਗਲਾਂ ਟ੍ਰਿਗਰ 'ਤੇ, ਪੂਰਾ ਜਵਾਬ ਦੇਵਾਂਗੇ"



ਅਮਰੀਕਾ ਅਤੇ ਈਰਾਨ ਵਿਚਾਲੇ ਵਧ ਰਹੇ ਤਣਾਅ ਨੇ ਵਿਸ਼ਵ ਨੂੰ ਇੱਕ ਨਵੇਂ ਯੁੱਧ ਦੇ ਮੂੰਹ ਵੱਲ ਧੱਕ ਦਿੱਤਾ ਹੈ। ਜਨਵਰੀ 2026 ਵਿੱਚ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਵਾਲੀ ਵਧਦੀ ਹਿੰਸਾ ਨੂੰ ਵੇਖਦੇ ਹੋਏ ਫੌਜੀ ਕਾਰਵਾਈ ਦੇ ਸੰਕੇਤ ਦਿੱਤੇ ਸਨ, ਤਾਂ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਨੂੰ ਤੇਹਰਾਨ ਵਿੱਚ ਭੂਮੀਗਤ ਪਨਾਹਗਾਹ ਵਿੱਚ ਲੁਕੇ ਹੋਏ ਦੱਸਿਆ ਜਾ ਰਿਹਾ ਹੈ। ਇਹ ਦਾਅਵਾ ਈਰਾਨ ਸਰਕਾਰ ਦੇ ਵਿਰੋਧੀ ਮੀਡੀਆ ਨਾਲ ਜੁੜਿਆ ਹੋਇਆ ਹੈ।

ਯਾਦ ਰਹੇ ਕਿ ਜਨਵਰੀ 2026 ਵਿੱਚ ਅਮਰੀਕੀ ਫੌਜੀ ਨੇ ਮੱਧ ਪੂਰਬ ਵਿੱਚ ਆਪਣੀ ਮੌਜੂਦਗੀ ਵਧਾ ਦਿੱਤੀ ਸੀ। ਅਮਰੀਕੀ ਵਿਮਾਨ ਵਾਹਕ ਜਹਾਜ਼ ਯੂਐੱਸਐੱਸ ਅਬਰਾਹਿਮ ਲਿੰਕਨ ਨੇ ਹਿੰਦ ਮਹਾਸਾਗਰ ਰਾਹੀਂ ਮੱਧ ਪੂਰਬ ਵੱਲ ਵਧਣਾ ਸ਼ੁਰੂ ਕਰ ਦਿੱਤਾ ਸੀ ਅਤੇ ਹੁਣ ਇਹ ਈਰਾਨ ਦੇ ਨੇੜੇ ਪਹੁੰਚ ਚੁੱਕਾ ਹੈ। ਟਰੰਪ ਨੇ ਖੁੱਲ੍ਹ ਕੇ ਕਿਹਾ ਹੈ ਕਿ ਵਿਸ਼ਾਲ ਜਹਾਜ਼ਾਂ ਦਾ ਬੇੜਾ ਈਰਾਨ ਵੱਲ ਵਧ ਰਿਹਾ ਹੈ ਅਤੇ ਇਹ ਸਿਰਫ਼ ਸੁਰਖਿਆ ਵਜੋਂ ਹੈ। ਪਰ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅਮਰੀਕਾ ਈਰਾਨ ਉੱਤੇ ਹਮਲਾ ਕਰ ਸਕਦਾ ਹੈ । ਈਰਾਨ ਨੇ ਟਰੰਪ ਨੂੰ ਚੇਤਾਵਨੀ ਦਿੱਤੀ ਹੈ ਕਿ ਤੇਹਰਾਨ ਉੱਤੇ ਕਿਸੇ ਵੀ ਹਮਲੇ ਨੂੰ "ਸਾਡੇ ਵਿਰੋਧ ਵਿੱਚ ਪੂਰਾ ਯੁੱਧ" ਮੰਨਿਆ ਜਾਵੇਗਾ। ਇੱਕ ਸੀਨੀਅਰ ਈਰਾਨੀ ਅਧਿਕਾਰੀ ਨੇ ਕਿਹਾ ਕਿ "ਅਯਾਤੁੱਲਾ ਖਮੇਨੀ ਦਾ ਸ਼ਾਸਨ ਇਹ ਯਕੀਨੀ ਬਣਾਏਗਾ ਕਿ ਅਮਰੀਕਾ ਤੋਂ ਮਿਲ ਰਹੀ ਲਗਾਤਾਰ ਫੌਜੀ ਧਮਕੀ ਦਾ ਮੁਕਾਬਲਾ ਕਰਨ ਲਈ 'ਉਸ ਕੋਲ ਜੋ ਵੀ ਹੈ' ਉਸ ਨੂੰ ਵਰਤੇਗਾ।"

ਰਿਵੋਲਿਊਸ਼ਨਰੀ ਗਾਰਡ ਦੇ ਕਮਾਂਡਰ ਨੇ ਕਿਹਾ ਹੈ ਕਿ ਦੇਸ਼ ਪਹਿਲਾਂ ਨਾਲੋਂ ਵੱਧ ਤਿਆਰ ਹੈ ਅਤੇ ਉਨ੍ਹਾਂ ਦੀ ਉਂਗਲ ਟ੍ਰਿਗਰ ਉੱਤੇ ਹੈ। ਇਹ ਚੇਤਾਵਨੀ ਅਮਰੀਕੀ ਯੁੱਧ ਜਹਾਜ਼ਾਂ ਦੇ ਮੱਧ ਪੂਰਬ ਵੱਲ ਵਧਣ ਵਿਚਕਾਰ ਆਈ ਹੈ। ਈਰਾਨ ਨੇ ਆਪਣੇ ਪ੍ਰੌਕਸੀ ਗਰੁੱਪਾਂ ਜਿਵੇਂ ਹਿਜ਼ਬੁੱਲਾ ਅਤੇ ਹਮਾਸ ਰਾਹੀਂ ਅਮਰੀਕੀ ਅਤੇ ਇਜ਼ਰਾਈਲੀ ਹਿੱਤਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਧਮਕੀਆਂ ਵੀ ਦਿੱਤੀਆਂ ਹਨ। ਈਰਾਨੀ ਅਧਿਕਾਰੀਆਂ ਨੇ ਕਿਹਾ ਹੈ ਕਿ ਜੇ ਅਮਰੀਕਾ ਨੇ ਹਮਲਾ ਕੀਤਾ ਤਾਂ ਉਹ ਅਮਰੀਕੀ ਬੇਸਾਂ, ਇਜ਼ਰਾਈਲ ਅਤੇ ਖਾੜੀ ਵਿੱਚ ਬੇੜਿਆਂ ਨੂੰ ਨਿਸ਼ਾਨਾ ਬਣਾਉਣਗੇ।

ਅਮਰੀਕਾ ਵੱਲੋਂ ਹਮਲੇ ਦੀ ਸੰਭਾਵਨਾ ਦੇ ਕਾਰਨਾਂ ਵਿੱਚ ਸਭ ਤੋਂ ਵੱਡਾ ਕਾਰਨ ਈਰਾਨ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨ ਹਨ। ਦਸੰਬਰ 2025 ਤੋਂ ਸ਼ੁਰੂ ਹੋਏ ਇਹ ਪ੍ਰਦਰਸ਼ਨ ਈਰਾਨੀ ਮੁਦਰਾ ਰਿਆਲ ਦੀ ਗਿਰਾਵਟ ਅਤੇ ਆਰਥਿਕ ਸੰਕਟ ਕਾਰਨ ਵਧੇ ਹਨ। ਈਰਾਨੀ ਸੱਤਾ ਵਿਰੋਧੀ ਪ੍ਰਦਰਸ਼ਨਾਂ ਵਿੱਚ ਹਜ਼ਾਰਾਂ ਲੋਕਾਂ ਦੀ ਮੌਤ ਹੋਣ ਦੀਆਂ ਖ਼ਬਰਾਂ ਹਨ। ਮਨੁੱਖੀ ਅਧਿਕਾਰ ਸੰਗਠਨਾਂ ਨੇ ਕਿਹਾ ਹੈ ਕਿ ਪ੍ਰਦਰਸ਼ਨਕਾਰੀਆਂ ਵਿਰੋਧ ਵਿੱਚ ਹਿੰਸਕ ਕਾਰਵਾਈ ਵਿੱਚ ਮਰਨ ਵਾਲਿਆਂ ਦੀ ਗਿਣਤੀ ਘੱਟੋ-ਘੱਟ 5,002 ਹੋ ਚੁਕੀ ਹੈ। ਟਰੰਪ ਨੇ ਵਾਰ ਵਾਰ ਕਿਹਾ ਹੈ ਕਿ ਈਰਾਨ ਨੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ 800 ਲੋਕਾਂ ਦੀ ਫਾਂਸੀ ਰੋਕ ਦਿੱਤੀ ਹੈ ਅਤੇ ਇਹ ਉਨ੍ਹਾਂ ਦੇ ਦਖਲ ਕਾਰਨ ਹੋਇਆ ਹੈ। ਪਰ ਈਰਾਨ ਨੇ ਇਸ ਨੂੰ ਖਾਰਜ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਹ ਦਾਅਵਾ ਪੂਰੀ ਤਰ੍ਹਾਂ ਗਲਤ ਹੈ। ਈਰਾਨ ਦੇ ਸਿਖਰਲੇ ਸਰਕਾਰੀ ਬੁਲਾਰੇ ਮੁਹੰਮਦ ਮੋਵਾਹੇਦੀ ਨੇ ਕਿਹਾ ਕਿ "ਇਹ ਦਾਅਵਾ ਪੂਰੀ ਤਰ੍ਹਾਂ ਗਲਤ ਹੈ; ਅਜਿਹੀ ਕੋਈ ਗਿਣਤੀ ਉਪਲਬਧ ਨਹੀਂ ਹੈ ਅਤੇ ਨਾ ਹੀ ਨਿਆਇਕ ਪ੍ਰਣਾਲੀ ਨੇ ਅਜਿਹਾ ਕੋਈ ਫੈਸਲਾ ਲਿਆ ਹੈ।"

ਖਾੜੀ ਦੇਸ਼ ਵੀ ਅਮਰੀਕੀ ਹਮਲੇ ਤੋਂ ਡਰ ਰਹੇ ਹਨ। ਉਨ੍ਹਾਂ ਨੇ ਅਮਰੀਕਾ ਨੂੰ ਫੌਜੀ ਕਾਰਵਾਈ ਤੋਂ ਰੋਕਣ ਲਈ ਕਿਹਾ ਹੈ, ਕਿਉਂਕਿ ਇਸ ਨਾਲ ਅਸਥਿਰਤਾ ਵਧੇਗੀ ਅਤੇ ਤੇਲ ਦੀਆਂ ਕੀਮਤਾਂ ਵਧਣਗੀਆਂ। ਅਰਬ ਖਾੜੀ ਦੇਸ਼ ਖਾਸ ਤੌਰ ਉੱਤੇ ਪ੍ਰਭਾਵਿਤ ਹੋਣਗੇ। ਉਨ੍ਹਾਂ ਨੂੰ ਲੱਗਦਾ ਹੈ ਕਿ ਜੇ ਟਰੰਪ ਨੇ ਈਰਾਨ ਉੱਤੇ ਹਮਲਾ ਕੀਤਾ ਤਾਂ ਇੱਕ ਨਵਾਂ ਸੰਤੁਲਨ ਖਰਾਬ ਹੋ ਜਾਵੇਗਾ ਜੋ ਉਨ੍ਹਾਂ ਨੂੰ ਚੁੱਪ ਚਾਪ ਰਿਆਇਤਾਂ ਪ੍ਰਾਪਤ ਕਰਨ ਦਿੰਦਾ ਹੈ।

ਭਾਰਤ-ਈਰਾਨ ਸਬੰਧਾਂ ਨੂੰ ਵੀ ਇਸ ਤਣਾਅ ਨੇ ਪ੍ਰਭਾਵਿਤ ਕੀਤਾ ਹੈ। ਈਰਾਨ ਦੇ ਭਾਰਤ ਵਿੱਚ ਵਿਸ਼ੇਸ਼ ਪ੍ਰਤੀਨਿਧੀ ਡਾਕਟਰ ਅਬਦੁਲ ਮਜੀਦ ਹਕੀਮ ਇਲਾਹੀ ਨੇ ਕਿਹਾ ਹੈ ਕਿ ਈਰਾਨ ਯੁੱਧ ਨਹੀਂ ਚਾਹੁੰਦਾ ਪਰ ਆਪਣੀ ਸੁਰਖਿਆ ਲਈ ਤਿਆਰ ਬਰ ਤਿਆਰ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਸਥਿਤੀ ਵਿਸ਼ਵ ਨੂੰ ਇੱਕ ਨਵੇਂ ਸੰਕਟ ਵੱਲ ਲੈ ਜਾ ਰਹੀ ਹੈ ਅਤੇ ਇਸ ਦੇ ਨਤੀਜੇ ਅਜੇ ਅਸਪੱਸ਼ਟ ਹਨ।

# ਮਿਨੀਆਪੋਲਿਸ ਵਿਚ ਟਰੰਪ ਦੀਆਂ ਨੀਤੀਆਂ ਵਿਰੁੱਧ ਜਨ-ਸੈਲਾਬ ਉਮੜਿਆ, ਬਗਾਵਤ ਤੇਜ਼

## ✪ -29°C ਦੀ ਠੰਢ ਵਿਚ 50,000 ਲੋਕਾਂ ਨੇ ਸੜਕਾਂ 'ਤੇ ਉੱਤਰ ਕੇ ਮਾਰਿਆ ਲਲਕਾਰਾ

ਵਾਸ਼ਿੰਗਟਨ/ਮਿਨੀਆਪੋਲਿਸ-ਅਮਰੀਕਾ ਵਿੱਚ ਰਾਸ਼ਟਰਪਤੀ ਡੋਨਲਡ ਟਰੰਪ ਦੇ ਦੂਜੇ ਕਾਰਜਕਾਲ ਦੀਆਂ ਸਖ਼ਤ ਨੀਤੀਆਂ ਵਿਰੁੱਧ ਬਗਾਵਤ ਦੇ ਸੁਰ ਤੇਜ਼ ਹੋ ਗਏ ਹਨ। ਸ਼ੁੱਕਰਵਾਰ ਨੂੰ ਮਿਨੀਆਪੋਲਿਸ ਦੀਆਂ ਸੜਕਾਂ 'ਤੇ ਇੱਕ ਇਤਿਹਾਸਕ ਪ੍ਰਦਰਸ਼ਨ ਦੇਖਣ ਨੂੰ ਮਿਲਿਆ, ਜਿੱਥੇ ਲਗਭਗ 50,000 ਲੋਕਾਂ ਨੇ ਕੜਾਕੇ ਦੀ ਠੰਢ ਦੀ ਪਰਵਾਹ ਕੀਤੇ ਬਿਨਾਂ ਮਾਰਚ ਕੀਤਾ। ਰੈਲੀ ਦੌਰਾਨ ਤਾਪਮਾਨ ਮਾਈਨਸ 29 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ ਸੀ, ਪਰ ਪ੍ਰਦਰਸ਼ਨਕਾਰੀਆਂ ਦਾ ਗੁੱਸਾ ਇਸ ਠੰਢ 'ਤੇ ਭਾਰੀ ਪਿਆ। ਇਹ ਵਿਰੋਧ ਪ੍ਰਦਰਸ਼ਨ ਖ਼ਾਸ ਤੌਰ 'ਤੇ ਟਰੰਪ ਦੀ ਅਕਰਮਕ ਇਮੀਗ੍ਰੇਸ਼ਨ ਕਾਰਵਾਈ, ਵਧਦੇ ਟੈਰਿਫ਼ ਅਤੇ ਵਿਦੇਸ਼ਾਂ ਵਿੱਚ ਫੌਜੀ ਕਾਰਵਾਈਆਂ ਦੀਆਂ ਧਮਕੀਆਂ ਦੇ ਖਿਲਾਫ਼ ਸੀ।

ਜੇਡੀ ਵੈਂਸ ਦਾ ਦੌਰਾ ਰਿਹਾ ਨਾਕਾਮ-ਪ੍ਰਦਰਸ਼ਨ ਤੋਂ ਇੱਕ ਦਿਨ ਪਹਿਲਾਂ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਮਿਨੀਆਪੋਲਿਸ ਦਾ ਦੌਰਾ ਕੀਤਾ ਸੀ। ਉਨ੍ਹਾਂ ਨੇ ਸਥਾਨਕ ਆਗੂਆਂ ਨਾਲ ਮੁਲਾਕਾਤ ਕਰਕੇ ਤਣਾਅ ਘਟਾਉਣ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਸੀ। ਪਰ ਲੋਕਾਂ ਵਿੱਚ ਗੁੱਸਾ ਇੰਨਾ ਜ਼ਿਆਦਾ ਸੀ ਕਿ ਵੈਂਸ ਦੀ ਅਪੀਲ ਦਾ ਕੋਈ ਅਸਰ ਨਹੀਂ ਹੋਇਆ ਅਤੇ ਅਗਲੇ ਹੀ ਦਿਨ ਪੂਰੇ ਮਿਨੀਸੋਟਾ ਵਿੱਚ ਵਪਾਰਕ ਅਦਾਰੇ ਬੰਦ ਰਹੇ ਅਤੇ ਹਜ਼ਾਰਾਂ ਲੋਕ ਸੜਕਾਂ 'ਤੇ ਉੱਤਰ ਆਏ।

100 ਪਾਦਰੀਆਂ ਦੀ ਗ੍ਰਿਫ਼ਤਾਰੀ-ਵਿਰੋਧ ਦੀ ਲਹਿਰ ਹਵਾਈ ਅੱਡਿਆਂ ਤੱਕ ਵੀ ਪਹੁੰਚ ਗਈ। ਮਿਨੀਆਪੋਲਿਸ-ਸੈਂਟ ਪੌਲ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪ੍ਰਦਰਸ਼ਨ ਕਰ ਰਹੇ ਲਗਭਗ 100 ਪਾਦਰੀਆਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। 'ਫੇਥ ਇਨ ਮਿਨੀਸੋਟਾ' ਗਰੁੱਪ ਅਨੁਸਾਰ, ਇਹ ਪਾਦਰੀ ਸ਼ਾਂਤੀਪੂਰਨ ਤਰੀਕੇ ਨਾਲ ਇਮੀਗ੍ਰੇਸ਼ਨ ਕਾਰਵਾਈਆਂ ਦਾ ਵਿਰੋਧ ਕਰ ਰਹੇ ਸਨ। ਪੁਲਿਸ ਨੇ ਉਨ੍ਹਾਂ 'ਤੇ ਹਵਾਈ ਸੇਵਾਵਾਂ ਵਿੱਚ ਰੁਕਾਵਟ ਪਾਉਣ ਦੇ ਇਲਜ਼ਾਮ ਲਗਾਏ ਹਨ।

ਹਿਰਾਸਤ ਅਤੇ ਹਿੰਸਾ: ਰੇਨੀ ਗੁੱਡ ਦੀ ਮੌਤ ਨੇ ਭੜਕਾਈ ਅੱਗ-ਤਣਾਅ ਵਧਣ ਦਾ ਮੁੱਖ ਕਾਰਨ 7 ਜਨਵਰੀ ਨੂੰ ਹੋਈ ਇੱਕ ਘਟਨਾ ਹੈ, ਜਿੱਥੇ ICE ਏਜੰਟ ਦੀ ਗੋਲੀ ਨਾਲ 37 ਸਾਲਾ ਅਮਰੀਕੀ ਨਾਗਰਿਕ ਰੇਨੀ ਗੁੱਡ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ, ਹਾਲ ਹੀ ਵਿੱਚ ਇੱਕ 5 ਸਾਲ ਦੇ ਬੱਚੇ ਨੂੰ ਉਸਦੇ ਪਿਤਾ ਸਮੇਤ ਸਕੂਲ ਤੋਂ ਘਰ ਆਉਂਦੇ ਸਮੇਂ ਹਿਰਾਸਤ ਵਿੱਚ ਲਿਆ ਗਿਆ, ਜਿਸ ਨੇ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਲੈ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਪ੍ਰਦਰਸ਼ਨਕਾਰੀਆਂ ਨੇ ਬਿਸ਼ਪ ਹੈਨਰੀ ਵ੍ਹਿਪਲ ਫੈਡਰਲ ਬਿਲਡਿੰਗ ਵੱਲ ਜਾਣ ਵਾਲੇ ਰਸਤੇ ਰੋਕ ਦਿੱਤੇ ਅਤੇ ਕਈ ਥਾਵਾਂ 'ਤੇ ਪੁਲਿਸ ਵਾਹਨਾਂ 'ਤੇ ਬਰਫ਼ ਦੇ ਟੁੱਕੜੇ ਸੁੱਟ ਕੇ ਆਪਣਾ ਰੋਸ ਪ੍ਰਗਟਾਇਆ।

### ਕੀ ਇਹ ਟਰੰਪ ਲਈ ਵੱਡੀ ਸਿਰਦਰਦੀ ਬਣੇਗੀ?

ਇਸ ਅੰਦੋਲਨ ਨੂੰ ICE ਆਊਟ ਆਫ਼ ਮਿਨੀਸੋਟਾ: ਏ ਡੇ ਆਫ਼ ਟਰੁਥ ਐਂਡ ਫ੍ਰੀਡਮ" ਦਾ ਨਾਂ ਦਿੱਤਾ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਿਰਫ਼ ਇੱਕ ਰਾਜ ਦਾ ਵਿਰੋਧ ਨਹੀਂ ਹੈ, ਸਗੋਂ ਇਹ ਟਰੰਪ ਸਰਕਾਰ ਵਿਰੁੱਧ ਇੱਕ ਦੇਸ਼ ਵਿਆਪੀ ਲਹਿਰ ਦਾ ਮੁੱਢ ਬਣ ਸਕਦਾ ਹੈ। ਜਿਸ ਤਰ੍ਹਾਂ ਵਿਦਿਆਰਥੀ, ਵਪਾਰੀ, ਪਾਦਰੀ ਅਤੇ ਆਮ ਪਰਿਵਾਰ ਇਸ ਵਿੱਚ ਸ਼ਾਮਲ ਹੋ ਰਹੇ ਹਨ, ਉਹ ਟਰੰਪ ਦੇ ਦੂਜੇ ਕਾਰਜਕਾਲ ਦੀ ਸਥਿਰਤਾ ਲਈ ਇੱਕ ਵੱਡੀ ਚੁਣੌਤੀ ਪੈਦਾ ਕਰ ਰਿਹਾ ਹੈ।



# ਸਰੀ ਵਿੱਚ ਗੈਂਗਸਟਰਾਂ ਵਲੋਂ ਜਬਰਨ ਵਸੂਲੀ ਵਿਰੁੱਧ ਸਥਾਨਕ ਐਮਰਜੈਂਸੀ ਦਾ ਐਲਾਨ

## ✪ ਦੱਖਣੀ ਏਸ਼ੀਆਈ ਅਤੇ ਪੰਜਾਬੀ ਕਾਰੋਬਾਰੀ ਗੈਂਗਸਟਰਾਂ ਦੇ ਨਿਸ਼ਾਨੇ 'ਤੇ




ਸਰੀ-ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਜਬਰਨ ਵਸੂਲੀ ਅਤੇ ਸੰਬੰਧਿਤ ਹਿੰਸਾ ਦੇ ਵਧਦੇ ਮਾਮਲਿਆਂ ਨੂੰ ਲੈ ਕੇ ਸਿਟੀ ਕੌਂਸਲ ਨੇ ਸਥਾਨਕ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਹੈ। ਇਹ ਕੈਨੇਡਾ ਵਿੱਚ ਕਿਸੇ ਅਪਰਾਧ ਵਿਰੁੱਧ ਚੁਣੀ ਹੋਈ ਕੌਂਸਲ ਵੱਲੋਂ ਪਹਿਲੀ ਵਾਰ ਅਜਿਹੀ ਕਾਰਵਾਈ ਹੈ।

ਮੇਅਰ ਬਰੈਂਡਾ ਲੋਕ ਨੇ ਅਗਵਾਈ ਕੀਤੀ ਮੋਸ਼ਨ 26 ਜਨਵਰੀ ਨੂੰ ਪਾਸ ਕੀਤੀ ਗਈ, ਜਿਸ ਵਿੱਚ ਫੈਡਰਲ ਸਰਕਾਰ ਨੂੰ ਰਾਸ਼ਟਰੀ ਐਮਰਜੈਂਸੀ ਘੋਸ਼ਿਤ ਕਰਨ ਜਾਂ ਬਰਾਬਰ ਦੇ ਅਸਾਧਾਰਨ ਕਦਮ ਚੁੱਕਣ ਦੀ ਮੰਗ ਕੀਤੀ ਗਈ ਹੈ। ਮੇਅਰ ਲੋਕ ਨੇ ਕਿਹਾ ਕਿ ਇਹ ਸੰਕਟ ਪਰਿਵਾਰਾਂ ਨੂੰ ਦਹਿਸ਼ਤਜ਼ਦਾ ਕਰ ਰਿਹਾ ਹੈ ਅਤੇ ਕਾਰੋਬਾਰਾਂ ਨੂੰ ਘੇਰੇ ਵਿੱਚ ਲੈ ਰਿਹਾ ਹੈ। ਸਰੀ ਪੁਲੀਸ ਨੇ 2026 ਦੇ ਪਹਿਲੇ ਅੱਧ ਮਹੀਨੇ ਵਿੱਚ 35-36 ਜਬਰਨ ਵਸੂਲੀ ਦੇ ਮਾਮਲੇ ਦਰਜ ਕੀਤੇ, ਜਿਨ੍ਹਾਂ ਵਿੱਚ ਘੱਟੋ-ਘੱਟ 8 ਗੋਲੀਬਾਰੀਆਂ ਸ਼ਾਮਲ ਹਨ। 2025 ਵਿੱਚ 132 ਮਾਮਲੇ ਸਨ, ਜਿਨ੍ਹਾਂ ਵਿੱਚ 49 ਗੋਲੀਬਾਰੀਆਂ ਹੋਈਆਂ ਸਨ। ਇਹ ਅਪਰਾਧ ਮੁੱਖ ਤੌਰ 'ਤੇ ਦੱਖਣੀ ਏਸ਼ੀਆਈ (ਖਾਸ ਕਰਕੇ ਪੰਜਾਬੀ) ਕਾਰੋਬਾਰਾਂ ਅਤੇ ਪਰਿਵਾਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ, ਜਿੱਥੇ ਅਗਿਆਤ ਫੋਨ, ਚਿੱਠੀਆਂ ਜਾਂ ਸੋਸ਼ਲ ਮੀਡੀਆ ਰਾਹੀਂ ਵੱਡੀਆਂ ਰਕਮਾਂ ਮੰਗੀਆਂ ਜਾਂਦੀਆਂ ਹਨ ਅਤੇ ਭੁਗਤਾਨ ਨਾ ਕਰਨ 'ਤੇ ਹਿੰਸਾ ਦੀ ਧਮਕੀ ਦਿੱਤੀ ਜਾਂਦੀ ਹੈ। ਪੰਜਾਬੀ ਗੈਂਗਸਟਰਾਂ ਦੀ ਸਭ ਤੋਂ ਵੱਧ ਸ਼ਮੂਲੀਅਤ ਦੱਸੀ ਜਾ ਰਹੀ ਹੈ, ਜੋ ਅੰਤਰਰਾਸ਼ਟਰੀ ਨੈੱਟਵਰਕ ਨਾਲ ਜੁੜੇ ਹਨ।

ਕੌਂਸਲ ਨੇ ਫੈਡਰਲ ਕਮਿਸ਼ਨਰ ਦੀ ਨਿਯੁਕਤੀ, ਵਾਧੂ ਆਰਸੀਐੱਮਪੀ ਯੂਨਿਟਾਂ, ਗੈਰ-ਨਾਗਰਿਕ ਅਪਰਾਧੀਆਂ ਦੇ ਤੇਜ਼ ਦੇਸ਼ ਨਿਕਾਲੇ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਮਜ਼ਬੂਤ ਕਰਨ ਦੀ ਮੰਗ ਕੀਤੀ ਹੈ। ਭਾਈਚਾਰੇ ਵਿੱਚ ਡਰ ਅਤੇ ਗੁੱਸਾ ਵਧ ਰਿਹਾ ਹੈ, ਕੁਝ ਨੇ ਪੁਲੀਸ ਪ੍ਰਤੀਕਿਰਿਆ ਵਿੱਚ ਨਸਲੀ ਪੱਖਪਾਤ ਦਾ ਦੋਸ਼ ਲਾਇਆ ਹੈ। ਇਹ ਸੰਕਟ ਸਰੀ ਤੋਂ ਬਾਹਰ ਵੀ ਫੈਲ ਰਿਹਾ ਹੈ ਅਤੇ ਕੌਮੀ ਮੁੱਦਾ ਬਣ ਗਿਆ ਹੈ।

# ਨਜ਼ਰਬੰਦ ਗੋਪਾਲ ਸਿੰਘ ਚਾਵਲਾ ਵਲੋਂ ਆਈ. ਐੱਸ. ਆਈ ਤਸ਼ੱਦਦ ਦੇ ਇਲਜ਼ਾਮ

## ✪ ਕਿਹਾ ਕਿ ਗੁਰਦੁਆਰਿਆਂ 'ਤੇ ਕਬਜ਼ੇ ਤੇ ਧਰਮ ਪਰਿਵਰਤਨ ਵਿਰੁੱਧ ਆਵਾਜ਼ ਬਣੀ ਕਾਰਨ



ਅੰਮ੍ਰਿਤਸਰ-ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ 'ਤੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ.ਐੱਸ.ਆਈ. ਵੱਲੋਂ ਕੀਤੇ ਜਾ ਰਹੇ ਤਸ਼ੱਦਦ ਅਤੇ ਪਿਛਲੇ ਤਿੰਨ ਸਾਲਾਂ ਤੋਂ ਨਜ਼ਰਬੰਦ ਰੱਖੇ ਜਾਣ ਦਾ ਮਾਮਲਾ ਵਿਦੇਸ਼ੀ ਇਕੱਠਾਂ ਵਿੱਚ ਗੂੰਜ ਰਿਹਾ ਹੈ। ਸ੍ਰੀ ਨਨਕਾਣਾ ਸਾਹਿਬ ਵਿਖੇ ਕਿਸੇ ਗੁਪਤ ਜਗ੍ਹਾ 'ਤੇ ਨਜ਼ਰਬੰਦ ਚਾਵਲਾ ਨੇ ਆਪਣੇ ਨੇੜਲੇ ਸੰਪਰਕਾਂ ਰਾਹੀਂ ਦਾਅਵਾ ਕੀਤਾ ਹੈ ਕਿ ਉਸ ਨੂੰ ਆਈ.ਐੱਸ.ਆਈ. ਵੱਲੋਂ ਤਿੰਨ ਸਾਲਾਂ ਤੋਂ ਨਜ਼ਰਬੰਦ ਰੱਖਿਆ ਗਿਆ ਹੈ ਚਾਵਲਾ ਨੇ ਕਿਹਾ ਕਿ ਉਸ ਨੂੰ ਜਾਨ ਨੂੰ ਖ਼ਤਰਾ ਹੋਣ ਦਾ ਬਹਾਨਾ ਬਣਾ ਕੇ ਨਜ਼ਰਬੰਦ ਕੀਤਾ ਗਿਆ ਹੈ, ਪਰ ਇਹ ਖ਼ਤਰਾ ਕਿਸੇ ਗੁਆਂਢੀ ਮੁਲਕ ਤੋਂ ਨਹੀਂ ਸਗੋਂ ਆਈ.ਐੱਸ.ਆਈ. ਅਤੇ ਲਹਿੰਦੇ ਪੰਜਾਬ ਦੇ ਇੱਕ ਸਿੱਖ ਆਗੂ ਰਮੇਸ਼ ਸਿੰਘ ਅਰੋੜਾ ਤੋਂ ਹੈ। ਉਸ ਨੇ ਦੋਸ਼ ਲਾਇਆ ਕਿ ਪਾਕਿਸਤਾਨ ਵਿੱਚ ਭੂਮੀ ਮਾਫ਼ੀਆ ਵੱਲੋਂ ਇਤਿਹਾਸਕ ਗੁਰਦੁਆਰਿਆਂ 'ਤੇ ਕਬਜ਼ੇ ਅਤੇ ਸਿੱਖ ਕੁੜੀਆਂ ਦੇ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਉਣ ਵਿਰੋਧ ਵਿੱਚ ਆਵਾਜ਼ ਉਠਾਉਣ ਕਾਰਨ ਉਸ ਨਾਲ ਇਹ ਅੱਤਿਆਚਾਰ ਕੀਤੇ ਜਾ ਰਹੇ ਹਨ। ਉਸ ਨੇ ਦੱਸਿਆ ਕਿ 300 ਤੋਂ ਵੱਧ ਗੁਰਦੁਆਰੇ ਮਾਫ਼ੀਆ ਦੇ ਕੰਟਰੋਲ ਵਿੱਚ ਹਨ ਅਤੇ ਉਨ੍ਹਾਂ ਦੀ ਜ਼ਮੀਨ ਵੇਚੀ ਜਾ ਰਹੀ ਹੈ।

ਚਾਵਲਾ ਨੂੰ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਅਹੁਦੇ ਤੋਂ ਅਸਤੀਫ਼ਾ ਲੈਣ ਲਈ ਮਜਬੂਰ ਕੀਤਾ ਗਿਆ ਅਤੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਚਲਾ ਦਫ਼ਤਰ ਵੀ ਖਾਲੀ ਕਰਵਾ ਲਿਆ ਗਿਆ। ਨਜ਼ਰਬੰਦੀ ਕਾਰਨ ਉਸ ਦਾ ਘਰ ਅਤੇ ਕਾਰੋਬਾਰ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਉਸ ਨੂੰ ਪਰਿਵਾਰ ਨਾਲ ਰਹਿਣ ਦੀ ਇਜਾਜ਼ਤ ਨਹੀਂ ਮਿਲ ਰਹੀ ਅਤੇ ਸਿਰਫ਼ 4-5 ਵਾਰ ਹੀ ਛੋਟੀਆਂ ਮੁਲਾਕਾਤਾਂ ਹੋਈਆਂ ਹਨ। ਚਾਵਲਾ ਨੇ ਵਿਦੇਸ਼ੀ ਸਿੱਖ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਠਾਉਣ ਤਾਂ ਜੋ ਉਸ ਦੀ ਸੁਰੱਖਿਆ ਅਤੇ ਸਿੱਖ ਧਰੋਹਰਾਂ ਦੀ ਰੱਖਿਆ ਹੋ ਸਕੇ।

# ਲੁਧਿਆਣੇ ਦੀ ਧੀ ਨੀਨਾ ਗਿੱਲ ਨੇ ਬਰਤਾਨੀਆ ਦੀ ਸੰਸਦ ਦੇ ਉਪਰਲੇ ਸਦਨ ਹਾਊਸ ਆਫ਼ ਲਾਰਡਜ਼ ਦੀ ਮੈਂਬਰ ਵਜੋਂ ਅਹੁਦਾ ਸੰਭਾਲਿਆ


ਨੀਨਾ ਗਿੱਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖਸ ਫਾਰ ਲੇਬਰ ਦੀ ਚੇਅਰਪਰਸਨ ਨੀਨਾ ਗਿੱਲ ਸੀ ਬੀ ਈ ਨੇ ਹਾਊਸ ਆਫ਼ ਲਾਰਡਜ਼ ਦੀ ਮੈਂਬਰ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਸੌਂਹ ਚੁੱਕ ਕੇ ਲੇਬਰ ਪਾਰਟੀ ਵੱਲੋਂ ਸੰਸਦੀ ਬੈਂਚਾਂ 'ਤੇ ਬੈਠਣ ਵਾਲੀ ਪਹਿਲੀ ਮਹਿਲਾ ਸਿੱਖ ਬਣ ਗਈ ਹੈ। ਜਿਕਰਯੋਗ ਹੈ ਕਿ ਨੀਨਾ ਗਿੱਲ ਯੂਰਪੀਅਨ ਸੰਸਦ ਦੀ ਮੈਂਬਰ ਵੀ ਰਹਿ ਚੁੱਕੀ ਹੈ। ਲੁਧਿਆਣਾ ਦੀ ਜੰਮਪਲ ਨੀਨਾ ਗਿੱਲ ਦੇ ਸਿਆਸੀ ਜੀਵਨ ਦਾ ਲਿਵਰਪੂਲ ਤੋਂ ਬ੍ਰਸੇਲਜ਼ (ਯੂਰਪੀਅਨ ਸੰਸਦ) ਅਤੇ ਹੁਣ ਵੈਸਟਮਿੰਸਟਰ (ਹਾਊਸ ਆਫ ਲਾਰਡ) ਤੱਕ ਦਾ ਇਤਿਹਾਸਕ ਸਫ਼ਰ ਹੈ। ਉਹ ਬਰਤਾਨੀਆਂ ਵੱਲੋਂ 1999 ਵਿੱਚ ਯੂਰਪੀਅਨ ਸੰਸਦ ਦੀ ਪਹਿਲੀ ਏਸ਼ੀਅਨ ਮਹਿਲਾ ਬਣੀ ਸੀ। ਨੀਨਾ ਗਿੱਲ ਨੇ ਲੰਡਨ ਦੀ ਸੰਘਣੀ ਪੰਜਾਬੀ ਵੱਸੋਂ ਵਾਲੇ ਸ਼ਹਿਰ ਸਾਊਥਾਲ ਤੋਂ ਆਪਣੀ ਪ੍ਰਵਾਸੀ ਜ਼ਿੰਦਗੀ ਦੀ ਸ਼ੁਰੂਆਤ ਕੀਤੀ ਸੀ। ਉਹ ਇਥੇ ਦੇ ਸਕੂਲ ਵਿੱਚ ਪੜ੍ਹਦੀ ਰਹੀ ਹੈ। ਲੇਬਰ ਫਾਰ ਸਿੱਖਸ ਦੀ ਚੇਅਰਪਰਸਨ ਨੂੰ ਨਵੇਂ ਸਿਆਸੀ ਸਫ਼ਰ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਐਮ ਪੀ ਗੁਰਿੰਦਰ ਸਿੰਘ ਜੋਸਨ ਨੇ ਕਿਹਾ ਕਿ ਕਿ ਨੀਨਾ ਗਿੱਲ ਕੋਲ ਸਿਆਸੀ ਤਜਰਬਾ ਅਤੇ ਲੋਕ ਸੇਵਾ ਦਾ ਜਜ਼ਬਾ ਹੈ। ਜਿਸ ਨੂੰ ਹੁਣ ਬਰਮਿੰਘਮ ਸ਼ਹਿਰ ਦੀ ਜਵੈਲਰੀ ਕੁਆਰਟਰ ਅਤੇ ਲੰਡਨ ਬੋਰੋ ਆਫ਼ ਈਲਿੰਗ ਵਿੱਚ ਸਾਊਥਾਲ ਦੀ, ਬੈਰੋਨੈਸ ਗਿੱਲ ਸੀ ਬੀ ਆ ਵਜੋਂ ਜਾਣਿਆ ਜਾਵੇਗਾ।


# CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______________________

SON / DAUGHTER / WIFE OF MR ______________________

WHOSE PERMANENT ADDRESS IN INDIA IS ______________________

______________________

AND IS NOW LIVING AT ______________________

______________________ HEREBY GIVE NOTICE OF MY INTENTION

TO CHANGE MY NAME TO ______________________

TEL ______________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

TO PAY BY CREDIT CARD TEL: 01332-372851

Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, NEHA W/O OF MR AMANDEEP SINGH WHOSE PERMANENT ADDRESS IN INDIA IS HOUSE NO. 6 BHARPOOR GARH, TEH: AMLOH, DIST: FATEHGARH SAHIB, 147203, PUNJAB AND NOW LIVING AT 30 HARRINGTON CROFT, WEST BROMWICH, B71 3RJ UK. HEREBY GIVE NOTICE OF MY INTENTION TO CHANGE MY NAME TO NEHA NEHA. (U)

I, JAGDISH KAUR D/O MR CHARAN SINGH BOPARAI WHOSE PERMANENT ADDRESS IN INDIA IS VILLAGE HUSSAINPUR, PO MALRI, TEHSIL NAKODAR, DISTT JALANDHAR, PUNJAB 144040 AND NOW LIVING AT 39 LEOPOLD AVENUE, HANDSWORTH WOOD, BIRMINGHAM B20 1EU HEREBY GIVE NOTICE OF MY INTENTION TO CHANGE MY NAME TO JAGDISH KAUR (GIVEN NAME) BAINS (SURNAME) (U/I)

I, MRS HARPREET W/O MR AVTAR KHAN WHOSE PERMANENT ADRESS IN INDIA IS SIDHSAR COLONY, ALOHRAN KHURD, TEH: NABHA, DIST: PATIALA, PUNJAB 147201 AND NOW LIVING AT 5 TIBBINGTON TERRACE, TIPTON, DY4 9QJ, U.K., HEREBY GIVE NOTICE OF MY INTENTION TO CHANGE MY NAME TO HARPREET RANDHAWA. (U/I)

# ਫਿਲਮ "ਬੇਬੇ ਮੈਂ ਬਦਮਾਸ਼ ਬਣੂੰਗਾ" ਨੇ ਰਿਲੀਜ ਹੋਣ ਤੋਂ ਪਹਿਲਾਂ ਹੀ ਮਾਹੌਲ ਰੰਗੀਨ ਕੀਤਾ

## *ਟ੍ਰੇਲਰ 'ਚੋਂ ਝਲਕ ਰਹੀ ਹੈ ਡਾਇਰੈਕਟਰ ਸੁਖਮਿੰਦਰ ਧੰਜਲ ਦੀ ਮਿਹਨਤ *ਭੋਲੇ ਤੋਂ ਬਦਮਾਸ਼ ਬਣਨ ਤੁਰਿਆ ਜਗਜੀਤ ਸੰਧੂ ਟ੍ਰੇਲਰ ਰਾਂਹੀਂ ਵੀ ਛਾਇਆ

ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ/ ਪੰਜ ਦਰਿਆ ਬਿਊਰੋ) ਪੰਜਾਬੀ ਸਿਨੇਮਾ ਡਾਂਵਾਡੋਲ ਵਾਲੀ ਸਥਿਤੀ 'ਚੋਂ ਬਾਹਰ ਨਹੀਂ ਨਿੱਕਲ ਰਿਹਾ ਸੀ। ਸਿਰਫ ਤੇ ਸਿਰਫ ਵਿਆਹ ਦਾ ਮਾਹੌਲ, ਫੁੱਫੜਾਂ ਪਰਾਹੁਣਿਆਂ ਦੀ ਫੂਹੜ ਜਿਹੀ ਕਾਮੇਡੀ ਨੇ ਦਰਸ਼ਕ ਨੂੰ ਨਿਰਾਸ਼ ਕੀਤਾ ਹੋਇਆ ਹੈ। ਅਜਿਹੇ ਦੌਰ ਵਿੱਚ ਸਾਲ 2026 ਦੀ ਪਹਿਲੀ ਫਿਲਮ "ਬੇਬੇ ਮੈਂ ਬਦਮਾਸ਼ ਬਣੂੰਗਾ" ਬੇਸ਼ੱਕ ਫਰਵਰੀ ਦੇ ਪਹਿਲੇ ਹਫਤੇ ਰਿਲੀਜ ਹੋਣੀ ਹੈ ਪਰ ਉਸਤੋਂ ਪਹਿਲਾਂ ਰਿਲੀਜ ਹੋਏ ਟ੍ਰੇਲਰ ਨੇ ਹੀ ਖੜ੍ਹੇ ਪਾਣੀਆਂ ਵਿੱਚ ਘੜੀ ਦੀ ਡੀਕਰੀ ਦੀ ਤਾਰੀ ਵਾਂਗ ਖੂਬਸੂਰਤ ਜਿਹੀ ਹਿੱਲਜੁੱਲ ਕੀਤੀ ਹੈ।

ਟ੍ਰੇਲਰ ਵਿੱਚ ਫਿਲਮ ਦੇ ਡਾਇਰੈਕਟਰ ਸੁਖਮਿੰਦਰ ਧੰਜਲ ਦੀ ਮਿਹਨਤ ਮੂੰਹੋਂ ਬੋਲਦੀ ਹੈ। ਪਾਤਰਾਂ ਮੂੰਹੋਂ ਬੁਲਵਾਏ ਸੰਵਾਦ ਤੇ ਸਿਰਜੇ ਹੋਏ ਦ੍ਰਿਸ਼ ਟ੍ਰੇਲਰ ਦੇਖਣ ਵਾਲੇ ਨੂੰ ਫਿਲਮ ਦੇਖਣ ਲਈ ਉਕਸਾਉਂਦੇ ਹਨ। ਭੋਲੇ ਦੇ ਕਿਰਦਾਰ ਨਾਲ ਪੰਜਾਬੀ ਫਿਲਮ ਜਗਤ ਵਿੱਚ ਤਰਥੱਲੀ ਮਚਾਉਣ ਵਾਲੇ ਜਗਜੀਤ ਸੰਧੂ ਦਾ ਬਦਮਾਸ਼ ਬਣਨਾ ਵੀ ਦਰਸ਼ਕ ਖੂਬ ਸਰਾਹ ਰਹੇ ਹਨ। ਜਗਜੀਤ ਸੰਧੂ ਦੇ ਮੂੰਹੋਂ ਇੱਕ ਇੱਕ ਬੋਲ ਨੂੰ ਜਿਸ ਸੰਜੀਦਗੀ ਤੇ ਖੂਬਸੂਰਤੀ ਨਾਲ ਬੁਲਵਾਇਆ ਗਿਆ ਹੈ, ਓਹ ਕੰਮ ਸੁਖਮਿੰਦਰ ਧੰਜਲ ਵਰਗਾ ਪ੍ਰਬੀਨ ਨਿਰਦੇਸ਼ਕ ਹੀ ਕਰ ਸਕਦਾ ਹੈ। ਇਹ ਵੀ ਜਿਕਰਯੋਗ ਹੈ ਫਿਲਮ ਦੀ ਕਹਾਣੀ ਵੀ ਸੁਖਮਿੰਦਰ ਧੰਜਲ ਨੇ ਲਿਖੀ ਹੈ। ਪ੍ਰੋਡਿਊਸਰ ਰੁਪਾਲੀ ਤੇ ਜਗਜੀਤ ਸੰਧੂ ਖੁਦ ਹਨ। ਫਿਲਮ ਵਿੱਚ ਜੌਹਰ ਦਿਖਾਉਣ ਵਾਲੇ ਕਲਾਕਾਰਾਂ ਦੀ ਗੱਲ ਕਰੀਏ ਤਾਂ ਜਗਜੀਤ ਸੰਧੂ ਦੇ ਨਾਲ ਹੀਰੋਇਨ ਵਜੋਂ ਅਵੀਰਾ ਸਿੰਘ ਮਸੌਣ ਮੁੱਖ ਭੂਮਿਕਾ 'ਚ ਨਜ਼ਰ ਆਉਣਗੇ। ਦਿੱਗਜ ਕਲਾਕਾਰ ਅਸੀਸ਼ ਦੁੱਗਲ, ਸੰਜੇ ਸੋਲੰਕੀ, ਪਰਮਵੀਰ ਸਿੰਘ, ਸਤਵੰਤ ਕੌਰ, ਰਾਹੁਲ ਜੰਗਰਾਲ, ਇਕੱਤਰ ਸਿੰਘ, ਜੱਸੀ




ਲੌਂਗੋਵਾਲੀਆ, ਗੁਰੀ ਤੂਰ, ਬੇਅੰਤ ਸਿੰਘ ਵੀ ਨਜ਼ਰੀਂ ਪੈਣਗੇ। ਪੰਜ ਦਰਿਆ ਯੂਕੇ ਨਾਲ ਗੱਲਬਾਤ ਦੌਰਾਨ ਡਾਇਰੈਕਟਰ ਸੁਖਮਿੰਦਰ ਧੰਜਲ ਨੇ ਕਿਹਾ ਕਿ "ਅਣਥੱਕ ਮਿਹਨਤ ਦਾ ਫਲ ਉਮੀਦ ਤੋਂ ਵੀ ਵਧੇਰੇ ਮਿੱਠਾ ਹੁੰਦਾ ਹੈ। ਸਾਡੀ ਕੋਸ਼ਿਸ਼ ਹੀ ਇਹ ਐ ਕਿ ਪੰਜਾਬੀ ਫਿਲਮਾਂ ਦੇ ਨਾਂ 'ਤੇ ਦਰਸ਼ਕ ਨੂੰ ਹਾਸੇ ਦੀ ਆੜ 'ਚ ਰੋਣ-ਹਾਕਾ ਨਾ ਕੀਤਾ ਜਾਵੇ। ਦਰਸ਼ਕ ਫਿਲਮ ਦੇਖ ਕੇ ਘਰ ਨੂੰ ਜਾਣ ਵੇਲੇ ਫਿਲਮ ਟੀਮ ਲਈ ਭੱਦੀ ਸ਼ਬਦਾਵਲੀ ਵਰਤ ਕੇ ਟਿਕਟ 'ਤੇ ਪੈਸਿਆਂ ਦੀ ਬਰਬਾਦੀ ਦਾ ਰੋਣਾ ਨਾ ਰੋਵੇ। ਸਾਡੀ ਮਿਹਨਤ ਦਾ ਜਸ ਦਰਸ਼ਕ ਖੁਦ ਗਾਉਣਗੇ, ਜਦੋਂ ਦੇਖਣਗੇ ਕਿ ਜਗਜੀਤ ਸੰਧੂ ਬਦਮਾਸ਼ ਬਣਨਾ ਕਿਉਂ ਚਾਹੁੰਦਾ ਹੈ?" ਸੁਖਮਿੰਦਰ ਧੰਜਲ ਨੇ ਕਿਹਾ ਪੰਜਾਬੀ ਫਿਲਮ ਜਗਤ ਤੋਂ ਉਮੀਦਾਂ ਲਾਈ ਬੈਠੇ ਦਰਸ਼ਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਹਲਕੇ ਪੱਧਰ ਦੀ ਕਾਮੇਡੀ 'ਚੋਂ ਬਾਹਰ ਨਿਕਲਣ ਦੀ ਲੋੜ ਸੀ, ਅਸੀਂ ਓਸੇ ਕੋਸ਼ਿਸ਼ ਨੂੰ ਅਮਲੀ ਜਾਮਾ ਪਹਿਨਾਇਆ ਹੈ। ਫਿਲਮ "ਬੇਬੇ ਮੈਂ ਬਦਮਾਸ਼ ਬਣੂੰਗਾ" ਦਾ ਟ੍ਰੇਲਰ ਦੇਖਦਿਆਂ ਮਹਿਸੂਸ ਹੁੰਦਾ ਹੈ ਕਿ ਸੁਖਮਿੰਦਰ ਧੰਜਲ ਇਸ ਫ਼ਿਲਮ ਰਾਹੀਂ ਕੁਝ ਨਿਵੇਕਲਾ ਕਰਨ ਜਾ ਰਹੇ ਹਨ। ਪੰਜਾਬੀ ਫਿਲਮ ਜਗਤ ਦੀ ਚੜ੍ਹਦੀ ਕਲਾ ਲਈ ਉਮੀਦਵਾਨ ਹੁੰਦਿਆਂ ਦੁਆ ਕਰਦੇ ਹਾਂ ਕਿ ਇਸ ਵਰ੍ਹੇ ਦੀ ਪਹਿਲੀ ਫਿਲਮ ਦਰਸ਼ਕਾਂ ਨੂੰ ਪਸੰਦ ਆਵੇ ਤੇ ਪੰਜਾਬੀ ਸਿਨੇਮਾ ਦੇ ਵੀ ਭਲੇ ਦਿਨ ਪਰਤਣ।

# ਲੰਡਨ ਵਿੱਚ ਪਹਿਲੀ ਵਾਰ ਝਾਰਖੰਡ ਦੀ 25ਵੀਂ ਵਰ੍ਹੇਗੰਢ ਮਨਾਈ



ਝਾਰਖੰਡ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਮੰਤਰੀ ਹੇਮੰਤ ਸੋਰੇਨ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਦੇ ਸੂਬੇ ਝਾਰਖੰਡ ਦੇ 25 ਸਾਲ ਪੂਰੇ ਹੋਣ 'ਤੇ ਲੰਡਨ ਵਿੱਚ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਰਾਜ ਦੀ ਸੰਘਰਸ਼ਪੂਰਨ ਯਾਤਰਾ, ਸੱਭਿਆਚਾਰਕ ਵਿਰ-ਾਸਤ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦੀ ਝਲਕ ਦੇਖਣ ਨੂੰ ਮਿਲੀ। ਉਕਤ ਸਮਾਗਮ ਵਿੱਚ ਮੁੱਖ ਮੰਤਰੀ ਹੇਮੰਤ ਸੋਰੇਨ ਮੁੱਖ ਮਹਿਮਾਨ ਵਜੋਂ ਪਹੁੰਚੇ। ਸਮਾਗਮ ਵਿੱਚ ਯੂ ਕੇ ਵਿੱਚ ਪੜ੍ਹ ਰਹੇ ਸੂਬੇ ਦੇ ਵਿਦਿਆਰਥੀਆਂ ਅਤੇ ਕਾਰਜਸ਼ੀਲ ਨੌਜਵਾਨਾਂ, ਖੋਜੀਆਂ ਅਤੇ ਉੱਦਮੀਆਂ ਨੇ ਉਤਸ਼ਾਹ ਨਾਲ ਭਾਗ ਲਿਆ।

ਪ੍ਰੋਗਰਾਮ ਵਿੱਚ ਮਾਰੰਗ ਗੋਮਕੇ ਓਵਰਸੀਜ਼ ਸਕੋਲਰਸ਼ਿਪ ਯੋਜਨਾ ਅਤੇ ਚੇਵਨੀਂਗ ਮਰਾਂਗ ਗੋਮਕੇ ਸਕੋਲਰਜ਼ ਦੇ ਤਹਿਤ ਯੂ ਕੇ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰ ਰਹੇ ਹਨ ਵਿਦਿਆਰਥੀਆਂ ਸਮੇਤ ਕੁੱਲ ਲਗਭਗ 150 ਪ੍ਰਤਿਭਾਸ਼ਾਲੀ ਸ਼ਾਮਲ ਹਨ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਭਾਰਤੀ ਰਾਜ ਦੀ ਸਰਕਾਰ ਨੇ ਵਿਦੇਸ਼ ਵਿੱਚ ਆਪਣੇ ਵਿਦਿਆਰਥੀਆਂ, ਯਾਤਰੀਆਂ ਅਤੇ ਕਾਰੋਬਾਰੀਆਂ ਲਈ ਅਜੇਹਾ ਪ੍ਰੋਗਰਾਮ ਆਯੋਜਿਤ ਕੀਤਾ ਹੈ।

ਇਸ ਮੌਕੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਕਿਹਾ ਕਿ ਝਾਰਖੰਡ ਦੀ ਵਿਕਾਸ ਯਾਤਰਾ ਅੱਗੇ ਵਧਣ ਦੀ ਕਹਾਣੀ ਹੈ, ਜਿੱਥੇ ਵਿਕਾਸ ਅਤੇ ਕੁਦਰਤ ਦੀ ਸੰਭਾਵਨਾ ਵਿਚਕਾਰ ਸੰਤੁਲਨ ਹੈ। ਉਨ੍ਹਾਂ ਨੇ ਕਿਹਾ ਕਿ ਮਰੰਗ ਗੋਮਕੇ ਜੈਪਾਲ ਸਿੰਘ ਮੁੰਡਾ ਅਤੇ ਬਾਬਾ ਦਿਸ਼ੋਮ ਗੁਰੂ ਜੀ ਦੇ ਵਿਚਾਰ, ਗਰੀਬੀ, ਆਤਮ ਸਨਮਾਨ ਅਤੇ ਨਿਆਂ, ਅੱਜ ਵੀ ਝਰਖੰਡ ਦੀ ਦਿਸ਼ਾ ਤੈਅ ਕਰ ਰਹੇ ਹਨ। ਰਾਜ ਤੁਹਾਡੇ ਨਾਲ ਹੀ ਵਧਦਾ ਹੈ।

ਪ੍ਰੋਗਰਾਮ ਦੇ ਦੌਰਾਨ ਝਾਰਖੰਡ ਦੀਆਂ ਪ੍ਰੰਪਰਾਵਾਂ ਅਤੇ ਸਭਿਆਚਾਰ ਦੀ ਵੀ ਝਲਕ ਦੇਖਣ ਨੂੰ ਮਿਲੀ।

# ਲੰਡਨ ਵਿੱਚ ਭਾਰਤੀ ਮੂਲ ਦੇ ਵਿਅਕਤੀ ਵੱਲੋਂ ਪਤਨੀ ਦੀ ਹੱਤਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੂਰਬੀ ਲੰਡਨ ਦੇ ਸ਼ਹਿਰ ਇਲਫੋਰਡ ਵਿਖੇ ਭਾਰਤੀ ਮੂਲ ਦੇ ਇੱਕ 57 ਸਾਲਾ ਵਿਅਕਤੀ ਦਲੀਪ ਚੱਢਾ ਨੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਹੈ।ਪੁਲਸ ਨੇ ਮੁਲਜ਼ਮ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।ਮੈਟਰੋਪੋਲੀਟਨ ਪੁਲਸ ਮੁਤਾਬਿਕ ਇਹ ਘਟਨਾ ਮੰਗਲਵਾਰ ਤੜਕੇ ਕਰੀਬ 4 ਵਜੇ ਇਲਫੋਰਡ ਦੀ ਐਪਲਗਾਰਥ ਡਰਾਈਵ ਸਥਿਤ ਇੱਕ ਘਰ ਵਿੱਚ ਵਾਪਰੀ ਹੈ। ਮੌਕੇ 'ਤੇ ਪਹੁੰਚੀ ਪੁਲਸ ਨੇ ਘਰ ਦੇ ਅੰਦਰੋਂ ਮਹਿਲਾ ਦੀ ਲਾਸ਼ ਬਰਾਮਦ ਕੀਤੀ ਹੈ। ਮੁਲਜ਼ਮ ਦੀ ਪਛਾਣ 57 ਸਾਲਾ ਦਲੀਪ ਚੱਢਾ ਵਜੋਂ ਹੋਈ। ਜਦੋਂਕਿ ਮ੍ਰਿਤਕਾ ਦੀ ਪਛਾਣ ਮੁਲਜ਼ਮ ਦੀ ਪਤਨੀ 58 ਸਾਲਾ ਵੈਨੇਸਾ ਪੌਂਟਨੀ ਚੱਢਾ ਵਜੋਂ ਹੋਈ ਹੈ। ਮੁਲਜ਼ਮ ਦਲੀਪ ਚੱਢਾ ਨੂੰ ਬੁੱਧਵਾਰ ਨੂੰ ਬਾਰਕਿੰਗਸਾਈਡ ਮੈਜਿਸਟ੍ਰੇਟ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਵਿਸ਼ੇਸ਼ ਸਿਖਲਾਈ ਪ੍ਰਾਪਤ ਅਧਿਕਾਰੀਆਂ ਵੱਲੋਂ ਮਦਦ ਦਿੱਤੀ ਜਾ ਰਹੀ ਹੈ।ਪੁਲਸ ਨੇ ਫਿਲਹਾਲ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਕਤਲ ਦੇ ਪਿੱਛੇ ਕੀ ਕਾਰਨ ਸਨ। ਜਾਂਚ ਅਧਿਕਾਰੀ ਇਲਾਕੇ ਦੇ ਲੋਕਾਂ ਤੋਂ ਪੁੱਛਗਿੱਛ ਕਰ ਰਹੇ ਹਨ ਅਤੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਪੁਲਸ ਨੇ ਲੋਕਾਂ ਨੂੰ ਜਾਣਕਾਰੀ ਦੇਣ ਲਈ ਤੁਰੰਤ ਸੰਪਰਕ ਕਰਨ ਦੀ ਬੇਨਤੀ ਕੀਤੀ ਹੈ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਇੰਗਲੈਂਡ ‘ਚ ਸ਼ਰਧਾ ਨਾਲ ਮਨਾਇਆ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਖ਼ਾਲਸਾ ਪੰਥ ਦੇ ਮਹਾਨ ਸ਼ਹੀਦ, ਧਰਮ ਅਤੇ ਕੌਮ ਦੀ ਰੱਖਿਆ ਲਈ ਅਦੁੱਤੀ ਬਲਿਦਾਨ ਦੇਣ ਵਾਲੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੇ ਮੌਕੇ ‘ਤੇ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਥਿਤ ਗੁਰਦੁਆਰਾ ਸਾ-ਹਬਾਨ ਵਿੱਚ ਵਿਸ਼ਾਲ ਧਾਰਮਿਕ ਸਮਾਗਮ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਏ ਗਏ। ਇਨ੍ਹਾਂ ਸਮਾਗਮਾਂ ਵਿੱਚ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਗੁਰੂ ਚਰਨਾਂ ਵਿੱਚ ਹਾਜ਼ਰੀ ਭਰੀ ਗਈ। ਲੈਸਟਰ, ਲੰਡਨ, ਬਰਮਿੰਘਮ, ਕੋਵੈਂਟਰੀ, ਸਲਾਊ, ਗਰੇਵਜ਼ਐਂਡ ਅਤੇ ਹੋਰ ਸ਼ਹਿਰਾਂ ਦੇ ਗੁਰਦੁਆਰਾ ਸਾਹਿਬਾਨ ਵਿੱਚ ਸਵੇਰ ਤੋਂ ਹੀ ਗੁਰੂ ਘਰਾਂ ਦੀ ਰੌਣਕ ਬਣੀ ਰਹੀ। ਸ੍ਰੀ ਆਖੰਡ ਪਾਠ ਸਾਹਿਬਾਂ ਦੇ ਭੋਗ ਪਾਏ ਗਏ ਅਤੇ ਉਪਰਾਂਤ ਗੁਰਬਾਣੀ ਕੀਰਤਨ ਦਰਬਾਰ ਸਜਾਏ ਗਏ। ਕੀਰਤਨੀਆਂ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ, ਤਿਆਗ ਅਤੇ ਅਟੱਲ ਸ਼ਰਧਾ ਨੂੰ ਗੁਰਬਾਣੀ ਰਾਹੀਂ ਸੰਗਤ ਸਾਹਮਣੇ ਰੱਖਿਆ। ਕਥਾਵਾਚਕਾਂ ਵੱਲੋਂ ਕੀਤੀ ਗਈ ਕਥਾ ਦੌਰਾਨ ਬਾਬਾ ਦੀਪ ਸਿੰਘ ਜੀ ਦੇ ਜੀਵਨ, ਉਨ੍ਹਾਂ ਧੀ ਗੁਰੂ ਘਰ ਨਾਲ ਅਟੁੱਟ ਨਿਸ਼ਠਾ ਅਤੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਲਈ ਦਿੱਤੀ ਗਈ ਅਮਰ ਸ਼ਹਾਦਤ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਕਥਾਵਾਂ ਦੌਰਾਨ ਕਿਹਾ ਗਿਆ ਕਿ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਦਾ ਉਹ ਸੁਨਹਿਰਾ ਅਧਿਆਇ ਹੈ, ਜੋ ਹਰ ਸਿੱਖ ਨੂੰ ਅਟੱਲ ਹੌਸਲੇ, ਸੱਚ ਅਤੇ ਧਰਮ ਦੇ ਰਸਤੇ ‘ਤੇ ਤੁਰਨ ਦੀ ਪ੍ਰੇਰਣਾ ਦਿੰਦਾ ਹੈ। ਸਮਾਗਮਾਂ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਥਾਨਕ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੋਂ ਸਿੱਖਿਆ ਲੈ ਕੇ ਨੌਜਵਾਨ ਪੀੜ੍ਹੀ ਨੂੰ ਆਪਣੀ ਕੌਮੀ ਅਤੇ ਧਾਰਮਿਕ ਪਛਾਣ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬਾਨ ਦੇ ਦਰਸਾਏ ਰਸਤੇ ‘ਤੇ ਤੁਰਦਿਆਂ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ ਜਾਵੇ। ਧਾਰਮਿਕ ਸਮਾਗਮਾਂ ਮੌਕੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ, ਜਿਸ ਵਿੱਚ ਹਰ ਵਰਗ ਦੇ ਲੋਕਾਂ ਨੇ ਬੈਠ ਕੇ ਪ੍ਰਸਾਦ ਛਕਿਆ। ਲੰਗਰ ਸੇਵਾ ਦੌਰਾਨ ਸੇਵਾਦਾਰਾਂ ਵੱਲੋਂ ਪੂਰੀ ਨਿਮਰਤਾ ਅਤੇ ਸ਼ਰਧਾ ਨਾਲ ਸੇਵਾ ਨਿਭਾਈ ਗਈ। ਸਮੂਹ ਸਮਾਗਮ ਸ਼ਾਂਤੀਪੂਰਕ ਅਤੇ ਗੁਰਮਤਿ ਮਰਯਾਦਾ ਅਨੁਸਾਰ ਸੰਪੰਨ ਹੋਏ। ਸੰਗਤਾਂ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਗੁਰੂ ਚਰਨਾਂ ਵਿੱਚ ਅਰਦਾਸ ਕਰਦਿਆਂ ਪੰਥ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।

# ਡਰਬੀ ਦੇ ਪੰਥਕ ਇਕੱਠ ਨੇ ਗੁਰਪ੍ਰੀਤ ਸਿੰਘ 'ਤੇ ਲੱਗੀਆਂ ਪਾਬੰਦੀਆਂ ਦਾ ਕੀਤਾ ਵਿਰੋਧ

## ਕਾਨੂੰਨੀ ਅਤੇ ਸਿਆਸੀ ਲੜਾਈ ਲੜਨ ਲਈ ਸਿੱਖ ਕੌਮ ਨੂੰ ਇਕਜੁੱਟ ਹੋਣ ਦਾ ਦਿੱਤਾ ਸੱਦਾ

ਬੀਤੇ ਸ਼ਨਿੱਚਰਵਾਰ 24 ਜਨਵਰੀ 2026 ਨੂੰ ਬਾਬਾ ਬੰਦਾ ਸਿੰਘ ਬਹਾਦਰ ਹਾਲ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਵਿਸ਼ਾਲ ਪੰਥਕ ਇਕੱਠ ਵਿੱਚ ਯੂ ਕੇ ਦੇ ਇਲਾਵਾ, ਯੂਰਪ, ਅਮਰੀਕਾ ਅਤੇ ਕੈਨੇਡਾ ਆਦਿ ਤੋਂ ਸਿੱਖ ਆਗੂਆਂ ਨੇ ਆ ਕੇ ਸ਼ਿਰਕਤ ਕੀਤੀ। ਯੂ ਕੇ ਸਰਕਾਰ ਦੁਆਰਾ ਗੁਰਪ੍ਰੀਤ ਸਿੰਘ ਰੀਹਲ ਅਤੇ ਹੋਰ ਸਿੱਖ ਨੌਜਵਾਨਾਂ ਉਤੇ ਲਾਈਆਂ ਗਈਆਂ ਪਾਬੰਦੀਆਂ ਦਾ ਸਖਤ ਵਿਰੋਧ ਕਰਦਿਆਂ, ਕਾਨੂੰਨੀ ਲੜਾਈ ਲੜਨ ਦਾ ਅਹਿਦ ਕੀਤਾ ਗਿਆ ਤਾਂ ਜੋ ਸਿੱਖ ਨੌਜਵਾਨਾਂ ਨੂੰ ਇਨਸਾਫ਼ ਦਿਵਾਇਆ ਜਾਵੇ।

ਖ਼ਬਰ ਅੰਦਰ ਪੰਨਾ 9 'ਤੇ ਦੇਖੋ:












ਜਾਰੀ ਕਰਤਾ – WORLD SIKH PARLIAMENT

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਹਿੰਦੂ ਭਾਈਚਾਰੇ ਦੇ ਮਨ ਵਿਚ ਘੱਟ ਗਿਣਤੀ ਕੌਮਾਂ ਪ੍ਰਤੀ ਡਰ ਕਿੰਨੇ ਭਰਿਆ ?

ਪ੍ਰੋਫੈਸਰ ਅਪੂਰਵਾਨੰਦ





ਇੱਕ ਨੌਜਵਾਨ ਅਧਿਆਪਕ ਨੇ ਕਿਹਾ ਕਿ ਅੱਜ ਤੱਕ ਮੇਰੇ ਨਾਲ ਇਹ ਕਦੇ ਨਹੀਂ ਹੋਇਆ। ਪਰ ਹੁਣ ਮੈਨੂੰ ਡਰ ਲੱਗਣ ਲੱਗਾ ਹੈ। ਮੈਂ ਡਰ ਵਿੱਚ ਘਿਰਿਆ ਰਹਿੰਦਾ ਹਾਂ। ਇੱਕ ਨੌਜਵਾਨ ਪ੍ਰਸ਼ਾਸਨਿਕ ਅਧਿਕਾਰੀ ਨੇ ਅਫ਼ਸੋਸ ਨਾਲ ਕਿਹਾ ਕਿ ਮੈਂ ਤੁਹਾਨੂੰ ਮਿਲ ਕੇ ਹੀ ਗੱਲ ਕਰਾਂਗਾ। ਫ਼ੋਨ ਦਾ ਕੋਈ ਭਰੋਸਾ ਨਹੀਂ। ਇਹੀ ਗੱਲ ਇੱਕ ਸੇਵਾਮੁਕਤ ਅਧਿਕਾਰੀ ਨੇ ਕਹੀ ਜੋ ਸਰਕਾਰ ਦੇ ਉੱਚੇ ਅਹੁਦਿਆਂ 'ਤੇ ਰਹਿ ਚੁੱਕੇ ਹਨ: "ਫ਼ੋਨ 'ਤੇ ਗੱਲ ਕਰਨਾ ਠੀਕ ਨਹੀਂ, ਮਿਲ ਕੇ ਹੀ ਇਸ ਵਿਸ਼ੇ 'ਤੇ ਚਰਚਾ ਕਰਦੇ ਹਾਂ।"

ਕੁਝ ਵਿਦਿਆਰਥੀਆਂ ਨੇ ਦੱਸਿਆ ਕਿ "ਅਸੀਂ ਗੋਸ਼ਠੀ (ਸੈਮੀਨਾਰ) ਕਰਨਾ ਤਾਂ ਚਾਹੁੰਦੇ ਹਾਂ ਪਰ ਸਾਨੂੰ ਡਰ ਲੱਗਦਾ ਹੈ।

ਇੱਕ ਨਿੱਜੀ ਯੂਨੀਵਰਸਿਟੀ ਦੀ ਅਧਿਆਪਕਾ ਨੇ ਦੱਸਿਆ ਕਿ ਇੱਕ ਮਸ਼ਹੂਰ ਪੋਡਕਾਸਟ-ਲੜੀ ਵਿੱਚ (ਜੋ ਸਰਕਾਰ ਦੀ ਆਲੋਚਨਾ ਲਈ ਜਾਣੀ ਜਾਂਦੀ ਹੈ) ਹਿੱਸਾ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਉਨ੍ਹਾਂ ਦੇ ਸਾਹਮਣੇ ਲੰਬਾ ਕਰੀਅਰ ਪਿਆ ਹੈ, ਇਸ ਪੋਡਕਾਸਟ ਵਿੱਚ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਸੋਚ ਲੈਣਾ ਚਾਹੀਦਾ ਹੈ। ਮੈਂ ਹੈਰਾਨ ਸੀ ਕਿ ਇਸ ਲੁਕਵੀਂ ਧਮਕੀ ਦੇ ਬਾਵਜੂਦ ਉਹ ਉਸ ਪੋਡਕਾਸਟ ਵਿੱਚ ਸ਼ਾਮਲ ਹੋਈ। ਇਹ ਹਿੰਮਤ ਇੱਕ ਅਪਵਾਦ ਹੈ। ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਹੈ ਕਿ ਅਜਿਹੇ ਦਰਜਨਾਂ ਅਧਿਆਪਕ ਹੋਣਗੇ ਜਿਨ੍ਹਾਂ ਨੇ ਅਜਿਹੇ ਪ੍ਰੋਗਰਾਮਾਂ ਵਿੱਚ ਖ਼ੁਦ ਹੀ ਜਾਣਾ ਬੰਦ ਕਰ ਦਿੱਤਾ ਹੋਵੇਗਾ।

ਇੱਕ ਕੁਲੀਗ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਨੌਜਵਾਨ ਅਧਿਆਪਕ ਨੇ ਕੈਂਪਸ ਦੇ ਬਾਹਰ ਹੋਈ ਮੁਲਾਕਾਤ ਵਿੱਚ ਦੱਸਿਆ ਕਿ ਫੈਕਲਟੀ ਦੇ ਗਲਿਆਰੇ ਵਿੱਚ ਉਨ੍ਹਾਂ ਨੂੰ ਮਿਲਣ ਤੋਂ ਮਨ੍ਹਾ ਕੀਤਾ ਗਿਆ ਹੈ। ਇੱਕ ਹੋਰ ਨੌਜਵਾਨ ਅਧਿਆਪਕ ਮਿਲਿਆ ਅਤੇ ਉਸਨੇ ਕਿਹਾ, "ਤੁਹਾਨੂੰ ਬੁਲਾਉਣਾ ਤਾਂ ਬਹੁਤ ਚਾਹੁੰਦੇ ਸੀ ਪਰ ਬੁਲਾ ਨਹੀਂ ਸਕਦੇ।" ਕਈ ਅਧਿਆਪਕ ਜਾਂ ਵਿਦਵਾਨ ਆਪਣੇ ਨਾਲ ਹੋਈ ਅਜਿਹੀ ਗੱਲਬਾਤ ਦੇ ਕਈ ਕਿੱਸੇ ਸੁਣਾ ਸਕਦੇ ਹਨ। ਇਹ ਜਿਵੇਂ ਉਨ੍ਹਾਂ 'ਤੇ ਹੀ ਦੋਸ਼ ਲੱਗਦਾ ਹੋਵੇ: "ਤੁਸੀਂ ਅਜਿਹੀ ਸਥਿਤੀ ਹੀ ਪੈਦਾ ਕੀਤੀ ਹੈ ਕਿ ਤੁਹਾਨੂੰ ਸੱਦਾ ਦੇਣਾ ਸੰਭਵ ਨਹੀਂ ਰਹਿ ਗਿਆ।" ਜਿਹੜੇ ਇਹ ਬੋਲਦੇ ਹਨ, ਉਹ ਇਹ ਸਵੀਕਾਰ ਨਹੀਂ ਕਰਨਾ ਚਾਹੁੰਦੇ ਕਿ ਅਸਲ ਵਿੱਚ ਉਹ ਭੈਅਭੀਤ ਹਨ ਅਤੇ ਆਪਣੇ ਲਈ ਕੋਈ ਮੁਸੀਬਤ ਪੈਦਾ ਨਹੀਂ ਕਰਨਾ ਚਾਹੁੰਦੇ।

## ਨੌਕਰੀ ਅਤੇ ਸੋਸ਼ਲ ਮੀਡੀਆ

ਜਿਹੜੇ ਨੌਕਰੀ ਦੇ ਉਮੀਦਵਾਰ ਹਨ, ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਜਾਂ ਤਾਂ ਬੰਦ ਕਰ ਦਿੱਤੇ ਹਨ ਜਾਂ ਮਿਟਾ ਦਿੱਤੇ ਹਨ। ਅਸੀਂ ਉਨ੍ਹਾਂ ਦੀ ਗੱਲ ਕਰ ਰਹੇ ਹਾਂ ਜੋ ਇਸ ਤੋਂ ਪਹਿਲਾਂ ਤੱਕ ਇਸ ਸੱਤਾ ਦੇ ਆਲੋਚਕ ਰਹੇ ਹਨ। ਉਨ੍ਹਾਂ ਵਿੱਚੋਂ ਕੁਝ ਹੁਣ ਸਰਗਰਮ ਰੂਪ ਵਿੱਚ ਸੱਤਾ ਦੀ ਪ੍ਰਸ਼ੰਸਾ ਕਰਦੇ ਦੇਖੇ ਜਾ ਸਕਦੇ ਹਨ। ਮਿਲਣ 'ਤੇ ਉਹ ਕਹਿੰਦੇ ਹਨ ਕਿ ਅੰਦਰੋਂ ਉਹ ਪਹਿਲਾਂ ਵਰਗੇ ਹੀ ਹਨ। ਤੁਸੀਂ ਸੋਚਦੇ ਰਹਿ ਜਾਂਦੇ ਹੋ ਕਿ ਇਹ ਦੂਹਰੀ ਜ਼ਿੰਦਗੀ ਉਹ ਕਿਵੇਂ ਜੀਅ ਪਾਉਂਦੇ ਹਨ।

## ਮੀਡੀਆ ਦੀ ਹਾਲਤ

ਸਮਝਦਾਰ ਸੰਪਾਦਕਾਂ ਦੀ ਅਗਵਾਈ ਵਿੱਚ ਛਪਣ ਵਾਲੇ ਅਖ਼ਬਾਰਾਂ ਵਿੱਚ ਜਦੋਂ ਅਜੀਬ ਖ਼ਬਰਾਂ ਜਾਂ ਨਫ਼ਰਤ ਭਰੇ ਲੇਖ ਛਪਦੇ ਹਨ ਅਤੇ ਤੁਸੀਂ ਸਵਾਲ ਕਰਦੇ ਹੋ, ਤਾਂ ਉਹ ਜਵਾਬ ਨਹੀਂ ਦਿੰਦੇ। ਜੇਕਰ ਉਹ ਉੱਤਰ ਦਿੰਦੇ ਵੀ ਹਨ, ਤਾਂ ਬਹੁਤ ਕਮਜ਼ੋਰ ਦਲੀਲ ਦਿੰਦੇ ਹਨ। ਇੱਕ ਨੇ ਕਿਹਾ, "ਅਸੀਂ ਇਹ ਸਭ ਇਸ ਲਈ ਛਾਪਦੇ ਹਾਂ ਤਾਂ ਜੋ ਤੁਹਾਡੇ ਵਰਗੇ ਲੋਕਾਂ ਲਈ ਜਗ੍ਹਾ ਬਚਾਈ ਜਾ ਸਕੇ।" ਹਿੰਦੀ ਦੇ ਅਖ਼ਬਾਰ ਤਾਂ ਹੁਣ ਕਈ ਲੇਖਕਾਂ ਨੂੰ ਛਾਪਦੇ ਹੀ ਨਹੀਂ।

## ਸਿੱਖਿਆ ਅਤੇ ਕਲਾ 'ਤੇ ਹਮਲਾ

ਡਰ ਚਾਰੇ ਪਾਸੇ ਪਹਿਰਾ ਦੇ ਰਿਹਾ ਹੈ। ਕਲਪਨਾ ਕਰੋ ਉਸ ਅਧਿਆਪਕ ਦੀ ਜੋ ਡਰ ਵਿੱਚ ਘਿਰਿਆ ਹੈ, ਉਹ ਕਲਾਸ ਵਿੱਚ ਆਜ਼ਾਦ ਹੋ ਕੇ ਕਿਵੇਂ ਪੜ੍ਹਾਏਗਾ ? ਉਨ੍ਹਾਂ ਨੂੰ ਡਰ ਹੈ ਕਿ ਕੋਈ ਉਨ੍ਹਾਂ ਦਾ ਲੈਕਚਰ ਰਿਕਾਰਡ ਕਰਕੇ ਪ੍ਰਸਾਰਿਤ ਕਰ ਦੇਵੇਗਾ, ਜਿਸ ਤੋਂ ਬਾਅਦ ਉਨ੍ਹਾਂ 'ਤੇ ਮੁਕੱਦਮਾ ਜਾਂ ਸਰੀਰਕ ਹਮਲਾ ਹੋ ਸਕਦਾ ਹੈ।

ਪ੍ਰਕਾਸ਼ਕ ਹੁਣ ਪੁਰਾਣੇ ਲੇਖਕਾਂ ਦੀਆਂ ਕਿਤਾਬਾਂ ਦੀ ਵੀ ਵਾਰ-ਵਾਰ ਕਾਨੂੰਨੀ ਸਮੀਖਿਆ ਕਰਵਾਉਂਦੇ ਹਨ। ਸ਼ਹਿਰਾਂ ਵਿੱਚ ਪ੍ਰੋਗਰਾਮਾਂ ਲਈ ਹਾਲ (ਸਭਾਗਾਰ) ਮਿਲਣਾ ਮੁਸ਼ਕਲ ਹੋ ਗਿਆ ਹੈ ਜੇਕਰ ਵਿਸ਼ਾ ਸੱਤਾ ਨੂੰ ਨਾਪਸੰਦ ਹੋਵੇ। ਰੰਗਮੰਚ (ਨਾਟਕ) ਜੋ ਪਹਿਲਾਂ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰਦਾ ਸੀ, ਹੁਣ ਸਿਰਫ਼ ਹਸਾਉਣ ਜਾਂ ਮਨੋਰੰਜਨ ਦੇ ਕੰਮ ਆ ਰਿਹਾ ਹੈ। ਵਿਦਿਆਰਥੀ ਮੇਰੇ ਕੋਲ ਆਏ ਅਤੇ ਕਿਹਾ ਕਿ ਜੇਕਰ ਅਸੀਂ ਇਮਤਿਹਾਨ ਵਿੱਚ ਇਮਾਨਦਾਰੀ ਨਾਲ ਸਵਾਲਾਂ ਦੇ ਜਵਾਬ ਲਿਖੇ, ਤਾਂ ਸਾਨੂੰ ਡਰ ਹੈ ਕਿ ਸਾਡੇ ਨੰਬਰ ਕੱਟ ਦਿੱਤੇ ਜਾਣਗੇ।

## ਬਹੁਗਿਣਤੀ ਦਾ ਕਾਲਪਨਿਕ ਡਰ

ਡਰ ਅੱਜ ਭਾਰਤ ਦਾ ਸਥਾਈ ਭਾਵ ਹੈ। ਅਸੀਂ ਜਿਸ ਡਰ ਦੀ ਹੁਣ ਤੱਕ ਗੱਲ ਕੀਤੀ ਹੈ, ਮਨੁੱਖੀ ਇਤਿਹਾਸ ਵਿੱਚ ਕਈ ਦੇਸ਼ਾਂ ਵਿੱਚ ਅਜਿਹਾ ਡਰ ਵੇਖਿਆ ਗਿਆ ਹੈ। ਉਨ੍ਹਾਂ ਨੂੰ ਅਰਾਜਕਤਾਵਾਦੀ ਵਿਵਸਥਾ ਕਿਹਾ ਜਾਂਦਾ ਹੈ। ਪਰ ਇੱਕ ਦੂਜੇ ਕਿਸਮ ਦੀ ਵਿਵਸਥਾ ਹੈ ਜੋ ਸਿਰਫ਼ ਅਰਾਜਕਤਾਵਾਦੀ ਨਹੀਂ। ਇਸ ਵਿੱਚ ਬਹੁਗਿਣਤੀ ਅਬਾਦੀ ਵਿੱਚ ਡਰ ਬਿਠਾਇਆ ਜਾਂਦਾ ਹੈ ਕਿ ਉਹ ਘੱਟਗਿਣਤੀ ਹੋਣ ਵਾਲੀ ਹੈ, ਕਿ ਉਹ ਚਾਰੇ ਪਾਸੇ ਘੱਟਗਿਣਤੀ ਕੌਮਾਂ ਨਾਲ ਘਿਰੀ ਹੋਈ ਹੈ ਜੋ ਬਹੁਗਿਣਤੀ ਹੋ ਜਾਣਗੇ। ਬਹਗਿਣਤੀ ਵਿੱਚ ਇਹ ਡਰ ਬਹੁਗਿਣਤੀ ਲਈ ਬਹੁਤ ਖ਼ਤਰਨਾਕ ਹੈ ਕਿਉਂਕਿ ਬਹੁਗਿਣਤੀ ਅਬਾਦੀ ਜਦੋਂ ਡਰੀ ਹੋਈ ਬਣਾ ਦਿੱਤੀ ਜਾਂਦੀ ਹੈ ਤਾਂ ਉਹ ਹਮਲਾਵਰ ਅਤੇ ਹਿੰਸਕ ਹੋ ਜਾਂਦੀ ਹੈ।

ਘੱਟ ਗਿਣਤੀ ਕੌਮਾਂ ਨੂੰ ਵੱਖ-ਵੱਖ ਕਿਸਮ ਦੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਦੀ ਜਗ੍ਹਾ ਸੁੰਗੜਦੀ ਜਾਂਦੀ ਹੈ ਕਿਉਂਕਿ ਜਨਤਕ ਥਾਵਾਂ ਤੇ ਅਕਸਰ ਬਹੁਗਿਣਤੀ ਦਾ ਪ੍ਰਭੁਤਵ ਹੁੰਦਾ ਹੈ। ਇਸ ਬਹੁਗਿਣਤੀ ਵਿੱਚ ਜੋ ਵੀ ਸ਼ਾਮਲ ਹਨ, ਉਨ੍ਹਾਂ ਸਭ ਵਿੱਚ ਇਸ ਹਿੰਸਾ ਅਤੇ ਹਮਲਾਵਰਤਾ ਦੀ ਸੰਭਾਵਨਾ ਹੈ। ਬਹੁਗਿਣਤੀ ਵਿੱਚ ਆਪਣੇ ਕਮਜ਼ੋਰ ਹੋਣ ਦਾ ਕਲਪਿਤ ਡਰ ਘਟਗਿਣਤੀ ਕੌਮਾਂ ਵਿੱਚ ਇੱਕ ਅਸਲੀ ਡਰ ਪੈਦਾ ਕਰਦਾ ਹੈ। ਘੱਟ ਗਿਣਤੀ ਕੌਮਾਂ ਨੂੰ ਨਹੀਂ ਪਤਾ ਕਿ ਬਹੁਗਿਣਤੀ ਕੌਮਾਂ ਵਿੱਚ ਕੌਣ ਉਸ ਤੇ ਹਮਲਾ ਕਰੇਗਾ ਅਤੇ ਕੌਣ ਨਹੀਂ। ਇਸ ਡਰ ਕਾਰਨ ਘੱਟਗਿਣਤੀ ਕੌਮਾਂ ਟ੍ਰੇਨ, ਬੱਸ, ਕਲਾਸ, ਮੀਟਿੰਗਾਂ ਵਿੱਚ ਚੁੱਪ ਰਹਿੰਦੇ ਹਨ। ਮਾਂ-ਪਿਓ ਬੱਚਿਆਂ ਨੂੰ ਟਿਫਿਨ ਵਿੱਚ ਮੀਟ ਦਾ ਕੋਈ ਵੀ ਪਕਵਾਨ ਨਹੀਂ ਦਿੰਦੇ। ਬੱਚਿਆਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਫ਼ੋਨ ਤੇ ਸਲਾਮ, ਆਦਾਬ ਵਰਗੇ ਸ਼ਬਦ ਨਾ ਕਹਿਣ।

ਕੁਝ ਲੋਕਾਂ ਨੂੰ ਇਹ ਸਭ ਕੁਝ ਅਜੀਬ ਲੱਗੇਗਾ ਪਰ ਇਸ ਡਰ ਦੇ ਉਦਾਹਰਨ ਰੋਜ਼ਾਨਾ, ਹਰ ਥਾਂ ਮਿਲਦੇ ਹਨ। ਇੱਕ ਪੱਤਰਕਾਰ ਨੇ ਮੁੰਬਈ ਦੀ ਟ੍ਰੇਨ ਵਿੱਚ ਇੱਕ ਸਹਿਯਾਤਰੀ ਨਾਲ ਨਗਰ ਨਿਗਮ ਦੇ ਚੋਣਾਂ ਬਾਰੇ ਹੋਈ ਚਰਚਾ ਦਾ ਵਰਨਣ ਕੀਤਾ ਹੈ। ਜਨਤਕ ਵਿਵਸਥਾ ਦੀ ਬਦਹਾਲੀ ਦੇ ਸਵਾਲ ਤੇ ਦੋਵੇਂ ਇੱਕਮੱਤ ਸਨ। ਪਰ ਉਸ ਸਹਿਯਾਤਰੀ ਨੇ ਕਿਹਾ ਉਹ ਵੋਟ ਸੱਤਾਧਾਰੀ ਪਾਰਟੀ ਨੂੰ ਹੀ ਦੇਵੇਗਾ ਕਿਉਂਕਿ ਉਸ ਨੂੰ ਡਰ ਹੈ ਕਿ ਬੰਗਲਾਦੇਸ਼ੀ ਮੁਸਲਮਾਨ ਉਸ ਦੇ ਇਲਾਕੇ ਵਿੱਚ ਭਰ ਰਹੇ ਹਨ। ਇਹ ਕਲਪਿਤ ਡਰ ਹੁਣ ਉਸ ਨੂੰ ਉਸੇ ਨੂੰ ਚੁਣਨ ਲਈ ਮਜਬੂਰ ਕਰੇਗਾ ਜਿਸ ਨੇ ਉਸ ਦੀ ਜ਼ਿੰਦਗੀ ਮੁਸ਼ਕਲ ਬਣਾ ਰੱਖੀ ਹੈ। ਕਿਉਂਕਿ ਉਸ ਪਾਰਟੀ ਨੇ ਉਸ ਨੂੰ ਇਨ੍ਹਾਂ ਬੰਗਲਾਦੇਸ਼ੀਆਂ ਤੋਂ ਬਚਾਉਣ ਦਾ ਵਾਅਦਾ ਕੀਤਾ ਹੈ।

ਇਹ ਇੱਕ ਵੱਡਾ ਡਰ ਹੈ ਜੋ ਭਾਰਤ ਵਿੱਚ ਪਿਛਲੇ 11 ਸਾਲਾਂ ਵਿੱਚ ਹਿੰਦੂਆਂ ਵਿੱਚ ਭਰ ਦਿੱਤਾ ਗਿਆ ਹੈ। ਇਸ ਵੱਡੇ ਡਰ ਨੇ ਉਨ੍ਹਾਂ ਡਰਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦੇ ਬਹੁਤ ਘੱਟ ਉਦਾਹਰਨ ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ। ਇਸ ਡਰ ਨਾਲ ਭਰੇ ਸਮਾਜ ਨੂੰ ਆਜ਼ਾਦ ਕਿਵੇਂ ਕਿਹਾ ਜਾਵੇ ਹਾਲਾਂਕਿ ਸਭ ਢੌਂਗ ਆਜ਼ਾਦ ਹੋਣ ਦਾ ਹੀ ਕਰ ਰਹੇ ਹਨ।



# ਪੰਜਾਬ ਦੀ ਰਾਜਨੀਤੀ ਵਿੱਚ ਲੀਡਰਸ਼ਿਪ ਦਾ ਸੰਕਟ ਕਿਉਂ

## ✪ ਏਕਤਾ ਦੀ ਘਾਟ ਅਤੇ ਅੰਦਰੂਨੀ ਝਗੜਿਆਂ ਕਾਰਣ ਰਾਜਨੀਤਕ ਪਾਰਟੀਆਂ ਨਿਘਾਰ ਵਲ ✪ ਜੱਟ ਤੇ ਦਲਿਤ ਵਿਵਾਦ ਕਾਰਣ ਪੰਜਾਬ ਦੀ ਕਾਂਗਰਸ ਵਿਚ ਖਿਚੋਤਾਣ, ਹਾਈਕਮਾਂਡ ਮਸਲਾ ਸੁਲਝਾਉਣ ਲਗੀ ✪ ਆਪ ਪਾਰਟੀ ਦੀਆਂ ਨੀਤੀਆਂ ਤੋਂ ਲੋਕ ਨਿਰਾਸ਼ ਕਿਉਂ, ਭਾਜਪਾ ਨੇ ਪੰਜਾਬ ਵਿਚ ਸਰਗਰਮੀ ਵਧਾਈ

### 2027 ਚੋਣਾਂ ਦੌਰਾਨ ਪੰਜਾਬ ਦਾ ਸਿਆਸੀ ਭਵਿੱਖ ਕੀ ਹੋਵੇਗਾ

ਪੰਜਾਬ ਵਿੱਚ ਐਂਟੀ-ਇੰਕੰਬੈਂਸੀ ਵਧ ਰਹੀ ਹੈ, ਪਰ ਕੋਈ ਬਦਲ ਨਹੀਂ ਹੈ। 2027 ਚੋਣਾਂ ਵਿੱਚ ਅੰਕੜੇ ਫੈਸਲਾ ਕਰਨਗੇ। ਪੰਜਾਬ ਰਾਜਨੀਤੀ ਵਿੱਚ ਲੀਡਰਸ਼ਿਪ ਸੰਕਟ ਡੂੰਘਾ ਹੈ ਅਤੇ ਏਕਤਾ ਦੀ ਘਾਟ ਤੇ ਸਿਆਸੀ ਆਦਰਸ਼ ਤੇ ਕਿਰਦਾਰ ਦੀ ਕਮੀ ਨੇ ਇਸ ਨੂੰ ਵਧਾਇਆ ਹੈ। ਕਾਂਗਰਸ ਅਤੇ ਆਪ ਨੂੰ ਅੰਦਰੂਨੀ ਮਸਲੇ ਹੱਲ ਕਰਨੇ ਚਾਹੀਦੇ ਹਨ, ਜਦਕਿ ਅਕਾਲੀ ਦਲ ਨੂੰ ਏਕਤਾ ਚਾਹੀਦੀ ਹੈ। ਭਾਜਪਾ ਨੂੰ ਪੰਜਾਬੀ ਸੈਂਟੀਮੈਂਟ ਨੂੰ ਸਮਝਣਾ ਚਾਹੀਦਾ ਹੈ। 2027 ਚੋਣਾਂ ਪੰਜਾਬ ਲਈ ਨਿਰਣਾਇਕ ਹੋਣਗੀਆਂ ਅਤੇ ਨਵੀਂ ਲੀਡਰਸ਼ਿਪ ਪੈਦਾ ਕਰ ਸਕਦੀਆਂ ਹਨ। ਪੰਜਾਬ ਨੂੰ ਚੰਗੇ ਨੇਤਾਵਾਂ ਦੀ ਲੋੜ ਹੈ ਜੋ ਹਿੱਤਾਂ ਲਈ ਲੜਨ।

**ਨਿਊਜ ਸਟੋਰੀ**

ਪੰਜਾਬ ਅੱਜਕਲ ਰਾਜਨੀਤਕ ਸੰਕਟ ਵਿੱਚ ਘਿਰਿਆ ਹੋਇਆ ਹੈ। ਇੱਥੇ ਲੀਡਰਸ਼ਿਪ ਦੀ ਘਾਟ ਨੇ ਪੂਰੇ ਸੂਬੇ ਨੂੰ ਨੇਤਾ ਰਹਿਤ ਬਣਾ ਦਿੱਤਾ ਹੈ। ਪੂਰਾ ਪੰਜਾਬ ਢੁਕਵੀਂ ਅਗਵਾਈ ਦੀ ਕਮੀ ਮਹਿਸੂਸ ਕਰ ਰਿਹਾ ਹੈ। ਰਾਜਨੀਤੀ ਵਿੱਚ ਚਰਿੱਤਰ ਅਤੇ ਕਿਰਦਾਰ ਦੀ ਕਮੀ ਦਿਖਾਈ ਦੇ ਰਹੀ ਹੈ। ਹਾਲਾਂਕਿ ਪੰਜਾਬ ਵਿੱਚ ਦਰਜਨਾਂ ਰਾਜਨੀਤਕ ਪਾਰਟੀਆਂ ਹਨ, ਪਰ ਕੋਈ ਵੀ ਨੇਤਾ ਜਾਂ ਪਾਰਟੀ ਪੰਜਾਬ ਦੇ ਹਿੱਤਾਂ ਲਈ ਲੜਨ ਵਾਲੀ ਨਹੀਂ ਦਿਖਾਈ ਦਿੰਦੀ। ਵਿਖਾਵੇ ਅਤੇ ਡਰਾਮੇ ਨੂੰ ਛੱਡ ਕੇ ਅਸਲ ਕੰਮ ਨਹੀਂ ਹੋ ਰਿਹਾ। 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਪਰ ਪਾਰਟੀਆਂ ਅੰਦਰੂਨੀ ਝਗੜਿਆਂ ਵਿੱਚ ਉਲਝੀਆਂ ਹੋਈਆਂ ਹਨ।

ਅਕਾਲੀ ਦਲ ਵਿੱਚ ਧੜੇਬੰਦੀ ਅਤੇ ਲੀਡਰਸ਼ਿਪ ਸੰਕਟ-ਅਕਾਲੀ ਦਲ, ਜੋ ਪੰਜਾਬ ਦੀ ਸਭ ਤੋਂ ਪੁਰਾਣੀ ਰਾਜਨੀਤਕ ਪਾਰਟੀ ਹੈ ਅਤੇ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲੀ ਮੰਨੀ ਜਾਂਦੀ ਹੈ, ਅੱਜ ਟੁੱਟ ਭੱਜ ਵਿੱਚ ਘਿਰੀ ਹੋਈ ਹੈ। ਪਾਰਟੀ ਵਿੱਚ ਅੰਦਰੂਨੀ ਝਗੜੇ ਅਤੇ ਧੜੇਬੰਦੀ ਨੇ ਇਸ ਨੂੰ ਕਮਜ਼ੋਰ ਕਰ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਦਲ (ਬਾਦਲ) ਨੂੰ ਬਾਗੀ ਧੜੇ ਨੇ ਚੁਣੌਤੀ ਦਿੱਤੀ ਹੈ। ਇਹ ਬਾਗੀ ਧੜਾ, ਜਿਸ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ ,ਬੀਬੀ ਜਗੀਰ ਕੌਰ, ਮਨਪ੍ਰੀਤ ਸਿੰਘ ਇਆਲੀ ਸੁਰਜੀਤ ਸਿੰਘ ਰੱਖੜਾ ਅਤੇ ਪਰਮਿੰਦਰ ਸਿੰਘ ਢੀਂਡਸਾ ਵਰਗੇ ਨੇਤਾ ਸ਼ਾਮਲ ਹਨ, ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਆਪਣਾ ਪ੍ਰਧਾਨ ਬਣਾਇਆ ਹੈ। ਇਸ ਨਵੇਂ ਧੜੇ ਨੂੰ 'ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ)' ਨਾਂ ਨਾਲ ਜਾਣਿਆ ਜਾ ਰਿਹਾ ਹੈ।

ਬਾਗੀ ਨੇਤਾਵਾਂ ਨੇ ਸੁਖਬੀਰ ਸਿੰਘ ਬਾਦਲ ਉਪਰ ਧਾਰਮਿਕ ਅਤੇ ਰਾਜਨੀਤਕ ਗਲਤੀਆਂ ਦੇ ਇਲਜ਼ਾਮ ਲਾਏ ਸਨ ਕਿ ਬਾਦਲ ਪਰਿਵਾਰ ਨੇ ਪਾਰਟੀ ਨੂੰ ਨਿੱਜੀ ਜਾਇਦਾਦ ਬਣਾ ਲਿਆ ਹੈ ਅਤੇ ਅਕਾਲ ਤਖ਼ਤ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ। ਅਕਾਲ ਤਖ਼ਤ ਨੇ 2 ਦਸੰਬਰ 2024 ਨੂੰ ਹੁਕਮ ਜਾਰੀ ਕੀਤਾ ਸੀ ਕਿ ਪਾਰਟੀ ਨੂੰ ਨਵੀਂ ਮੈਂਬਰਸ਼ਿਪ ਅਤੇ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ, ਪਰ ਇਹ ਨਹੀਂ ਹੋਇਆ। ਨਤੀਜੇ ਵਜੋਂ, ਪਾਰਟੀ ਵਿੱਚ ਟੁੱਟ ਭੱਜ ਵਧ ਗਈ ਹੈ। ਅਕਾਲੀ ਦਲ ਅੰਮ੍ਰਿਤਸਰ ਦੇ ਮੁਖੀ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਵੀ ਦੋਫਾੜ ਹੋ ਚੁੱਕੀ ਹੈ ਅਤੇ ਨਵੇਂ ਧੜੇ ਨੇ ਮਾਨ ਦੀ ਕਿਰਦਾਰਕੁਸ਼ੀ ਕੀਤੀ ਹੈ। ਇਸ ਸੰਕਟ ਦਾ ਕਾਰਨ ਪਾਰਟੀ ਵਿੱਚ ਨਵੇਂ ਲੀਡਰਾਂ ਦੀ ਘਾਟ ਅਤੇ ਪੁਰਾਣੇ ਨੇਤਾਵਾਂ ਵਿੱਚ ਵਿਸ਼ਵਾਸ ਦੀ ਕਮੀ ਹੈ।

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਅਕਾਲੀ ਨੇਤਾਵਾਂ ਦੇ ਚਰਿੱਤਰ-ਘਾਤ ਨੇ ਪੂਰੀ ਕੌਮ ਨੂੰ ਨੇਤਾ ਰਹਿਤ ਬਣਾ ਦਿੱਤਾ ਹੈ। ਹਾਲਾਂਕਿ ਇਹ ਨੇਤਾ ਗਲਤੀਆਂ ਤੋਂ ਮੁਕਤ ਨਹੀਂ ਹਨ, ਪਰ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਨੂੰ ਬਦਨਾਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਨਤੀਜੇ ਵਜੋਂ, ਅਕਾਲੀ ਦਲ ਦੇ ਵੱਖ-ਵੱਖ ਧੜੇ ਹਨ, ਪਰ ਇਹ ਏਕਤਾ ਨਹੀਂ ਕਰ ਰਹੇ। ਇਹ ਧੜੇਬੰਦੀ ਪੰਜਾਬ ਪਖੀ ਰਾਜਨੀਤੀ ਨੂੰ ਕਮਜ਼ੋਰ ਕਰ ਰਹੀ ਹੈ ਅਤੇ ਲੀਡਰਸ਼ਿਪ ਸੰਕਟ ਨੂੰ ਵਧਾ ਰਹੀ ਹੈ।

ਅਕਾਲੀ ਦਲ ਦੇ ਇਸ ਸੰਕਟ ਨੇ ਪੰਥਕ ਸਿਆਸਤ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਡਾ. ਦਲਜੀਤ ਸਿੰਘ ਚੀਮਾ ਵਰਗੇ ਨੇਤਾਵਾਂ ਨੇ ਗਿਆਨੀ ਹਰਪ੍ਰੀਤ ਸਿੰਘ ਤੇ ਸਾਜਿਸ਼ਾਂ ਰਚਣ ਦੇ ਇਲਜ਼ਾਮ ਲਾਏ ਹਨ। ਚੀਮਾ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲੀ ਦਲ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਉਹ ਕੇਂਦਰੀ ਏਜੰਸੀਆਂ ਨਾਲ ਮਿਲੇ ਹੋਏ ਹਨ। ਇਸ ਨੇ ਅਕਾਲੀ ਸਿਆਸਤ ਵਿੱਚ ਵੰਡ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਬਾਦਲ ਦਲ ਦੇ ਆਗੂ ਪਰਮਜੀਤ ਸਿੰਘ ਸਰਨਾ ਨੇ ਪੰਥਕ ਏਕਤਾ ਦਾ ਸੱਦਾ ਦਿੱਤਾ ਹੈ ਤੇ ਕਿਹਾ ਸੀ ਕਿ ਬਾਦਲ ਅਕਾਲੀ ਦਲ ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਵਿਚ ਜਲਦ ਏਕਤਾ ਹੋਵੇਗੀ। ਪਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਸ ਨੂੰ ਖਾਰਜ ਕੀਤਾ ਹੈ ਕਿ ਬਾਦਲ ਦਲ ਨਾਲ ਕੋਈ ਏਕਤਾ ਨਹੀਂ। ਉਹ ਬੇਅਦਬੀ ਦੇ ਦੋਸ਼ਾਂ ਵਿਚ ਘਿਰੇ ਹਨ। ਦੂਸਰੇ ਪਾਸੇ ਸਿਮਰਨਜੀਤ ਮਾਨ ਨੇ ਵੀ ਬਾਦਲਾਂ ਨਾਲ ਸਮਝੌਤੇ ਦੀ ਇੱਛਾ ਜ਼ਾਹਰ ਕੀਤੀ ਹੈ, ਪਰ ਏਕਤਾ ਅਜੇ ਨਹੀਂ ਹੋਈ।

ਬਾਦਲ ਅਕਾਲੀ ਦਲ ਦੇ ਇਸ ਸੰਕਟ ਨੇ ਪੰਜਾਬ ਵਿੱਚ ਰਾਜਨੀਤਕ ਖਲਾਅ ਪੈਦਾ ਕੀਤਾ ਹੈ। ਪਾਰਟੀ ਜੋ ਕਦੇ ਪੰਜਾਬ ਦੀ ਮੁੱਖ ਸਿਆਸੀ ਤਾਕਤ ਸੀ, ਅੱਜ ਆਪਣੀ ਹੋਂਦ ਬਚਾਉਣ ਲਈ ਜੂਝ ਰਹੀ ਹੈ। ਬਾਗੀ ਅਕਾਲੀ ਧੜੇ ਨੂੰ ਫੰਡਾਂ ਦੀ ਘਾਟ ਹੈ ਅਤੇ ਉਹ ਆਪਣੇ ਸਾਬਕਾ ਵਿਧਾਇਕਾਂ ਤੋਂ ਮਹੀਨਾਵਾਰ ਯੋਗਦਾਨ ਮੰਗ ਰਹੇ ਹਨ। ਇਸ ਆਰਥਿਕ ਸੰਕਟ ਨੇ ਪਾਰਟੀ ਨੂੰ ਆਰਥਿਕ ਸੰਕਟ ਵਿੱਚ ਪਾ ਦਿੱਤਾ ਹੈ। ਹਾਲੇ ਤਕ ਇਹ ਪਾਰਟੀ ਲੋਕਾਂ ਵਿਚ ਆਪਣਾ ਪ੍ਰੋਗਰਾਮ ਲੈਕੇ ਨਹੀਂ ਜਾ ਸਕੀ।

ਕਾਂਗਰਸ ਪੰਜਾਬ ਵਿੱਚ ਕਿਉਂ ਡਗਮਗਾ ਰਹੀ ਹੈ: ਲੀਡਰਸ਼ਿਪ ਸੰਕਟ ਅਤੇ ਜਾਤੀ ਵਿਵਾਦ-ਕਾਂਗਰਸ ਪਾਰਟੀ, ਜੋ ਪੰਜਾਬ ਵਿੱਚ ਕਦੇ ਮਜ਼ਬੂਤ ਸੀ, ਅੱਜ ਅੰਦਰੂਨੀ ਝਗੜਿਆਂ ਕਾਰਨ ਡਗਮਗਾ ਰਹੀ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਹਾਲ ਹੀ ਵਿੱਚ ਪਾਰਟੀ ਵਿੱਚ ਦਲਿਤ ਨੁਮਾਇੰਦਗੀ ਦੀ ਘਾਟ ਬਾਰੇ ਬਿਆਨ ਦਿੱਤਾ ਸੀ, ਜਿਸ ਨੇ ਜਾਤੀ ਵਿਵਾਦ ਨੂੰ ਵਧਾ ਦਿੱਤਾ ਹੈ। ਚੰਨੀ ਨੇ ਕਿਹਾ ਕਿ ਪੰਜਾਬ ਵਿੱਚ ਦਲਿਤਾਂ ਦੀ ਆਬਾਦੀ 35-38 ਫੀਸਦੀ ਹੈ, ਪਰ ਸਾਰੇ ਅਹਿਮ ਅਹੁਦੇ ਜੱਟ ਸਿੱਖਾਂ ਕੋਲ ਹਨ। ਇਸ ਬਿਆਨ ਦੀ ਵੀਡੀਓ ਵਾਇਰਲ ਹੋਣ ਨਾਲ ਪਾਰਟੀ ਵਿੱਚ ਖਿੱਚੋਤਾਣ ਵਧ ਗਈ ਸੀ।

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਜੇ ਕੋਈ ਨੇਤਾ ਜਾਤੀ ਵਾਲੀ ਸਿਆਸਤ ਕਰੇਗਾ ਤਾਂ ਉਹ ਪਾਰਟੀ ਨੂੰ ਤਬਾਹ ਕਰੇਗਾ। ਪਾਰਟੀ ਹਾਈਕਮਾਂਡ ਨੇ ਬੀਤੇ ਦਿਨੀਂ ਬੈਠਕ ਬੁਲਾਕੇ ਗੁਟਬਾਜ਼ੀ ਤੇ ਰੋਕ ਲਾਈ ਹੈ। ਹਾਈਕਮਾਂਡ ਨੇ ਕਿਹਾ ਕਿ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਲੀਡਰਸ਼ਿਪ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਪਰ ਸੂਤਰਾਂ ਦਾ ਮੰਨਣਾ ਹੈ ਕਿ ਪਾਰਟੀ ਦੇ ਹਾਲਾਤ ਠੀਕ ਨਹੀਂ ਹਨ। ਕਦੇ ਵੀ ਸਿਆਸੀ ਧਮਾਕਾ ਹੋ ਸਕਦਾ ਹੈ। ਇਸ ਵਿਵਾਦ ਨੇ ਪੰਜਾਬ ਕਾਂਗਰਸ ਨੂੰ ਜੱਟ ਸਿੱਖ ਅਤੇ ਦਲਿਤ ਵੋਟ ਬੈਂਕ ਵਿੱਚ ਵੰਡ ਦਿੱਤਾ ਹੈ। ਸੁਖਜਿੰਦਰ ਸਿੰਘ ਰੰਧਾਵਾ ਅਤੇ ਪ੍ਰਤਾਪ ਸਿੰਘ ਬਾਜਵਾ ਵਰਗੇ ਨੇਤਾ ਵੀ ਇਸ ਵਿੱਚ ਉਲਝੇ ਹਨ। ਪਾਰਟੀ ਨੇ ਫੈਸਲਾ ਕੀਤਾ ਹੈ ਕਿ 2027 ਦੀਆਂ ਚੋਣਾਂ ਬਿਨਾਂ ਮੁੱਖ ਮੰਤਰੀ ਚਿਹਰੇ ਲੜੀਆਂ ਜਾਣਗੀਆਂ। ਇਹ ਫੈਸਲਾ ਲੀਡਰਸ਼ਿਪ ਸੰਕਟ ਨੂੰ ਦਰਸਾਉਂਦਾ ਹੈ। । ਭੂਪੇਸ਼ ਬਘੇਲ ਨੇ ਕਿਹਾ ਕਿ ਪਾਰਟੀ ਇੱਕਜੁੱਟ ਹੈ ਅਤੇ ਪੂਰੇ ਬਹੁਮਤ ਨਾਲ ਜਿੱਤੇਗੀ।

ਆਪ ਪਾਰਟੀ ਕਿਉਂ ਗੁਆ ਰਹੀ ਹੈ ਪੰਜਾਬੀਆਂ ਦਾ ਵਿਸ਼ਵਾਸ-ਆਮ ਆਦਮੀ ਪਾਰਟੀ (ਆਪ) ਨੇ 2022 ਵਿੱਚ ਪੰਜਾਬ ਵਿੱਚ ਵੱਡੀ ਜਿੱਤ ਹਾਸਲ ਕੀਤੀ ਸੀ, ਪਰ ਅੱਜ ਇਹ ਪੰਜਾਬੀਆਂ ਦਾ ਵਿਸ਼ਵਾਸ ਗੁਆ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਅੰਦਰੂਨੀ ਫੁੱਟ ਨਹੀਂ ਹੈ, ਪਰ ਗਵਰਨੈਂਸ ਵਿੱਚ ਨਾਕਾਮੀ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਨਸ਼ੇ, ਅਪਰਾਧ ਅਤੇ ਗੈਂਗਸਟਰ ਰਾਜ ਨੇ ਵਧ ਰਹੇ ਹਨ। 2026 ਦੇ ਪਹਿਲੇ ਹਫ਼ਤੇ ਵਿੱਚ ਹੀ 9 ਕਤਲ ਹੋਏ, ਜਿਸ ਨੇ ਵਿਰੋਧੀਆਂ ਨੂੰ ਸਰਕਾਰ ਤੇ ਹਮਲਾ ਕਰਨ ਦਾ ਮੌਕਾ ਦਿੱਤਾ ਹੈ।

ਆਪ ਨੇ ਵਾਅਦੇ ਕੀਤੇ ਸਨ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਵਾਂਗੇ, ਪਰ ਨਸ਼ਿਆਂ ਕਾਰਣ ਮੌਤਾਂ ਹੋ ਰਹੀਆਂ ਹਨ। ਕਾਨੂੰਨ ਵਿਵਸਥਾ ਡਾਵਾਂਡੋਲ ਹੈ ਅਤੇ ਵਿਕਾਸ ਕੰਮ ਰੁਕੇ ਹੋਏ ਹਨ। ਭ੍ਰਿਸ਼ਟਾਚਾਰ ਵਧਿਆ ਹੈ ਅਤੇ ਯੂ-ਟਰਨ ਲੈਣ ਦੀ ਨੀਤੀ ਨੇ ਪਾਰਟੀ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਹੈ।

ਆਪ ਨੂੰ ਪੰਥਕ ਸਿਆਸਤ ਵਿੱਚ ਵੀ ਚੁਣੌਤੀਆਂ ਮਿਲ ਰਹੀਆਂ ਹਨ। ਆਤਿਸ਼ੀ ਦੇ ਗੁਰੂ ਤੇਗ ਬਹਾਦੁਰ ਬਾਰੇ ਬਿਆਨ ਅਤੇ ਸਿੱਖ ਮਰਿਆਦਾ ਉਪਰ ਗਲਤ ਟਿੱਪਣੀਆਂ ਕਾਰਣ ਮੁਖ ਮੰਤਰੀ ਭਗਵੰਤ ਮਾਨ ਨੂੰ ਅਕਾਲ ਤਖ਼ਤ ਵਿਖੇ ਤਲਬ ਕਰਨ ਨੇ ਪਾਰਟੀ ਨੂੰ ਮੁਸੀਬਤ ਵਿੱਚ ਪਾਇਆ ਹੈ। ਦਿੱਲੀ ਵਿੱਚ ਸਿਆਸੀ ਹਾਰ ਨੇ ਪੰਜਾਬ ਵਿੱਚ ਆਪ ਨੂੰ ਪਹਿਲਾਂ ਹੀ ਕਮਜ਼ੋਰ ਕੀਤਾ ਹੋਇਆ ਹੈ ਅਤੇ ਕੇਜਰੀਵਾਲ ਦੀ ਦਖਲਅੰਦਾਜ਼ੀ ਨੇ ਪੰਜਾਬ ਯੂਨਿਟ ਵਿੱਚ ਨਾਰਾਜ਼ਗੀ ਪੈਦਾ ਕੀਤੀ ਹੈ। ਪੰਜਾਬ 2027 ਵਿੱਚ ਆਪ ਲਈ ਚੁਣੌਤੀ ਹੈ ਅਤੇ ਇਹ ਪੰਜਾਬੀਆਂ ਦਾ ਵਿਸ਼ਵਾਸ ਗੁਆ ਰਹੀ ਹੈ।

ਭਾਜਪਾ ਦੀ ਪੰਜਾਬ ਬਾਰੇ ਨੀਤੀ-ਭਾਜਪਾ ਪੰਜਾਬ ਵਿੱਚ ਸੱਤਾ ਹਾਸਲ ਕਰਨ ਲਈ ਤਰਲੋਮੱਛੀ ਹੈ। ਪਾਰਟੀ ਨੇ 2027 ਚੋਣਾਂ ਲਈ ਮਿਸ਼ਨ ਸ਼ੁਰੂ ਕੀਤਾ ਹੈ ਅਤੇ ਹਰਿਆਣਾ ਮਾਡਲ ਨੂੰ ਪੰਜਾਬ ਵਿੱਚ ਲਾਗੂ ਕਰਨ ਦੀ ਗੱਲ ਕਰ ਰਹੀ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਪੰਜਾਬ ਵਿੱਚ ਅਕਸਰ ਆ ਰਹੇ ਹਨ ਅਤੇ ਬੀਜੇਪੀ ਨੂੰ ਪ੍ਰਮੋਟ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਬੀਜੇਪੀ ਇਕੱਲੀ ਸਰਕਾਰ ਬਣਾਏਗੀ ਅਤੇ ਪੰਜਾਬ ਨੂੰ ਅਗਾਂਹ ਵਧਾਏਗੀ।

ਭਾਜਪਾ ਦੀ ਨੀਤੀ ਵਿੱਚ ਸਿੱਖਾਂ ਨੂੰ ਹਮਦਰਦੀ ਦਿਖਾਉਣਾ ਸ਼ਾਮਲ ਹੈ। ਪਾਰਟੀ ਨੇ ਮਾਘੀ ਤੇ ਕਾਨਫਰੰਸ ਕੀਤੀ ਸੀ ਅਤੇ ਫਰਵਰੀ ਵਿੱਚ ਅਮਿਤ ਸ਼ਾਹ ਦੀ ਅਗਵਾਈ ਵਿੱਚ ਮੋਗਾ ਵਿੱਚ ਰੈਲੀ ਕਰਨ ਦਾ ਫੈਸਲਾ ਕੀਤਾ ਹੈ। ਇੱਥੇ ਕਈ ਪ੍ਰਮੁੱਖ ਸਿੱਖ ਨੇਤਾਵਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਜਾਵੇਗਾ। ਪਰ ਭਾਜਪਾ ਨੂੰ ਚੁਣੌਤੀਆਂ ਵੀ ਹਨ। ਸਿਰਸਾ ਸਾਧ ਨੂੰ ਪੈਰੋਲ ਦੇਣ,ਬੰਦੀ ਸਿੱਖਾਂ ਨੂੰ ਰਿਹਾਅ ਨਾ ਕਰਨ ਕਾਰਣ ਅਤੇ ਪੰਜਾਬ ਦੀਆਂ ਸੰਸਥਾਵਾਂ ਉਪ ਕੇਂਦਰੀ ਕਬਜ਼ੇ ਦੀਆਂ ਕੋਸ਼ਿਸ਼ਾਂ ਨੇ ਪੰਜਾਬੀਆਂ ਵਿੱਚ ਨਾਰਾਜ਼ਗੀ ਪੈਦਾ ਕੀਤੀ ਹੈ। ਭਾਜਪਾ ਨੂੰ ਅਕਾਲੀ ਦਲ ਨਾਲ ਗਠਜੋੜ ਦੀ ਉਮੀਦ ਸੀ, ਪਰ ਅਕਾਲੀ ਦੇ ਸੰਕਟ ਨੇ ਇਸ ਨੂੰ ਫਿੱਕਾ ਕਰ ਦਿੱਤਾ ਹੈ। ਸੈਣੀ ਨੇ ਕਿਹਾ ਕਿ ਬੀਜੇਪੀ ਇਕੱਲੀ ਲੜੇਗੀ ਅਤੇ ਜਿੱਤੇਗੀ। ਬੀਜੇਪੀ ਨੂੰ ਪੰਜਾਬ ਵਿੱਚ ਸ਼ਹਿਰੀ ਖੇਤਰਾਂ ਤੱਕ ਸੀਮਿਤ ਹੈ ਅਤੇ ਪੇਂਡੂ ਵੋਟ ਬੈਂਕ ਵਧਾਉਣਾ ਚਾਹੁੰਦੀ ਹੈ। ਭਾਜਪਾ ਪੰਜਾਬ ਨੂੰ ਹਰਿਆਣਾ ਵਾਂਗ ਵਿਕਸਿਤ ਬਣਾਉਣ ਦਾ ਵਾਅਦਾ ਕਰ ਰਹੀ ਹੈ।

# ਦੁਨੀਆ ਵਿੱਚ ਅਨਪੜ੍ਹਤਾ ਦੀ ਸਮੱਸਿਆ ਗੰਭੀਰ


## ✪ ਕਿਹੜੇ ਹਨ ਸਭ ਤੋਂ ਵੱਧ ਪ੍ਰਭਾਵਿਤ ਦੇਸ਼ ਅਤੇ ਭਾਰਤ ਦੀ ਸਥਿਤੀ ਕੀ ਹੈ? ✪ ਪੰਜਾਬ ਦੀ ਸਾਖਰਤਾ: ਰਾਸ਼ਟਰੀ ਔਸਤ ਤੋਂ ਉੱਪਰ

ਚੰਡੀਗੜ੍ਹ-ਵਿਸ਼ਵ ਬੈਂਕ ਅਤੇ ਯੂਨੈਸਕੋ ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਨੇ ਵਿਸ਼ਵ ਪੱਧਰੀ ਸਾਖਰਤਾ ਦੀ ਇੱਕ ਚਿੰਤਾਜਨਕ ਤਸਵੀਰ ਪੇਸ਼ ਕੀਤੀ ਹੈ। ਇੱਕ ਪਾਸੇ ਜਿੱਥੇ ਵਿਸ਼ਵ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਡਿਜੀਟਲ ਕ੍ਰਾਂਤੀ ਦੇ ਸਿਖਰ ਤੇ ਪਹੁੰਚ ਚੁੱਕਾ ਹੈ, ਉੱਥੇ ਹੀ ਕਰੋੜਾਂ ਲੋਕ ਅੱਜ ਵੀ ਆਪਣਾ ਨਾਂ ਵੀ ਨਹੀਂ ਲਿਖ ਸਕਦੇ। ਰਿਪੋਰਟਾਂ ਮੁਤਾਬਕ, ਵਿਸ਼ਵ ਵਿੱਚ ਲਗਭਗ 73.9 ਕਰੋੜ ਬਾਲਗ ਬੁਨਿਆਦੀ ਸਾਖਰਤਾ ਤੋਂ ਵਾਂਝੇ ਹਨ, ਜਿਨ੍ਹਾਂ ਵਿੱਚੋਂ ਦੋ-ਤਿਹਾਈ ਔਰਤਾਂ ਹਨ। ਵਿਕਸਿਤ ਦੇਸ਼ਾਂ ਨੇ ਲਗਭਗ 100 ਫੀਸਦੀ ਸਾਖਰਤਾ ਦਾ ਟੀਚਾ ਹਾਸਲ ਕਰ ਲਿਆ ਹੈ, ਜਦਕਿ ਦੱਖਣੀ ਸੂਡਾਨ ਅਤੇ ਚਾਡ ਵਰਗੇ ਦੇਸ਼ਾਂ ਵਿੱਚ ਸਾਖਰਤਾ ਦਰ 30 ਫੀਸਦੀ ਤੋਂ ਵੀ ਘੱਟ ਬਣੀ ਹੋਈ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਸੂਚੀ ਵਿੱਚ ਪਾਕਿਸਤਾਨ ਅਤੇ ਅਫਗਾਨਿਸਤਾਨ ਵਰਗੇ ਏਸ਼ੀਆਈ ਦੇਸ਼ ਵੀ ਕਾਫੀ ਨੀਵੇਂ ਸਥਾਨ ਤੇ ਸੰਘਰਸ਼ ਕਰ ਰਹੇ ਹਨ। ਦੁਨੀਆ ਦੇ 10 ਸਭ ਤੋਂ ਵੱਧ ਅਨਪੜ੍ਹ ਦੇਸ਼ਾਂ ਦੀ ਸੂਚੀ ਵਿੱਚ ਮੁੱਖ ਤੌਰ ਤੇ ਅਫਰੀਕੀ ਅਤੇ ਏਸ਼ੀਆਈ ਦੇਸ਼ ਸ਼ਾਮਲ ਹਨ, ਜਿੱਥੇ ਗਰੀਬੀ, ਸੰਘਰਸ਼ ਅਤੇ ਅਸਥਿਰਤਾ ਨੇ ਸਿੱਖਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। 2025 ਦੇ ਅੰਕੜਿਆਂ ਅਨੁਸਾਰ, ਇਹ ਸੂਚੀ ਇਸ ਪ੍ਰਕਾਰ ਹੈ:

ਚਾਡ : 27.28 ਫੀਸਦੀ
ਮਾਲੀ: 31 ਫੀਸਦੀ
ਬੁਰਕੀਨਾ ਫਾਸੋ : 34.49 ਫੀਸਦੀ
ਦੱਖਣੀ ਸੂਡਾਨ : ਲਗਭਗ 35 ਫੀਸਦੀ
ਨਾਈਜਰ : 36 ਫੀਸਦੀ
ਅਫਗਾਨਿਸਤਾਨ : 37 ਫੀਸਦੀ
ਗਿੰਨੀ : 40 ਫੀਸਦੀ
ਕੇਂਦਰੀ ਅਫਰੀਕੀ ਗਣਰਾਜ : 42 ਫੀਸਦੀ
ਸੀਏਰਾ ਲਿਓਨ : 48 ਫੀਸਦੀ
ਬੇਨਿਨ : 52 ਫੀਸਦੀ

ਇਹਨਾਂ ਦੇਸ਼ਾਂ ਵਿੱਚ ਅਨਪੜ੍ਹਤਾ ਦੇ ਮੁੱਖ ਕਾਰਨਾਂ ਵਿੱਚ ਗਰੀਬੀ, ਸੰਘਰਸ਼, ਨਾਕਾਫੀ ਸਿੱਖਿਆ ਬੁਨਿਆਦੀ ਢਾਂਚਾ ਅਤੇ ਲਿੰਗ ਅਸਮਾਨਤਾ ਸ਼ਾਮਲ ਹਨ। ਉਦਾਹਰਨ ਵਜੋਂ, ਅਫਗਾਨਿਸਤਾਨ ਵਿੱਚ ਤਾਲਿਬਾਨ ਸ਼ਾਸਨ ਕਾਰਨ ਔਰਤਾਂ ਦੀ ਸਾਖਰਤਾ ਦਰ ਘਟ ਕੇ 22.6 ਫੀਸਦੀ ਰਹਿ ਗਈ ਹੈ। ਇਸੇ ਤਰ੍ਹਾਂ, ਅਫਰੀਕੀ ਦੇਸ਼ਾਂ ਵਿੱਚ ਗ੍ਰਹਿ ਯੁੱਧ ਅਤੇ ਆਰਥਿਕ ਅਸਥਿਰਤਾ ਨੇ ਸਕੂਲਾਂ ਨੂੰ ਬੰਦ ਕਰਨ ਲਈ ਮਜਬੂਰ ਕੀਤਾ ਹੈ।

ਭਾਰਤ ਇਸ ਸੂਚੀ ਵਿੱਚ ਨਹੀਂ ਹੈ। ਭਾਰਤ ਨੇ ਪਿਛਲੇ ਕੁਝ ਸਾਲਾਂ ਵਿੱਚ ਸਾਖਰਤਾ ਵਿੱਚ ਵੱਡੀ ਛਾਲ ਮਾਰੀ ਹੈ। ਵਿਸ਼ਵ ਬੈਂਕ ਦੇ 2024-25 ਦੇ ਅੰਕੜਿਆਂ ਅਨੁਸਾਰ, ਭਾਰਤ ਦੀ ਸਾਖਰਤਾ ਦਰ 80.9 ਫੀਸਦੀ ਤੱਕ ਪਹੁੰਚ ਗਈ ਹੈ। ਇਹ ਅੰਕੜਾ ਦਰਸਾਉਂਦਾ ਹੈ ਕਿ ਭਾਰਤ ਦੱਖਣੀ ਏਸ਼ੀਆ ਵਿੱਚ ਇੱਕ ਸਿੱਖਿਆ ਸ਼ਕਤੀ ਵਜੋਂ ਤੇਜ਼ੀ ਨਾਲ ਉਭਰ ਰਿਹਾ ਹੈ। 'ਸਿੱਖਿਆ ਦਾ ਅਧਿਕਾਰ' ਕਾਨੂੰਨ ਅਤੇ ਪੇਂਡੂ ਖੇਤਰਾਂ ਵਿੱਚ ਡਿਜੀਟਲ ਸਾਖਰਤਾ ਦੇ ਪ੍ਰਸਾਰ ਨੇ ਇਸ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। 2011 ਵਿੱਚ ਭਾਰਤ ਦੀ ਸਾਖਰਤਾ ਦਰ 73 ਫੀਸਦੀ ਸੀ, ਜੋ 2023-24 ਵਿੱਚ ਵਧ ਕੇ 80.9 ਫੀਸਦੀ ਹੋ ਗਈ ਹੈ। ਇਹ ਨਾ ਸਿਰਫ ਦੇਸ਼ ਦੀ ਬੌਧਿਕ ਪ੍ਰਗਤੀ ਨੂੰ ਦਰਸਾਉਂਦੀ ਹੈ, ਸਗੋਂ ਵਿਸ਼ਵ ਅਰਥਵਿਵਸਥਾ ਵਿੱਚ ਭਾਰਤ ਦੀ ਵਧਦੀ ਕਾਰਜਕੁਸ਼ਲਤਾ ਦਾ ਵੀ ਸਬੂਤ ਹੈ। ਭਾਰਤ ਵਿੱਚ ਅਜੇ ਵੀ ਚੁਣੌਤੀਆਂ ਮੌਜੂਦ ਹਨ। ਪੇਂਡੂ ਖੇਤਰਾਂ ਵਿੱਚ ਸਾਖਰਤਾ ਦਰ 77 ਫੀਸਦੀ ਹੈ, ਜਦਕਿ ਸ਼ਹਿਰੀ ਖੇਤਰਾਂ ਵਿੱਚ ਇਹ 90 ਫੀਸਦੀ ਹੈ। ਲਿੰਗ ਅਸਮਾਨਤਾ ਵੀ ਇੱਕ ਵੱਡੀ ਸਮੱਸਿਆ ਹੈ, ਜਿੱਥੇ ਪੁਰਸ਼ਾਂ ਦੀ ਸਾਖਰਤਾ ਦਰ 88 ਫੀਸਦੀ ਅਤੇ ਔਰਤਾਂ ਦੀ 81 ਫੀਸਦੀ ਹੈ। ਹਾਲਾਂਕਿ, ਔਰਤਾਂ ਦੀ ਸਾਖਰਤਾ ਵਿੱਚ ਵਾਧਾ ਪੁਰਸ਼ਾਂ ਨਾਲੋਂ ਤੇਜ਼ ਹੈ, ਜੋ ਲਿੰਗ ਅੰਤਰ ਨੂੰ ਘਟਾਉਣ ਵੱਲ ਇਸ਼ਾਰਾ ਕਰਦਾ ਹੈ।




### ਭਾਰਤ ਵਿਚੋਂ ਪੰਜਾਬ ਦੀ ਸਥਿਤੀ ਬਿਹਤਰ

ਭਾਰਤ ਦੇ ਪ੍ਰਾਂਤਾਂ ਦੇ ਸੰਦਰਭ ਵਿੱਚ ਪੰਜਾਬ ਦੀ ਸਥਿਤੀ ਕਾਫੀ ਮਜ਼ਬੂਤ ਹੈ। 2023-24 ਦੇ ਪੀਰੀਓਡਿਕ ਲੇਬਰ ਫੋਰਸ ਸਰਵੇ ਅਨੁਸਾਰ, ਪੰਜਾਬ ਦੀ ਸਾਖਰਤਾ ਦਰ 83.7 ਫੀਸਦੀ ਹੈ, ਜੋ ਰਾਸ਼ਟਰੀ ਔਸਤ ਤੋਂ ਉੱਪਰ ਹੈ। ਭਾਰਤ ਦੇ ਟਾਪ 10 ਸਭ ਤੋਂ ਵੱਧ ਸਾਖਰ ਪ੍ਰਾਂਤਾਂ ਵਿੱਚ ਪੰਜਾਬ ਸੱਤਵੇਂ ਨੰਬਰ ਤੇ ਹੈ। ਸਭ ਤੋਂ ਉੱਚੀ ਸਾਖਰਤਾ ਵਾਲੇ ਪ੍ਰਾਂਤਾਂ ਵਿੱਚ ਮਿਜ਼ੋਰਮ (98.2 ਫੀਸਦੀ), ਲਕਸ਼ਦੀਪ (97.3 ਫੀਸਦੀ), ਕੇਰਲਾ (95.3 ਫੀਸਦੀ), ਤ੍ਰਿਪੁਰਾ (93.7 ਫੀਸਦੀ) ਅਤੇ ਗੋਆ (93.6 ਫੀਸਦੀ) ਸ਼ਾਮਲ ਹਨ। ਉੱਥੇ ਹੀ ਸਭ ਤੋਂ ਘੱਟ ਸਾਖਰਤਾ ਵਾਲੇ ਪ੍ਰਾਂਤਾਂ ਵਿੱਚ ਆਂਧਰਾ ਪ੍ਰਦੇਸ਼ (72.6 ਫੀਸਦੀ), ਬਿਹਾਰ (74.3 ਫੀਸਦੀ) ਅਤੇ ਮੱਧ ਪ੍ਰਦੇਸ਼ (75.2 ਫੀਸਦੀ) ਹਨ। ਪੰਜਾਬ ਨੇ ਆਪਣੀ ਸਾਖਰਤਾ ਵਿੱਚ ਵਾਧੇ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਰਾਜ ਵਿੱਚ ਸਕੂਲਾਂ ਦੀ ਗਿਣਤੀ ਵਧੀ ਹੈ ਅਤੇ ਡਿਜੀਟਲ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਪੰਜਾਬ ਵਿੱਚ ਔਰਤਾਂ ਦੀ ਸਾਖਰਤਾ ਵੀ ਬਿਹਤਰ ਹੈ, ਜੋ ਰਾਸ਼ਟਰੀ ਔਸਤ ਨਾਲੋਂ ਉੱਚੀ ਹੈ। ਹਾਲਾਂਕਿ, ਪੇਂਡੂ ਖੇਤਰਾਂ ਵਿੱਚ ਅਜੇ ਵੀ ਚੁਣੌਤੀਆਂ ਹਨ, ਜਿੱਥੇ ਡਰਾਪਆਊਟ ਰੇਟ ਵੱਧ ਹੈ। ਪੰਜਾਬ ਸਰਕਾਰ ਨੇ 'ਸਿੱਖਿਆ ਕ੍ਰਾਂਤੀ' ਵਰਗੀਆਂ ਯੋਜਨਾਵਾਂ ਨਾਲ ਇਸ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਦੇ ਹੋਰ ਪ੍ਰਾਂਤਾਂ ਨਾਲ ਤੁਲਨਾ ਵਿੱਚ ਪੰਜਾਬ ਉੱਤਰੀ ਭਾਰਤ ਵਿੱਚ ਇੱਕ ਮਿਸਾਲੀ ਰਾਜ ਹੈ, ਜਿੱਥੇ ਹਿਮਾਚਲ ਪ੍ਰਦੇਸ਼ (86.6 ਫੀਸਦੀ) ਅਤੇ ਉੱਤਰਾਖੰਡ (87.6 ਫੀਸਦੀ) ਵੀ ਉੱਚੇ ਪੱਧਰ ਤੇ ਹਨ।

### ਦੱਖਣੀ ਏਸ਼ੀਆ ਵਿਚ ਭਾਰਤ ਦੀ ਸਥਿਤੀ

ਦੱਖਣੀ ਏਸ਼ੀਆ ਵਿੱਚ ਭਾਰਤ ਦੇ ਗੁਆਂਢੀ ਦੇਸ਼ਾਂ ਦੀ ਸਥਿਤੀ ਨੂੰ ਵੇਖੀਏ ਤਾਂ ਬੰਗਲਾਦੇਸ਼ ਸਭ ਤੋਂ ਅੱਗੇ ਹੈ। ਬੰਗਲਾਦੇਸ਼ ਦੀ ਸਾਖਰਤਾ ਦਰ 74.9 ਫੀਸਦੀ ਹੈ, ਜੋ ਪਿਛਲੇ ਦਹਾਕੇ ਵਿੱਚ ਪ੍ਰਾਇਮਰੀ ਸਿੱਖਿਆ ਅਤੇ ਔਰਤਾਂ ਦੀ ਸਾਖਰਤਾ ਵਿੱਚ ਨਿਵੇਸ਼ ਕਾਰਨ ਵਧੀ ਹੈ। ਨੇਪਾਲ ਦੀ ਦਰ 71.2 ਫੀਸਦੀ ਹੈ, ਜਿੱਥੇ ਭੂਗੋਲਿਕ ਚੁਣੌਤੀਆਂ ਕਾਰਨ ਪੇਂਡੂ ਖੇਤਰਾਂ ਵਿੱਚ ਸਿੱਖਿਆ ਪਹੁੰਚ ਇੱਕ ਮੁੱਦਾ ਹੈ। ਪਾਕਿਸਤਾਨ ਦੀ ਸਥਿਤੀ ਸਭ ਤੋਂ ਚਿੰਤਾਜਨਕ ਹੈ, ਜਿੱਥੇ ਸਾਖਰਤਾ ਦਰ ਸਿਰਫ 58 ਫੀਸਦੀ ਹੈ, ਜੋ ਭਾਰਤ ਅਤੇ ਬੰਗਲਾਦੇਸ਼ ਨਾਲੋਂ ਕਾਫੀ ਘੱਟ ਹੈ ਅਤੇ ਇਥੀਓਪੀਆ ਵਰਗੇ ਅਫਰੀਕੀ ਦੇਸ਼ ਨਾਲੋਂ ਵੀ ਪਿੱਛੇ ਹੈ। ਅਫਗਾਨਿਸਤਾਨ ਵਿੱਚ ਤਾਂ ਹਾਲਾਤ ਹੋਰ ਵੀ ਖਰਾਬ ਹਨ, ਜਿੱਥੇ ਸਾਖਰਤਾ ਦਰ 37 ਫੀਸਦੀ ਹੈ ਅਤੇ ਔਰਤਾਂ ਦੀ ਦਰ 22.6 ਫੀਸਦੀ ਹੈ। ਲਿੰਗ ਅਸਮਾਨਤਾ ਸਾਖਰਤਾ ਦੀ ਸਭ ਤੋਂ ਵੱਡੀ ਰੁਕਾਵਟ ਹੈ। ਰਿਪੋਰਟਾਂ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਅਫਗਾਨਿਸਤਾਨ, ਨਾਈਜਰ ਅਤੇ ਪਾਕਿਸਤਾਨ ਵਿੱਚ ਪੇਂਡੂ ਔਰਤਾਂ ਦੀ ਸਥਿਤੀ ਬਹੁਤ ਮਾੜੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਔਰਤਾਂ ਦੀ ਸਿੱਖਿਆ ਤੇ ਧਿਆਨ ਨਹੀਂ ਦਿੱਤਾ ਜਾਵੇਗਾ, ਉਦੋਂ ਤੱਕ ਇਹ ਦੇਸ਼ ਅਨਪੜ੍ਹਤਾ ਦੇ ਚੱਕਰ ਤੋਂ ਬਾਹਰ ਨਹੀਂ ਨਿਕਲ ਸਕਣਗੇ। ਭਾਰਤ ਵਿੱਚ ਵੀ ਇਹ ਅਸਮਾਨਤਾ ਮੌਜੂਦ ਹੈ, ਪਰ ਸਰਕਾਰੀ ਕੋਸ਼ਿਸ਼ਾਂ ਨਾਲ ਇਹ ਘਟ ਰਹੀ ਹੈ।

# ਜਗਰਾਓਂ ਵਿਚ ਤਾਈ ਨੇ ਪੈਸਿਆਂ ਦੇ ਲਾਲਚ ਵਿਚ ਵੇਚੀਆਂ ਦੋ ਨਾਬਾਲਗ ਭਤੀਜੀਆਂ

## ✪ ਪੁਲਿਸ ਨੇ ਚਾਰ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ✪ ਮੁਲਜ਼ਮ ਤਾਈ ਦੀਆਂ ਦੋ ਮਹਿਲਾ ਸਾਥਣਾਂ ਗ੍ਰਿਫ਼ਤਾਰ

ਲੁਧਿਆਣਾ-ਜਗਰਾਓਂ ਇਲਾਕੇ ਵਿੱਚ ਇੱਕ ਤਾਈ ਨੇ ਆਪਣੀਆਂ ਹੀ ਦੋ ਨਾਬਾਲਗ ਭਤੀਜੀਆਂ ਨੂੰ ਚੰਦ ਸਿੱਕਿਆਂ ਦੀ ਖਾਤਰ ਅੱਗੇ ਵੇਚ ਦਿੱਤਾ। ਜਗਰਾਓਂ ਪੁਲਿਸ ਨੇ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮ ਤਾਈ ਦੀਆਂ ਦੋ ਮਹਿਲਾ ਸਾਥਣਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

### ਕੀ ਹੈ ਪੂਰਾ ਮਾਮਲਾ?

ਜਾਣਕਾਰੀ ਅਨੁਸਾਰ, ਪਿੰਡ ਰੂਮੀ ਦੇ ਨਿਵਾਸੀ ਗੁਰਪ੍ਰੀਤ ਸਿੰਘ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੀ ਪਤਨੀ ਸੁਖਵਿੰਦਰ ਕੌਰ (ਵਾਸੀ ਅਹਿਮਦਗੜ੍ਹ ਛੰਨਾ) ਨੇ ਆਪਣੀਆਂ ਨਾਬਾਲਗ ਭਤੀਜੀਆਂ ਨੂੰ, ਜਿਨ੍ਹਾਂ ਦੇ ਮਾਪਿਆਂ ਦੀ ਮੌਤ ਹੋ ਚੁੱਕੀ ਸੀ, ਪੈਸਿਆਂ ਦੇ ਲਾਲਚ ਵਿੱਚ ਆ ਕੇ ਕਿਸੇ ਹੋਰ ਨੂੰ ਵੇਚ ਦਿੱਤਾ ਹੈ।

ਦੱਸਿਆ ਜਾ ਰਿਹਾ ਹੈ ਕਿ ਇਹਨਾਂ ਕੁੜੀਆਂ ਦਾ ਕਿਸੇ ਅਣਪਛਾਤੀ ਜਗ੍ਹਾ 'ਤੇ ਜਬਰਦਸਤੀ ਵਿਆਹ ਕਰਵਾਉਣ ਦੇ ਬਹਾਨੇ ਸੌਦਾ ਕੀਤਾ ਗਿਆ ਸੀ।

### ਪੁਲਿਸ ਦੀ ਕਾਰਵਾਈ

ਥਾਣਾ ਸਦਰ ਜਗਰਾਓਂ ਦੇ ਮੁਖੀ ਸੁਰਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਨੇ ਚਾਰ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ:

ਸੁਖਵਿੰਦਰ ਕੌਰ (ਮੁੱਖ ਮੁਲਜ਼ਮ ਤਾਈ)
ਲੱਖਾ ਸਿੰਘ (ਪਿੰਡ ਰੂਮੀ)
ਰੇਸ਼ਮ ਕੌਰ (ਵਾਸੀ ਸਰਾਭਾ)
ਹਰਜਿੰਦਰ ਕੌਰ ਉਰਫ਼ ਮਿੰਟੋ (ਪਿੰਡ ਰੂਮੀ)

ਪੁਲਿਸ ਨੇ ਕਾਰਵਾਈ ਕਰਦਿਆਂ ਰੇਸ਼ਮ ਕੌਰ ਅਤੇ ਹਰਜਿੰਦਰ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅਦਾਲਤ ਨੇ ਦੋਵਾਂ ਮੁਲਜ਼ਮਾਂ ਦਾ ਦੋ ਦਿਨ ਦਾ ਪੁਲਿਸ ਰਿਮਾਂਡ ਦਿੱਤਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਨਾਬਾਲਗ ਕੁੜੀਆਂ ਨੂੰ ਕਿੱਥੇ ਵੇਚਿਆ ਗਿਆ ਹੈ ਅਤੇ ਉਹਨਾਂ ਨੂੰ ਜਲਦ ਤੋਂ ਜਲਦ ਬਰਾਮਦ ਕੀਤਾ ਜਾ ਸਕੇ।

ਇਸ ਘਟਨਾ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪੁਲਿਸ ਮੁਤਾਬਕ ਬਾਕੀ ਫਰਾਰ ਮੁਲਜ਼ਮਾਂ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ।

# ਅਮਰੀਕਾ ਵਿੱਚ ਸਿੱਖਾਂ ਦੀ ਸੁਰੱਖਿਆ ਲਈ ਇਤਿਹਾਸਕ ਪਹਿਲ: 'ਸਿੱਖ ਅਮਰੀਕਨ ਐਂਟੀ-ਡਿਸਕ੍ਰਿਮੀਨੇਸ਼ਨ ਐਕਟ' ਨੂੰ ਮਿਲਿਆ ਭਾਰੀ ਸਮਰਥਨ

ਵਾਸ਼ਿੰਗਟਨ-ਅਮਰੀਕੀ ਸੰਸਦ (ਕਾਂਗਰਸ) ਵਿੱਚ ਸਿੱਖ ਭਾਈਚਾਰੇ ਵਿਰੁੱਧ ਵਧ ਰਹੀ ਨਫ਼ਰਤ ਅਤੇ ਵਿਤਕਰੇ ਨੂੰ ਨੱਥ ਪਾਉਣ ਲਈ ਇੱਕ ਅਹਿਮ ਬਿੱਲ ਪੇਸ਼ ਕੀਤਾ ਗਿਆ ਹੈ। 'ਸਿੱਖ ਅਮਰੀਕਨ ਐਂਟੀ-ਡਿਸਕ੍ਰਿਮੀਨੇਸ਼ਨ ਐਕਟ 2025' ਨਾਮ ਦੇ ਇਸ ਇਹ ਬਿੱਲ ਸਿੱਖ ਭਾਈਚਾਰੇ ਵਿਰੁੱਧ ਵਧ ਰਹੀ ਨਫ਼ਰਤ ਅਤੇ ਵਿਤਕਰੇ ਨੂੰ ਰੋਕਣ ਲਈ ਤਿਆਰ ਕੀਤਾ ਗਿਆ ਹੈ, ਜਿਸ ਨੂੰ ਡੈਮੋਕ੍ਰੈਟਿਕ ਅਤੇ ਰਿਪਬਲਿਕਨ ਪਾਰਟੀਆਂ ਦੇ ਵੱਖ-ਵੱਖ ਨੇਤਾਵਾਂ ਨੇ ਸਮਰਥਨ ਦਿੱਤਾ ਹੈ। ਕਾਂਗਰਸ ਵੂਮੈਨ ਜ਼ੋਏ ਲੋਫਗ੍ਰੇਨ ਨੇ ਇਸ ਨੂੰ ਕੋ-ਸਪਾਂਸਰ ਵਜੋਂ ਸਮਰਥਨ ਕਰਕੇ ਇਸ ਦੀ ਬਾਈਪਾਰਟੀਸਨ ਮੋਮੈਂਟਮ ਨੂੰ ਵਧਾਇਆ ਹੈ। ਕਾਂਗਰਸ ਵੂਮੈਨ ਲੋਫਗ੍ਰੇਨ ਨੇ ਕਿਹਾ, "ਕਿਸੇ ਵੀ ਧਾਰਮਿਕ ਭਾਈਚਾਰਾ ਅਮਰੀਕਾ ਵਿੱਚ ਇਬਾਦਤ ਕਰਨ ਤੋਂ ਡਰ ਨਹੀਂ ਮਹਿਸੂਸ ਕਰਨਾ ਚਾਹੀਦਾ।

ਸਿੱਖ ਅਮਰੀਕਨ ਵਧਦੇ ਵਿਤਕਰੇ ਅਤੇ ਨਫ਼ਰਤੀ ਅਪਰਾਧਾਂ ਦਾ ਸਾਹਮਣਾ ਕਰ ਰਹੇ ਹਨ, ਅਤੇ ਡੀਓਜੇ ਨੂੰ ਇਸ ਮੁੱਦੇ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ।" ਉਹਨਾਂ ਨੇ ਸੈਨ ਜੋਸ ਵਿੱਚ ਵੱਡੇ ਸਿੱਖ ਭਾਈਚਾਰੇ ਨੂੰ ਨੁਮਾਇੰਦਗੀ ਕਰਨ ਵਾਲੇ ਵਜੋਂ ਇਸ ਨੂੰ ਆਪਣੀ ਜ਼ਿੰਮੇਵਾਰੀ ਦੱਸਿਆ।

ਗੋਥਾਈਮਰ ਨੇ ਕਿਹਾ ਕਿ ਇਹ ਬਿੱਲ ਉੱਤਰੀ ਜਰਸੀ ਵਿੱਚ ਸਿੱਖ ਪਰਿਵਾਰਾਂ ਅਤੇ ਆਗੂਆਂ ਨਾਲ ਸਿੱਧੀਆਂ ਗੱਲਾਂਬਾਤਾਂ ਤੋਂ ਪ੍ਰੇਰਿਤ ਹੈ। "ਕਾਂਗਰਸ ਨੂੰ ਨਿਰਣਾਇਕ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਹਰ ਅਮਰੀਕੀ ਆਪਣੀ ਧਰਮ ਨੂੰ ਆਜ਼ਾਦੀ ਨਾਲ ਮਨਾ ਸਕੇ।" ਇਹ ਬਿੱਲ ਹੁਣ ਹਾਊਸ ਜੂਡੀਸ਼ੀਅਲ ਕਮੇਟੀ ਕੋਲ ਰੈਫਰ ਕੀਤਾ ਗਿਆ ਹੈ ਅਤੇ ਇਸ ਨੂੰ 11 ਕੋ-ਸਪਾਂਸਰ ਮਿਲ ਚੁੱਕੇ ਹਨ।



### ਕੀ ਹੈ ਇਸ ਬਿੱਲ ਵਿੱਚ ?

ਇਹ ਬਿੱਲ ਅਮਰੀਕੀ ਨਿਆਂ ਵਿਭਾਗ ਨੂੰ ਇੱਕ ਖਾਸ 'ਸਿੱਖ ਐਂਟੀ-ਡਿਸਕ੍ਰਿਮੀਨੇਸ਼ਨ ਟਾਸਕ ਫੋਰਸ' ਬਣਾਉਣ ਦਾ ਹੁਕਮ ਦਿੰਦਾ ਹੈ। ਇਸ ਟਾਸਕ ਫੋਰਸ ਦਾ ਕੰਮ ਸਿੱਖਾਂ ਵਿਰੁੱਧ ਹੁੰਦੀ ਨਫ਼ਰਤ ਨੂੰ ਸਮਝਣਾ, ਉਸ ਦਾ ਡਾਟਾ ਇਕੱਠਾ ਕਰਨਾ ਅਤੇ ਉਸ ਨੂੰ ਰੋਕਣ ਲਈ ਯੋਜਨਾਵਾਂ ਬਣਾਉਣਾ ਹੋਵੇਗਾ।

### ਮੁੱਖ ਵਿਸ਼ੇਸ਼ਤਾਵਾਂ

ਸਿੱਖਿਆ ਅਤੇ ਜਾਗਰੂਕਤਾ: ਸਕੂਲਾਂ ਅਤੇ ਸਰਕਾਰੀ ਏਜੰਸੀਆਂ ਵਿੱਚ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਤਾਂ ਜੋ ਲੋਕ ਪੱਗ ਅਤੇ ਕਿਰਪਾਨ ਵਰਗੇ ਧਾਰਮਿਕ ਚਿੰਨ੍ਹਾਂ ਦਾ ਸਤਿਕਾਰ ਕਰਨ।

ਸਾਲਾਨਾ ਰਿਪੋਰਟ: ਸਰਕਾਰ ਹਰ ਸਾਲ ਸੰਸਦ ਨੂੰ ਦੱਸੇਗੀ ਕਿ ਸਿੱਖਾਂ ਵਿਰੁੱਧ ਕਿੰਨੇ ਨਫ਼ਰਤੀ ਅਪਰਾਧ ਹੋਏ ਅਤੇ ਉਹਨਾਂ 'ਤੇ ਕੀ ਕਾਰਵਾਈ ਹੋਈ।

ਵਿਦੇਸ਼ੀ ਦਬਾਅ ਤੋਂ ਸੁਰੱਖਿਆ: ਇਹ ਬਿੱਲ ਸਿੱਖਾਂ ਨੂੰ ਵਿਦੇਸ਼ੀ ਸਰਕਾਰਾਂ ਦੀ ਨਿਗਰਾਨੀ ਜਾਂ ਕਿਸੇ ਵੀ ਤਰ੍ਹਾਂ ਦੇ ਬਾਹਰੀ ਦਬਾਅ ਤੋਂ ਬਚਾਉਣ ਲਈ ਵੀ ਕੰਮ ਕਰੇਗਾ।

### ਸਮਰਥਨ ਕਿਉਂ ਮਿਲ ਰਿਹਾ ਹੈ ?

ਇਸ ਬਿੱਲ ਨੂੰ ਪੇਸ਼ ਕਰਨ ਵਾਲੇ ਕਾਂਗਰਸਮੈਨ ਜੋਸ਼ ਗੋਥਾਈਮਰ ਅਤੇ ਡੇਵਿਡ ਵਲਾਡਾਓ ਦਾ ਕਹਿਣਾ ਹੈ ਕਿ 9/11 ਦੇ ਹਮਲਿਆਂ ਤੋਂ ਬਾਅਦ ਸਿੱਖ ਭਾਈਚਾਰੇ ਨੂੰ ਗਲਤ ਪਛਾਣ ਕਾਰਨ ਬਹੁਤ ਨਫ਼ਰਤ ਦਾ ਸਾਹਮਣਾ ਕਰਨਾ ਪਿਆ ਹੈ। 2012 ਵਿੱਚ ਵਿਸਕਾਨਸਿਨ ਗੁਰਦੁਆਰੇ 'ਤੇ ਹੋਇਆ ਹਮਲਾ ਇਸ ਦੀ ਇੱਕ ਦੁਖਦਾਈ ਮਿਸਾਲ ਹੈ। ਸਿੱਖ ਸੰਸਥਾਵਾਂ ਜਿਵੇਂ ਕਿ 'ਸਿੱਖ ਕੋਲੀਸ਼ਨ' ਅਤੇ 'ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ' ਨੇ ਇਸ ਬਿੱਲ ਨੂੰ ਤਿਆਰ ਕਰਨ ਵਿੱਚ ਦਿਨ-ਰਾਤ ਮਿਹਨਤ ਕੀਤੀ ਹੈ।

### ਸਿੱਖ ਭਾਈਚਾਰੇ ਲਈ ਇਸ ਦੇ ਫਾਇਦੇ

ਅਮਰੀਕਾ ਵਿੱਚ ਰਹਿਣ ਵਾਲੇ ਲਗਭਗ 5 ਲੱਖ ਸਿੱਖਾਂ ਲਈ ਇਹ ਬਿੱਲ ਇੱਕ ਢਾਲ ਵਾਂਗ ਹੋਵੇਗਾ। ਇਸ ਨਾਲ ਨਾ ਸਿਰਫ਼ ਨਫ਼ਰਤੀ ਹਮਲੇ ਘਟਣਗੇ, ਸਗੋਂ ਸਿੱਖਾਂ ਨੂੰ ਆਪਣੇ ਧਾਰਮਿਕ ਵਿਸ਼ਵਾਸਾਂ ਨਾਲ ਖੁੱਲ੍ਹ ਕੇ ਜੀਉਣ ਦੀ ਆਜ਼ਾਦੀ ਮਿਲੇਗੀ। ਸਿੱਖ ਆਗੂਆਂ ਨੇ ਇਸ ਨੂੰ ਅਮਰੀਕਾ ਵਿੱਚ ਸਿੱਖਾਂ ਦੇ ਮੂਲ ਅਧਿਕਾਰਾਂ ਦੀ ਇੱਕ ਵੱਡੀ ਜਿੱਤ ਦੱਸਿਆ ਹੈ।

ਸਿੱਖ ਕੋਲੀਸ਼ਨ ਨੇ ਕਿਹਾ ਕਿ ਇਹ ਬਿੱਲ ਹੇਟ ਕ੍ਰਾਈਮ ਡਾਟਾ ਨੂੰ ਸੁਧਾਰੇਗਾ ਅਤੇ ਸਿੱਖਾਂ ਨੂੰ ਸੁਰੱਖਿਅਤ ਮਹਿਸੂਸ ਕਰਾਏਗਾ। ਯੂਨਾਈਟਿਡ ਸਿੱਖ ਨੇ ਇਸ ਨੂੰ 'ਮਹੱਤਵਪੂਰਨ ਕਦਮ' ਕਿਹਾ। ਇਸ ਨਾਲ ਸਿੱਖ ਅਮਰੀਕਨਾਂ ਦੀ ਆਬਾਦੀ, ਜੋ ਲਗਭਗ 5 ਲੱਖ ਹੈ, ਨੂੰ ਵਧੇਰੇ ਸੁਰੱਖਿਆ ਮਿਲੇਗੀ।

ਯੂਨਾਈਟਿਡ ਸਿੱਖ ਨੇ ਇਸ ਨੂੰ ਨਫ਼ਰਤ ਵਿਰੋਧੀ ਮਜ਼ਬੂਤ ਸੁਰੱਖਿਆ ਵਜੋਂ ਵੇਖਿਆ। ਭੁਪਿੰਦਰ ਸਿੰਘ ਅਤੇ ਬੂਟਾ ਸਿੰਘ ਖਰੌੜ ਵਰਗੇ ਆਗੂਆਂ ਨੇ ਇਸ ਨੂੰ ਲੀਡ ਕੀਤਾ ਅਤੇ ਕਿਹਾ ਕਿ ਇਹ ਅਮਰੀਕੀ ਸਿੱਖਾਂ ਲਈ ਬੁਨਿਆਦੀ ਅਧਿਕਾਰਾਂ ਨੂੰ ਮਜ਼ਬੂਤ ਕਰੇਗਾ। ਡਾ. ਅਮਰਜੀਤ ਸਿੰਘ ਨੇ ਯੂਟਿਊਬ ਤੇ ਕਿਹਾ ਕਿ ਇਹ ਬਿੱਲ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਵਿਰੁੱਧ ਵਿਤਕਰੇ ਨੂੰ ਰੋਕੇਗਾ।


ਅਮਰੀਕੀ ਸਿੱਖ ਕਾਂਗ੍ਰੇਸ਼ਨਲ ਕੌਕਸ ਦੇ ਕੋ-ਚੇਅਰ ਵਲਾਡਾਓ ਨੇ ਕਿਹਾ ਕਿ ਇਹ ਡੀਓਜੇ ਨੂੰ ਸਿੱਖ ਭਾਈਚਾਰੇ ਨਾਲ ਮਿਲ ਕੇ ਕੰਮ ਕਰਨ ਲਈ ਮਜਬੂਰ ਕਰੇਗਾ। ਪੰਥਕ ਆਗੂ ਇਸ ਨੂੰ ਟ੍ਰਾਂਸਨੈਸ਼ਨਲ ਦਬਾਅ ਵਿਰੋਧੀ ਵੀ ਵੇਖਦੇ ਹਨ।

ਅਮਰੀਕਨ ਸਿੱਖ ਆਗੂ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਇਹ ਬਿੱਲ ਅਮਰੀਕੀ ਸਿੱਖਾਂ ਲਈ ਇੱਕ ਵੱਡੀ ਜਿੱਤ ਹੈ, ਜੋ ਨਫ਼ਰਤ ਅਤੇ ਵਿਤਕਰੇ ਨੂੰ ਰੋਕੇਗਾ। ਇਸ ਨੂੰ ਮਿਲੇ ਸਮਰਥਨ ਨੇ ਇਸ ਨੂੰ ਮਜ਼ਬੂਤ ਬਣਾਇਆ। ਭਵਿੱਖ ਵਿੱਚ ਇਸ ਦੇ ਪਾਸ ਹੋਣ ਨਾਲ ਸਿੱਖ ਭਾਈਚਾਰੇ ਨੂੰ ਵਧੇਰੇ ਸੁਰੱਖਿਆ ਮਿਲੇਗੀ।

# ਦਿੱਲੀ ਪੁਲਿਸ ਵਲੋਂ ਗੁਰਪਤਵੰਤ ਸਿੰਘ ਪੰਨੂ ਖ਼ਿਲਾਫ਼ ਐੱਫਆਈਆਰ ਦਰਜ

## ✪ ਗਣਤੰਤਰ ਦਿਵਸ ਤੋਂ ਪਹਿਲਾਂ ਧਮਕੀਆਂ ਦੇ ਦੋਸ਼ 'ਤੇ ਹੋਈ ਕਾਰਵਾਈ

ਨਵੀਂ ਦਿੱਲੀ-ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਸਿੱਖਸ ਫਾਰ ਜਸਟਿਸ (ਐੱਸਐੱਫਜੇ) ਦੇ ਮੁਖੀ ਅਤੇ ਨਾਮਜ਼ਦ ਦਹਿਸ਼ਤਗਰਦ ਗੁਰਪਤਵੰਤ ਸਿੰਘ ਪੰਨੂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਹੈ। ਇਹ ਕਾਰਵਾਈ 26 ਜਨਵਰੀ ਗਣਤੰਤਰ ਦਿਵਸ ਤੋਂ ਪਹਿਲਾਂ ਰਾਸ਼ਟਰੀ ਰਾਜਧਾਨੀ ਵਿੱਚ ਗੜਬੜੀ ਪੈਦਾ ਕਰਨ ਦੀਆਂ ਧਮਕੀਆਂ ਦੇ ਦੋਸ਼ਾਂ 'ਤੇ ਕੀਤੀ ਗਈ ਹੈ।



ਪੁਲਿਸ ਅਧਿਕਾਰੀਆਂ ਮੁਤਾਬਕ, ਪੰਨੂ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ ਸੀ, ਜਿਸ ਵਿੱਚ ਉਸ ਨੇ ਗਣਤੰਤਰ ਦਿਵਸ ਸਮਾਗਮ ਤੋਂ ਪਹਿਲਾਂ ਦਿੱਲੀ ਵਿੱਚ ਸ਼ਾਂਤੀ ਅਤੇ ਕਾਨੂੰਨ ਵਿਵਸਥਾ ਭੰਗ ਕਰਨ ਦੀ ਧਮਕੀ ਦਿੱਤੀ। ਉਸ ਨੇ ਦਾਅਵਾ ਕੀਤਾ ਕਿ ਉਸ ਦੇ 'ਸਲੀਪਰ ਸੈੱਲਾਂ' ਨੇ ਰੋਹਿਣੀ ਅਤੇ ਡਾਬਰੀ ਸਮੇਤ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਖਾਲਿਸਤਾਨ ਪੱਖੀ ਪੋਸਟਰ ਚਿਪਕਾਏ ਹਨ।

ਪੁਲਿਸ ਨੇ ਵੀਡੀਓ ਵਿੱਚ ਦੱਸੇ ਗਏ ਇਲਾਕਿਆਂ ਵਿੱਚ ਤਲਾਸ਼ੀ ਲਈ ਪਰ ਕੋਈ ਖਾਲਿਸਤਾਨ ਪੱਖੀ ਪੋਸਟਰ ਜਾਂ ਸਬੰਧਤ ਸਮੱਗਰੀ ਨਹੀਂ ਮਿਲੀ। ਗਣਤੰਤਰ ਦਿਵਸ ਦੇ ਜਸ਼ਨਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਰਾਜਧਾਨੀ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਚੌਕਸੀ ਵਧਾ ਕੇ ਨਿਗਰਾਨੀ ਕੀਤੀ ਜਾ ਰਹੀ ਹੈ।

# ਤਲਵੰਡੀ ਕਲਾਂ ਦੀ ਮਹਿਲਾ ਨਸ਼ਾ ਤਸਕਰ ਹੈਰੋਇਨ ਸਮੇਤ ਗ੍ਰਿਫਤਾਰ

## ✪ ਪਹਿਲਾਂ ਵੀ 7 ਕੇਸ ਦਰਜ, ਪੁਲਿਸ ਵਲੋਂ ਲਾਡੋਵਾਲ ਖੇਤਰ ਵਿੱਚ ਵੱਡੀ ਕਾਰਵਾਈ

ਲੁਧਿਆਣਾ-ਲੁਧਿਆਣਾ ਪੁਲਿਸ ਨੇ ਨਸ਼ਾ ਤਸਕਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਅਧੀਨ ਵੱਡੀ ਸਫਲਤਾ ਹਾਸਲ ਕੀਤੀ ਹੈ। ਥਾਣਾ ਲਾਡੋਵਾਲ ਦੀ ਪੁਲਿਸ ਟੀਮ ਨੇ ਪਿੰਡ ਤਲਵੰਡੀ ਕਲਾਂ ਦੀ ਇੱਕ ਮਹਿਲਾ ਨਸ਼ਾ ਤਸਕਰ ਨੂੰ 22 ਗ੍ਰਾਮ ਹੈਰੋਇਨ ਸਮੇਤ ਕਾਬੂ ਕਰ ਲਿਆ ਹੈ। ਗ੍ਰਿਫਤਾਰ ਮਹਿਲਾ 'ਤੇ ਪਹਿਲਾਂ ਵੀ ਨਸ਼ਾ ਸਮੱਗਲਿੰਗ ਦੇ ਕਰੀਬ 7 ਕੇਸ ਦਰਜ ਹਨ। ਪੁਲਿਸ ਕਮਿਸ਼ਨਰ ਆਈ.ਪੀ.ਐੱਸ. ਸਵਪਨ ਸ਼ਰਮਾ ਦੇ ਨਿਰਦੇਸ਼ਾਂ 'ਤੇ ਥਾਣਾ ਲਾਡੋਵਾਲ ਦੀ ਮੁਖੀ ਗੁਰਸ਼ਿੰਦਰ ਕੌਰ ਦੀ ਅਗਵਾਈ ਵਾਲੀ ਟੀਮ ਗਸ਼ਤ ਦੌਰਾਨ ਸਤਲੁਜ ਦਰਿਆ ਨੇੜੇ ਖਵਾਜਾ ਪੀਰ ਵਾਲੇ ਇਲਾਕੇ ਵਿੱਚ ਮੌਜੂਦ ਸੀ। ਇਸ ਦੌਰਾਨ ਇੱਕ ਔਰਤ ਨੂੰ ਸ਼ੱਕੀ ਹਾਲਤ ਵਿੱਚ ਵੇਖ ਕੇ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਔਰਤ ਪੁਲਿਸ ਨੂੰ ਵੇਖ ਕੇ ਭੱਜਣ ਲੱਗੀ ਪਰ ਪੁਲਿਸ ਨੇ ਤੁਰੰਤ ਉਸ ਨੂੰ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਉਸ ਕੋਲੋਂ 22 ਗ੍ਰਾਮ ਹੈਰੋਇਨ ਬਰਾਮਦ ਹੋਈ।



ਗ੍ਰਿਫਤਾਰ ਮਹਿਲਾ ਦੀ ਪਛਾਣ ਮਨਜੀਤ ਕੌਰ ਪਤਨੀ ਅਮਰਜੀਤ ਸਿੰਘ ਵਾਸੀ ਪਿੰਡ ਤਲਵੰਡੀ ਕਲਾਂ ਵਜੋਂ ਹੋਈ ਹੈ। ਥਾਣੇਦਾਰ ਦਲਬੀਰ ਸਿੰਘ ਦੀ ਟੀਮ ਨੇ ਤੁਰੰਤ ਉਸ ਨੂੰ ਗ੍ਰਿਫਤਾਰ ਕਰਕੇ ਥਾਣਾ ਲਾਡੋਵਾਲ ਵਿੱਚ ਕੇਸ ਦਰਜ ਕਰ ਲਿਆ ਹੈ। ਥਾਣਾ ਮੁਖੀ ਗੁਰਸ਼ਿੰਦਰ ਕੌਰ ਨੇ ਦੱਸਿਆ ਕਿ ਮਨਜੀਤ ਕੌਰ ਪਿਛਲੇ ਕਈ ਸਾਲਾਂ ਤੋਂ ਨਸ਼ਾ ਵੇਚਣ ਅਤੇ ਸਮੱਗਲਿੰਗ ਵਿੱਚ ਸ਼ਾਮਲ ਸੀ ਅਤੇ ਇਸ ਸਬੰਧੀ ਪਹਿਲਾਂ ਵੀ 7 ਮਾਮਲੇ ਦਰਜ ਹਨ।

# ਸਿੱਖਸ ਆਫ਼ ਅਮੈਰਿਕਾ ਦੇ ਉਦਮ ਸਦਕਾ ਹੜ੍ਹਾਂ ਕਾਰਨ ਤਬਾਹ ਹੋਇਆ ਸਕੂਲ ਵਿਦਿਆਰਥੀਆਂ ਲਈ ਮੁੜ ਖੁੱਲ੍ਹਿਆ








ਵਾਸ਼ਿੰਗਟਨ-ਸਿੱਖਸ ਆਫ਼ ਅਮੈਰਿਕਾ ਸਮਾਜ ਸੇਵੀ ਸੰਸਥਾ ਹੈ, ਜੋ ਸਿੱਖੀ ਦੀ ਵੱਖਰੀ ਪਛਾਣ ਦਾ ਪ੍ਰਚਾਰ ਤਾਂ ਕਰਦੀ ਹੈ ਸਗੋਂ ਕੁਦਰਤੀ ਆਫ਼ਤਾਂ ਨਾਲ ਝੰਬੇ ਲੋਕਾਂ ਦੀ ਜ਼ਿੰਦਗੀ ਨੂੰ ਦੁਬਾਰਾ ਲੀਹ 'ਤੇ ਲਿਆਉਣ ਲਈ ਵੀ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ।

ਪਿਛਲੇ ਵਰ੍ਹੇ ਆਏ ਹੜ੍ਹਾਂ ਕਾਰਨ ਸਮੁੱਚੇ ਪੰਜਾਬ ਵਿਚ ਨੁਕਸਾਨ ਹੋਇਆ ਸੀ, ਇਸੇ ਦੇ ਚੱਲਦਿਆਂ ਜਲੰਧਰ ਜ਼ਿਲ੍ਹੇ ਦੇ ਪਿੰਡ ਜਲਾਲਪੁਰ ਕਲਾਂ ਦਾ ਸਕੂਲ ਵੀ ਹੜ੍ਹਾਂ ਦੀ ਮਾਰ ਨਾ ਸਹਿੰਦਾ ਹੋਇਆ ਢਹਿ-ਢੇਰੀ ਹੋ ਗਿਆ ਸੀ।

ਜਾਣਕਾਰੀ ਮੁਤਾਬਕ, ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸਿੱਖਸ ਆਫ਼ ਅਮੈਰਿਕਾ ਨੇ ਇਸ ਸਕੂਲ ਦੇ ਪੁਨਰ-ਨਿਰਮਾਣ ਦੀ ਜ਼ਿੰਮੇਵਾਰੀ ਚੁੱਕੀ ਅਤੇ ਇਸ ਨੂੰ ਨਿਭਾਉਂਦਿਆਂ ਬੀਤੇ ਦਿਨੀਂ ਸਕੂਲ ਦੁਬਾਰਾ ਬੱਚਿਆਂ ਨੂੰ ਸਮਰਪਿਤ ਕੀਤਾ ਗਿਆ। ਸੰਸਥਾ ਦੇ ਅੰਤਰਰਾਸ਼ਟਰੀ ਕੋਆਰਡੀਨੇਟਰ ਵਰਿੰਦਰ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਬੇਅੰਤ ਖੁਸ਼ੀ ਹੋਈ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਹੀ ਨਹੀਂ ਸਗੋਂ ਨੰਨ੍ਹੇ ਮੁੰਨੇ ਬੱਚਿਆਂ ਦੇ ਚਿਹਰਿਆਂ 'ਤੇ ਖੁਸ਼ੀ ਲਿਆਉਣ ਵਿਚ ਕਾਮਯਾਬ ਹੋਏ ਹਨ ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿਚ ਸਾਡੇ ਦੇਸ਼ ਦਾ ਭਵਿੱਖ ਬਣਨਾ ਹੈ।

# ਸਾਬਕਾ ਮਹਿਲਾ ਸਰਪੰਚ ਦਾ ਗੋਲੀ ਮਾਰ ਕੇ ਕੀਤਾ ਕਤਲ, ਤਿੰਨ ਖ਼ਿਲਾਫ਼ ਕੇਸ ਦਰਜ



ਮਾਨਸਾ-ਸੀਨੀਅਰ ਕਾਂਗਰਸੀ ਆਗੂ ਅਤੇ ਪੀਆਰਟੀਸੀ ਦੇ ਸਾਬਕਾ ਡਾਇਰੈਕਟਰ ਕਰਮ ਸਿੰਘ ਚੌਹਾਨ ਦੀ ਭਤੀਜੀ ਅਤੇ ਪਿੰਡ ਖਿੱਲਣ ਦੀ ਸਾਬਕਾ ਮਹਿਲਾ ਸਰਪੰਚ ਮਹਿੰਦਰਜੀਤ ਕੌਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਹਮਲਾਵਰਾਂ ਨੇ ਸਾਬਕਾ ਸਰਪੰਚ ਦੇ ਪਤੀ ਉਪਰ ਵੀ ਗੋਲੀਆਂ ਚਲਾਈਆਂ, ਪ੍ਰੰਤੂ ਉਨ੍ਹਾਂ ਦਾ ਇਸ ਘਟਨਾ ਵਿੱਚ ਬਚਾਅ ਹੋ ਗਿਆ, ਕਿਉਂਕਿ ਗੋਲੀਆਂ ਉਨ੍ਹਾਂ ਦੀ ਕਾਰ ਵਿੱਚ ਲੱਗੀਆਂ। ਇਸ ਵਾਰਦਾਤ ਦੀ ਜਾਣਕਾਰੀ ਮਿਲਣ 'ਤੇ ਮਾਨਸਾ ਪੁਲੀਸ ਮੌਕੇ 'ਤੇ ਪਹੁੰਚ ਗਈ ਅਤੇ ਮਹਿਲਾ ਸਰਪੰਚ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਇਹ ਗੋਲੀਆਂ ਗੁਆਂਢੀਆਂ ਵੱਲੋਂ ਮਾਰੀਆਂ ਗਈਆਂ ਹਨ। ਮਾਨਸਾ ਦੇ ਡੀਐਸਪੀ ਬੂਟਾ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੇ ਪਤੀ ਮਨਪ੍ਰੀਤ ਸਿੰਘ ਦੇ ਬਿਆਨਾਂ 'ਤੇ ਅਮਨਿੰਦਰ ਸਿੰਘ, ਉਸ ਦੇ ਪਿਤਾ ਭਗਵੰਤ ਸਿੰਘ, ਗੁਰਪਾਲ ਸਿੰਘ ਵਾਸੀ ਖਿੱਲਣ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਪਰ ਹਾਲੇ ਤਕ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ ਹੈ।

# ਬੱਬਰ ਖਾਲਸਾ ਦਾ ਕਾਰਕੁਨ ਗ੍ਰਿ੍ਫ਼ਤਾਰ

## ✪ ਹੱਥ ਗੋਲਾ, ਗਲੌਕ ਪਿਸਤੌਲ ਤੇ ਆਈਸ ਡਰੱਗ ਬਰਾਮਦ

ਅੰਮ੍ਰਿਤਸਰ-ਗਣਤੰਤਰ ਦਿਵਸ ਤੋਂ ਪਹਿਲਾਂ ਪੰਜਾਬ ਪੁਲਿਸ ਨੇ ਵੱਡੀ ਸਫਲਤਾ ਹਾਸਲ ਕਰਦਿਆਂ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜੇ ਇੱਕ ਕਾਰਕੁਨ ਨੂੰ ਗ੍ਰਿ੍ਫ਼ਤਾਰ ਕੀਤਾ ਹੈ। ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਦੀ ਟੀਮ ਨੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਅੰਮ੍ਰਿਤਸਰ-ਤਰਨ ਤਾਰਨ ਹਾਈਵੇਅ ਤੇ ਬੁੰਡਾਲਾ ਮੋੜ ਨੇੜੇ ਸ਼ਰਨਪ੍ਰੀਤ ਸਿੰਘ ਪਿੰਡ ਦੀਨੇਵਾਲ (ਤਰਨ ਤਾਰਨ) ਨੂੰ ਹਿਰਾਸਤ ਵਿੱਚ ਲਿਆ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਦੇ ਕਬਜ਼ੇ ਵਿਚੋਂ ਇੱਕ ਪੀ-86 ਕਿਸਮ ਦਾ ਹੈਂਡ ਗ੍ਰਨੇਡ, ਇੱਕ 9 ਐੱਮਐੱਮ ਗਲੌਕ ਪਿਸਤੌਲ, ਪੰਜ ਜਿੰਦਾ ਕਾਰਤੂਸ ਅਤੇ 65 ਗ੍ਰਾਮ ਆਈਸ (ਮੈਥਾਮਫੈਟਾਮੀਨ) ਡਰੱਗ ਬਰਾਮਦ ਹੋਈ ਹੈ। ਮੁਢਲੀ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਸ਼ਰਨਪ੍ਰੀਤ ਵਿਦੇਸ਼ ਅਧਾਰਤ ਬੀਕੇਆਈ ਸੰਚਾਲਕਾਂ ਨਿਸ਼ਾਨ ਸਿੰਘ ਉਰਫ਼ ਨਿਸ਼ਾਨ ਜੌੜੀਆ, ਆਦੇਸ਼ਬੀਰ ਸਿੰਘ ਉਰਫ਼ ਆਦੇਸ਼ ਜਾਮਾਰਾਏ ਅਤੇ ਸਿਮਰਨਜੀਤ ਸਿੰਘ ਸਿੰਮਾ ਦਿਓਲ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ। ਇਹ ਲੋਕ ਪੰਜਾਬ ਵਿੱਚ ਦਹਿਸ਼ਤ ਪੈਦਾ ਕਰਨ ਲਈ ਸਮਾਜ ਵਿਰੋਧੀ ਗਤੀਵਿਧੀਆਂ ਵਿੱਚ ਸਰਗਰਮ ਹਨ।

ਏਆਈਜੀ ਐੱਸਐੱਸਓਸੀ ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਕਿਹਾ ਕਿ ਪੁਲਿਸ ਨੇ ਮੁਲਜ਼ਮ ਖਿਲਾ਼ਫ ਉਕਤ ਮਾਮਲੇ ਵਿੱਚ ਕੇਸ ਦਰਜ ਕਰਕੇ ਹੋਰ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

# ਉਲੰਪੀਅਨ ਸ਼ੂਟਰ ਵਲੋਂ ਦੋਸਤ ਦੀ ਗੋਲੀ ਮਾਰ ਕੇ ਕਤਲ

ਲੁਧਿਆਣਾ-ਇੱਥੇ ਐਮ. ਬੀ. ਏ. ਦੇ ਵਿਦਿਆਰਥੀ ਦੀ ਉਸ ਦੇ ਦੋਸਤ ਵਲੋਂ ਹੀ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਵਲੋਂ ਮ੍ਰਿਤਕ ਰਾਜਵੀਰ ਸਿੰਘ (24) ਦੇ ਪਿਤਾ ਜਸਵੀਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਜਗਜੀਤ ਨਗਰ ਦੀ ਸ਼ਿਕਾਇਤ 'ਤੇ ਰਾਜਵੀਰ ਦੇ ਦੋਸਤ ਜੁਗਾਦ ਸਿੰਘ ਸੇਖੋਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਜਸਵੀਰ ਸਿੰਘ ਨੇ ਦੱਸਿਆ ਕਿ ਕਥਿਤ ਦੋਸ਼ੀ ਜੁਗਾਦ ਸਿੰਘ ਸੇਖੋਂ ਉਸ ਦੇ ਲੜਕੇ ਰਾਜਵੀਰ ਸਿੰਘ ਦਾ ਦੋਸਤ ਹੈ ਅਤੇ ਬੀਤੇ ਦਿਨ ਉਸ ਦਾ ਲੜਕਾ ਜੁਗਾਦ ਸਿੰਘ ਸੇਖੋਂ ਨਾਲ ਗਿਆ ਸੀ। ਬਾਅਦ ਵਿਚ ਉਨ੍ਹਾਂ ਨੂੰ ਹਸਪਤਾਲ ਤੋਂ ਫ਼ੋਨ ਆਇਆ ਕਿ ਰਾਜਵੀਰ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀ ਜੁਗਾਦ ਸਿੰਘ ਸੇਖੋਂ ਸ਼ੂਟਰ ਹੈ ਅਤੇ ਉਲੰਪੀਅਨ ਖਿਡਾਰੀ ਹੈ। ਏ.ਸੀ.ਪੀ. ਜਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਕਥਿਤ ਦੋਸ਼ੀ ਅਜੇ ਫ਼ਰਾਰ ਹੈ। ਉਨ੍ਹਾਂ ਦੱਸਿਆ ਕਿ ਕਾਰਾਂ ਦੀ ਖ਼ਰੀਦੋ-ਫ਼ਰੋਖ਼ਤ ਦਾ ਕਾਰੋਬਾਰ ਕਰਨ ਵਾਲੇ ਜਸਵੀਰ ਸਿੰਘ ਦਾ ਤੇ ਰਾਜਵੀਰ ਸਿੰਘ ਇਕਲੌਤਾ ਪੁੱਤਰ ਸੀ ਤੇ ਪੰਜਾਬ ਯੂਨੀਵਰਸਿਟੀ ਤੋਂ ਐਮ.ਬੀ.ਏ. ਦੀ ਪੜ੍ਹਾਈ ਕਰ ਰਿਹਾ ਸੀ।

# ਵਿਦੇਸ਼ ਜਾਣ ਦੇ ਚੱਕਰ ਵਿਚ 'ਪਤਨੀ' ਨੇ ਠੱਗਿਆ ਨੌਜਵਾਨ

## ✪ ਕੈਨੇਡਾ ਪਹੁੰਚ ਕੇ ਲੜਕੀ ਨੇ ਪਤੀ ਖ਼ਿਲਾ਼ਫ ਦਰਜ ਕਰਵਾਇਆ ਕੇਸ



ਅੰਮ੍ਰਿਤਸਰ-ਵਿਦੇਸ਼ ਵਿਚ ਸੈਟਲ ਹੋਣ ਦੀ ਚਾਹਤ ਵਿਚ ਇਕ ਲੜਕੀ ਨੇ ਇਕ ਨੌਜਵਾਨ ਜੋ ਕਿ ਕਿਸਾਨੀ ਕਿੱਤੇ ਨਾਲ ਜੁੜਿਆ ਹੋਇਆ ਹੈ, ਨੂੰ 63 ਲੱਖ ਰੁਪਏ ਦਾ ਚੂਨਾ ਲਗਾ ਦਿੱਤਾ। ਦੋਵੇਂ ਕੈਨੇਡਾ ਵੀ ਪਹੁੰਚ ਗਏ ਪਰ ਉਥੇ ਲੜਕੀ ਨੇ ਪਤੀ ਖ਼ਿਲਾ਼ਫ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਜਿਸ ਤੋਂ ਬਾਅਦ ਪਤੀ ਨੂੰ ਡਿਪੋਰਟ ਕਰ ਦਿੱਤਾ ਗਿਆ। ਹੁਣ ਲੜਕੀ ਨੇ ਨੌਜਵਾਨ ਨਾਲ ਗੱਲਬਾਤ ਕਰਨੀ ਵੀ ਬੰਦ ਕਰ ਦਿੱਤੀ ਹੈ। ਪਤਨੀ ਹੱਥੋਂ ਠੱਗਿਆ ਗਿਆ ਕਿਸਾਨ ਹੁਣ ਪੁਲਿਸ ਥਾਣਿਆਂ ਵਿਚ ਚੱਕਰ ਕੱਟਣ ਲਈ ਮਜਬੂਰ ਹੈ।

ਭੋਮਾ ਪਿੰਡ ਦੇ ਵਸਨੀਕ ਅੰਮ੍ਰਿਤਪਾਲ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਬਟਾਲਾ ਦੇ ਘਣੱਈਆ ਦੇ ਬਾਂਗਰ ਪਿੰਡ ਦੀ ਵਸਨੀਕ ਆਂਚਲਪ੍ਰੀਤ ਕੌਰ, ਉਸ ਦੇ ਪਿਤਾ ਸਰਬਜੀਤ ਸਿੰਘ, ਭਰਾ ਅਜੈਪਾਲ ਸਿੰਘ ਅਤੇ ਮਾਂ ਕੰਵਲਜੀਤ ਕੌਰ ਵਿਰੁੱਧ ਧੋਖਾਧੜੀ ਅਤੇ ਸਾਜ਼ਿਸ਼ ਦਾ ਦੋਸ਼ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਏਐੱਸਆਈ ਹਰਜੀਤ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਗ੍ਰਿ੍ਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਔਰਤ ਵਿਰੁੱਧ ਐੱਲਓਸੀ ਜਾਰੀ ਕੀਤੀ ਜਾਵੇਗੀ।

ਅੰਮ੍ਰਿਤਪਾਲ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਂਚਲਪ੍ਰੀਤ ਕੌਰ ਨਾਲ 12 ਮਈ 2021 ਨੂੰ ਵਿਆਹ ਕੀਤਾ ਸੀ। ਉਹ ਪੇਸ਼ੇ ਤੋਂ ਕਿਸਾਨ ਹੈ ਅਤੇ ਉਸ ਨੇ ਬੀਏ ਦੀ ਪੜ੍ਹਾਈ ਕੀਤੀ ਹੈ। ਆਂਚਲਪ੍ਰੀਤ ਕੌਰ ਵਿਦੇਸ਼ ਵਿਚ ਸੈਟਲ ਹੋਣਾ ਚਾਹੁੰਦੀ ਸੀ ਅਤੇ ਉਸ ਨੂੰ ਆਪਣੇ ਨਾਲ ਲੈ ਜਾਣ ਬਾਰੇ ਗੱਲ ਕਰਨ ਲੱਗ ਪਈ।ਉਹ ਉਸ ਦੀਆਂ ਗੱਲਾਂ ਵਿਚ ਫਸ ਗਿਆ। ਆਂਚਲ ਨੇ ਆਪਣੀ 12ਵੀਂ ਜਮਾਤ ਪੂਰੀ ਕਰ ਲਈ ਸੀ। ਦੋਵਾਂ ਪਰਿਵਾਰਾਂ ਨੇ ਉਨ੍ਹਾਂ ਦਾ ਵਿਆਹ ਕਰਵਾਇਆ। ਵਿਆਹ ਤੋਂ ਬਾਅਦ ਉਸ ਨੇ ਆਪਣੀ ਪਤਨੀ ਨੂੰ ਆਈਲੈਟਸ ਕਰਵਾਇਆ ਅਤੇ ਕੈਨੇਡਾ ਜਾਣ 'ਤੇ 63 ਲੱਖ ਰੁਪਏ ਖਰਚ ਕੀਤੇ ਤੇ ਦੋਵੇਂ ਕੈਨੇਡਾ ਚਲੇ ਗਏ। ਉਸ ਦੀ ਪਤਨੀ ਨੇ ਬਿਨਾਂ ਕਿਸੇ ਕਾਰਨ ਦੇ ਉਸ ਦੇ ਖਿਲਾਫ ਪੁਲਿਸ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ। ਉਸ ਨੂੰ ਬੇਇੱਜ਼ਤ ਕੀਤਾ ਗਿਆ ਅਤੇ ਵਾਪਸ ਭੇਜ ਦਿੱਤਾ ਗਿਆ। ਹੁਣ ਆਂਚਲ ਨੇ ਉਸ ਦੇ ਫ਼ੋਨ ਚੁੱਕਣੇ ਵੀ ਬੰਦ ਕਰ ਦਿੱਤੇ ਹਨ।

# ਸਿੱਖ ਰੈਜੀਮੈਂਟ ਸੰਕਟ ਵਿਚ : 2022 ਤੋਂ 2026 ਤੱਕ ਭਰਤੀ ਵਿੱਚ ਵੱਡੀ ਗਿਰਾਵਟ

## ✪ ਫੌਜ ਨੇ ਨੌਜਵਾਨਾਂ ਨੂੰ ਲਗਾਈ ਪੁਕਾਰ ! ✪ ਅਗਨੀ ਪਥ, ਨਸ਼ੇ ਅਤੇ ਪ੍ਰਵਾਸ ਕਾਰਣ ਫੌਜ ਵਿਚ ਘਟੀ ਗਿਣਤੀ



ਭਾਰਤੀ ਫੌਜ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਰੈਜੀਮੈਂਟ ਵਿੱਚ ਸ਼ਾਮਲ ਹੋ ਕੇ ਆਪਣੀ ਵਿਰਾਸਤ ਨੂੰ ਅੱਗੇ ਵਧਾਉਣ। ਇਹ ਅਪੀਲ ਉਸ ਸਮੇਂ ਆਈ ਹੈ ਜਦੋਂ ਫੌਜ ਵਿੱਚ ਸਿੱਖਾਂ ਦੀ ਗਿਣਤੀ ਵਿੱਚ ਲਗਾਤਾਰ ਗਿਰਾਵਟ ਦੇਖੀ ਜਾ ਰਹੀ ਹੈ। ਸੀਨੀਅਰ ਫੌਜੀ ਅਧਿਕਾਰੀਆਂ ਨੇ ਇਸ ਗਿਰਾਵਟ ਨੂੰ ਲੈ ਕੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਵਰਤਾਰਾ ਨਾ ਸਿਰਫ਼ ਰੈਜੀਮੈਂਟ ਨੂੰ ਪ੍ਰਭਾਵਿਤ ਕਰ ਰਿਹਾ ਹੈ ਬਲਕਿ ਰਾਸ਼ਟਰੀ ਸੁਰੱਖਿਆ ਲਈ ਵੀ ਚੁਣੌਤੀ ਬਣ ਰਿਹਾ ਹੈ। ਫੌਜ ਨੇ ਆਪਣੇ ਅਧਿਕਾਰਤ ਬਿਆਨ ਵਿੱਚ ਕਿਹਾ ਹੈ ਕਿ ਸਿੱਖ ਰੈਜੀਮੈਂਟ ਭਾਰਤੀ ਫੌਜ ਦੀਆਂ ਸਭ ਤੋਂ ਵੱਕਾਰੀ ਯੂਨਿਟਾਂ ਵਿੱਚੋਂ ਇੱਕ ਹੈ ਅਤੇ ਇਸ ਦੀ ਵਿਰਾਸਤ ਸਿੱਖ ਧਰਮ ਨਾਲ ਜੁੜੀ ਹੋਈ ਹੈ।

ਸਿੱਖ ਰੈਜੀਮੈਂਟ ਦੀ ਸ਼ਾਨਦਾਰ ਵਿਰਾਸਤ ਨੂੰ ਯਾਦ ਕਰਦਿਆਂ ਫੌਜ ਨੇ ਕਿਹਾ ਕਿ ਇਹ ਰੈਜੀਮੈਂਟ 19ਵੀਂ ਸਦੀ ਤੋਂ ਲੈ ਕੇ ਅੱਜ ਤੱਕ ਬਹਾਦਰੀ ਦੀਆਂ ਮਿਸਾਲਾਂ ਕਾਇਮ ਕਰਦੀ ਆ ਰਹੀ ਹੈ। ਇਸ ਨੇ ਦੋ ਵਿਸ਼ਵ ਯੁੱਧਾਂ, ਭਾਰਤ-ਪਾਕਿਸਤਾਨ ਯੁੱਧਾਂ (1947-48, 1965, 1971), 1962 ਦੇ ਚੀਨ-ਭਾਰਤ ਯੁੱਧ, ਕਾਰਗਿਲ ਯੁੱਧ (1999) ਅਤੇ ਵੱਖ-ਵੱਖ ਅੰਤਰਿਕ ਸੁਰੱਖਿਆ ਆਪ੍ਰੇਸ਼ਨਾਂ ਵਿੱਚ ਹਿੱਸਾ ਲਿਆ ਸੀ। ਰੈਜੀਮੈਂਟ ਕੋਲ 75 ਬੈਟਲ ਆਨਰਜ਼, 38 ਥੀਏਟਰ ਆਨਰਜ਼ ਅਤੇ 1650 ਤੋਂ ਵੱਧ ਗੈਲੈਂਟਰੀ ਅਵਾਰਡਜ਼ ਹਨ। ਹਾਲ ਹੀ ਵਿੱਚ ਜਨਵਰੀ 2026 ਵਿੱਚ, ਰੈਜੀਮੈਂਟ ਦੇ ਸੱਤ ਬਟਾਲੀਅਨਾਂ ਨੂੰ ਚੀਫ਼ ਆਫ਼ ਆਰਮੀ ਸਟਾਫ਼ ਯੂਨਿਟ ਸਾਈਟੇਸ਼ਨ ਅਤੇ ਹੋਰ ਅਵਾਰਡਜ਼ ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਕਿ ਇੱਕ ਵਡੀ ਪ੍ਰਾਪਤੀ ਹੈ। ਇਸ ਤੋਂ ਪਹਿਲਾਂ 2015 ਵਿੱਚ ਵੀ ਛੇ ਬਟਾਲੀਅਨਾਂ ਨੂੰ ਅਜਿਹੇ ਸਨਮਾਨ ਮਿਲੇ ਸਨ।

ਪਰ ਇਸ ਸਭ ਦੇ ਬਾਵਜੂਦ, ਰੈਜੀਮੈਂਟ ਵਿੱਚ ਨੌਜਵਾਨਾਂ ਦੀ ਭਰਤੀ ਵਿੱਚ ਗਿਰਾਵਟ ਆ ਰਹੀ ਹੈ। ਭਾਰਤੀ ਫੌਜ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਤੋਂ ਆਉਣ ਵਾਲੇ ਨੌਜਵਾਨਾਂ ਦੀ ਘੱਟ ਰਹੀ ਗਿਣਤੀ ਕਾਰਨ ਕਈ ਬਟਾਲੀਅਨਾਂ ਵਿੱਚ ਮੈਨਪਾਵਰ ਦੀ ਘਾਟ ਹੋ ਰਹੀ ਹੈ। ਇਸ ਦੇ ਮੁੱਖ ਕਾਰਨਾਂ ਵਿੱਚ ਵਿਦੇਸ਼ੀ ਪ੍ਰਵਾਸ, ਨਸ਼ਿਆਂ ਦੀ ਸਮੱਸਿਆ ਅਤੇ ਫਿੱਟਨੈੱਸ ਮੁੱਦੇ ਸ਼ਾਮਲ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਨੂੰ ਮੰਨਿਆ ਹੈ ਅਤੇ ਕਿਹਾ ਕਿ ਨੌਜਵਾਨ ਵਿਦੇਸ਼ ਜਾ ਰਹੇ ਹਨ ਜਾਂ ਨਸ਼ਿਆਂ ਨੇ ਉਨ੍ਹਾਂ ਨੂੰ ਬਰਬਾਦ ਕਰ ਦਿੱਤਾ ਹੈ।

ਪਰ ਕੁਝ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਸਿੱਖ ਫੌਜੀਆਂ ਨੂੰ ਖਤਰਨਾਕ ਇਲਾਕਿਆਂ ਵਿੱਚ ਜ਼ਿਆਦਾ ਭੇਜਿਆ ਜਾਂਦਾ ਹੈ, ਜਿਥੇ ਉਹ ਮਾਰੇ ਜਾਂਦੇ ਹਨ। ਦੂਸਰਾ ਅਗਨੀਪਥ ਸਕੀਮ ਨੂੰ ਵੀ ਇਸ ਗਿਰਾਵਟ ਦਾ ਇੱਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਇਹ ਸਕੀਮ 2022 ਵਿੱਚ ਸ਼ੁਰੂ ਹੋਈ ਸੀ ਅਤੇ ਇਸ ਅਧੀਨ ਨੌਜਵਾਨਾਂ ਨੂੰ ਸਿਰਫ਼ ਚਾਰ ਸਾਲ ਦੀ ਨੌਕਰੀ ਮਿਲਦੀ ਹੈ, ਜਿਸ ਤੋਂ ਬਾਅਦ ਸਿਰਫ਼ 25% ਨੂੰ ਪੱਕੀ ਨੌਕਰੀ ਮਿਲਦੀ ਹੈ। ਇਸ ਨੇ ਪੰਜਾਬ ਦੇ ਪੇਂਡੂ ਘਰਾਂ ਵਿੱਚ ਫੌਜ ਨੂੰ ਪਹਿਲੀ ਪਸੰਦ ਨਹੀਂ ਰਹਿਣ ਦਿੱਤਾ। ਬਹੁਤ ਸਾਰੇ ਨੌਜਵਾਨ ਹੁਣ ਵਿਦੇਸ਼ ਵਿੱਚ ਆਰਥਿਕ ਸਥਿਰਤਾ ਲੱਭ ਰਹੇ ਹਨ ਜਾਂ ਨਸ਼ਿਆਂ ਨੇ ਉਨ੍ਹਾਂ ਨੂੰ ਭਰਤੀ ਲਈ ਅਯੋਗ ਬਣਾ ਦਿੱਤਾ ਹੈ। ਅਗਨੀਪਥ ਸਕੀਮ ਦੇ ਕਾਰਨ ਲੰਬੇ ਸਮੇਂ ਦੀ ਨੌਂਹ ਨਾਲ ਜੋੜ ਕੇ ਸੇਵਾ ਕਰਨ ਦਾ ਰੁਝਾਨ ਘਟ ਗਿਆ ਹੈ, ਕਿਉਂਕਿ ਹੁਣ ਸਿਰਫ 4 ਸਾਲ ਦੀ ਸੇਵਾ ਬਾਅਦ ਲੰਬੇ ਸਮੇਂ ਦੀ ਨੌਕਰੀ ਦੀ ਗਾਰੰਟੀ ਨਹੀਂ। ਇਸ ਕਾਰਨ ਪਰੰਪਰਾਗਤ ਫੌਜ-ਭਰਤੀ ਘੱਟ ਹੋ ਰਹੀ ਹੈ। ਅਗਨੀ ਪਥ ਵਿਚ ਸਿੱਖ ਨੌਜਵਾਨਾਂ ਦੀ ਜਾਨ ਜ਼ਿਆਦਾ ਖਤਰੇ ਵਿਚ ਪੈ ਰਹੀ ਹੈ। ਪੈਨਸ਼ਨਾਂ ਦੀ ਸਹੂਲਤ ਤੇ ਪਰਿਵਾਰ ਨੂੰ ਵਾਜਬ ਮਦਦ ਨਹੀਂ ਮਿਲਦੀ।

ਸ਼੍ਰੋਮਣੀ ਅਕਾਲੀ ਦਲ ਨੇ ਅਗਨੀ ਪਥ ਸਕੀਮ ਨੂੰ ਫੌਜੀ ਪਰੰਪਰਾਵਾਂ ਦੇ ਖਿਲਾਫ ਦੱਸਿਆ ਸੀ। ਉਨ੍ਹਾਂ ਦਾ ਤਰਕ ਸੀ ਕਿ ਇਸ ਨਾਲ ਸਿੱਖ ਰੈਜੀਮੈਂਟ ਵਰਗੀਆਂ ਖਾਸ ਰੈਜੀਮੈਂਟਾਂ ਦੀ ਪਛਾਣ ਨੂੰ ਖਤਰਾ ਹੋ ਸਕਦਾ ਹੈ।

ਪ੍ਰਤਾਪ ਸਿੰਘ ਬਾਜਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਆਗੂਆਂ ਨੇ ਵੀ ਇਸ ਨੂੰ ਨੌਜਵਾਨਾਂ ਨਾਲ ਧੋਖਾ ਕਰਾਰ ਦਿੱਤਾ ਸੀ।

ਡਾ. ਅਮਰਜੀਤ ਸਿੰਘ ਅਮਰੀਕਾ ਵਰਗੇ ਕੌਮਾਂਤਰੀ ਪੱਧਰ 'ਤੇ ਸਰਗਰਮ ਕੁਝ ਸਿੱਖ ਵਿਦਵਾਨ ਅਤੇ ਆਗੂ ਇਹ ਪ੍ਰਚਾਰ ਕਰਦੇ ਹਨ ਕਿ ਸਿੱਖਾਂ ਨੂੰ ਜੰਗਾਂ ਵਿੱਚ ਸ਼ਹੀਦ ਹੋਣ ਦੀ ਬਜਾਏ ਆਪਣੇ ਹੱਕਾਂ ਲਈ ਲੜਨਾ ਚਾਹੀਦਾ ਹੈ।

2022 ਤੋਂ 2026 ਤੱਕ ਸਿੱਖਾਂ ਦੀ ਗਿਣਤੀ ਵਿੱਚ ਕਿੰਨੀ ਗਿਰਾਵਟ ਆਈ ਹੈ, ਇਸ ਬਾਰੇ ਸਹੀ ਅੰਕੜੇ ਜਨਤਕ ਨਹੀਂ ਹਨ ਪਰ ਰਿਪੋਰਟਾਂ ਮੁਤਾਬਕ ਇਹ ਗਿਰਾਵਟ ਮਹੱਤਵਪੂਰਨ ਹੈ। ਫਰਵਰੀ 2022 ਵਿੱਚ ਪਾਰਲੀਮੈਂਟ ਵਿੱਚ ਪੇਸ਼ ਕੀਤੇ ਡਾਟੇ ਮੁਤਾਬਕ ਪੰਜਾਬ ਤੋਂ ਹਰ ਸਾਲ ਲਗਭਗ 7800 ਸਿਪਾਹੀ ਭਰਤੀ ਹੁੰਦੇ ਸਨ। ਪਰ ਹਾਲੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਇਹ ਗਿਣਤੀ ਘਟ ਰਹੀ ਹੈ ਅਤੇ ਰੈਜੀਮੈਂਟ ਵਿੱਚ ਮੈਨਪਾਵਰ ਘਾਟ 10-15% ਤੱਕ ਪਹੁੰਚ ਗਈ ਹੈ। ਇੱਕ ਰਿਸਰਚ ਪੇਪਰ ਮੁਤਾਬਕ ਸਿੱਖ ਭਾਰਤੀ ਫੌਜ ਵਿੱਚ 8-13% ਨੁਮਾਇੰਦਗੀ ਕਰਦੇ ਹਨ ਜਦਕਿ ਉਨ੍ਹਾਂ ਦੀ ਆਬਾਦੀ ਸਿਰਫ਼ 2% ਹੈ। ਪਰ ਤਾਜ਼ਾ ਰੁਝਾਨਾਂ ਨੇ ਇਸ ਨੂੰ ਘਟਾਇਆ ਹੈ।

ਮੇਜਰ ਜਨਰਲ ਡਾ. ਰਾਜਨ ਕੋਚਰ ਨੇ ਕਿਹਾ ਕਿ ਇਹ ਗਿਰਾਵਟ ਮਲਟੀਫੈਕਟੋਰੀਅਲ ਹੈ ਅਤੇ ਇਸ ਨੂੰ ਸੰਬੋਧਿਤ ਕਰਨਾ ਜ਼ਰੂਰੀ ਹੈ ਨਹੀਂ ਤਾਂ ਰਾਸ਼ਟਰੀ ਸੁਰੱਖਿਆ ਪ੍ਰਭਾਵਿਤ ਹੋਵੇਗੀ।

ਬ੍ਰਿਗੇਡੀਅਰ (ਰਿਟਾ.) ਆਈ ਐੱਸ ਗਾਖਲ ਨੇ ਕਿਹਾ ਕਿ ਜੇ ਭਰਤੀ ਨਹੀਂ ਵਧੀ ਤਾਂ ਬਟਾਲੀਅਨਾਂ ਨੂੰ ਭੰਗ ਕੀਤਾ ਜਾ ਸਕਦਾ ਹੈ ਜਾਂ ਰੈਜੀਮੈਂਟ ਦੀ ਰਚਨਾ ਬਦਲੀ ਜਾ ਸਕਦੀ ਹੈ। ਉਨ੍ਹਾਂ ਨੇ ਨਸ਼ਿਆਂ ਵਿਰੋਧੀ ਮੁਹਿੰਮਾਂ ਨੂੰ ਤੇਜ਼ ਕਰਨ ਦੀ ਗੱਲ ਕੀਤੀ। ਵਿਕਰਮ ਸਹਿਣੀ ਨੇ ਵੀ ਮਾਈਗ੍ਰੇਸ਼ਨ, ਨਸ਼ੇ ਅਤੇ ਫਿੱਟਨੈੱਸ ਨੂੰ ਕਾਰਨ ਦੱਸਿਆ ਅਤੇ ਨੌਜਵਾਨਾਂ ਨੂੰ ਫੌਜ ਵਿੱਚ ਆਉਣ ਲਈ ਕਿਹਾ ਕਿ ਇਹ ਨਾ ਸਿਰਫ਼ ਆਰਥਿਕ ਸੁਰੱਖਿਆ ਦਿੰਦੀ ਹੈ ਬਲਕਿ ਲੀਡਰਸ਼ਿਪ ਅਤੇ ਅਨੁਸ਼ਾਸਨ ਸਿਖਾਉਂਦੀ ਹੈ। ਇਸ ਗਿਰਾਵਟ ਨੂੰ ਰੋਕਣ ਲਈ ਫੌਜ ਅਤੇ ਸਰਕਾਰ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਨਸ਼ਿਆਂ ਵਿਰੋਧੀ ਮੁਹਿੰਮਾਂ ਨੂੰ ਤੇਜ਼ ਕੀਤਾ ਜਾਵੇ, ਨੌਜਵਾਨਾਂ ਨੂੰ ਫਿੱਟਨੈੱਸ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਅਗਨੀਪਥ ਸਕੀਮ ਵਿੱਚ ਸੁਧਾਰ ਕੀਤੇ ਜਾਣ।

# ਜਲੰਧਰ ਵਿਚ ਨਕਲੀ ਨਾਕੇ 'ਤੇ ਸਿੱਖ ਨੌਜਵਾਨਾਂ ਤੋਂ ਵਸੂਲੀ ਦੇ ਇਲਜ਼ਾਮ, ਵੀਡੀਓ ਵਾਇਰਲ

## ✪ ਲੁਟੇਰਾ ਸ਼ਿਵ ਸੈਨਾ ਦਾ ਸਰਕਾਰੀ ਗਾਰਡ ਨਿਕਲਿਆ, ਲਾਈਨ ਹਾਜਰ



ਜਲੰਧਰ-ਪਿੰਮਜ ਹਸਪਤਾਲ ਸਾਹਮਣੇ ਮਾਰਕੀਟ ਵਿੱਚ ਇੱਕ ਪੁਲਿਸ ਮੁਲਾਜ਼ਮ 'ਤੇ ਨਕਲੀ ਨਾਕਾ ਲਗਾ ਕੇ ਸਿਖ ਨੌਜਵਾਨਾਂ ਤੋਂ ਵਸੂਲੀ ਕਰਨ ਦੇ ਗੰਭੀਰ ਇਲਜ਼ਾਮ ਲੱਗੇ ਹਨ। ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਮਾਮਲਾ ਗਰਮਾਇਆ। ਨੌਜਵਾਨ ਅਕਾਸ਼ਦੀਪ ਸਿੰਘ ਅਤੇ ਉਸ ਦੇ ਦੋਸਤਾਂ ਨੇ ਦੱਸਿਆ ਕਿ ਉਹ ਜਨਮਦਿਨ ਮਨਾਉਣ ਰੈਸਟੋਰੈਂਟ ਗਏ ਸਨ।

ਵਾਪਸੀ 'ਤੇ ਵਰਦੀਧਾਰੀ ਪੁਲਿਸ ਮੁਲਾਜ਼ਮ ਨੇ ਦੋ ਸਿਵਲ ਕੱਪੜਿਆਂ ਵਾਲੇ ਨੌਜਵਾਨਾਂ ਨਾਲ ਮਿਲ ਕੇ ਉਨ੍ਹਾਂ ਨੂੰ ਰੋਕ ਲਿਆ। ਬਾਈਕ 'ਤੇ ਨੰਬਰ ਪਲੇਟ ਨਾ ਹੋਣ ਦਾ ਬਹਾਨਾ ਬਣਾ ਕੇ ਡਰਾਉਣ-ਧਮਕਾਉਣ ਲੱਗੇ ਅਤੇ ਪੈਸੇ ਮੰਗੇ। ਮੁਲਾਜ਼ਮ ਨੇ ਆਪਣੇ ਥਾਣੇ ਬਾਰੇ ਬਾਰ-ਬਾਰ ਬਿਆਨ ਬਦਲੇ - ਪਹਿਲਾਂ ਥਾਣਾ ਨੰਬਰ 7, ਫਿਰ 6 ਅਤੇ ਬਾਅਦ ਵਿੱਚ ਸਪੈਸ਼ਲ ਸਟਾਫ ਦੱਸਿਆ। ਨੌਜਵਾਨਾਂ ਨੇ ਵੀਡੀਓ ਬਣਾਉਣੀ ਸ਼ੁਰੂ ਕੀਤੀ ਤਾਂ ਉਹ ਭੱਜ ਗਿਆ। ਪਤਾ ਲੱਗਾ ਕਿ ਇਹ ਮੁਲਾਜ਼ਮ ਕਿਸੇ ਸ਼ਿਵ ਸੈਨਾ ਆਗੂ ਦਾ ਗੰਨਮੈਨ ਸੀ ਅਤੇ ਇਹ ਨਕਲੀ ਨਾਕਾ ਸੀ। ਏਸੀਪੀ ਮਾਡਲ ਟਾਊਨ ਪਰਮਿੰਦਰ ਸਿੰਘ ਨੇ ਤੁਰੰਤ ਕਾਰਵਾਈ ਕਰਦਿਆਂ ਕਾਂਸਟੇਬਲ ਮਨੀ ਨੂੰ ਲਾਈਨ ਹਾਜ਼ਰ ਕਰ ਦਿੱਤਾ।

ਉਨ੍ਹਾਂ ਦੱਸਿਆ ਕਿ ਮੁਲਾਜ਼ਮ ਪ੍ਰਾਈਵੇਟ ਵਿਅਕਤੀ ਦੀ ਸੁਰੱਖਿਆ ਡਿਊਟੀ 'ਤੇ ਸੀ। ਦੋਵੇਂ ਧਿਰਾਂ ਨੂੰ ਥਾਣੇ ਬੁਲਾਇਆ ਗਿਆ ਹੈ ਅਤੇ ਕਾਨੂੰਨੀ ਕਾਰਵਾਈ ਹੋਵੇਗੀ।

# ਅਮਰੀਕਾ ਨੇ ਭਾਰਤ ਤੋਂ ਟੈਰਿਫ ਹਟਾਉਣ ਦੇ ਸੰਕੇਤ ਦਿੱਤੇ: ਕੀ ਟਰੰਪ ਪ੍ਰਸ਼ਾਸਨ ਭਾਰਤ ਵਲ ਝੁਕ ਰਿਹਾ ਹੈ?

ਵਾਸ਼ਿੰਗਟਨ-ਅਮਰੀਕੀ ਵਿੱਤ ਮੰਤਰੀ ਸਕਾਟ ਬੈਸੈਂਟ ਨੇ ਹਾਲ ਹੀ ਵਿੱਚ ਭਾਰਤ ਉੱਤੇ ਲਗਾਏ ਗਏ ਵਾਧੂ 25 ਫੀਸਦੀ ਟੈਰਿਫ ਨੂੰ ਹਟਾਉਣ ਦੇ ਸੰਕੇਤ ਦਿੱਤੇ ਹਨ। ਇਹ ਸੰਕੇਤ ਅਜਿਹੇ ਸਮੇਂ ਆਏ ਹਨ ਜਦੋਂ ਭਾਰਤ ਨੇ ਰੂਸੀ ਤੇਲ ਦੀ ਖਰੀਦ ਵਿੱਚ ਤੇਜ਼ੀ ਨਾਲ ਗਿਰਾਵਟ ਦਿਖਾਈ ਹੈ। ਬੈਸੈਂਟ ਨੇ ਵਰਲਡ ਇਕਨਾਮਿਕ ਫੋਰਮ ਵਿੱਚ ਪੋਲੀਟੀਕੋ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਕਿ ਭਾਰਤੀ ਰਿਫਾਈਨਰੀਆਂ ਵੱਲੋਂ ਰੂਸੀ ਤੇਲ ਦੀ ਖਰੀਦ 'ਡਿਗ ਗਈ ਹੈ' ਅਤੇ ਇਸ ਨੂੰ 'ਸਫਲਤਾ' ਮੰਨਦੇ ਹੋਏ ਕਿਹਾ, "ਟੈਰਿਫ ਅਜੇ ਵੀ ਲਾਗੂ ਹਨ, ਪਰ ਇਨ੍ਹਾਂ ਨੂੰ ਹਟਾਉਣ ਦਾ ਰਾਹ ਹੋ ਸਕਦਾ ਹੈ।"

ਇਹ ਬਿਆਨ ਭਾਰਤ ਲਈ ਰਾਹਤ ਵਜੋਂ ਵੇਖਿਆ ਜਾ ਰਿਹਾ ਹੈ, ਜੋ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਅਗਸਤ 2025 ਵਿੱਚ ਭਾਰਤੀ ਵਸਤੂਆਂ ਉੱਤੇ ਟੈਰਿਫ ਨੂੰ ਦੁੱਗਣਾ ਕਰਕੇ 50 ਫੀਸਦੀ ਕਰਨ ਤੋਂ ਬਾਅਦ ਵਪਾਰਕ ਤਣਾਅ ਵਿੱਚ ਫਸਿਆ ਹੋਇਆ ਹੈ। ਇਸ ਵਿੱਚੋਂ 25 ਫੀਸਦੀ ਵਾਧੂ ਟੈਰਿਫ ਭਾਰਤ ਵੱਲੋਂ ਰੂਸੀ ਕੱਚੇ ਤੇਲ ਦੇ ਆਯਾਤ ਨੂੰ ਜਵਾਬ ਵਜੋਂ ਲਗਾਇਆ ਗਿਆ ਸੀ। ਭਾਰਤ ਨੇ ਦਸੰਬਰ 2025 ਵਿੱਚ ਰੂਸੀ ਤੇਲ ਦੇ ਆਯਾਤ ਨੂੰ ਦੋ ਸਾਲਾਂ ਦੇ ਸਭ ਤੋਂ ਨੀਵੇਂ ਪੱਧਰ ਤੱਕ ਘਟਾ ਦਿੱਤਾ ਹੈ। ਇਸ ਗਿਰਾਵਟ ਨਾਲ ਭਾਰਤ ਦੇ ਕੁੱਲ ਤੇਲ ਆਯਾਤ ਵਿੱਚ ਓਪੈੱਕ ਦੀ ਹਿੱਸੇਦਾਰੀ 11 ਮਹੀਨਿਆਂ ਦੇ ਉੱਚ ਪੱਧਰ ਤੱਕ ਪਹੁੰਚ ਗਈ ਹੈ। ਭਾਰਤੀ ਰਿਫਾਈਨਰੀਆਂ ਰੂਸੀ ਤੇਲ ਦੀ ਘਾਟ ਨੂੰ ਪੱਛਮੀ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਦੇਸ਼ਾਂ ਤੋਂ ਵਧੇਰੇ ਖਰੀਦ ਨਾਲ ਪੂਰੀ ਕਰ ਰਹੀਆਂ ਹਨ। ਭਾਰਤੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਹਾਲ ਹੀ ਵਿੱਚ ਕਿਹਾ ਕਿ ਭਾਰਤ ਆਪਣੀ ਵਧਦੀ ਊਰਜਾ ਮੰਗ ਨੂੰ ਵਰਤ ਕੇ ਤੇਲ ਅਤੇ ਗੈਸ ਦੀ ਸਪਲਾਈ ਲਈ ਵਧੀਆ ਸੌਦੇ ਕਰਨ ਦੀ ਸਥਿਤੀ ਵਿੱਚ ਹੈ। ਉਨ੍ਹਾਂ ਨੇ ਫਰਵਰੀ 2022 ਤੋਂ ਬਾਅਦ ਇੱਕ ਸਰੋਤ ਤੋਂ ਸਪਲਾਈ ਵਿੱਚ ਆਏ ਉਛਾਲ ਨੂੰ ਹੌਲੀ ਪੈਣ ਦਾ ਸੰਕੇਤ ਦਿੱਤਾ। ਪੁਰੀ ਨੇ ਕਿਹਾ ਕਿ ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਿਟਡ ਨੇ ਬ੍ਰਾਜ਼ੀਲ ਦੀ ਪੈਟਰੋਬਰਾਸ ਨਾਲ ਆਪਣੇ ਸਾਲਾਨਾ ਕਾਂਟਰੈਕਟ ਨੂੰ ਦੁੱਗਣਾ ਕਰ ਦਿੱਤਾ ਹੈ ਅਤੇ ਇੰਡੀਅਨ ਆਇਲ ਕਾਰਪ ਨੇ ਪਿਛਲੇ ਮਹੀਨੇ ਪਹਿਲੀ ਵਾਰ ਕੋਲੰਬੀਆ ਅਤੇ ਈਕੂਏਡਰ ਤੋਂ ਤੇਲ ਖਰੀਦਿਆ ਹੈ।




## ਕੀ ਅਮਰੀਕਾ ਚੀਨ ਨੇੜੇ ਆ ਰਿਹਾ ਹੈ?

ਟਰੰਪ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਵਿੱਚ ਅਮਰੀਕਾ-ਚੀਨ ਰਿਸ਼ਤੇ ਵਿੱਚ ਕੁਝ ਸਥਿਰਤਾ ਆਈ ਹੈ। ਟਰੰਪ ਅਤੇ ਸ਼ੀ ਜਿਨਪਿੰਗ ਵਿਚਕਾਰ ਵਪਾਰ ਅਤੇ ਆਰਥਿਕ ਸਮਝੌਤੇ ਹੋਏ ਹਨ। ਅਮਰੀਕੀ ਨੈਸ਼ਨਲ ਡਿਫੈਂਸ ਸਟ੍ਰੈਟਜੀ ਵਿੱਚ ਚੀਨ ਨੂੰ ਸਭ ਤੋਂ ਵੱਡੀ ਚੁਣੌਤੀ ਵਜੋਂ ਘਟਾ ਕੇ ਆਂਕਿਆ ਗਿਆ ਹੈ, ਅਤੇ ਇਸ ਨੂੰ ਏਸ਼ੀਆ ਵਿੱਚ ਸਥਾਪਿਤ ਤਾਕਤ ਵਜੋਂ ਵੇਖਿਆ ਜਾ ਰਿਹਾ ਹੈ। ਅੰਤਰਰਾਸ਼ਟਰੀ ਸਰਵੇਖਣਾਂ ਵਿੱਚ ਟਰੰਪ ਨੂੰ 'ਚੀਨ ਨੂੰ ਮਹਾਨ ਬਣਾਉਣ ਵਾਲਾ' ਕਿਹਾ ਜਾ ਰਿਹਾ ਹੈ, ਕਿਉਂਕਿ ਉਸ ਦੀਆਂ ਨੀਤੀਆਂ ਨੇ ਸਹਿਯੋਗੀਆਂ ਨੂੰ ਚੀਨ ਵੱਲ ਧੱਕ ਦਿੱਤਾ ਹੈ। ਹਾਲਾਂਕਿ, ਵਪਾਰ, ਤਾਈਵਾਨ ਅਤੇ ਸਪਲਾਈ ਚੇਨ ਵਿੱਚ ਤਣਾਅ ਜਾਰੀ ਹੈ। ਦੁਬਾਰਾ ਟਰੰਪ-ਸ਼ੀ ਮੁਲਾਕਾਤਾਂ ਦੀ ਉਮੀਦ ਹੈ। ਇਸ ਸਭ ਨਾਲ ਗਲੋਬਲ ਵਿਵਸਥਾ ਵਿੱਚ ਬਦਲਾਅ ਆ ਰਿਹਾ ਹੈ। ਅਮਰੀਕਾ ਦੀ 'ਅਮਰੀਕਾ ਫਸਟ' ਨੀਤੀ ਨੇ ਸਹਿਯੋਗੀਆਂ ਨੂੰ ਨਵੇਂ ਵਿਕਲਪ ਲੱਭਣ ਲਈ ਮਜਬੂਰ ਕੀਤਾ ਹੈ, ਜਿਸ ਨਾਲ ਭਾਰਤ ਵਰਗੇ ਦੇਸ਼ ਨਵੇਂ ਗਠਜੋੜ ਬਣਾ ਰਹੇ ਹਨ। ਇਹ ਵਿਕਾਸ 2026 ਵਿੱਚ ਵਿਸ਼ਵ ਰਾਜਨੀਤੀ ਨੂੰ ਨਵੀਂ ਦਿਸ਼ਾ ਦੇ ਸਕਦਾ ਹੈ।

## ਕਿਉਂ ਅਮਰੀਕਾ ਝੁਕ ਰਿਹਾ ਹੈ ਹੁਣ?

ਅਮਰੀਕੀ ਪ੍ਰਸ਼ਾਸਨ ਦੇ ਇਸ ਬਦਲਾਅ ਦੇ ਪਿੱਛੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਭਾਰਤ ਵੱਲੋਂ ਰੂਸੀ ਤੇਲ ਦੀ ਖਰੀਦ ਵਿੱਚ ਗਿਰਾਵਟ ਹੈ, ਜਿਸ ਨੂੰ ਅਮਰੀਕਾ ਆਪਣੀ ਨੀਤੀ ਦੀ ਸਫਲਤਾ ਵਜੋਂ ਵੇਖ ਰਿਹਾ ਹੈ। ਟਰੰਪ ਨੇ ਇਸ ਮਹੀਨੇ ਭਾਰਤ ਨੂੰ ਚੇਤਾਵਨੀ ਦਿੱਤੀ ਸੀ ਕਿ ਜੇ ਰੂਸੀ ਤੇਲ ਦੀ ਖਰੀਦ ਵਿੱਚ ਕਟੌਤੀ ਨਾ ਕੀਤੀ ਗਈ ਤਾਂ ਟੈਰਿਫ ਵਧਾਏ ਜਾ ਸਕਦੇ ਹਨ। ਬੈਸੈਂਟ ਨੇ ਇਹ ਵੀ ਕਿਹਾ ਕਿ ਅਮਰੀਕਾ ਦੇ ਯੂਰਪੀ ਸਹਿਯੋਗੀਆਂ ਨੇ ਰੂਸੀ ਊਰਜਾ ਖਰੀਦਣ ਲਈ ਭਾਰਤ ਉੱਤੇ ਟੈਰਿਫ ਲਗਾਉਣ ਤੋਂ ਇਨਕਾਰ ਕੀਤਾ ਸੀ, ਕਿਉਂਕਿ ਉਹ ਭਾਰਤ ਨਾਲ ਵੱਡਾ ਵਪਾਰ ਸਮਝੌਤਾ ਕਰਨਾ ਚਾਹੁੰਦੇ ਹਨ। ਇਹ ਬਿਆਨ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਅਮਰੀਕਾ ਨੂੰ ਚਿੰਤਾ ਹੈ ਕਿ ਉਸ ਦੀਆਂ ਸਖ਼ਤ ਨੀਤੀਆਂ ਭਾਰਤ ਨੂੰ ਚੀਨ, ਰੂਸ ਅਤੇ ਯੂਰਪ ਵੱਲ ਧੱਕ ਰਹੀਆਂ ਹਨ। ਅਮਰੀਕੀ ਮੀਡੀਆ ਵਿੱਚ ਇਸ ਨੂੰ ਟਰੰਪ ਦੀ 'ਅਮਰੀਕਾ ਫਰਸਟ' ਨੀਤੀ ਦੇ ਨਤੀਜੇ ਵਜੋਂ ਵੇਖਿਆ ਜਾ ਰਿਹਾ ਹੈ, ਜੋ ਸਹਿਯੋਗੀਆਂ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ।

## ਭਾਰਤ ਚੀਨ, ਰੂਸ ਅਤੇ ਯੂਰਪ ਨਾਲ ਮਿਲ ਕੇ ਫਰੰਟ ਬਣਾ ਰਿਹਾ ਹੈ?

ਅਮਰੀਕੀ ਟੈਰਿਫ ਨੇ ਭਾਰਤ ਨੂੰ ਆਪਣੀ ਵਿਦੇਸ਼ ਨੀਤੀ ਵਿੱਚ ਬਦਲਾਅ ਲਈ ਮਜਬੂਰ ਕੀਤਾ ਹੈ। ਭਾਰਤ ਅਤੇ ਯੂਰਪੀਅਨ ਯੂਨੀਅਨ ਵਿਚਕਾਰ ਵਪਾਰ ਸਮਝੌਤਾ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਜਿਸ ਦਾ ਐਲਾਨ ਅਗਲੇ ਹਫਤੇ ਹੋ ਸਕਦਾ ਹੈ। ਭਾਰਤ ਅਤੇ ਜਰਮਨੀ ਵਿਚਕਾਰ ਵੀ ਦੁਵੱਲੇ ਵਪਾਰ ਸਮਝੌਤੇ ਵਿੱਚ ਪ੍ਰਗਤੀ ਹੋਈ ਹੈ। ਇਸ ਤੋਂ ਇਲਾਵਾ, ਭਾਰਤ ਨੇ ਯੂਨਾਈਟਿਡ ਨੇਸ਼ਨਜ਼ ਹਿਊਮਨ ਰਾਈਟਸ ਕੌਂਸਲ ਵਿੱਚ ਈਰਾਨ ਉੱਤੇ ਪੱਛਮੀ ਦੇਸ਼ਾਂ ਦੇ ਪ੍ਰਸਤਾਵ ਵਿਰੋਧ ਵਿੱਚ ਵੋਟ ਕੀਤਾ ਹੈ, ਜਿੱਥੇ ਚੀਨ ਅਤੇ ਪਾਕਿਸਤਾਨ ਨਾਲ ਮਿਲ ਕੇ 'ਨੋ' ਵਿੱਚ ਵੋਟ ਕੀਤਾ। ਇਹ ਭਾਰਤ ਦੀ ਰਵਾਇਤੀ 'ਨਿਰਪੱਖਤਾ' ਨੀਤੀ ਤੋਂ ਬਦਲਾਅ ਵਜੋਂ ਵੇਖਿਆ ਜਾ ਰਿਹਾ ਹੈ। ਭਾਰਤ ਅਤੇ ਚੀਨ ਵਿਚਕਾਰ ਰਿਸ਼ਤੇ ਵੀ ਸੁਧਰ ਰਹੇ ਹਨ। ਪਿਛਲੇ ਸਾਲ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਗਰਮਜੋਸ਼ੀ ਭਰੀ ਮੁਲਾਕਾਤ ਹੋਈ ਹੈ। ਭਾਰਤ ਨੇ ਚੀਨ ਨਾਲ ਆਰਥਿਕ ਸਹਿਯੋਗ ਵਧਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਸੁਰੱਖਿਆ ਮਾਮਲਿਆਂ ਵਿੱਚ ਚੌਕਸੀ ਬਣਾਈ ਰੱਖੀ ਹੈ। ਮਾਹਿਰਾਂ ਮੁਤਾਬਕ, ਅਮਰੀਕੀ ਟੈਰਿਫ ਨੇ ਭਾਰਤ-ਚੀਨ ਰਿਸ਼ਤਿਆਂ ਨੂੰ ਨਵੀਂ ਗਤੀ ਦਿੱਤੀ ਹੈ। ਰੂਸ ਨਾਲ ਭਾਰਤ ਦੇ ਰਿਸ਼ਤੇ ਵੀ ਮਜ਼ਬੂਤ ਰਹੇ ਹਨ, ਅਤੇ ਅਮਰੀਕੀ ਦਬਾਅ ਨੇ ਭਾਰਤ ਨੂੰ ਰੂਸੀ ਤੇਲ ਦੇ ਨਵੇਂ ਵਿਕਲਪ ਲੱਭਣ ਲਈ ਮਜਬੂਰ ਕੀਤਾ ਹੈ, ਪਰ ਰਣਨੀਤਕ ਸਹਿਯੋਗ ਜਾਰੀ ਹੈ।

# ਨਾਬਾਲਗ ਭਤੀਜੇ ਨੇ ਸਿਰ ਵਿਚ ਛੁਰੇ ਮਾਰ ਕੇ ਕੀਤਾ ਤਾਏ ਦਾ ਕਤਲ; ਪੁਲਿਸ ਕਾਰਵਾਈ ਸ਼ੁਰੂ



ਮੋਗਾ-ਮੋਗਾ ਦੇ ਕਸਬਾ ਨਿਹਾਲ ਸਿੰਘ ਵਾਲਾ ਵਿਚ ਇਕ ਰੂਹ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿੱਥੇ ਇਕ ਭਤੀਜੇ ਨੇ ਆਪਣੇ ਹੀ ਸਕੇ ਤਾਏ ਦਾ ਕਤਲ ਕਰਕੇ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੱਤਾ ਹੈ। ਮ੍ਰਿਤਕ ਦੀ ਪਛਾਣ ਸੋਹਨ ਲਾਲ (62) ਵਜੋਂ ਹੋਈ ਹੈ, ਜੋ ਕਿ ਮੀਟ ਦਾ ਕੰਮ ਕਰਦਾ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਘਰੇਲੂ ਕਲੇਸ਼ ਦਾ ਨਤੀਜਾ ਹੈ। ਸਵੇਰੇ ਜਦੋਂ ਸੋਹਨ ਲਾਲ ਆਪਣੇ ਘਰ ਸੀ, ਤਾਂ ਉਸ ਦੇ ਭਤੀਜੇ ਨੇ ਉਸ ਦੀ ਗਰਦਨ 'ਤੇ ਛੁਰੀਆਂ ਨਾਲ ਵਾਰ ਕਰ ਦਿੱਤੇ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀਆਂ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਮੋਗਾ ਵਿਚ ਘਰ ਵਿੱਚ ਦਾਖਲ ਹੋਏ ਦਰਿੰਦੇ ਨੇ ਮਾਂ-ਧੀ ਤੇ 4 ਸਾਲਾ ਬੱਚੇ ਨੂੰ ਬਣਾਇਆ ਜਬਰ-ਜਨਾਹ ਦਾ ਸ਼ਿਕਾਰ



ਮੋਗਾ-ਪੰਜਾਬ ਦੇ ਮੋਗਾ ਜ਼ਿਲ੍ਹੇ ਵਿੱਚ ਇੱਕ ਬੇਹੱਦ ਦਿਲ ਦਹਿਲਾਉਣ ਵਾਲੀ ਘਟਨਾ ਸਾਹਮਣੇ ਆਈ ਹੈ। ਥਾਣਾ ਸਿਟੀ ਸਾਊਥ ਖੇਤਰ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿਣ ਵਾਲੀ ਇੱਕ ਮਹਿਲਾ, ਉਸ ਦੀ 10 ਸਾਲਾ ਧੀ ਅਤੇ 4 ਸਾਲਾ ਪੁੱਤਰ ਨੂੰ ਹਵਸ ਦੇ ਪਿੱਛੇ ਪਏ ਅਣਪਛਾਤੇ ਵਿਅਕਤੀ ਨੇ ਬਣਾਇਆ ਸ਼ਿਕਾਰ। ਪੀੜਤ ਮਹਿਲਾ ਅਨੁਸਾਰ ਬੀਤੀ ਰਾਤ ਅਜਿਹਾ ਦਰਿੰਦਾ ਘਰ ਵਿੱਚ ਵੜਿਆ ਅਤੇ ਉਨ੍ਹਾਂ ਤਿੰਨਾਂ ਦੇ ਮੂੰਹ 'ਤੇ ਨਸ਼ੀਲਾ ਰੁਮਾਲ ਰੱਖ ਕੇ ਬੇਹੋਸ਼ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਮਹਿਲਾ ਅਤੇ ਉਸ ਦੇ ਦੋਵੇਂ ਮਾਸੂਮ ਬੱਚਿਆਂ ਨਾਲ ਜਬਰ-ਜਨਾਹ ਕੀਤਾ।

ਹੋਸ਼ ਵਿੱਚ ਆਉਣ ਤੋਂ ਬਾਅਦ ਮਹਿਲਾ ਨੇ ਪਤੀ ਨੂੰ ਪੂਰੀ ਘਟਨਾ ਦੱਸੀ ਤੇ ਤੁਰੰਤ ਮੋਗਾ ਸਿਵਲ ਹਸਪਤਾਲ ਪਹੁੰਚੇ। ਐਮਰਜੈਂਸੀ ਸਟਾਫ ਨੇ ਮੁੱਢਲੀ ਸਹਾਇਤਾ ਦਿੱਤੀ ਅਤੇ ਪੁਲਿਸ ਨੂੰ ਸੂਚਿਤ ਕੀਤਾ। ਪੀੜਤਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਨੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਦੋਸ਼ੀ ਨੂੰ ਜਲਦ ਗ੍ਰਿਫਤਾਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

# ਨਿਆਂ ਪਾਲਿਕਾ ਵਿੱਚ ਸਿਆਸੀ ਦਖਲਅੰਦਾਜ਼ੀ ਵਧੀ

## ✪ ਜੱਜਾਂ ਦੇ ਤਬਾਦਲੇ ਅਤੇ ਆਜ਼ਾਦੀ ਉੱਤੇ ਉਠੇ ਸਵਾਲ ✪ ਸੁਪਰੀਮ ਕੋਰਟ ਦੇ ਜੱਜ ਜਸਟਿਸ ਉੱਜਵਲ ਭੁਯਾਨ ਨੇ ਕੀਤਾ ਪਰਦਾਫਾਸ਼

ਭਾਰਤੀ ਨਿਆਂ ਪ੍ਰਣਾਲੀ ਵਿੱਚ ਸਿਆਸੀ ਦਖਲਅੰਦਾਜ਼ੀ ਦਾ ਮੁੱਦਾ ਇੱਕ ਵਾਰ ਫਿਰ ਗਰਮਾ ਗਿਆ ਹੈ। ਸੁਪਰੀਮ ਕੋਰਟ ਦੇ ਜੱਜ ਜਸਟਿਸ ਉੱਜਵਲ ਭੁਯਾਨ ਨੇ ਹਾਲ ਹੀ ਵਿੱਚ ਇੱਕ ਜਨਤਕ ਭਾਸ਼ਣ ਵਿੱਚ ਜੱਜਾਂ ਦੇ ਤਬਾਦਲਿਆਂ ਵਿੱਚ ਸਰਕਾਰੀ ਦਖਲ ਨੂੰ ਲੈ ਕੇ ਤਿੱਖੇ ਸਵਾਲ ਉਠਾਏ ਹਨ। ਉਨ੍ਹਾਂ ਨੇ ਕਿਹਾ ਕਿ ਜੱਜਾਂ ਦੇ ਤਬਾਦਲੇ ਨਿਆਂ ਪਾਲਿਕਾ ਦਾ ਅੰਦਰੂਨੀ ਮਾਮਲਾ ਹੈ ਅਤੇ ਸਰਕਾਰ ਨੂੰ ਇਸ ਵਿੱਚ ਕੋਈ ਵੀ ਦਖਲ ਨਹੀਂ ਦੇਣਾ ਚਾਹੀਦਾ। ਇਸ ਬਿਆਨ ਨੇ ਨਾ ਸਿਰਫ ਨਿਆਂ ਪਾਲਿਕਾ ਦੀ ਆਜ਼ਾਦੀ ਉੱਤੇ ਚਰਚਾ ਛੇੜੀ ਹੈ ਬਲਕਿ ਇਹ ਵੀ ਪੁੱਛਿਆ ਜਾ ਰਿਹਾ ਹੈ ਕਿ ਨਿਆਂ ਕਿਉਂ ਪ੍ਰਭਾਵਿਤ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਦੋਸ਼ੀ ਕੌਣ ਹਨ?

ਜਸਟਿਸ ਭੁਯਾਨ ਨੇ ਪੁਣੇ ਵਿੱਚ ਆਈਐਲਐਸ ਲਾਅ ਕਾਲਜ ਵਿੱਚ ਬੋਲਦਿਆਂ ਕਿਹਾ ਸੀ ਕਿ ਜੱਜਾਂ ਨੂੰ ਬਿਨਾਂ ਕਿਸੇ ਡਰ, ਪੱਖਪਾਤ ਜਾਂ ਲਾਲਚ ਦੇ ਸੰਵਿਧਾਨ ਦੀ ਰੱਖਿਆ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਖਾਸ ਤੌਰ 'ਤੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਜੱਜ ਜਸਟਿਸ ਅਤੁਲ ਸ਼੍ਰੀਧਰਨ ਦੇ ਤਬਾਦਲੇ ਦਾ ਜ਼ਿਕਰ ਕੀਤਾ। ਜਸਟਿਸ ਸ਼੍ਰੀਧਰਨ ਨੇ ਮੱਧ ਪ੍ਰਦੇਸ਼ ਦੇ ਇੱਕ ਮੰਤਰੀ ਵਿਰੁੱਧ ਕਾਰਵਾਈ ਕੀਤੀ ਸੀ, ਜਿਨ੍ਹਾਂ ਨੇ ਕਰਨਲ ਸੋਫੀਆ ਕੁਰੈਸ਼ੀ ਬਾਰੇ ਇਤਰਾਜ਼ਯੋਗ ਟਿੱਪਣੀ ਕੀਤੀ ਸੀ। ਸੁਪਰੀਮ ਕੋਰਟ ਕਾਲਜੀਅਮ ਨੇ ਪਹਿਲਾਂ ਉਨ੍ਹਾਂ ਨੂੰ ਛੱਤੀਸਗੜ੍ਹ ਭੇਜਣ ਦਾ ਪ੍ਰਸਤਾਵ ਦਿੱਤਾ ਸੀ, ਪਰ ਕੇਂਦਰ ਸਰਕਾਰ ਦੇ ਕਹਿਣ 'ਤੇ ਇਸ ਨੂੰ ਬਦਲ ਕੇ ਇਲਾਹਾਬਾਦ ਹਾਈ ਕੋਰਟ ਕਰ ਦਿੱਤਾ ਗਿਆ ਸੀ। ਜਸਟਿਸ ਭੁਯਾਨ ਅਨੁਸਾਰ, ਇਹ ਸਿੱਧੇ ਤੌਰ 'ਤੇ ਕਾਲਜੀਅਮ ਪ੍ਰਣਾਲੀ ਦੀ ਅਖੰਡਤਾ 'ਤੇ ਹਮਲਾ ਹੈ।




ਇਸ ਤੋਂ ਇਲਾਵਾ, ਉੱਤਰ ਪ੍ਰਦੇਸ਼ ਦੇ ਸੰਭਲ ਵਿੱਚ ਹੋਈ ਹਿੰਸਾ ਦੌਰਾਨ, ਉੱਥੇ ਦੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਵਿਭਾਂਸ਼ੂ ਸੁਧੀਰ ਨੇ ਪੁਲਿਸ ਦੀ ਕਾਰਵਾਈ 'ਤੇ ਸਵਾਲ ਚੁੱਕਦੇ ਹੋਏ 20 ਪੁਲਿਸ ਮੁਲਾਜ਼ਮਾਂ ਵਿਰੁੱਧ ਐਫਆਈਆਰ ਦਰਜ ਕਰਨ ਦੇ ਹੁਕਮ ਦਿੱਤੇ ਸਨ। ਇਸ ਫ਼ੈਸਲੇ ਦੇ ਤੁਰੰਤ ਬਾਅਦ ਉਨ੍ਹਾਂ ਦਾ ਤਬਾਦਲਾ ਕਰ ਦਿੱਤਾ ਗਿਆ ਸੀ। ਵਿਰੋਧੀ ਧਿਰਾਂ, ਖ਼ਾਸਕਰ ਕਾਂਗਰਸ ਨੇ ਇਸ ਨੂੰ 'ਨਿਆਂ ਦਾ ਗਲਾ ਘੁੱਟਣ' ਵਾਲੀ ਕਾਰਵਾਈ ਦੱਸਿਆ ਸੀ। ਇਸੇ ਤਰ੍ਹਾਂ, ਦਿੱਲੀ ਦੰਗਿਆਂ ਦੌਰਾਨ ਭਾਜਪਾ ਆਗੂਆਂ ਖ਼ਿਲਾਫ਼ ਸਖ਼ਤ ਟਿੱਪਣੀ ਕਰਨ ਤੋਂ ਬਾਅਦ ਅੱਧੀ ਰਾਤ ਨੂੰ ਜਸਟਿਸ ਮੁਰਲੀਧਰਨ ਦਾ ਤਬਾਦਲਾ ਕੀਤਾ ਗਿਆ ਸੀ। ਰਾਜਸਥਾਨ ਵਿੱਚ ਅਡਾਨੀ ਦੇ ਖ਼ਿਲਾਫ਼ ਫ਼ੈਸਲਾ ਸੁਣਾਉਣ ਵਾਲੇ ਜਸਟਿਸ ਦਿਨੇਸ਼ ਕੁਮਾਰ ਗੁਪਤਾ ਦਾ ਵੀ ਤਬਾਦਲਾ ਕਰ ਦਿੱਤਾ ਗਿਆ ਸੀ।

ਮਾਹਿਰਾਂ ਅਨੁਸਾਰ, ਇਹ ਨਿਆਂ ਪਾਲਿਕਾ ਨੂੰ ਨਿਯੰਤਰਿਤ ਕਰਨ ਅਤੇ ਸਰਕਾਰ ਵਿਰੋਧੀ ਫੈਸਲਿਆਂ ਨੂੰ ਰੋਕਣ ਲਈ ਕੀਤਾ ਜਾਂਦਾ ਹੈ। ਅੰਤਰਰਾਸ਼ਟਰੀ ਕਮਿਸ਼ਨ ਆਫ ਜੁਰਿਸਟਸ (ਆਈਸੀਜੇ) ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੱਜਾਂ ਦੀ ਨਿਯੁਕਤੀ ਅਤੇ ਤਬਾਦਲੇ ਵਿੱਚ ਬਾਹਰੀ ਦਖਲ ਨੂੰ ਰੋਕਣ ਲਈ ਵਿਵਸਥਾ ਹੈ, ਪਰ ਭਾਰਤ ਵਿੱਚ ਇਹ ਨਿਯੰਤਰਣ ਵਧ ਰਿਹਾ ਹੈ। ਰਿਟਾਇਰਡ ਸੁਪਰੀਮ ਕੋਰਟ ਜੱਜ ਜਸਟਿਸ ਅਭੈ ਐਸ ਓਕਾ ਨੇ ਵੀ ਸਿਆਸੀ ਦਖਲ ਨੂੰ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਕਿਹਾ ਕਿ ਇਹ ਨਿਆਂ ਪ੍ਰਣਾਲੀ ਨੂੰ ਕਮਜ਼ੋਰ ਕਰ ਰਿਹਾ ਹੈ ਅਤੇ ਲੋਕਾਂ ਦਾ ਵਿਸ਼ਵਾਸ ਘਟਾ ਰਿਹਾ ਹੈ।

ਜਸਟਿਸ ਭੁਯਾਨ ਨੇ ਕਿਹਾ ਕਿ ਖਤਰਾ ਅੰਦਰੋਂ ਵੀ ਹੈ। ਜੇਕਰ ਜੱਜ ਰਾਜਨੀਤਿਕ ਝੁਕਾਅ ਨਾਲ ਫੈਸਲੇ ਲੈਣ ਲੱਗ ਪਏ ਤਾਂ ਲੋਕਤੰਤਰ ਖਤਰੇ ਵਿੱਚ ਪੈ ਜਾਵੇਗਾ। ਮਾਹਿਰਾਂ ਅਨੁਸਾਰ, ਸਰਕਾਰੀ ਨੀਤੀਆਂ ਵਿਰੋਧੀ ਫੈਸਲਿਆਂ ਨੂੰ ਰੋਕਣ ਲਈ ਤਬਾਦਲੇ ਕੀਤੇ ਜਾਂਦੇ ਹਨ, ਜਿਸ ਨਾਲ ਨਿਆਂ ਦੀ ਨਿਰਪੱਖਤਾ ਖਤਮ ਹੋ ਜਾਂਦੀ ਹੈ।

ਵਿਰੋਧੀ ਧਿਰਾਂ ਨੇ ਭਾਜਪਾ ਸਰਕਾਰ ਨੂੰ ਦੋਸ਼ੀ ਠਹਿਰਾਇਆ ਹੈ। ਕਾਂਗਰਸ ਨੇ ਕਿਹਾ ਕਿ ਇਹ ਨਿਆਂ ਨੂੰ ਗਲਾ ਘੁੱਟਣ ਵਾਲੀ ਕਾਰਵਾਈ ਹੈ। ਹਾਲਾਂਕਿ, ਭਾਜਪਾ ਨੇ ਅਜੇ ਤੱਕ ਅਧਿਕਾਰਿਕ ਬਿਆਨ ਨਹੀਂ ਦਿੱਤਾ, ਪਰ ਕੁਝ ਆਗੂਆਂ ਨੇ ਇਸ ਨੂੰ ਨਿਆਂ ਪਾਲਿਕਾ ਦਾ ਅੰਦਰੂਨੀ ਮਾਮਲਾ ਦੱਸ ਕੇ ਟਾਲ ਦਿੱਤਾ ਹੈ।

ਰਿਟਾਇਰਡ ਚੀਫ ਜਸਟਿਸ ਬੈਨਰਜੀ ਨੇ ਯੂਟਿਊਬ ਵਿੱਚ ਚਰਚਾ ਕਰਦਿਆਂ ਕਿਹਾ ਕਿ ਉੱਚ ਨਿਆਂ ਪਾਲਿਕਾ ਵਿੱਚ ਭ੍ਰਿਸ਼ਟਾਚਾਰ ਵਧ ਰਿਹਾ ਹੈ ਅਤੇ ਸਿਆਸੀ ਦਖਲ ਇਸ ਨੂੰ ਵਧਾ ਰਿਹਾ ਹੈ। ਕਾਲਜੀਅਮ ਸਿਸਟਮ ਅਪਾਰਦਰਸ਼ੀ ਹੈ ਅਤੇ ਇਸ ਨੂੰ ਸੁਧਾਰਨ ਦੀ ਲੋੜ ਹੈ। ਰਾਜਨੀਤਕ ਆਗੂਆਂ ਵਿੱਚ, ਵਿਰੋਧੀ ਧਿਰ ਨੇ ਇਸ ਨੂੰ ਲੋਕਤੰਤਰ ਲਈ ਖਤਰਾ ਦੱਸਿਆ ਹੈ।

ਇਹ ਮਾਮਲਾ ਨਾ ਸਿਰਫ ਨਿਆਂ ਪਾਲਿਕਾ ਨੂੰ ਪ੍ਰਭਾਵਿਤ ਕਰ ਰਿਹਾ ਹੈ ਬਲਕਿ ਆਮ ਆਦਮੀ ਦੇ ਅਦਾਲਤਾਂ ਉੱਤੇ ਭਰੋਸੇ ਨੂੰ ਵੀ ਘਟਾ ਰਿਹਾ ਹੈ। ਮਾਹਿਰਾਂ ਨੇ ਸੁਝਾਅ ਦਿੱਤਾ ਕਿ ਕਾਲਜੀਅਮ ਨੂੰ ਮਜ਼ਬੂਤ ਬਣਾਉਣ ਅਤੇ ਸਿਆਸੀ ਦਖਲ ਨੂੰ ਰੋਕਣ ਲਈ ਨਵੇਂ ਨਿਯਮ ਬਣਾਏ ਜਾਣ। ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਨੇ ਨਿਆਂ ਪਾਲਿਕਾ ਦੀ ਆਜ਼ਾਦੀ ਨੂੰ ਕਮਜ਼ੋਰ ਕੀਤਾ ਹੈ। ਜਸਟਿਸ ਭੁਯਾਨ ਦੇ ਬਿਆਨ ਨੇ ਭਾਰਤੀ ਨਿਆਂ ਪ੍ਰਣਾਲੀ ਵਿੱਚ ਵੱਡੀ ਬਹਿਸ ਛੇੜੀ ਹੈ। ਜੇਕਰ ਜੱਜਾਂ ਨੂੰ ਸਰਕਾਰ ਵਿਰੁੱਧ ਫੈਸਲੇ ਦੇਣ ਦੀ 'ਸਜ਼ਾ' ਵਜੋਂ ਤਬਾਦਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਨਿਆਂ ਪਾਲਿਕਾ ਦੀ ਸੁਤੰਤਰਤਾ ਅਤੇ ਆਮ ਆਦਮੀ ਦਾ ਅਦਾਲਤਾਂ 'ਤੇ ਭਰੋਸਾ ਖ਼ਤਮ ਹੋ ਜਾਵੇਗਾ। ਇਹ ਲੋਕਤੰਤਰ ਲਈ ਗੰਭੀਰ ਖਤਰਾ ਹੈ ਅਤੇ ਇਸ ਨੂੰ ਰੋਕਣ ਲਈ ਸੁਪਰੀਮ ਕੋਰਟ ਨੂੰ ਤੁਰੰਤ ਕਦਮ ਚੁੱਕਣ ਦੀ ਲੋੜ ਹੈ।

# ਨਵਰਾਜ ਸਿੰਘ ਰਾਏ ਕੇਰਨ ਕਾਊਂਟੀ ਦੇ ਪਹਿਲੇ ਸਿੱਖ ਜੱਜ ਬਣੇ

ਚੰਡੀਗੜ੍ਹ-ਕੈਲੀਫੋਰਨੀਆ ਦੇ ਕੇਰਨ ਕਾਊਂਟੀ ਵਿੱਚ ਇੱਕ ਇਤਿਹਾਸਕ ਪਲ ਘਟਿਆ ਹੈ ਜਦੋਂ ਪੰਜਾਬੀ ਮੂਲ ਦੇ ਨਵਰਾਜ ਸਿੰਘ ਰਾਏ ਨੇ ਸੁਪੀਰੀਅਰ ਕੋਰਟ ਵਿੱਚ ਪ੍ਰੋ ਟੈਮ ਜੱਜ ਵਜੋਂ ਬੀਤੇ ਦਿਨੀਂ ਸਹੁੰ ਚੁੱਕੀ। ਇਸ ਨਾਲ ਉਹ ਕਾਊਂਟੀ ਦੇ ਇਤਿਹਾਸ ਵਿੱਚ ਪਹਿਲੇ ਸਿੱਖ ਅਤੇ ਪੰਜਾਬੀ ਜੱਜ ਬਣ ਗਏ। ਇਹ ਨਿਯੁਕਤੀ ਨਾ ਸਿਰਫ਼ ਸਥਾਨਕ ਸਿੱਖ ਭਾਈਚਾਰੇ ਲਈ ਮਾਣ ਵਾਲੀ ਘੜੀ ਹੈ ਬਲਕਿ ਅਮਰੀਕੀ ਨਿਆਂ ਪ੍ਰਣਾਲੀ ਵਿੱਚ ਵਿਭਿੰਨਤਾ ਅਤੇ ਨਿਰਪੱਖਤਾ ਨੂੰ ਵੀ ਦਰਸਾਉਂਦੀ ਹੈ।

ਨਵਰਾਜ ਸਿੰਘ ਰਾਏ, ਲਾਸ ਏਂਜਲਸ ਵਿੱਚ ਜੰਮੇ ਅਤੇ ਬਾਅਦ ਵਿੱਚ ਬੇਕਰਸਫੀਲਡ (ਕੇਰਨ ਕਾਊਂਟੀ ਦਾ ਮੁੱਖ ਸ਼ਹਿਰ) ਚਲੇ ਗਏ। ਉਨ੍ਹਾਂ ਨੇ ਸਥਾਨਕ ਸਕੂਲਾਂ ਜਿਵੇਂ ਸਟਾਕਡੇਲ ਹਾਈ ਸਕੂਲ ਅਤੇ ਅਰਲ ਵਾਰਨ ਜੂਨੀਅਰ ਹਾਈ ਸਕੂਲ ਵਿੱਚ ਪੜ੍ਹਾਈ ਕੀਤੀ। ਬਾਅਦ ਵਿੱਚ ਯੂਨੀਵਰਸਿਟੀ ਆਫ ਕੈਲੀਫੋਰਨੀਆ, ਡੇਵਿਸ ਤੋਂ ਗ੍ਰੈਜੂਏਸ਼ਨ ਅਤੇ ਯੂਨੀਵਰਸਿਟੀ ਆਫ ਦ ਪੈਸਿਫਿਕ ਤੋਂ 2018 ਵਿੱਚ ਲਾਅ ਡਿਗਰੀ ਹਾਸਲ ਕੀਤੀ। ਬਚਪਨ ਵਿੱਚ ਮਾਪਿਆਂ ਦੇ ਕਾਰੋਬਾਰ ਦੇ ਨੁਕਸਾਨ ਅਤੇ ਫੋਰਕਲੋਜ਼ਰ ਨੋਟਿਸਾਂ ਨੂੰ ਵੇਖ ਕੇ ਉਨ੍ਹਾਂ ਵਿੱਚ ਕਾਨੂੰਨੀ ਸੇਵਾ ਦੀ ਭਾਵਨਾ ਜਾਗੀ, ਜਿਸ ਨੇ ਉਨ੍ਹਾਂ ਨੂੰ ਵਕੀਲ ਬਣਨ ਲਈ ਪ੍ਰੇਰਿਤ ਕੀਤਾ। ਉਹ ਕਹਿੰਦੇ ਹਨ ਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਕਿਸੇ ਹੋਰ ਨਾਲ ਅਜਿਹਾ ਨਾ ਵਾਪਰੇ।



ਸਹੁੰ ਚੁੱਕਣ ਸਮਾਰੋਹ ਬੇਕਰਸਫੀਲਡ ਵਿੱਚ ਹੋਇਆ, ਜਿੱਥੇ ਪਰਿਵਾਰ, ਦੋਸਤ, ਕਾਨੂੰਨੀ ਪੇਸ਼ੇ ਵਰਗੇ ਅਤੇ ਭਾਈਚਾਰਕ ਆਗੂ ਮੌਜੂਦ ਸਨ। ਵੀਡੀਓਜ਼ ਅਤੇ ਤਸਵੀਰਾਂ ਵਿੱਚ ਨਵਰਾਜ ਨੂੰ ਸਿੱਖ ਪੱਗ ਬੰਨਕੇ ਮਾਣ ਨਾਲ ਸਹੁੰ ਚੁੱਕਦੇ ਅਤੇ ਸਥਾਨਕ ਪੁਲੀਸ ਅਧਿਕਾਰੀਆਂ ਨਾਲ ਖੜ੍ਹੇ ਵੇਖਿਆ ਜਾ ਸਕਦਾ ਹੈ। ਸਮਾਰੋਹ ਦੌਰਾਨ ਅਦਾਲਤ ਭਰੀ ਹੋਈ ਸੀ। ਇਸ ਦੌਰਾਨ ਨਵਰਾਜ ਨੇ ਕਿਹਾ ਕਿ "ਜਦੋਂ ਮੈਂ ਦਰਸ਼ਕਾਂ ਵੱਲ ਵੇਖਿਆ ਤਾਂ ਭਾਈਚਾਰੇ ਦੀ ਮਾਣ ਵਾਲੀ ਭਾਵਨਾ ਮਹਿਸੂਸ ਹੋਈ। ਇਹ ਮੇਰੇ ਲਈ ਨਹੀਂ, ਸਗੋਂ ਸਿਖ ਪੰਥ ਲਈ ਵੱਡਾ ਪਲ ਹੈ।" ਉਨ੍ਹਾਂ ਨੇ ਅੱਗੇ ਕਿਹਾ ਕਿ ਇਹ ਨਿਯੁਕਤੀ ਕੇਰਨ ਕਾਊਂਟੀ ਵਿੱਚ ਵਧਣ ਅਤੇ ਸਫਲ ਹੋਣ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਨੂੰ ਵਿਦੇਸ਼ਾਂ ਤੋਂ ਵੀ ਵੱਡਾ ਸਹਿਯੋਗ ਮਿਲਿਆ ਅਤੇ ਫੋਨ ਸੰਦੇਸ਼ਾਂ ਨਾਲ ਭਰ ਗਿਆ।

ਕੇਰਨ ਕਾਊਂਟੀ ਹਿੰਦੂ ਕਲਚਰਲ ਸੈਂਟਰ ਨੇ ਇਸ ਨੂੰ 'ਵੱਡਾ ਅਤੇ ਇਤਿਹਾਸਕ ਮੀਲ ਪੱਥਰ' ਕਿਹਾ ਅਤੇ ਨਵਰਾਜ ਨੂੰ ਵਧਾਈ ਦਿੱਤੀ। ਬੇਕਰਸਫੀਲਡ ਦੇ ਵਾਈਸ ਮੇਅਰ ਮਨਪ੍ਰੀਤ ਕੌਰ, ਜੋ ਨਵਰਾਜ ਨਾਲ ਜੂਨੀਅਰ ਹਾਈ ਸਕੂਲ ਵਿੱਚ ਪੜ੍ਹੀ ਸੀ, ਨੇ ਕਿਹਾ ਕਿ ਇਹ ਸਿੱਖ ਭਾਈਚਾਰੇ ਲਈ ਮਾਣ ਵਾਲਾ ਪਲ ਹੈ। ਉਨ੍ਹਾਂ ਕਿਹਾ, "ਇਹ ਅਮਰੀਕਨ ਡਰੀਮ ਨੂੰ ਦਰਸਾਉਂਦਾ ਹੈ ਕਿ ਸਥਾਨਕ ਪਰਿਵਾਰਾਂ ਲਈ ਮੌਕੇ ਹਨ ਅਤੇ ਅਗਲੀ ਪੀੜ੍ਹੀ ਉੱਚ ਪੱਧਰਾਂ ਤੱਕ ਪਹੁੰਚ ਸਕਦੀ ਹੈ।"

ਇਹ ਨਿਯੁਕਤੀ ਕੈਲੀਫੋਰਨੀਆ ਵਿੱਚ ਸਿੱਖਾਂ ਦੇ ਵਧਦੇ ਪ੍ਰਭਾਵ ਨੂੰ ਵੀ ਉਜਾਗਰ ਕਰਦੀ ਹੈ, ਜਿਵੇਂ 2024 ਵਿੱਚ ਫਰੇਸਨੋ ਕਾਊਂਟੀ ਵਿੱਚ ਰਾਜ ਸਿੰਘ ਬਧੇਸ਼ਾ ਦੀ ਨਿਯੁਕਤੀ ਤੋਂ ਬਾਅਦ।

ਕੇਰਨ ਕਾਊਂਟੀ ਵਿੱਚ ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਖੇਤੀਬਾੜੀ, ਵਪਾਰ ਅਤੇ ਸਮਾਜਿਕ ਕੰਮਾਂ ਵਿੱਚ ਯੋਗਦਾਨ ਪਾ ਰਿਹਾ ਹੈ। ਨਵਰਾਜ ਦੀ ਇਹ ਭੂਮਿਕਾ ਸੱਭਿਆਚਾਰਕ ਸਾਂਝ ਨੂੰ ਮਜ਼ਬੂਤ ਕਰੇਗੀ ਅਤੇ ਨਿਆਂ ਵਿੱਚ ਵਿਸ਼ਵਾਸ ਵਧਾਏਗੀ। ਪ੍ਰੋ ਟੈਮ ਜੱਜ ਵਜੋਂ ਉਹ ਟ੍ਰੈਫਿਕ ਕੋਰਟ ਸਮੇਤ ਵੱਖ-ਵੱਖ ਮਾਮਲਿਆਂ ਨੂੰ ਸੰਭਾਲਣਗੇ, ਜੋ ਅਦਾਲਤਾਂ ਦੇ ਭਾਰ ਨੂੰ ਘੱਟ ਕਰਨ ਵਿੱਚ ਮਦਦ ਕਰੇਗਾ। ਕਾਊਂਟੀ ਵਿੱਚ 39 ਜੱਜ ਅਤੇ 8 ਕਮਿਸ਼ਨਰ ਹਨ, ਪਰ ਵਰਕਲੋਡ ਨੂੰ ਵੇਖਦੇ ਹੋਏ ਹੋਰ ਜੱਜਾਂ ਦੀ ਲੋੜ ਹੈ।

# ਸਮਾਜ ਅਤੇ ਦੇਸ਼ ਲਈ ਸਭ ਤੋਂ ਵੱਡਾ ਅੰਦਰੂਨੀ ਖਤਰਾ-ਅਰਬਨ ਨੈਕਸਲ

ਸੰਦੀਪ ਕੁਮਾਰ
7009807121





ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿੱਚ ਅੰਦਰੂਨੀ ਸੁਰੱਖਿਆ ਦਾ ਸਭ ਤੋਂ ਵੱਡਾ ਖ਼ਤਰਾ ਅੱਜ ਕੱਲ੍ਹ "ਅਰਬਨ ਨੈਕਸਲ" ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਇਹ ਉਹ ਸ਼ਹਿਰੀ ਬੁੱਧੀਜੀਵੀ, ਐਕਟਿਵਿਸਟ, ਲੇਖਕ, ਪੱਤਰਕਾਰ, ਵਕੀਲ ਅਤੇ ਅਧਿਆਪਕ ਹਨ ਜੋ ਖੁੱਲ੍ਹੇ ਤੌਰ ਤੇ ਹਥਿਆਰ ਨਹੀਂ ਚੁੱਕਦੇ, ਪਰ ਆਪਣੀਆਂ ਲਿਖਤਾਂ, ਭਾਸ਼ਣਾਂ, ਸੋਸ਼ਲ ਮੀਡੀਆ ਅਤੇ ਸੰਗਠਨਾਤਮਕ ਸ਼ਕਤੀ ਰਾਹੀਂ ਮਾਓਵਾਦੀ-ਨੈਕਸਲਵਾਦੀ ਵਿਚਾਰਧਾਰਾ ਨੂੰ ਸਮਾਜ ਵਿੱਚ ਫੈਲਾਉਂਦੇ ਹਨ। ਇਹ ਲੋਕ ਦੇਸ਼ ਦੀਆਂ ਸਾਰੀਆਂ ਸਹੂਲਤਾਂ-ਸਿੱਖਿਆ, ਸਿਹਤ, ਸੁਰੱਖਿਆ, ਆਜ਼ਾਦੀ ਦਾ ਲਾਭ ਲੈਂਦੇ ਹਨ ਪਰ ਉਨ੍ਹਾਂ ਦਾ ਦਿਲ ਅਤੇ ਦਿਮਾਗ ਬਾਹਰੀ ਦੁਸ਼ਮਣ ਦੇਸ਼ਾਂ ਅਤੇ ਦੇਸ਼ ਵਿਰੋਧੀ ਤਾਕਤਾਂ ਨਾਲ ਮਿਲਿਆ ਹੋਇਆ ਹੁੰਦਾ ਹੈ। ਇਹ ਅਰਬਨ ਨੈਕਸਲ ਸਮਾਜ ਅਤੇ ਦੇਸ਼ ਲਈ ਸਭ ਤੋਂ ਖ਼ਤਰਨਾਕ ਹਨ ਕਿਉਂਕਿ ਇਹ ਬਾਹਰੋਂ ਦਿਸਦੇ ਤਾਂ ਬੁੱਧੀਜੀਵੀ ਹਨ ਪਰ ਅੰਦਰੋਂ ਦੇਸ਼ ਦੀ ਜੜ੍ਹ ਖੋਦਣ ਵਾਲੇ ਵਿਨਾਸ਼ਕਾਰੀ ਕੀੜੇ ਹਨ।

ਅਰਬਨ ਨੈਕਸਲਾਂ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਸਿੱਧੇ ਹਥਿਆਰ ਨਹੀਂ ਚੁੱਕਦੇ, ਇਸ ਲਈ ਇਹ ਕਾਨੂੰਨ ਦੀਆਂ ਅੱਖਾਂ ਵਿੱਚ ਆਸਾਨੀ ਨਾਲ ਬਚ ਜਾਂਦੇ ਹਨ। ਪਰ ਇਹ ਜੰਗਲ ਵਿੱਚ ਬੰਦੂਕ ਚੁੱਕਣ ਵਾਲੇ ਨੈਕਸਲਾਂ ਨੂੰ ਬੌਧਿਕ, ਵਿੱਤੀ ਅਤੇ ਸਮਾਜਿਕ ਸਹਾਰਾ ਦਿੰਦੇ ਹਨ। ਜਦੋਂ ਵੀ ਸੁਰੱਖਿਆ ਬਲ ਕਿਸੇ ਵੱਡੇ ਨੈਕਸਲੀ ਨੂੰ ਮਾਰਦੇ ਹਨ ਤਾਂ ਸ਼ਹਿਰਾਂ ਵਿੱਚ ਇਹੀ ਅਰਬਨ ਨੈਕਸਲ ਸੜਕਾਂ ਤੇ ਉਤਰ ਕੇ ਮੋਮਬੱਤੀਆਂ ਜਗਾਉਂਦੇ ਹਨ, ਧਰਨੇ ਦਿੰਦੇ ਹਨ ਅਤੇ ਮੀਡੀਆ ਵਿੱਚ ਉਸ ਨੂੰ "ਸਮਾਜ ਸੁਧਾਰਕ" ਜਾਂ "ਆਦਿਵਾਸੀ ਹੱਕਾਂ ਦਾ ਰਾਖਾ" ਦੱਸਦੇ ਹਨ। ਉਦਾਹਰਨ ਵਜੋਂ ਹਾਲ ਹੀ ਵਿੱਚ ਛੱਤੀਸਗੜ੍ਹ ਵਿੱਚ ਸੁਰੱਖਿਆ ਬਲਾਂ ਨੇ ਵੱਡੇ ਮਾਓਵਾਦੀ ਆਗੂ ਹਿਡਮਾ ਨੂੰ ਮਾਰ ਗਿਰਾਇਆ। ਇਸ ਤੋਂ ਬਾਅਦ ਦਿੱਲੀ, ਮੁੰਬਈ, ਕੋਲਕਾਤਾ ਅਤੇ ਹੋਰ ਸ਼ਹਿਰਾਂ ਵਿੱਚ ਅਰਬਨ ਨੈਕਸਲਾਂ ਨੇ ਹਿਡਮਾ ਦੇ ਹੱਕ ਵਿੱਚ ਪ੍ਰਦਰਸ਼ਨ ਕੀਤੇ, ਉਸ ਨੂੰ "ਸ਼ਹੀਦ" ਕਿਹਾ ਅਤੇ ਸੁਰੱਖਿਆ ਬਲਾਂ 'ਤੇ "ਰਾਜ ਵਿੱਚ ਦਹਿਸ਼ਤ ਫੈਲਾਉਣ" ਦਾ ਇਲਜ਼ਾਮ ਲਗਾਇਆ। ਇਹ ਉਹੀ ਹਿਡਮਾ ਸੀ ਜਿਸ ਦੇ ਹੁਕਮਾਂ ਤੇ ਸੈਂਕੜੇ ਜਵਾਨ ਸ਼ਹੀਦ ਹੋਏ, ਸਕੂਲ ਉਡਾਏ ਗਏ, ਰੇਲਵੇ ਪਟੜੀਆਂ ਉਖਾੜੀਆਂ ਗਈਆਂ ਅਤੇ ਵਿਕਾਸ ਦੀ ਹਰ ਕੋਸ਼ਿਸ਼ ਨੂੰ ਖ਼ੂਨ ਨਾਲ ਰੋਕਿਆ ਗਿਆ। ਫਿਰ ਵੀ ਅਰਬਨ ਨੈਕਸਲਾਂ ਲਈ ਉਹ "ਹੀਰੋ" ਸੀ। ਇਸ ਤੋਂ ਵੱਡੀ ਦੇਸ਼ਧ੍ਰੋਹੀ ਸੋਚ ਕੀ ਹੋ ਸਕਦੀ ਹੈ?

ਅਰਬਨ ਨੈਕਸਲਾਂ ਦੀ ਦੂਜੀ ਵੱਡੀ ਖ਼ਤਰਨਾਕ ਗਤੀਵਿਧੀ, ਵਿਦੇਸ਼ੀ ਮੁੱਦਿਆਂ ਨੂੰ ਭਾਰਤ ਵਿੱਚ ਲਿਆ ਕੇ ਸਮਾਜ ਨੂੰ ਵੰਡਣਾ ਹੈ। ਉਹ ਭਾਰਤ ਦੇ ਅੰਦਰਲੇ ਮੁੱਦਿਆਂ ਤੇ ਚੁੱਪ ਰਹਿੰਦੇ ਹਨ ਪਰ ਫ਼ਲਸਤੀਨ, ਗਾਜ਼ਾ ਜਾਂ ਕਸ਼ਮੀਰ ਵਿੱਚ ਹੋਣ ਵਾਲੀਆਂ ਘਟਨਾਵਾਂ ਤੇ ਭਾਰਤੀ ਸ਼ਹਿਰਾਂ ਵਿੱਚ ਅੱਗ ਲਗਾ ਦਿੰਦੇ ਹਨ। ਇਸੇ ਸੋਚ ਕਾਰਨ ਟਾਟਾ ਗਰੁੱਪ ਵਰਗੀਆਂ ਦੇਸ਼ ਦੀਆਂ ਮੋਹਰੀ ਕੰਪਨੀਆਂ ਦੇ ਉਤਪਾਦਾਂ ਦਾ ਬਾਈਕਾਟ ਕੀਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਦਾ ਕੋਈ ਵਿਦੇਸ਼ੀ ਕਾਰੋਬਾਰ ਇਜ਼ਰਾਈਲ ਨਾਲ ਹੈ। ਟਾਟਾ ਨੇ ਭਾਰਤ ਨੂੰ ਏਅਰਲਾਈਨਜ਼, ਸਟੀਲ, ਕਾਰਾਂ, ਨਮਕ ਤੋਂ ਲੈ ਕੇ ਸਾਫਟਵੇਅਰ ਤੱਕ ਦਿੱਤਾ, ਲੱਖਾਂ ਨੌਕਰੀਆਂ ਪੈਦਾ ਕੀਤੀਆਂ, ਕੈਂਸਰ ਹਸਪਤਾਲ ਬਣਾਏ ਪਰ ਅਰਬਨ ਨੈਕਸਲਾਂ ਲਈ ਇਹ ਸਭ ਕੁਝ ਬੇਮਾਇਨੇ ਹੈ। ਉਨ੍ਹਾਂ ਦਾ ਮਕਸਦ ਸਿਰਫ਼ ਦੇਸ਼ ਅੰਦਰ ਅਰਾਜਕਤਾ ਫੈਲਾਉਣਾ ਹੈ, ਭਾਵੇਂ ਇਸ ਨਾਲ ਭਾਰਤੀ ਅਰਥਵਿਵਸਥਾ ਨੂੰ ਕਰੋੜਾਂ ਦਾ ਨੁਕਸਾਨ ਹੋਵੇ।

ਅਰਬਨ ਨੈਕਸਲਾਂ ਦੀ ਸੋਚ ਤੋਂ ਸਭ ਤੋਂ ਵੱਡਾ ਖ਼ਤਰਾ ਨੌਜਵਾਨ ਪੀੜ੍ਹੀ ਨੂੰ ਹੈ। ਯੂਨੀਵਰਸਿਟੀਆਂ ਵਿੱਚ ਇਹ ਲੋਕ "ਅਜ਼ਾਦੀ" ਦੇ ਨਾਅਰੇ ਲਗਵਾ ਕੇ, ਭਾਰਤ ਮਾਤਾ ਦੀਆਂ ਜੈਕਾਰਾਂ ਨੂੰ "ਫਾਸ਼ੀਵਾਦ" ਕਹਿ ਕੇ ਨੌਜਵਾਨਾਂ ਨੂੰ ਭਟਕਾਉਂਦੇ ਹਨ। ਜੇਐਨਯੂ, ਜਾਮੀਆ, ਜਾਦਵਪੁਰ ਵਰਗੀਆਂ ਯੂਨੀਵਰਸਿਟੀਆਂ ਵਿੱਚ ਇਹ ਲੋਕ ਖੁੱਲ੍ਹੇਆਮ "ਭਾਰਤ ਤੇਰੇ ਟੁਕੜੇ ਹੋਂਗੇ" ਵਰਗੇ ਨਾਅਰੇ ਲਗਵਾਉਂਦੇ ਹਨ ਅਤੇ ਫਿਰ ਉਨ੍ਹਾਂ ਨੂੰ "ਅਭਿਵਿਅਕਤੀ ਦੀ ਆਜ਼ਾਦੀ" ਦਾ ਨਾਮ ਦਿੰਦੇ ਹਨ। ਇਹੀ ਨੌਜਵਾਨ ਬਾਅਦ ਵਿੱਚ ਸ਼ਹਿਰਾਂ ਵਿੱਚ ਅਰਾਜਕਤਾ ਫੈਲਾਉਂਦੇ ਹਨ, ਪੁਲਿਸ ਤੇ ਪੱਥਰ ਮਾਰਦੇ ਹਨ, ਜਨਤਕ ਜਾਇਦਾਦ ਨੂੰ ਅੱਗ ਲਗਾਉਂਦੇ ਹਨ।


ਅਰਬਨ ਨੈਕਸਲਾਂ ਦੀ ਸੋਚ ਦਾ ਸਭ ਤੋਂ ਡਰਾਉਣਾ ਰੂਪ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਦੇਸ਼ ਤੇ ਸੰਕਟ ਆਉਂਦਾ ਹੈ। ਪਹਿਲਗਾਮ ਵਿੱਚ ਆਤੰਕੀ ਹਮਲੇ ਹੋਣ, ਜਵਾਨਾਂ ਦੀਆਂ ਬੱਸਾਂ ਉਡਾਈਆਂ ਜਾਣ, ਲਾਲ ਕਿਲ੍ਹੇ ਤੇ ਹਮਲਾ ਹੋਵੇ ਜਾਂ ਪੁਲਵਾਮਾ ਵਰਗੀ ਘਟਨਾ ਵਾਪਰੇ-ਅਰਬਨ ਨੈਕਸਲਾਂ ਦੀ ਪਹਿਲੀ ਪ੍ਰਤੀਕਿਰਿਆ "ਭਾਰਤ ਸਰਕਾਰ ਦੀ ਗਲਤੀ" ਹੁੰਦੀ ਹੈ। ਉਹ ਕਸ਼ਮੀਰੀ ਪੰਡਿਤਾਂ ਦੇ ਕਤਲੇਆਮ ਤੇ ਚੁੱਪ, ਪਾਕਿਸਤਾਨੀ ਆਤੰਕੀਆਂ ਦੇ ਹੱਕ ਵਿੱਚ ਬਿਆਨ ਤੇ ਭਾਰਤੀ ਫੌਜ ਤੇ "ਜ਼ੁਲਮ" ਦੇ ਇਲਜ਼ਾਮ ਲਗਾਉਂਦੇ ਹਨ। ਇਹ ਲੋਕ ਦੇਸ਼ ਦੀ ਹਰ ਸਫਲਤਾ ਨੂੰ "ਫਾਸ਼ੀਵਾਦ" ਤੇ ਹਰ ਅਸਫਲਤਾ ਨੂੰ "ਸਬੂਤ" ਬਣਾ ਕੇ ਪੇਸ਼ ਕਰਦੇ ਹਨ।

ਇਸ ਲਈ ਸਮਾਜ ਅਤੇ ਦੇਸ਼ ਦੀ ਸੁਰੱਖਿਆ ਲਈ ਸਰਕਾਰ ਨੂੰ-ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ-ਅਰਬਨ ਨੈਕਸਲ ਸੋਚ ਵਾਲੇ ਵਿਅਕਤੀਆਂ ਵਿਰੁੱਧ ਸਭ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਇਹ ਲੋਕ ਸਿਰਫ਼ ਆਪਣੀ ਵਿਚਾਰਧਾਰਾ ਨਹੀਂ ਫੈਲਾਉਂਦੇ, ਬਲਕਿ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਸਿੱਧਾ ਚੁਣੌਤੀ ਦਿੰਦੇ ਹਨ। ਜੇ ਅੱਜ ਇਨ੍ਹਾਂ ਤੇ ਸਖ਼ਤੀ ਨਾ ਕੀਤੀ ਗਈ ਤਾਂ ਕੱਲ੍ਹ ਇਹੀ ਲੋਕ ਸਾਡੇ ਬੱਚਿਆਂ ਨੂੰ ਹਥਿਆਰ ਚੁੱਕਣ ਲਈ ਤਿਆਰ ਕਰ ਰਹੇ ਹੋਣਗੇ। ਦੇਸ਼ ਦੀ ਸੁਰੱਖਿਆ ਸਰਬਪ੍ਰਥਮ ਹੈ-ਇਸ ਵਿੱਚ ਕੋਈ ਸਮਝੌਤਾ ਨਹੀਂ ਹੋ ਸਕਦਾ। ਅਰਬਨ ਨੈਕਸਲ ਸੋਚ ਦਾ ਹਰ ਰੂਪ, ਹਰ ਚਿਹਰਾ, ਹਰ ਸੰਗਠਨ-ਚਾਹੇ ਉਹ ਐਨਜੀਓ ਹੋਵੇ, ਯੂਨੀਵਰਸਿਟੀ ਹੋਵੇ ਜਾਂ ਮੀਡੀਆ ਹਾਊਸ-ਨੂੰ ਬੇਨਕਾਬ ਕਰਕੇ, ਕਾਨੂੰਨੀ ਕਾਰਵਾਈ ਕਰਕੇ ਖ਼ਤਮ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

ਕਿਉਂਕਿ ਜਦੋਂ ਦੇਸ਼ ਦੀ ਰਾਖੀ ਦੀ ਗੱਲ ਆਉਂਦੀ ਹੈ ਤਾਂ ਨਾ ਕੋਈ ਵਿਚਾਰਧਾਰਾ ਬਚਦੀ ਹੈ, ਨਾ ਅਭਿਵਿਅਕਤੀ ਦੀ ਆਜ਼ਾਦੀ ਦੀ ਦੁਹਾਈ ਅਤੇ ਨਾ ਹੀ "ਮਨੁੱਖੀ ਅਧਿਕਾਰਾਂ" ਦਾ ਝੂਠਾ ਲੇਬਲ। ਦੇਸ਼ ਸਭ ਤੋਂ ਉੱਤੇ ਹੈ-ਹਮੇਸ਼ਾ ਰਹੇਗਾ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# ਪਾਣੀ ਤੋਂ ਬਗੈਰ



ਮਹਿੰਦਰ ਸਿੰਘ ਮਾਨ

ਅੱਜ ਮਈ ਮਹੀਨੇ ਦੀ ਤੀਹ ਤਰੀਕ ਹੈ। ਸੂਰਜ ਦੀ ਤਿੱਖੀ ਧੁੱਪ ਪੈਣੀ ਸ਼ੁਰੂ ਹੋ ਗਈ ਹੈ। ਵੱਖ, ਵੱਖ ਪਿੰਡਾਂ ਤੋਂ ਵਿਦਿਆਰਥੀ ਆਪਣੇ ਸਾਈਕਲਾਂ ਤੇ ਸਕੂਲ ਪਹੁੰਚ ਰਹੇ ਹਨ। ਉਹ ਆਪਣੇ ਸਾਈਕਲ, ਸਾਈਕਲ ਸ਼ੈੱਡ ਵਿੱਚ ਖੜ੍ਹੇ ਕਰਕੇ ਆਪਣੇ ਬੈਗ ਲੈ ਕੇ ਆਪਣੇ, ਆਪਣੇ ਕਲਾਸ ਰੂਮਾਂ ਵੱਲ ਜਾ ਰਹੇ ਹਨ। ਪੰਜ ਮਿੰਟਾਂ ਬਾਅਦ ਸਕੂਲ ਲੱਗਣ ਦੀ ਘੰਟੀ ਵੱਜ ਗਈ। ਉਹ ਸਕੂਲ ਕੰਪਲੈਕਸ ਵਿੱਚ ਸਵੇਰ ਦੀ ਸਭਾ ਲਈ ਲਾਈਨਾਂ ਬਣਾ ਕੇ ਖੜ੍ਹ ਗਏ। ਪ੍ਰਾਰਥਨਾ ਖਤਮ ਹੋਣ ਪਿੱਛੋਂ ਸਕੂਲ ਦੇ ਡੀ. ਪੀ. ਈ. ਨੇ ਉਨ੍ਹਾਂ ਨੂੰ ਪੰਦਰਾਂ ਮਿੰਟਾਂ ਲਈ ਪੀ. ਟੀ. ਕਰਾਈ। ਸਾਰੇ ਵਿਦਿਆਰਥੀ ਪਸੀਨੋ-ਪਸੀਨੀ ਹੋ ਗਏ। ਸਕੂਲ ਦੇ ਮੁੱਖ ਅਧਿਆਪਕ ਦੇ ਮਨ ਵਿੱਚ ਪਤਾ ਨਹੀਂ ਕੀ ਆਇਆ, ਉਹ ਉਨ੍ਹਾਂ ਨੂੰ ਮੁਖਾਤਿਬ ਹੋ ਕੇ ਆਖਣ ਲੱਗਾ, "ਪਿਆਰੇ ਬੱਚਿਓ, ਭਾਵੇਂ ਅੱਜ ਕੱਲ੍ਹ ਗਰਮੀ ਬਹੁਤ ਪੈ ਰਹੀ ਆ, ਤੁਹਾਨੂੰ ਪਿਆਸ ਵੀ ਬਹੁਤ ਲੱਗਦੀ ਆ, ਪਰ ਤੁਸੀਂ ਘਰੋਂ ਸਵੇਰ ਦੀ ਰੋਟੀ ਖਾ ਕੇ ਤੇ ਪਾਣੀ ਪੀ ਕੇ ਆਉਂਦੇ ਹੋ। ਮੈਂ ਹਰ ਰੋਜ਼ ਵੇਖਦਾਂ ਸਕੂਲ ਲੱਗਦਾ ਮਗਰੋਂ ਆਂ, ਤੁਸੀਂ ਲਾਈਨਾਂ ਬੰਨ੍ਹ ਕੇ ਪਾਣੀ ਦੀ ਟੈਂਕੀ ਤੋਂ ਪਾਣੀ ਪੀਣ ਪਹਿਲਾਂ ਤੁਰੇ ਹੁੰਦੇ ਹੋ। ਕੀ ਤੁਸੀਂ ਅੱਧੀ ਛੁੱਟੀ ਹੋਣ ਤੱਕ ਪਾਣੀ ਤੋਂ ਬਗੈਰ ਨ੍ਹੀ ਰਹਿ ਸਕਦੇ? ਮੈਂ ਹਰ ਰੋਜ਼ ਵੇਖਦਾਂ, ਕੁਝ ਬੱਚੇ ਟੈਂਕੀ ਤੇ ਆ ਕੇ ਪੈਰ ਹੀ ਧੋਂਦੇ ਰਹਿੰਦੇ ਆ। ਬੱਚਿਓ, ਇਹ ਬੜੀ ਮਾੜੀ ਆਦਤ ਆ।"



ਮੁੱਖ ਅਧਿਆਪਕ ਹਾਲੇ ਮੁਸ਼ਕਿਲ ਨਾਲ ਪੰਜ ਮਿੰਟ ਹੀ ਬੋਲਿਆ ਸੀ ਕਿ ਉਹ ਧੁੱਪ ਵਿੱਚ ਖੜ੍ਹਾ ਪਸੀਨੋ-ਪਸੀਨੀ ਹੋ ਗਿਆ ਤੇ ਆਪਣਾ ਭਾਸ਼ਨ ਛੇਤੀ ਨਾਲ ਖਤਮ ਕਰਦਾ ਹੋਇਆ ਸਕੂਲ ਦੇ ਪੀਅਨ ਨੂੰ ਆਖਣ ਲੱਗਾ, "ਅੱਜ ਤਾਂ ਗਰਮੀ ਬਹੁਤ ਆ। ਪਿੰਡਾਂ 'ਚ ਤਾਂ ਬਿਜਲੀ ਦਾ ਹਾਲ ਵੀ ਮਾੜਾ ਆ। ਬੱਸ ਸਾਰਾ ਦਿਨ ਪਸੀਨਾ ਆਂਦਾ ਰਹਿੰਦਾ ਆ। ਪਾਣੀ ਦਾ ਠੰਢਾ ਜਿਹਾ ਗਲਾਸ ਲਿਆ, ਜ਼ਰਾ ਦਿਲ ਨੂੰ ਚੈਨ ਜਹੀ ਆ ਜਾਵੇ।"

ਮੁੱਖ ਅਧਿਆਪਕ ਦੀਆਂ ਇਹ ਗੱਲਾਂ ਸੁਣ ਕੇ ਕੁਝ ਵਿਦਿਆਰਥੀ ਹੌਲੀ, ਹੌਲੀ ਹੱਸਣ ਲੱਗ ਪਏ, ਜਿਨ੍ਹਾਂ ਦੀ ਹਾਜ਼ਰੀ ਕਲਾਸ ਇਨਚਾਰਜ, ਸਕੂਲ ਕੰਪਲੈਕਸ ਵਿੱਚ ਲਗਾ ਰਹੇ ਸਨ।

ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ 9915803554

ਲਿਖੇ ਜਾ ਰਹੇ ਮੇਰੇ ਸੁਰਨਾਵਲ "ਮੇਰਾ ਪੰਜਾਬ" ਦੇ ਕੁਝ ਵਰਕੇ

# ਸੱਭ ਕੁਝ ਤੂੰ ਆਪ ਹੀ ਹੈਂ-ਰਾਹ ਰਾਹੀ ਵਾਟ ਮੰਜ਼ਿਲ ਵੀ-ਡਾ ਅਮਰਜੀਤ ਟਾਂਡਾ

ਨਵੇਂ ਨਵੇਂ ਢੰਗ ਤਰੀਕੇ ਰਾਹ ਵੀ ਬੰਦੇ ਨੇ ਹੀ ਖੋਜੇ ਹਨ। ਰੰਗ ਵੀ ਰੰਗਾਂ ਵਿੱਚ ਪਾ ਕੇ ਨਵੇਂ ਬਣਾਏ ਚਾਨਣ ਰਿਸ਼ਮਾਂ ਜਦੋਂ ਪਵਨ ਵਿੱਚ ਇੱਕ ਮਿਕ ਹੋਈਆਂ ਤਾਂ ਰੁੱਤਾਂ ਰੰਗੀਨ ਹੋ ਗਈਆਂ। ਰੁੱਖ ਪੰਛੀ ਵੀ ਖੁਸ਼ ਹੋ ਗਏ ਤੇ ਕਾਇਨਾਤ ਵੀ ਖੁਸ਼ ਗਵਾਰ ਤੇ ਆਨੰਦਮਈ। ਬਹੁਤੀ ਵਾਰ ਇਨਸਾਨ ਆਪਣੀਆਂ ਹੀ ਗਲਤੀਆਂ ਦੇ ਜਾਲ ਵਿੱਚ ਆਪ ਹੀ ਫਸ ਜਾਂਦਾ ਹੈ, ਫਿਰ ਦੂਜਿਆਂ ਕੋਲ ਮੱਦਦ ਲਈ ਦੌੜਦਾ ਹੈ। ਇਹ ਵਿਚਾਰ ਇੱਕ ਦਰਸ਼ਨੀ, ਅਰਥਗ੍ਰਹੀ ਅਤੇ ਜਾਗਰੂਕਤਾ ਪੈਦਾ ਕਰਨ ਵਾਲਾ ਹੈ। ਸਾਡੇ ਦੁੱਖਾਂ ਦੇ ਮਾਲਕ ਅਸੀਂ ਆਪ-ਅਸੀਂ ਅਕਸਰ ਜੀਵਨ ਵਿੱਚ ਸ਼ਿਕਵਾ ਕਰਦੇ ਹਾਂ - "ਕਿਸਮਤ ਖਰਾਬ ਹੈ", "ਲੋਕ ਮੰਦੇ ਹਨ", ਜਾਂ "ਸਮਾਂ ਹੀ ਠੀਕ ਨਹੀਂ ਚੱਲ ਰਿਹਾ।" ਪਰ ਕੀ ਕਦੇ ਅਸੀਂ ਆਪਣੇ ਆਪ ਨੂੰ ਪੁੱਛਿਆ ਹੈ ਕਿ ਇਹ ਸਭ ਸ਼ੁਰੂ ਕਿੱਥੋਂ ਹੋਇਆ, ਹੁੰਦਾ ਹੈ?

ਸਾਡੇ ਹੀ ਹੱਥਾਂ ਦੀ ਬਣਾਈ ਗੁਥੀ ਅਸੀਂ ਆਪਣੇ ਹੀ ਦਿਲ ਤੇ ਗਲ 'ਚ ਪਾ ਲਈ ਹੈ। ਸਰੀਰ ਦੇ ਰੋਗ ਤੋਂ ਲੈ ਕੇ ਮਨ ਦੀ ਚਿੰਤਾ ਤੱਕ - ਮੁਲਜ਼ਮ ਅਸੀਂ ਆਪ ਹਾਂ। ਸਰੀਰ ਦੇ ਕਿਸੇ ਵੀ ਹਿੱਸੇ ਤੇ ਖਾਰਸ਼ ਆਵੇ ਤਾਂ ਜੇ ਤੁਸੀਂ ਕਿਸੇ ਤੋਂ ਕਰਾਓਗੇ ਤਾਂ ਤੁਹਾਨੂੰ ਕਈ ਵਾਰੀ ਬੱਚੇ ਨੂੰ ਦੱਸਣਾ ਪਵੇਗਾ, ਇੱਥੇ ਨੇ ਨਹੀਂ ਜ਼ਰਾ ਇਧਰ ਸੱਜੇ ਖੱਬੇ ਕਿੰਨਾ ਚਿਰ ਤੁਸੀਂ ਦੱਸਣ ਵਿੱਚ ਲਾਵੋਗੇ ਜਦ ਕਿ ਤੁਸੀਂ ਆਪਣੇ ਦੋਨਾਂ ਹੱਥਾਂ ਚੋ ਕਿਸੇ ਹੱਥ ਨਾਲ ਚੰਗੀ ਤਰਾਂ ਕਰ ਸਕਦੇ ਤੇ ਕਰ ਵੀ ਵਧੀਆ ਲਵੋਗੇ ਤਸੱਲੀ ਨਾਲ. ਹੱਥ ਬਣਾਏ ਹੀ ਇਸੇ ਤਰਾਂ ਹਨ ਕੁਦਰਤ ਨੇ ਕਿ ਉਹ ਹਰ ਥਾਂ ਪਹੁੰਚ ਸਕਦੇ ਹਨ ਤੇ ਹਾਂ ਖਾਰਸ਼ ਇਸ ਤਰ੍ਹਾਂ ਕਰੋ ਕਿ ਚਮੜੀ ਚੋਂ ਖੂਨ ਨਾ ਵਗ ਪਵੇ. ਇਹ ਵੀ ਤੁਸੀਂ ਹੀ ਦੇਖਣਾ ਹੈ ਤੇ ਹਾਂ ਜੇ ਜ਼ਰਾ ਤੇਲ ਲਾ ਲਓਗੇ ਸਰੀਰ ਤੇ ਤਾਂ ਬਹੁਤ ਹੀ ਘੱਟ ਖਾਰਸ਼ ਆਵੇਗੀ. ਇੰਜ ਤੁਸੀਂ ਆਪ ਹੀ ਆਪਣੇ ਸਰੀਰ ਦਾ ਪੱਕਾ ਇਲਾਜ ਕਰ ਲਵੋਗੇ. ਤਾਂ ਹੀ ਬੰਦਾ ਰੋਜਾਨਾ ਇਸ਼ਨਾਨ ਕਰਦਾ ਹੈ।

ਜਦੋਂ ਅਸੀਂ ਸਰੀਰ ਦੀ ਆਵਾਜ਼ ਨਹੀਂ ਸੁਣਦੇ, ਜਦ ਉਹ ਥੱਕ ਕੇ ਕਹਿੰਦਾ ਹੈ, "ਬਸ!", ਤਾਂ ਅਸੀਂ ਉਸੇ ਪਲ ਉਸਨੂੰ ਚੁੱਪ ਕਰਾ ਦਿੰਦੇ ਹਾਂ ਇੱਕ ਹੋਰ ਕੱਪ ਚਾਹ ਨਾਲ, ਇੱਕ ਹੋਰ ਦੇਰ ਰਾਤ ਦੇ ਗੀਤ ਮਿਉਜ਼ਿਕ ਨਾਲ। ਫਿਰ ਜਦ ਬਾਅਦ ਵਿੱਚ ਉਹੀ ਸਰੀਰ ਹੜਤਾਲ ਕਰਦਾ ਹੈ, ਅਸੀਂ ਡਾਕਟਰਾਂ ਕੋਲ ਦੌੜਦੇ ਹਾਂ। ਅਜੀਬ ਗੱਲ ਹੈ - ਜਿਸ ਦਰਦ ਦੀ ਜੜ੍ਹ ਅਸੀਂ ਆਪ ਹਾਂ, ਉਸ ਦਾ ਇਲਾਜ ਕਿਸੇ ਹੋਰ ਤੋਂ ਮੰਗਦੇ ਫਿਰਦੇ ਹਾਂ।

ਦੰਦਾਂ ਦੀ ਚੰਗੀ ਤਰ੍ਹਾਂ ਸੰਭਾਲ ਨਾ ਕਰੋ ਤਾਂ ਦੰਦ ਕਢਵਾਉਣੇ ਹੀ ਪੈਣਗੇ, ਇਹ ਮੇਰੇ ਨਾਲ ਵੀ ਇਕ ਦੋ ਵਾਰੀ ਹੋਇਆ ਹੈ. ਹੁਣ ਜਦੋਂ ਦਾ ਮੈਂ ਦੰਦਾਂ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਰੱਖਦਾ ਹਾਂ ਸਫ਼ਾਈ ਤੇ ਮਸਾਜ ਕਰਦਾ ਰਹਿੰਦਾ ਹਾਂ ਤਾਂ ਨੌ ਦਸ ਸਾਲ ਹੋ ਗਏ ਹਨ ਮੈਂ ਡੈਂਟਿਸਟ ਦਾ ਦਰ ਨਹੀਂ ਦੇਖਿਆ। ਇਸੇ ਤਰ੍ਹਾਂ ਹੀ ਸਰੀਰ ਹੈ - ਸਾਫ ਸੁਥਰਾ ਸੰਤੁਲਤ ਭੋਜਨ ਮੰਗਦਾ ਤੇ ਰੋਜ਼ਾਨਾ ਇਸ ਨੂੰ ਕਸਰਤ ਦੀ ਲੋੜ ਹੁੰਦੀ ਹੈ। ਮਨ ਰੋਗੀ ਵੀ ਅਸੀਂ ਆਪ ਕਰਦੇ ਹਾਂ ਖਾਮਖਾਹ ਤਣਾਅ ਚਿੰਤਾ ਸਹੇੜ ਕੇ ਇਹ ਤੁਸੀਂ ਸਭ ਜਾਣਦੇ ਹੋ ਮੈਂ ਕੋਈ ਨਵੀਆਂ ਗੱਲਾਂ ਨਹੀਂ ਕਰ ਰਿਹਾ। ਇਹੀ ਹਾਲ ਮਨੁੱਖੀ ਰਿਸ਼ਤਿਆਂ ਦਾ ਹੈ। ਜਦ ਅਹੰਕਾਰ, ਜਲਨ, ਤੇ ਸੁਣਨ ਦੀ ਘਾਟ ਨਾਲ ਰਿਸ਼ਤੇ ਟੁੱਟਦੇ ਹਨ, ਤਾਂ ਅਸੀਂ ਵਕੀਲਾਂ ਦੇ ਆਸਰੇ ਭਾਲਦੇ ਹਾਂ। ਕਦੇ ਸੋਚਿਆ ਕਿ ਜਿਹੜਾ ਸੰਬੰਧ ਦਿਲਾਂ ਵਿਚਕਾਰ ਸੀ, ਉਸਦਾ ਇਨਸਾਫ ਕਾਗਜ਼ਾਂ ਤੇ ਕਿਵੇਂ ਹੋ ਸਕਦਾ ਹੈ?



ਅਸਲ ਸਚਾਈ ਇਹ ਹੈ ਕਿ ਹਰੇਕ ਸਮੱਸਿਆ ਦੀ ਸ਼ੁਰੂਆਤ ਵੀ ਅਸੀਂ ਹਾਂ ਤੇ ਉਸਦਾ ਅੰਤ ਵੀ ਅਸੀਂ ਕਰ ਸਕਦੇ ਹਾਂ। ਜਿਸ ਪਲ ਅਸੀਂ ਆਪਣੇ ਆਪ ਨਾਲ ਸੱਚੀ ਗੱਲਬਾਤ ਕਰਨਾ ਸਿੱਖ ਲੈਂਦੇ ਹਾਂ, ਉਸ ਪਲ ਬਹੁਤੀਆਂ ਬਿਮਾਰੀਆਂ, ਲੜਾਈਆਂ ਅਤੇ ਦੁੱਖਾਂ ਦਾ ਇਲਾਜ ਆਪਣੇ ਆਪ ਮਿਲ ਜਾਂਦਾ ਹੈ। ਇਨਸਾਨ ਦਾ ਸਭ ਤੋਂ ਵੱਡਾ ਇਲਮ ਇਹ ਨਹੀਂ ਕਿ ਉਹ ਕਿਤਾਬਾਂ ਪੜ੍ਹ ਲਵੇ, ਸਗੋਂ ਇਹ ਹੈ ਕਿ ਉਹ ਆਪਣੇ ਅੰਦਰ ਝਾਕ ਕੇ ਵੀ ਵੇਖੇ - "ਮੈਂ ਕੀ ਕਰ ਰਿਹਾ ਹਾਂ, ਤੇ ਕਿਉਂ ਕਰ ਰਿਹਾ?" ਜਦ ਇਹ ਪ੍ਰਸ਼ਨ ਸੱਚੇ ਦਿਲ ਨਾਲ ਪੁੱਛਿਆ ਜਾਂਦਾ ਹੈ, ਜੀਵਨ ਦਾ ਹਰ ਉਲਝਿਆ ਰਿਸ਼ਤਾ ਆਪਣੇ ਆਪ ਹੀ ਸੁਲਝ ਜਾਂਦਾ ਹੈ। ਅਸੀਂ ਹੀ ਰੋਗ ਹਾਂ, ਅਸੀਂ ਹੀ ਦਵਾ। ਜਗਤ ਦੀ ਹਰ ਸਮੱਸਿਆ ਦਾ ਸੂਤਰ ਮਨੁੱਖ ਦੇ ਅੰਦਰ ਹੈ। ਜਦ ਅੰਦਰ ਠੀਕ ਹੋ ਜਾਵੇ, ਤਾਂ ਬਾਹਰ ਕੁਝ ਠੀਕ ਕਰਨ ਦੀ ਲੋੜ ਨਹੀਂ ਰਹਿੰਦੀ। ਇਹੀ ਵਧੀਆ ਸੋਚ ਹੁੰਦੀ ਹੈ

ਇਸ ਭਾਵਨਾ ਨੂੰ ਜਦੋਂ ਪੁਰਾਤਨ ਦਰਸ਼ਨੀ ਲਹਿਰ ਵਿੱਚ ਰੱਖਿਆ ਜਾਂਦਾ ਹੈ, ਤਦ ਉਸ ਵਿੱਚ ਆਤਮਿਕ ਗੂੰਜ ਪੈਦਾ ਹੁੰਦੀ ਹੈ। ਧਿਆਨਮਈ ਅੰਦਰੂਨੀ ਗੁਫ਼ਤਗੂ ਅਤੇ ਸਹਜ ਪੰਜਾਬੀ ਸ਼ਬਦਾਵਲੀ ਨਾਲ ਹੱਥ ਮਿਲਾ ਕੇ ਉਂਗਲੀ ਫੜ੍ਹ ਕੇ ਹੀ ਚੱਲਦੇ ਹਨ। ਇਹ ਸਾਰੇ ਆਪਣੇ ਹੀ ਬੰਨ੍ਹੇ ਹੋਏ ਬੰਧਨ ਹਨ - ਬੰਦਿਆ ਤੂੰ ਕਿਸ ਨਾਲ ਰੋਸ ਕਰਦਾ ਹੈਂ? ਤੂੰ ਆਪ ਹੀ ਵਣਜੀ ਹੈਂ, ਆਪ ਹੀ ਖਰੀਦਦਾਰ! ਆਪਣੇ ਹੀ ਕਰਮਾਂ ਦੀ ਧੂੜ ਚੋਲ੍ਹੇ ਨਾਲ ਮਲ ਲਈ ਹੈ, ਤੇ ਹੁਣ ਪਵਣ ਨੂੰ ਦੋਖੀ ਠਹਿਰਾਉਂਦਾ ਹੈਂ ਕਿ ਇਸ ਨੇ ਧੂੜ ਚਾੜ੍ਹ ਦਿੱਤੀ ਹੈ।

ਸਰੀਰ ਤੇ ਮਨ - ਇਹ ਤੇਰੇ ਹੀ ਖੇਤ ਹਨ। ਬੀਜ਼ ਤੂੰ ਹੀ ਪਾਉਂਦਾ ਹੈਂ, ਪਾਣੀ ਤੂੰ ਹੀ ਦੇਂਦਾ ਹੈਂ। ਫਿਰ ਫ਼ਲ ਤੇਰੇ ਅਪਣੇ ਹੱਥਾਂ ਦਾ ਕਿਉਂ ਨਹੀਂ? ਜਦ ਤੂੰ ਅਣਮਨ ਰਹਿੰਦਾ ਹੈਂ, ਲਾਲਚ ਦਾ ਹਲ ਚਲਾਂਦਾ ਹੈਂ, ਸੁੱਖਾਂ ਦੇ ਬੀਜ਼ ਸੁੱਕ ਜਾਂਦੇ ਹਨ। ਫਿਰ ਰੋਹ ਫਲ ਪੈਦਾ ਹੁੰਦੇ ਹਨ, ਤੇ ਤੂੰ ਜਾ ਕੇ ਕਿਸਮਤ ਨੂੰ ਦੋਸ਼ ਦਿੰਦਾ ਹੈਂ। ਜਿਵੇਂ ਕਬੀਰ ਜੀ ਕਹਿੰਦੇ ਹਨ -"ਬੋਇਆ ਪੇੜ ਬਬੂਲ ਕਾ, ਆਮ ਕਿਥੋਂ ਖਾਵੈ।" ਇਹ ਪੰਕਤੀ ਸਿਰਫ ਸ਼ਬਦ ਨਹੀਂ, ਆਤਮਾ ਦੀ ਆਵਾਜ਼ ਹੈ। ਜੋ ਤੂੰ ਰੋਜ਼ ਕਰਦਾ ਹੈਂ - ਜੋ ਖਾਂਦਾ ਹੈਂ, ਜੋ ਸੋਚਦਾ ਹੈਂ, ਜੋ ਬੋਲਦਾ ਹੈਂ - ਉਹੀ ਤੇਰੇ ਆਲੇ ਦੁਆਲੇ ਸੰਸਾਰ ਬਣ ਜਾਂਦਾ ਹੈ।

ਰੋਗ ਤੈਨੂੰ ਦੱਸਦਾ ਹੈ ਕਿ ਤੂੰ ਆਪ ਨਾਲ ਸਲਾਹ ਕਰ। ਝਗੜਾ ਤੈਨੂੰ ਸਿਖਾਂਦਾ ਹੈ ਕਿ ਸੁਣਨਾ ਕੀ ਹੁੰਦਾ ਹੈ। ਦੁੱਖ ਤੈਨੂੰ ਜਗਾਉਂਦਾ ਹੈ ਕਿ ਤੂੰ ਜ਼ਿੰਦਾ ਹੈਂ। ਪਰ ਤੂੰ ਉਨਾਂ ਅਧਿਆਪਕਾਂ ਨੂੰ ਦੁਸ਼ਮਣ ਸਮਝ ਕੇ ਭੱਜ ਜਾਂਦਾ ਹੈਂ - ਡਾਕਟਰ ਦੇ ਦਰ 'ਤੇ, ਵਕੀਲ ਦੇ ਦਰ 'ਤੇ, ਪਰ ਆਪਣੇ ਮਨ ਦੇ ਦਰ 'ਤੇ ਕਦੇ ਨਹੀਂ ਜਾਂਦਾ। ਜਾਣ ਲੈ, ਸੁੰਦਰ ਜੀਵਨ ਦੀਵੇ ਵਾਂਗ ਹੈ - ਉਹ ਘਰੋਂ ਹੀ ਜਲਦਾ ਹੈ। ਬਾਹਰੋਂ ਆਈ ਰੌਸ਼ਨੀ ਕਦੇ ਅੰਦਰ ਦੇ ਹਨੇਰੇ ਨੂੰ ਮਿਟਾ ਨਹੀਂ ਸਕਦੀ। ਸੂਰਜ ਰਿਸ਼ਮਾਂ ਵੀ ਨਹੀਂ ਅੰਦਰ ਚਾਨਣ ਨਹੀਂ ਕਰ ਸਕਦੀਆਂ ਕਦੇ।

ਓ ਮਨੁੱਖ! ਜਗਤ ਦੇ ਗੀਤ ਨਾ ਗਾ, ਆਪਣੀ ਆਤਮਾ ਦਾ ਰਾਗ ਛੇੜ। ਉਥੇ ਹਰ ਰੋਗ ਦਾ ਇਲਾਜ਼ ਹੈ, ਹਰ ਦੁੱਖ ਦੀ ਦਵਾਈ ਹੈ। ਤੂੰ ਰੋਗ ਵੀ ਹੈਂ, ਤੂੰ ਹੀ ਇਲਾਜ਼ ਆਰਾਮ ਲੱਭਣਾ ਹੈ; ਤੂੰ ਬੰਧਨ ਵੀ ਹੈਂ, ਤੂੰ ਹੀ ਮੁਕਤੀ। ਆਪ ਹੀ ਰੋਗ, ਆਪ ਹੀ ਰਾਮ

ਤੂੰ ਕਿਸੇ ਨੂੰ ਪੁੱਛੀਂ ਕਿ ਕਿਹਨੇ ਇਹ ਦੁੱਖਾਂ ਦਾ ਜਾਲ ਬੁਣਿਆ ਹੋਇਆ ਹੈ ? ਇਹ ਅਸੀਂ ਆਪ ਹੀ ਆਪਣੇ ਹੱਥੀਂ ਹੀ ਬੁਣਦੇ ਹਾਂ।

ਰੋਟੀ ਭੋਜਨ ਗਲਤ ਖਾਧਾ, ਨੀਂਦ ਗੁਆ ਲਈ, ਫਿਕਰ ਚਿੰਤਾ ਖੜੀ ਕਰ ਲਈ ਆਪਣੇ ਆਪ। ਫਿਰ ਡਾਕਟਰ ਕੋਲ ਦੌੜਦੇ ਹਾਂ ਕਿ ਮੇਰਾ ਦਰਦ ਹਟਾ ਦਿਓ

ਜਦ ਕਿ ਸੁੰਢ ਅਜਵੈਣ ਪਾਣੀ ਪੀ ਕੇ ਤੇ ਜ਼ਰਾ ਆਰਾਮ ਕਰਨ ਨਾਲ ਸਭ ਕੁਝ ਠੀਕ ਹੋ ਜਾਂਦਾ ਹੈ ਇਹ ਸਭ ਰਸੋਈ ਵਿੱਚ ਹੀ ਹੱਲ ਪਿਆ ਹੈ। ਮੈਂ ਆਪ ਕਈ ਵਾਰ ਇਸ ਤਰਾਂ ਘਰੇਲੂ ਇਲਾਜ਼ ਕਰਦਾ ਰਹਿੰਦਾ ਹਾਂ ਤੇ ਹੁਣ ਕਈ ਸਾਲਾਂ ਤੋਂ ਡਾਕਟਰ ਕੋਲ ਨਹੀਂ ਭੱਜਦਾ।

ਲੜਾਈ ਝਗੜੇ ਦਾ ਵੀ ਹੱਲ ਤੁਹਾਡੇ ਕੋਲ ਹੀ ਹੁੰਦਾ ਹੈ। ਸਿਆਣੇ ਬੈਠ ਕੇ ਤੁਹਾਡੀਆਂ ਗੱਲਾਂ ਸੁਣ ਕੇ ਫੈਸਲਾ ਕਰ ਦਿੰਦੇ ਹਨ ਤੇ ਵਕੀਲ ਵੀ ਇਹੀ ਕੁਝ ਹੀ ਕਰਦੇ ਨੇ ਜੋ ਤੁਸੀਂ ਆਪ ਕਰ ਸਕਦੇ ਹੋ।

ਮੈਂ ਤੁਹਾਨੂੰ ਗਿਆਨ ਤਾਂ ਨਹੀਂ ਵੰਡਣ ਜੋਗਾ ਪਰ ਤੁਸੀਂ ਜ਼ਰਾ ਆਪ ਸੋਚਿਓ ਠੰਡੇ ਦਿਮਾਗ ਨਾਲ ਪਾਣੀ ਪੀ ਕੇ ਬੈਠ ਕੇ ਆਪਣੇ ਮਨ ਨਾਲ ਗੱਲਾਂ ਕਰਿਓ।

ਸਭ ਹਲ ਤੁਹਾਡੇ ਕੋਲ ਹੀ ਇਧਰ ਉਧਰ ਪਏ ਹੁੰਦੇ ਹਨ ਜਿਵੇਂ ਚੀਜ਼ਾਂ ਕਾਗਜ਼ ਪੱਤਰ ਸੰਦ ਨਹੀਂ ਲੱਭਦੇ ਹੁੰਦੇ ਇਹ ਆਪ ਹੀ ਲੱਭਣੇ ਹੁੰਦੇ ਹਨ। ਇਹ ਸੱਭ ਤੁਹਾਨੂੰ ਪਤਾ ਹੈ ਮੈਂ ਕੋਈ ਨਵੀਂ ਗੱਲ ਨਹੀਂ ਕਰ ਰਿਹਾ ਹਜ਼ੂਰ।

ਅਸੀਂ ਸਿਰਫ ਅਦਾਲਤਾਂ ਚੋਂ ਕਾਗਜ਼ਾਂ ਦੇ ਫੈਸਲੇ ਲੈਣ ਜਾਂਦੇ ਹਾਂ ਜੱਜ ਸਾਨੂੰ ਹੀ ਸੁਣ ਕੇ ਦੋਨਾਂ ਧਿਰਾਂ ਨੂੰ ਫੈਸਲਾ ਦਿੰਦਾ ਹੈ, ਤੇ ਵਕੀਲ ਖੱਟਦੇ ਹਨ। ਸਭ ਕੁਝ ਤੂੰ ਆਪ ਹੀ ਹੈਂ - ਰਾਹ ਵੀ, ਰਾਹੀ ਵੀ, ਵਾਟ ਵੀ ਮੰਜ਼ਿਲ ਵੀ, ਤੂੰ ਆਪ ਹੀ ਕੁਦਰਤ ਕਾਇਨਾਤ ਤੇ ਤੂੰ ਹੀ ਕਰਤਾ ਸਿਰਜਣਹਾਰ ਹੈਂ।

ਖੁਸ਼ੀ ਗਮੀ ਵੀ ਅਸੀਂ ਆਪ ਹੀ ਪੈਦਾ ਕਰਦੇ ਹਾਂ। ਗ਼ਮਾਂ ਦੇ ਵਿੱਚੋਂ ਨਿਕਲ ਆਵੋਗੇ ਤਾਂ ਉਦਾਸੀਆਂ ਉਡ ਜਾਣਗੀਆਂ। ਖੁਸ਼ੀਆਂ ਦੀਆਂ ਚਾਦਰਾਂ ਫੁੱਲਕਾਰੀਆਂ ਵਿਛਾ ਦਿਓਗੇ ਤਾਂ ਚਾਰੇ ਪਾਸੇ ਅਨੰਦ ਛਾ ਜਾਵੇਗਾ।

ਸੰਪਰਕ+61 412913021
ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ

## ਮਿੰਨੀ ਕਹਾਣੀ / ਪਰ

ਸੋਲਾਂ ਸਾਲ ਪਹਿਲਾਂ ਗਿਆਨ ਚੰਦ ਸਾਡੇ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ ਬਤੌਰ ਮੁੱਖ ਅਧਿਆਪਕ ਪਰਮੋਟ ਹੋ ਕੇ ਆਇਆ ਸੀ। ਮੈਂ ਉਸ ਤੋਂ ਦੋ ਸਾਲ ਪਹਿਲਾਂ ਇਸੇ ਸਕੂਲ ਵਿੱਚ ਬਤੌਰ ਸ. ਸ. ਮਾਸਟਰ ਆਇਆ ਸੀ। ਆਪਣੇ ਪਿੰਡ ਦਾ ਸਕੂਲ ਹੋਣ ਕਰਕੇ ਮੈਂ ਉਸ ਨੂੰ ਹਰੇਕ ਕੰਮ ਵਿੱਚ ਸਹਿਯੋਗ ਦਿੰਦਾ ਆ ਰਿਹਾ ਸੀ। ਮੇਰੇ ਸਹਿਯੋਗ ਦੇਣ ਨਾਲ ਉਸ ਨੂੰ ਬਾਕੀ ਅਧਿਆਪਕਾਂ ਦੀ ਬਹੁਤੀ ਲੋੜ ਨਹੀਂ ਪਈ ਸੀ। ਸੋਲਾਂ ਸਾਲ ਮੁੱਖ ਅਧਿਆਪਕ ਦੀ ਕੁਰਸੀ ਤੇ ਬੈਠਾ ਉਹ ਅੱਕ ਜਿਹਾ ਗਿਆ ਸੀ। ਉਸ ਨੂੰ ਮੁੱਖ ਅਧਿਆਪਕ ਦਾ ਅਹੁਦਾ ਛੋਟਾ, ਛੋਟਾ ਲੱਗਣ ਲੱਗ ਪਿਆ ਸੀ। ਉਹ ਪ੍ਰਿੰਸੀਪਲ ਦੀ ਪਰਮੋਸ਼ਨ ਲਈ ਏਨਾ ਕਾਹਲਾ ਸੀ ਜਿਵੇਂ ਪ੍ਰਿੰਸੀਪਲ ਬਣ ਕੇ ਉਸ ਨੇ ਗਿਆਨ ਚੰਦ ਤੋਂ ਹੋਰ ਕੁਝ ਬਣ ਜਾਣਾ ਸੀ। ਉਹ ਕਈ ਵਾਰ ਮੇਰੇ ਨਾਲ ਆਪਣੇ ਦਿਲ ਦੀ ਭੜਾਸ ਕੱਢ ਲੈਂਦਾ, "ਇਹ ਨਕੰਮੀ ਸਰਕਾਰ ਜਦੋਂ ਦੀ ਆਈ ਆ, ਸਿੱਖਿਆ ਵਿਭਾਗ 'ਚ ਕਿਸੇ ਦੀ ਪਰਮੋਸ਼ਨ ਨ੍ਹੀ ਕੀਤੀ। ਸੋਲਾਂ ਸਾਲ ਤੋਂ ਇੱਕੋ ਕੁਰਸੀ ਤੇ ਬੈਠਾ ਥੱਕ ਗਿਆਂ ਆਂ। ਹਾਲੇ ਹੋਰ ਪਤਾ ਨ੍ਹੀ ਕਿੰਨਾ ਚਿਰ ਇਸ ਕੁਰਸੀ ਤੇ ਬੈਠਣਾ ਪਊ।"

ਇਹ ਗੱਲਾਂ ਕਰਦਿਆਂ ਉਸ ਨੂੰ ਇਹ ਚੇਤਾ ਹੀ ਨਾ ਰਹਿੰਦਾ ਕਿ ਮੈਂ ਵੀ ਮਾਸਟਰ ਕਾਡਰ ਵਿੱਚ ਪਿਛਲੇ ਬੱਤੀ ਸਾਲ ਤੋਂ ਕੰਮ ਕਰ ਰਿਹਾ ਹਾਂ ਤੇ ਮੈਨੂੰ ਵੀ ਪਰਮੋਸ਼ਨ ਦੀ ਲੋੜ ਹੈ। ਆਪਣਾ ਦਰਦ ਛੁਪਾ ਕੇ ਫਿਰ ਵੀ ਮੈਂ ਉਸ ਨੂੰ ਹੌਸਲਾ ਦਿੰਦਾ ਹੋਇਆ ਕਹਿੰਦਾ, "ਸਰ ਜੀ, ਸਾਡੇ ਸਕੂਲ ਦੇ ਨਤੀਜੇ ਹਰ ਸਾਲ ਵਧੀਆ ਹੁੰਦੇ ਆ। ਨਾਲੇ ਤੁਹਾਡਾ ਆਪਣਾ ਨਤੀਜਾ ਵੀ ਹਰ ਸਾਲ ਵਧੀਆ ਹੁੰਦਾ ਆ। ਇਸ ਲਈ ਤੁਹਾਡੀ ਪਰਮੋਸ਼ਨ ਜ਼ਰੂਰ ਹੋਊ।"

ਫਿਰ ਅਚਾਨਕ ਇਕ ਦਿਨ ਗਿਆਨ ਚੰਦ ਦੇ ਸਰਕਾਰੀ ਸੈਕੰਡਰੀ ਸਕੂਲ ਬੰਗਾ ਵਿੱਚ ਬਤੌਰ ਪ੍ਰਿੰਸੀਪਲ ਦੇ ਪਰਮੋਸ਼ਨ ਆਰਡਰ ਆ ਗਏ। ਉਸ ਨੂੰ ਜਿਵੇਂ ਪਰ ਲੱਗ ਗਏ ਹੋਣ। ਉਹ ਹਵਾ ਵਿੱਚ ਉੱਡਣ ਲੱਗ ਪਿਆ। ਉਸ ਦਾ ਜਿਵੇਂ ਮੇਰੇ ਨਾਲ ਕੋਈ ਸਬੰਧ ਹੀ ਨਾ ਰਿਹਾ ਹੋਵੇ। ਉਸ ਦਾ ਮੇਰੇ ਨਾਲ ਗੱਲ ਕਰਨ ਦਾ ਅੰਦਾਜ਼ ਹੀ ਬਦਲ ਗਿਆ। ਫਿਰ ਅਚਾਨਕ ਇਕ ਦਿਨ ਉਸ ਦਾ ਫੋਨ ਆ ਗਿਆ, "ਕੀ ਗੱਲ, ਭੁੱਲ ਗਿਆਂ, ਕਦੇ ਯਾਦ ਨ੍ਹੀ ਕੀਤਾ।"

"ਨਹੀਂ ਸਰ ਜੀ, ਮੈਂ ਤੁਹਾਨੂੰ ਭੁੱਲਿਆ ਨ੍ਹੀ। ਮੈਂ ਪਰਾਂ ਤੋਂ ਬਗੈਰ ਆਂ, ਤੁਹਾਡੇ ਪਰ ਲੱਗੇ ਹੋਏ ਆ। ਤੁਸੀਂ ਹਵਾ 'ਚ ਉੱਡ ਰਹੇ ਹੋ। ਮੈਂ ਤੁਹਾਡੇ ਨਾਲ ਹਵਾ 'ਚ ਕਿਵੇਂ ਉੱਡ ਸਕਦਾਂ? ਜੇ ਉੱਡਿਆ ਤਾਂ ਲੱਤਾਂ ਤੜਵਾ ਲਵਾਂਗਾ।" ਮੈਂ ਉਸ ਨੂੰ ਇਹ ਗੱਲਾਂ ਇੱਕੋ ਸਾਹੇ ਕਹਿ ਦਿੱਤੀਆਂ ਤੇ ਇਹ ਵੀ ਨਾ ਸੋਚਿਆ ਕਿ ਇਨ੍ਹਾਂ ਗੱਲਾਂ ਦਾ ਉਸ ਤੇ ਕੀ ਅਸਰ ਪਵੇਗਾ ਪਰ ਰੱਬ ਦਾ ਸ਼ੁਕਰ, ਮੇਰੀਆਂ ਇਹ ਗੱਲਾਂ ਸੁਣ ਕੇ ਉਹ ਕੁਝ ਨਾ ਬੋਲਿਆ ਤੇ ਫੋਨ ਕੱਟ ਦਿੱਤਾ।

ਮਹਿੰਦਰ ਸਿੰਘ ਮਾਨ, ਫੋਨ 9915803554

# • ਪੰਜਾਬੀ ਫ਼ਿਲਮ ਦਰਪਣ •

## ਕੇਰਾਂ ਪਟਾਕੇ ਪਾ ਦਿੱਤੇ ਨਾਰੀ ਗਾਇਕੀ ਤੇ ਫ਼ਿਲਮਾਂ ਵਿੱਚ ਸੁਨੰਦਾ ਨੇ ਬੰਨੀ ਸ਼ਰਮਾ



ਬੰਨੀ ਸ਼ਰਮਾ ਦੇਖਣ ਨੂੰ ਰਜੇਸ਼ ਖੰਨਾ ਲੱਗਦੇ ਨੇ ਤੇ ਪਹਿਲੀ ਨਜ਼ਰ ਤੱਕ ਲੈਣ ਵਾਲਾ ਸੋਚਦਾ ਫ਼ਿਲਮ ਹੀਰੋ ਹੋਣਗੇ ਬੰਨੀ ਸ਼ਰਮਾ ਤੇ ਬੰਨੀ ਸ਼ਰਮਾ ਹੀਰੋ ਤੇ ਹਨ ਪਰ ਪਰਦੇ ਪਿੱਛੇ ਪੰਜਾਬੀ ਮਿਊਜਕ ਇੰਡਸਟਰੀ ਦੇ ਤੇ ਕਨੇਡਾ ਤੋਂ ਪੰਜਾਬ ਪਰਤੇ ਹਨ।ਬੰਨੀ ਸ਼ਰਮਾ ਦੀ ਮੁਲਕਾਤ ਸੁਨੰਦਾ ਸ਼ਰਮਾ ਨਾਲ ਹੁੰਦੀ ਹੈ। ਰੇਸ਼ਮ ਵਰਗੀ ਸੁਨੰਦਾ ਸ਼ਰਮਾ ਕੋਲ ਹੁਸਨ ਤੇ ਰੂਪ ਰੱਜਵਾਂ ਹੈ। ਆਵਾਜ਼ ਓਸ ਦੀ ਮਿੱਠੀ ਹੈ ਤੇ ਗਾਣੇ ਹਿੱਟ ਸੁੱਪਰ ਹਿੱਟ ਹਨ। ਬੰਨੀ ਸ਼ਰਮਾ ਹੈਰੀਟੇਜ ਹਵੇਲੀ ਮਿਲ ਸੁਨੰਦਾ ਨੂੰ ਆਖਦੇ ਨੇ ਕਿ ਸੁਨੰਦਾ ਕੋਲ ਆਵਾਜ਼ ਤੇ ਅੰਦਾਜ਼ ਮਾਡਰਨ ਹੈ ਤੇ ਕਲਾਸਿਕ ਰੋਲ ਫ਼ਿਲਮਾਂ ਵਿੱਚ ਓਸ ਨੂੰ ਜਚਦੇ ਹਨ। ਬੰਨੀ ਸ਼ਰਮਾ ਬਹੁਤ ਵੱਡੇ ਮਿਊਜ਼ਿਕ ਪ੍ਰਮੋਟਰ ਹਨ ਤੇ ਇਸ ਦਾ ਫਾਇਦਾ ਸੁਨੰਦਾ ਨੂੰ ਹੋ ਸਕਦਾ ਹੈ। ਸੁਨੰਦਾ ਦੇ "ਪਟਾਕੇ" ਬੁੱਲੇਟ ਗੀਤ ਨਾਲ ਰਿਕਾਰਡ ਬਣਾਏ ਤੇ ਬੰਨੀ ਸ਼ਰਮਾ ਦੇ ਦੂਰਦਰਸ਼ਨ ਸ਼ੋ ਨੇ ਰਿਕਾਰਡ ਬਣਾਏ। ਸੁਨੰਦਾ ਸ਼ਰਮਾ ਲਾਲੀ ਵੁਡ ਜਾ ਕਿ ਆਈ ਸੀ ਤੇ ਬੰਨੀ ਸ਼ਰਮਾ ਨੂੰ ਓਸ ਦੱਸਿਆ ਕਿ ਓਹ ਨਸੀਬੋ ਦੀ ਵੱਡੀ ਫੈਨ ਹੈ ਤੇ ਨਸੀਬੋ ਨੂੰ ਮਿਲ ਓਸ ਨੂੰ ਬਹੁਤ ਕੁੱਝ ਜ਼ਿੰਦਗੀ ਵਿੱਚ ਕਰਨ ਤੇ ਸਿੱਖਣ ਦਾ ਮੌਕਾ ਮਿਲਿਆ। ਬੰਨੀ ਸ਼ਰਮਾ ਨੇ ਕਿਹਾ ਕਿ ਸੁਨੰਦਾ ਸ਼ਰਮਾ ਅੱਜ ਦੇ ਸਿਨੇਮਾ ਦੀ ਸ਼ਾਨ ਹੈ ਤੇ ਇਸ ਕੁੜੀ ਕੋਲ ਬਹੁਤ ਟੈਲੇਂਟ ਹੈ ਤੇ ਸੁਨੰਦਾ ਸ਼ਰਮਾ ਗਾਇਕੀ ਵਿੱਚ ਜਿੱਥੇ ਬਾਲੀਵੁੱਡ ਤੱਕ ਰਾਜ ਕਰੇਗੀ ਉਥੇ ਹੀਰੋਇਨ ਬਣ ਵੀ ਬਹੁਤ ਨਾਮ ਬਣਾਏਗੀ। ਬੰਨੀ ਸ਼ਰਮਾ ਤੇ ਸੁਨੰਦਾ ਸ਼ਰਮਾ ਦੀ ਅਚਾਨਕ ਮੁਲਾਕਾਤ ਇੱਕ ਦਿਨ ਰੰਗ ਲਿਆਏਗੀ।

## ਸ਼ੋਰਟ ਫ਼ਿਲਮਾਂ ਵੱਡੇ ਡਾਇਰੈਕਟਰ ਬਣ ਰਹੇ ਨੇ ਹਰਮਿੰਦਰ ਬਿਲਖੂ ਬਾਲਕ੍ਰਿਸ਼ਨ ਕੋਚਰ



ਬਾਲਕ੍ਰਿਸ਼ਨ ਕੋਚਰ ਲੋਕ ਪ੍ਰਿਅ ਐਕਟਰ ਨੇ ਤੇ ਓਹ ਦਿਲੋਂ ਚਾਹੁੰਦੇ ਨੇ ਕਿ ਡਾਇਰੈਕਟਰ ਹਰਮਿੰਦਰ ਸਿੰਘ ਬਿਲਖੂ ਇਸ ਸਾਲ ਪੰਜਾਬੀ ਵੈੱਬ ਫ਼ਿਲਮਾਂ ਦੇ ਸਟਾਰ ਡਾਇਰੈਕਟਰ ਬਣਨ।ਹਰਮਿੰਦਰ ਸਿੰਘ ਬਿਲਖੂ ਨੇ ਪਿਛਲੇ ਚਾਰ ਪੰਜ ਮਹੀਨਿਆਂ ਦੌਰਾਨ ਨਿੱਕੀਆਂ ਪਰ ਵੱਡੇ ਵੱਡੇ ਸੁਨੇਹੇ ਦੇਣ ਵਾਲੀਆਂ ਮਨੋਰੰਜਕ ਫ਼ਿਲਮਾਂ ਕੀਤੀਆਂ ਹਨ। ਹਰਮਿੰਦਰ ਸਿੰਘ ਬਿਲਖੂ ਸਬਜੈਕਟ ਨਾਲ ਇਨਸਾਫ਼ ਕਰਨ ਵਾਲੇ ਨਿਰਦੇਸ਼ਕ ਹਨ। ਰੱਖੜੀ ਤੇ ਕੋਈ ਲਹਿਰ ਹੋਏ ਜਾਂ ਨਾਰੀ ਸੰਸਾਰ ਨਾਲ ਜੁੜੇ ਵਿਸ਼ੇ ਓਹ ਸੀਆਂਦੜ ਨਿਰਦੇਸ਼ਕ ਬਣ ਕਮਾਲ ਦੀ ਫ਼ਿਲਮ ਕਰਦੇ ਹਨ। ਬਾਲਕ੍ਰਿਸ਼ਨ ਕੋਚਰ ਹੋ ਸਕਦਾ ਹੈ ਇਸ ਸਾਲ ਵਿਸਾਖੀ ਤੱਕ ਹਰਮਿੰਦਰ ਸਿੰਘ ਬਿਲਖੂ ਨੂੰ ਡਾਇਰੈਕਟਰ ਲੈਣ ਦੇ ਬਾਅਦ ਕੋਈ ਸ਼ਾਨਦਾਰ ਵੈੱਬ ਸੀਰੀਜ਼ ਜਾਂ ਫ਼ਿਲਮ ਕਰਨ। ਕਲਾਕਾਰ ਹਰਮਿੰਦਰ ਸਿੰਘ ਬਿਲਖੂ ਖੁਦ ਵੀ ਅੱਛੇ ਨੇ ਤੇ ਵੱਡੇ ਪਰਦੇ ਦੀਆਂ ਬਹੁਤ ਫ਼ਿਲਮਾਂ ਓਹਨਾਂ ਐਕਟਰ ਤੇ ਸਹਾਇਕ ਨਿਰਦੇਸ਼ਕ ਬਣ ਕੀਤੀਆਂ ਹਨ।ਉਮੀਦ ਹੈ ਕਿ "ਦਿੱਲੀ ਤੋਂ ਲਾਹੌਰ" ਜਿਹੀਆਂ ਫ਼ਿਲਮਾਂ ਨਾਲ ਜੁੜੇ ਰਹੇ ਹਰਮਿੰਦਰ ਸਿੰਘ ਬਿਲਖੂ ਜਲਦੀ ਹੀ ਕਾਮਯਾਬ ਵੈੱਬ ਫ਼ਿਲਮਾਂ ਦੇ ਨਿਰਦੇਸ਼ਕ ਬਣ ਉਭਰਨਗੇ।

## ਡਾਲਰਾਂ ਵਾਂਗ ਨਾਮ ਚਲਦਾ ਹੈ ਬਲਕਾਰ ਅਣਖੀਲਾ ਦਾ ਤੇ ਪੌਂਡ ਹੈ ਮਨਜਿੰਦਰ ਗੁਲਸ਼ਨ



ਦੋ ਮਸੂਮ ਚਿਹਰੇ ਲੱਗਦੇ ਨੇ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਤੇ ਓਹਨਾਂ ਦੀ ਮਸੂਮੀਅਤ ਹੀ ਓਹਨਾਂ ਦੀ ਕਾਮਯਾਬੀ ਦਾ ਵੱਡਾ ਫੈਕਟਰ ਹੈ। ਜ਼ਿੰਦ ਮਲੂਕ ਜਿਹੀ ਲੱਗਦੀ ਮਨਜਿੰਦਰ ਗੁਲਸ਼ਨ ਦੇ ਮਾਇਕ ਫੜਨ ਦੀ ਦੇਰ ਹੁੰਦੀ ਹੈ ਕਿ ਤਾੜੀਆਂ ਇੰਜ ਪੈਂਦੀਆਂ ਨੇ ਜਿਵੇਂ ਡੀ ਜੇ ਤੇ ਗਾਣਾ ਲੱਗਿਆ ਹੋਏ ਤੇ ਖੁਸ਼ੀਆਂ ਦੇ ਮਾਹੌਲ ਵਿੱਚ ਨੋਟ ਵਰਦੇ ਹਨ। ਚਾਹੇ ਮਨਜਿੰਦਰ ਗੁਲਸ਼ਨ "ਪੱਲੇਦਾਰਾਂ" ਦੋਗਾਣਾ ਬੋਲ ਰਹੀ ਹੋਏ ਅਣਖੀਲਾ ਬਲਕਾਰ ਨਾਲ ਤੇ ਚਾਹੇ ਮਾਤਾ ਦੀ ਭੇਂਟ ਕਾਲਜੇ ਰੂਹ ਅਫ਼ਜ਼ੇ ਵਾਲੀ ਮਹਿਕ ਬਿਖੇਰ ਦਿੰਦੀ ਹੈ। ਗੱਲ ਕੀ ਬਲਕਾਰ ਅਣਖੀਲਾ ਦੀ ਸਟੇਜ ਦਾ ਰਾਣੀਹਾਰ ਹੈ ਮਨਜਿੰਦਰ ਗੁਲਸ਼ਨ। ਕਿਸੇ ਸਲਤਨਤ ਦੀ ਮਹਾਰਾਣੀ ਲੱਗਦੀ ਮਨਜਿੰਦਰ ਗੁਲਸ਼ਨ ਦਾ ਜਿਹੜਾ ਦੋਗਾਣਾ ਬਲਕਾਰ ਅਣਖੀਲਾ ਨਾਲ ਆਉਂਦਾ ਹੈ ਓਹੀ ਡਾਲਰਾਂ ਵਾਂਗ ਚਲਦਾ ਹੈ। ਜਿਵੇਂ ਡਾਲਰ ਮਹਿੰਗਾ ਹੁੰਦਾ ਜਾ ਰਿਹਾ ਓਸ ਤਰਾਂ ਹੀ ਗਾਇਕੀ ਦੀ ਅਨਮੋਲ ਰਾਣੀ ਬਣਦੀ ਜਾ ਰਹੀ ਮਨਜਿੰਦਰ ਗੁਲਸ਼ਨ।ਕਲੇਸ਼ ਝਗੜੇ ਤੋਂ ਦੂਰ ਬਲਕਾਰ ਤੇ ਮਨਜਿੰਦਰ ਦੀ ਗਾਇਕੀ ਜੋੜੀ ਦੇਖਣ ਨੂੰ ਅਸੀਂ ਦੋ ਜ਼ਿੰਦ ਸਾਡੀ ਇੱਕ ਮਾਹੀਆ ਵਾਲੀ ਗੱਲ ਹੈ। ਤਿੰਨ ਘੰਟੇ ਲਗਾਤਾਰ ਸਟੇਜ ਤੇ ਸਟੇਜ ਹੁੰਦੀ ਆ ਤੇ ਏਹ ਜੋੜੀ ਅਣਖੀਲਾ ਤੇ ਗੁਲਸ਼ਨ ਬਸ ਚਲ ਸੋ ਚਲ ਤੇ ਗੀਤਾਂ ਤੇ ਦੋਗਾਣਿਆਂ ਦੀ ਵਰਖਾ ਨਾਲ ਦੋਵੇਂ ਮੁੱਲ ਤਿਗਣਾ ਕਰ ਦਿੰਦੇ ਨੇ ਸਰੋਤਿਆਂ ਤੇ ਦਰਸ਼ਕਾਂ ਦਾ ਤੇ ਪੌਂਡ ਜਿਹੀ ਕੀਮਤੀ ਮਨਜਿੰਦਰ ਸੱਚ ਅਣਖੀਲਾ ਗੁਲਸ਼ਨ ਜੋੜੀ ਦਾ ਅਨਮੋਲ ਗਹਿਣਾ ਹੈ।

## ਨਵਾਂ ਪੰਜਾਬੀ ਚੈਨਲ ਨਿਮਰਤ ਕੌਰ ਦਾ ਬੋਲੀ ਦਾ ਪਸਾਰ ਦੀਪਕ ਬਾਲੀ

ਦੀਪਕ ਬਾਲੀ ਤੇ ਪੰਜਾਬ, ਪੰਜਾਬੀ ਤੇ




ਪੰਜਾਬੀਅਤ ਨੂੰ ਸ਼ੁਰੂ ਤੋਂ ਹੀ ਸਮਰਪਣ ਭਾਵਨਾ ਨਾਲ ਲੈਂਦੇ ਆ ਰਹੇ ਹਨ। ਨਿਮਰਤ ਕੌਰ ਨੂੰ "ਸਪੋਕਸਮੈਨ ਟੀਵੀ" ਦੇ ਸ਼ੁਰੂ ਹੋਣ ਤੇ ਓਹਨਾਂ ਵਧਾਈ ਦਿੱਤੀ। ਪੰਜਾਬੀ ਜਾਗ੍ਰਿਤੀ ਮੰਚ ਨਾਲ ਪੰਜਾਬੀ ਬੋਲੀ ਲਈ ਇੱਕ ਲਹਿਰ ਦੀਪਕ ਬਾਲੀ ਨੇ ਚਲਾਈ ਤੇ ਓਹਨਾਂ ਕਿਹਾ ਕਿ ਨਿਮਰਤ ਜੀ ਇਹ ਚੈਨਲ ਪੰਜਾਬੀ ਬੋਲੀ ਦੀ ਤਰੱਕੀ ਦਾ ਰਾਹ ਹੈ ਤੇ ਖੁਸ਼ੀ ਹੈ ਕਿ ਪੰਜਾਬੀ ਵਿੱਚ ਕਾਫੀ ਟੀਵੀ ਚੈਨਲ ਆ ਰਹੇ ਹਨ। ਦੀਪਕ ਬਾਲੀ ਕੋਲ ਪੰਜਾਬ ਸਰਕਾਰ ਦਾ ਸੱਭਿਆਚਾਰ ਵਿਭਾਗ ਸਲਾਹਕਾਰ ਵੱਜੋਂ ਹੈ। ਦੀਪਕ ਬਾਲੀ ਨੇ ਕਿਹਾ ਕਿ ਪੰਜਾਬੀ ਗਾਇਕੀ ਨਾਲ ਓਹਨਾਂ ਦਾ ਸੰਬੰਧ ਪੁਰਾਣਾ ਤੇ ਪੰਜਾਬੀ ਸੰਗੀਤ ਨਾਲ ਓਹਨਾਂ ਦੀ ਆਤਮਾ ਜੁੜੀ ਹੈ। ਓਹ ਨਿਮਰਤ ਨੂੰ ਕਹਿੰਦੇ ਨੇ ਕਿ ਨਿਮਰਤ ਜੀ ਪੰਜਾਬੀ ਨਿਊਜ਼ ਨਿਰਪੱਖ ਹੋਣ ਤੇ ਪੰਜਾਬੀ ਸੰਗੀਤ ਤੇ ਫ਼ਿਲਮਾਂ ਨੂੰ ਓਹਨਾਂ ਦਾ ਨਵਾਂ ਪੰਜਾਬੀ ਸੈਟੇਲਾਈਟ ਚੈਨਲ ਜਿਹੜਾ ਡੀ ਟੀ ਐੱਚ ਤੇ ਏਅਰਟੈਲ ਉੱਪਰ ਹੈ ਵਧੀਆ ਥਾਂ ਦੇਵੇ। ਦੀਪਕ ਬਾਲੀ ਖੁਦ ਪਲਾਜ਼ਮਾ ਰਿਕਾਰਡਜ਼ ਦੇ ਸੀਈਓ ਰਹੇ ਹਨ ਤੇ ਪੰਜਾਬ ਸਰਕਾਰ ਵਿੱਚ ਪੰਜਾਬੀ ਬੋਲੀ ਤੇ ਸੱਭਿਆਚਾਰ ਸਰਗਰਮੀਆਂ ਲਈ ਸਮੇਂ ਸਮੇਂ ਓਹਨਾਂ ਨੂੰ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ।

## "ਬੇਬੇ ਮੈਂ ਬਦਮਾਸ਼ ਬਣੂੰਗਾ" ਦੇ ਹਿੱਟ ਹੋਣ ਦੀ ਸਭ ਨੂੰ ਉਡੀਕ ਰੁਪਾਲੀ ਗੁਪਤਾ



ਰੁਪਾਲੀ ਗੁਪਤਾ ਲੱਗਦੀ ਹੀਰੋਇਨ ਹੈ ਤੇ ਜਿਸ ਕੋਲ ਰੂਪ ਹੈ ਹੁਨਰ ਹੈ ਰੱਬ ਓਸ ਨਾਲ ਵੀ ਹੁੰਦਾ ਹੈ। ਰੁਪਾਲੀ ਨੇ ਫ਼ਿਲਮ ਜਗਜੀਤ ਸੰਧੂ ਨਾਲ ਮਿਲ "ਬੇਬੇ ਮੈਂ ਬਦਮਾਸ਼ ਬਣੂੰਗਾ" ਬਣਾਈ ਹੈ ਤੇ ਇਸ ਦਾ ਕਾਫ਼ੀ ਪ੍ਰਚਾਰ ਹੈ। 6 ਫਰਵਰੀ ਨੂੰ ਆ ਰਹੀ ਇਸ ਫ਼ਿਲਮ ਤੇ ਪਾਲੀਵੁੱਡ ਦੀ ਨਜ਼ਰ ਹੈ ਜਿਹੜੀ ਠੰਡੀ ਜਾ ਰਹੀ ਹੈ। ਜਗਜੀਤ ਸੰਧੂ ਦਾ ਨਾਮ ਹੈ ਤੇ ਖਾਸ ਗੱਲ ਕਿ ਫ਼ਿਲਮ ਸੁਖਮਿੰਦਰ ਧੰਜਲ ਨੇ ਡਾਇਰੈਕਟ ਕੀਤੀ ਹੈ ਜਿਹੜੇ ਜਦ ਪੰਜਾਬੀ ਫ਼ਿਲਮਾਂ ਨੂੰ ਹਿੱਟ ਦੀ ਲੋੜ ਸੀ "ਬਲੈਕੀਆ" ਲਿਆਏ ਸਨ। ਰੁਪਾਲੀ ਗੁਪਤਾ ਨੂੰ ਓਹੀ ਇਤਿਹਾਸ ਦੋਹਰਾਏ ਜਾਣ ਦੀ ਆਸ ਹੈ ਤੇ ਰੂਪ ਆਲੀ ਰੁਪਾਲੀ ਗੁਪਤਾ ਨੇ ਨਿਰਦੇਸ਼ਨ ਲਈ ਪੂਰੀ ਅਜ਼ਾਦੀ ਸੁਖਮਿੰਦਰ ਧੰਜਲ ਨੂੰ ਦਿੱਤੀ। ਰੁਪਾਲੀ ਅਨੁਸਾਰ ਫ਼ਿਲਮ ਦਾ ਗੀਤ "ਪਰਚਾ" ਹਿਟ ਹੈ ਤੇ ਸੰਗੀਤ ਅਤੇ ਐਕਸ਼ਨ ਇਸ ਫ਼ਿਲਮ ਦੇ ਖਾਸ ਫੈਕਟਰ ਹਨ। ਓਹਨਾਂ ਕਿਹਾ ਕਿ ਅਸ਼ੀਸ਼ ਦੁੱਗਲ ਤੇ ਅਵੀਰਾ ਸਿੰਘ ਨੇ ਖੂਬ ਮਿਹਨਤ ਕੀਤੀ ਹੈ ਤੇ ਇੱਕ ਕਿੱਤੇਵਾਰ ਟੀਮ ਨਾਲ ਓਹਨਾਂ ਫਿਲਮ ਕੀਤੀ ਹੈ ਤੇ "ਬੇਬੇ ਮੈਂ ਬਦਮਾਸ਼ ਬਣੂੰਗਾ" ਹਿੱਟ ਹੋਣ ਦੇ ਪੂਰੇ ਚਾਂਸ ਹਨ।

## ਇੱਕ ਵੱਖਰਾ ਗੁਰਪ੍ਰੀਤ ਘੁੱਗੀ ਦਿਖਾਈ ਦੇਵੇਗਾ ਤੇ ਫ਼ਿਲਮ ਹੋਊ ਚਾਲੀ ਦਿਨ




ਗੁਰਪ੍ਰੀਤ ਘੁੱਗੀ ਅੱਜ ਸਟਾਰ ਤੇ ਗ੍ਰੇਟ ਕਮੇਡੀਅਨ ਹਨ ਪਰ ਹਰੇਕ ਤਰਾਂ ਦੇ ਭਾਵੁਕ ਤੇ ਕੁਰਣਾਮਈ ਕਿਰਦਾਰ ਵੀ ਇਹ ਪ੍ਰਤਿਭਾਵਾਨ ਅਦਾਕਾਰ ਕਰਦੇ ਹਨ ਤੇ ਜਿਹੜੇ ਵਕਤ ਵਕਤ ਰੇਵ ਯਾਦਗਾਰ ਬਣਦੇ ਹਨ। ਦੂਰਦਰਸ਼ਨ ਜਲੰਧਰ ਦਾ ਓਹ ਪਹਿਲਾ ਨਾਟਕ ਹੋਏ ਜਾਂ "ਅਰਦਾਸ" ਫ਼ਿਲਮ ਓਹ ਸਾਰੀ ਹਮਦਰਦੀ ਲੈਣ ਲਈ ਸਫਲ ਰਹੇ। ਹੁਣ ਇੱਕ ਵਾਰ ਫਿਰ ਇੱਕ ਅਲੱਗ ਭੂਮਿਕਾ ਓਹਨਾਂ ਨੂੰ ਫ਼ਿਲਮ "ਚਾਲੀ ਦਿਨ" ਵਿੱਚ ਮਿਲੀ ਹੈ। ਫ਼ਿਲਮ ਦੇ ਆਏ ਪੋਸਟਰ ਤੋਂ ਹੀ ਗੁਰਪ੍ਰੀਤ ਘੁੱਗੀ ਦੇ ਨਿਵੇਕਲੇ ਕਿਰਦਾਰ ਦੀ ਝਲਕ ਮਿਲਦੀ ਹੈ। ਜਵਾਨ ਤੇ ਕਲਾਤਮਕ ਨਿਰਦੇਸ਼ਕ ਤਰਨਵੀਰ ਸਿੰਘ ਜਗਪਾਲ "ਚਾਲੀ ਦਿਨ" ਵਿੱਚ ਗੁਰਪ੍ਰੀਤ ਘੁੱਗੀ ਦੇ ਨਾਲ ਸ਼ਾਇਰ ਗੁਲੂਕਾਰ ਦੇਬੀ ਮਖ਼ਸੂਸ ਪੁਰੀ, ਸੁਰਮੀਤ ਮਾਵੀ ਨਾਲ ਲਿਆ ਰਹੇ ਹਨ। ਗੁਰਪ੍ਰੀਤ ਐਸ ਧੁੱਗਾ ਦੀ ਇਸ ਨਵੀਂ ਫ਼ਿਲਮ ਨੂੰ ਲੋਨ ਟਰੀ ਇੰਟਰਪ੍ਰੀਜ਼ਜ਼ ਬਣਾ ਰਹੀ ਹੈ। ਗੁਰਪ੍ਰੀਤ ਘੁੱਗੀ ਦੀ ਇਹ "ਚਾਲੀ ਦਿਨ" ਫ਼ਿਲਮ ਦਾ ਪਾਲੀਵੁੱਡ ਤੇ ਦਰਸ਼ਕਾਂ ਨੂੰ ਬੇਸਬਰੀ ਨਾਲ ਇੰਤਜ਼ਾਰ ਹੈ। ਤਰਨਵੀਰ ਜਗਪਾਲ ਆਖਦੇ ਨੇ ਗੁਰਪ੍ਰੀਤ ਘੁੱਗੀ ਅੰਦਰ ਬਹੁਤ ਸੰਜੀਦਾ ਟੈਲੇਂਟ ਹੈ ਤੇ ਇਸ ਨੂੰ ਨਿਖਾਰਨ ਤੇ ਲੋਕਾਂ ਸਨਮੁੱਖ ਕਰਨ ਲਈ ਓਹਨਾਂ ਦੇ ਰੋਲ ਤੇ ਓਹਨਾਂ ਬਹੁਤ ਮਿਹਨਤ ਕੀਤੀ ਹੈ ਤੇ ਗੁਰਪ੍ਰੀਤ ਘੁੱਗੀ ਦੇ ਕਿਰਦਾਰ ਲਈ ਓਹਨਾਂ ਖਾਸ ਮਿਹਨਤ ਕੀਤੀ ਹੈ। ਉਮੀਦ ਹੈ ਕਿ ਤਰਨਵੀਰ ਜਗਪਾਲ ਆਪਣੇ ਮੰਤਵ ਵਿੱਚ ਕਾਮਯਾਬ ਹੋਣਗੇ ਤੇ ਗੁਰਪ੍ਰੀਤ ਘੁੱਗੀ ਇਸ ਫ਼ਿਲਮ ਨਾਲ ਸਦਾਬਹਾਰ ਤੇ ਆਲ ਰਾਉਂਡਰ ਐਕਟਰ ਹਨ ਲੋਕ ਦਿਲਾਂ ਦੀ ਧੜਕਣ ਬਣ ਜਾਣੇ ਨੇ ਇਹ ਨਜ਼ਰ ਰਲੀਜ਼ ਪੋਸਟਰ ਤੋਂ ਹੀ ਆ ਰਿਹਾ ਹੈ। ਫ਼ਿਲਮ "ਚਾਲੀ ਦਿਨ" ਵਿਸਾਖੀ ਦੇ ਨਜ਼ਦੀਕ ਆਏਗੀ

-ਅੰਮ੍ਰਿਤ ਪਵਾਰ

# ਰਿਸ਼ਤਿਆਂ ਵਿੱਚ ਬਰਾਬਰੀ: ਸਾਥ ਜਾਂ ਮੁਕਾਬਲਾ ?

ਚਾਨਣਦੀਪ ਸਿੰਘ ਔਲਖ
ਪਿੰਡ ਗੁਰਨੇ ਖ਼ੁਰਦ (ਮਾਨਸਾ)
ਸੰਪਰਕ 9876888177

ਅਜੋਕੇ ਦੌਰ ਵਿੱਚ ਜਿੱਥੇ ਅਸੀਂ ਹਰ ਖੇਤਰ ਵਿੱਚ ਮਰਦ ਅਤੇ ਔਰਤ ਦੀ ਬਰਾਬਰੀ ਦੀ ਗੱਲ ਕਰਦੇ ਹਾਂ, ਉੱਥੇ ਹੀ ਘਰੇਲੂ ਰਿਸ਼ਤਿਆਂ ਵਿੱਚ ਇਸ ਬਰਾਬਰੀ ਦੇ ਅਰਥ ਬਦਲਦੇ ਨਜ਼ਰ ਆ ਰਹੇ ਹਨ। ਅੱਜ ਦਾ ਵੱਡਾ ਸਵਾਲ ਇਹ ਹੈ ਕਿ ਰਿਸ਼ਤਿਆਂ ਵਿੱਚ ਬਰਾਬਰੀ ਦਾ ਮਤਲਬ ਇੱਕ-ਦੂਜੇ ਦਾ ਸਾਥ ਦੇਣਾ ਹੈ ਜਾਂ ਇੱਕ-ਦੂਜੇ ਨਾਲ ਮੁਕਾਬਲਾ ਕਰਨਾ? ਕਈ ਪਰਿਵਾਰਾਂ ਵਿੱਚ ਇਹ ਵੀ ਵੇਖਣ ਨੂੰ ਮਿਲਦਾ ਹੈ ਕਿ ਪਿਆਰ ਅਤੇ ਸਹਿਯੋਗ ਦੀ ਥਾਂ ਕਈ ਵਾਰ ਤੁਲਨਾ, ਗਿਣਤੀ ਅਤੇ ਰੁਤਬੇ ਦੀ ਦਿਵਾਰ ਖੜੀ ਹੋ ਜਾਂਦੀ ਹੈ, ਜਿਸ ਨਾਲ ਰਿਸ਼ਤਿਆਂ ਦੀ ਨਿੱਘ ਹੌਲੀ-ਹੌਲੀ ਠੰਡੀ ਪੈਣ ਲੱਗਦੀ ਹੈ।

ਭੂਮਿਕਾਵਾਂ ਦਾ ਬਦਲਦਾ ਰੂਪ-ਮਾਹਿਰਾਂ ਦਾ ਮੰਨਣਾ ਹੈ ਕਿ ਕੁਦਰਤ ਨੇ ਮਰਦ ਅਤੇ ਔਰਤ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਹਨ। ਜਦੋਂ ਸਮਾਜ ਬਦਲਦਾ ਹੈ, ਘਰ ਦੇ ਅੰਦਰ ਦੀਆਂ ਉਮੀਦਾਂ ਅਤੇ ਜ਼ਿੰਮੇਵਾਰੀਆਂ ਦੀ ਵੰਡ ਵੀ ਰੂਪ ਬਦਲਦੀ ਹੈ। ਪਰ ਸਮੱਸਿਆ ਤਦ ਖੜ੍ਹਦੀ ਹੈ ਜਦੋਂ ਸੰਤੁਲਨ ਦੀ ਥਾਂ ਸਿਰਫ਼ ਅਧਿਕਾਰਾਂ ਦੀ ਗੱਲ ਲਹਿਰ ਬਣ ਜਾਂਦੀ ਹੈ ਅਤੇ ਜ਼ਿੰਮੇਵਾਰੀਆਂ ਪਿੱਛੇ ਰਹਿ ਜਾਂਦੀਆਂ ਹਨ। ਇਸ ਨਾਲ ਪਰਿਵਾਰਕ ਢਾਂਚਾ ਥਰਥਰਾਉਣ ਲੱਗਦਾ ਹੈ।

ਇਸਦੇ ਨਾਲ-ਨਾਲ, ਦੌੜ-ਭੱਜ ਵਾਲੀ ਜ਼ਿੰਦਗੀ, ਤਣਾਅ, ਆਦਤਾਂ ਵਿੱਚ ਖਰਾਬੀ ਅਤੇ ਨਸ਼ਿਆਂ ਵਰਗੀਆਂ ਗੱਲਾਂ ਨੇ ਪਰਿਵਾਰ ਦੀ ਮਨੋਵਿਗਿਆਨਿਕ ਅਤੇ ਸਮਾਜਿਕ ਸਿਹਤ ਨੂੰ ਹੋਰ ਨਾਜ਼ੁਕ ਬਣਾ ਦਿੱਤਾ ਹੈ, ਜਿਸ ਕਾਰਨ ਸਮਾਜ ਵਿੱਚ ਕਈ ਨਵੀਆਂ ਚੁਣੌਤੀਆਂ ਪੈਦਾ ਹੋ ਰਹੀਆਂ ਹਨ।



ਹਉਮੈ - ਰਿਸ਼ਤਿਆਂ ਦਾ ਅਣਦਿੱਖ ਵੈਰੀ-ਘਰੇਲੂ ਕਲੇਸ਼ ਦਾ ਸਭ ਤੋਂ ਵੱਡਾ ਕਾਰਨ "ਮੈਂ" ਦੀ ਭਾਵਨਾ ਹੈ। ਜਦੋਂ ਪਤੀ-ਪਤਨੀ ਆਪਣੀ ਸਾਲਾਨਾ ਕਮਾਈ, ਅਹੁਦੇ ਜਾਂ ਸਮਾਜਿਕ ਹੈਸੀਅਤ ਦੇ ਆਧਾਰ 'ਤੇ ਘਰ ਦੇ ਕੰਮ ਅਤੇ ਫ਼ੈਸਲੇ ਤੋਲਣ ਲੱਗਦੇ ਹਨ, ਉੱਥੇ ਪਿਆਰ ਦੀ ਥਾਂ ਅਹੰਕਾਰ ਅਤੇ ਮੁਕਾਬਲੇ ਦੀ ਭਾਵਨਾ ਜੜ ਪੱਕੀ ਕਰ ਜਾਂਦੀ ਹੈ। ਹਉਮੈ ਰਿਸ਼ਤਿਆਂ ਨੂੰ ਬਰਾਬਰੀ ਦੇ ਮੈਦਾਨ ਤੋਂ ਹਟਾ ਕੇ ਤਕੜੀ 'ਤੇ ਖੜ੍ਹਾ ਕਰ ਦਿੰਦੀ ਹੈ, ਜਿਥੇ ਪਿਆਰ ਹਾਰਦਾ ਤੇ ਅਹੰਕਾਰ ਜਿੱਤਦਾ ਹੈ ਪਰ ਪਰਿਵਾਰ ਹਾਰਦਾ ਹੀ ਹਾਰਦਾ ਹੈ।

ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਦੇ ਤਿੰਨ ਮੁੱਖ ਸੂਤਰ :

1. ਸੇਵਾ ਵਿੱਚ ਪਿਆਰ, ਨਾ ਕਿ ਮਜਬੂਰੀ

ਘਰ ਦੇ ਕੰਮ ਜਿਵੇਂ ਕਿ ਰੋਟੀ ਬਣਾਉਣਾ ਜਾਂ ਪਰਿਵਾਰ ਦੀ ਦੇਖਭਾਲ ਕਰਨਾ, ਕਿਸੇ ਮਜਬੂਰੀ ਦੀ ਥਾਂ ਪਿਆਰ ਨਾਲ ਕੀਤੇ ਜਾਣੇ ਚਾਹੀਦੇ ਹਨ।

2. ਸਤਿਕਾਰ - ਕਮਾਈ ਤੋਂ ਵੱਡਾ

ਬਰਾਬਰੀ ਨੂੰ ਕਮਾਈ ਨਾਲ ਨਹੀਂ ਨਪਿਆ ਜਾਂਣਾ ਚਾਹੀਦਾ। ਸਤਿਕਾਰ ਹੀ ਉਹ ਗੂੰਦ ਹੈ ਜੋ ਪਰਿਵਾਰ ਨੂੰ ਇਕੱਠੇ ਰੱਖਦੀ ਹੈ।

ਭਾਵੇਂ ਪਤੀ ਦੀ ਕਮਾਈ ਵੱਧ ਹੋਵੇ ਜਾਂ ਪਤਨੀ ਪਤੀ ਨਾਲੋਂ ਵੱਧ ਕਮਾਉਂਦੀ ਹੋਵੇ, ਪਰਿਵਾਰ ਦੀ ਮਜ਼ਬੂਤੀ ਲਈ ਆਪਸੀ ਸਤਿਕਾਰ ਅਤੇ ਸਮਝੌਤਾ ਬੇਹੱਦ ਜ਼ਰੂਰੀ ਹੈ।

3. ਬਿਨਾ ਸ਼ਰਤਾਂ ਵਾਲਾ ਸਾਥ

ਰਿਸ਼ਤਿਆਂ ਵਿੱਚ ਕੋਈ ਸ਼ਰਤ ਨਹੀਂ ਹੋਣੀ ਚਾਹੀਦੀ। ਜੇਕਰ ਪਤਨੀ ਦੀ ਸਿਹਤ ਠੀਕ ਨਹੀਂ ਹੈ, ਤਾਂ ਪਤੀ ਵੱਲੋਂ ਘਰ ਦੇ ਕੰਮਾਂ ਵਿੱਚ ਹੱਥ ਵਟਾਉਣਾ ਜਾਂ ਚਾਹ ਬਣਾ ਕੇ ਦੇਣਾ ਬਰਾਬਰੀ ਦਾ ਅਸਲ ਪ੍ਰਤੀਕ ਹੈ। ਉਸੇ ਤਰ੍ਹਾਂ, ਜਦੋਂ ਪਤੀ ਕਿਸੇ ਦਬਾਅ ਵਿੱਚ ਹੋਵੇ ਅਤੇ ਪਤਨੀ ਉਸਦਾ ਮਨੋਬਲ ਬਣੇ ਇਹ ਵੀ ਬਰਾਬਰੀ ਦਾ ਸੱਚਾ ਰੂਪ ਹੈ।

ਪਰਿਵਾਰ ਕੋਈ ਦਫ਼ਤਰ ਨਹੀਂ ਹੈ ਜਿੱਥੇ ਕੰਮ ਦੇ ਘੰਟੇ ਜਾਂ ਤਨਖ਼ਾਹ ਦੇ ਆਧਾਰ 'ਤੇ ਰਿਸ਼ਤੇ ਤੈਅ ਹੋਣ। ਪਰਿਵਾਰ ਉਹ ਥਾਂ ਹੈ ਜਿੱਥੇ ਦੋ ਜਣੇ ਆਪਣੀਆਂ ਭੂਮਿਕਾਵਾਂ ਨਾਲ ਇਕ-ਦੂਜੇ ਨੂੰ ਪੂਰਾ ਕਰਦੇ ਹਨ ਅਤੇ ਮੋਢੇ ਨਾਲ ਮੋਢਾ ਜੋੜ ਕੇ ਜ਼ਿੰਦਗੀ ਦੀਆਂ ਔਖੀਆਂ ਗਲੀਆਂ ਨੂੰ ਪਾਰ ਕਰਦੇ ਹਨ। ਰਿਸ਼ਤੇ ਤਦ ਹੀ ਸਫਲ ਹੁੰਦੇ ਹਨ ਜਦੋਂ ਦੋਵੇਂ ਸਾਥੀ ਇੱਕ-ਦੂਜੇ ਦੀਆਂ ਕੁਦਰਤੀ ਭੂਮਿਕਾਵਾਂ ਨੂੰ ਸਮਝਣ ਅਤੇ ਇੱਕ-ਦੂਜੇ ਦਾ ਪੂਰਕ ਬਣ ਕੇ ਚੱਲਣ। ਬਰਾਬਰੀ ਦਾ ਮਤਲਬ ਇੱਕ-ਦੂਜੇ ਦੇ ਵਿਰੁੱਧ ਲੜਨਾ ਨਹੀਂ, ਬਲਕਿ ਇੱਕ-ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਪਰਿਵਾਰ ਨੂੰ ਅੱਗੇ ਲਿਜਾਣਾ ਹੈ। ਅਸਲੀ ਬਰਾਬਰੀ ਦਾ ਮਤਲਬ ਜਿੱਤਣਾ ਨਹੀਂ, ਸਾਥ ਦੇਣਾ ਹੈ। ਜਦੋਂ ਰਿਸ਼ਤੇ ਇਹ ਸਮਝ ਲੈਂਦੇ ਹਨ ਤਾਂ ਬਰਾਬਰੀ ਪਿਆਰ ਬਣ ਜਾਂਦੀ ਹੈ, ਮੁਕਾਬਲਾ ਨਹੀਂ।

ਸਮਾਜਿਕ ਵਿਕਾਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਬਰਾਬਰੀ ਨੂੰ ਅਧਿਕਾਰਾਂ ਦੀ ਜੰਗ ਬਣਾਉਣ ਦੀ ਬਜਾਏ ਇਸ ਨੂੰ ਸਾਂਝੀ ਜ਼ਿੰਮੇਵਾਰੀ ਵਜੋਂ ਦੇਖੀਏ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਇੱਕ ਸਿਹਤਮੰਦ ਪਰਿਵਾਰਕ ਮਾਹੌਲ ਵਿੱਚ ਪਲਣ, ਤਾਂ ਸਾਨੂੰ ਘਰਾਂ ਵਿੱਚ ਮੁਕਾਬਲੇਬਾਜ਼ੀ ਨੂੰ ਖ਼ਤਮ ਕਰਕੇ ਸਹਿਯੋਗ ਦੀ ਭਾਵਨਾ ਨੂੰ ਮੁੜ ਸੁਰਜੀਤ ਕਰਨਾ ਪਵੇਗਾ। ਅਖੀਰ ਵਿੱਚ, ਰਿਸ਼ਤਿਆਂ ਦੀ ਖ਼ੂਬਸੂਰਤੀ ਇਸ ਵਿੱਚ ਨਹੀਂ ਕਿ ਕੌਣ ਕਿਸ ਤੋਂ ਉੱਪਰ ਹੈ, ਬਲਕਿ ਇਸ ਵਿੱਚ ਹੈ ਕਿ ਦੋਵੇਂ ਕਿਵੇਂ ਮਿਲ ਕੇ ਇੱਕ ਸੁੰਦਰ ਸੰਸਾਰ ਸਿਰਜਦੇ ਹਨ।

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਘੀ ਨੂੰ ਸਮਰਪਿਤ ਕਵੀ ਦਰਬਾਰ






ਕੈਲਗਰੀ (ਜਸਵਿੰਦਰ ਸਿੰਘ ਰੁਪਾਲ)- ਕੈਲਗਰੀ ਦੀ ਈ ਦੀਵਾਨ ਸੋਸਾਇਟੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਘੀ ਨੂੰ ਸਮਰਪਿਤ ਇੱਕ ਅੰਤਰਰਾਸ਼ਟਰੀ ਕਵੀ ਦਰਬਾਰ ਕਰਵਾਇਆ ਗਿਆ। ਬ੍ਰਿਜਮੰਦਰ ਕੌਰ ਜੈਪੁਰ ਦੇ ਗਾਏ ਸ਼ਬਦ "ਦੇਹਿ ਸ਼ਿਵਾ ਬਰ ਮੋਹਿ ਇਹੈ" ਨਾਲ ਪ੍ਰੋਗਰਾਮ ਆਰੰਭ ਹੋਇਆ। ਬੇਟੀ ਪਰਨੀਤ ਕੌਰ, ਹੈ ਸਿਮਰਲੀਨ ਕੌਰ ਅਤੇ ਸ. ਪਰਮਜੀਤ ਸਿੰਘ ਜੀ ਨੇ ਸਾਜ਼ਾਂ ਨਾਲ ਗੀਤ "ਲੱਥਣਾ ਨਹੀਂ ਰਿਣ ਸਾਥੋਂ ਬਾਜਾਂ ਵਾਲੇ ਮਾਹੀ ਦਾ" ਸੁਣਾ ਕੇ ਕਵੀ ਦਰਬਾਰ ਦਾ ਆਗਾਜ਼ ਕੀਤਾ।

ਮੁਕਤਸਰ ਤੋਂ ਆਏ, ਜਸਵੀਰ ਸ਼ਰਮਾ ਦੱਦਾਹੂਰ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਮੌਤ ਲਾੜੀ ਨਾਲ ਵਿਆਹ ਦੇ ਦ੍ਰਿਸ਼ਟਾਂਤ ਪੇਸ਼ ਕਰਦੀ ਕਵਿਤਾ ਸੁਣਾਈ। ਹਰਮਿੰਦਰ ਸਿੰਘ ਵੀਰ ਰਹੀਮਪੁਰੀ, ਜਲੰਧਰ ਨੇ "ਮੈਂ ਨਿਉਂ ਨਿਉਂ ਕੇ ਪ੍ਰਣਾਮ ਕਰਾਂ, ਮਰਦ ਲਾਸਾਨੀ ਨੂੰ" ਕਵਿਤਾ ਸਾਂਝੀ ਕੀਤੀ। ਮੌਂਟਰੀਆਲ ਤੋਂ ਚਿੱਤਰਕਾਰ ਸ. ਮਨਜੀਤ ਸਿੰਘ ਚਾਤ੍ਰਿਕ ਨੇ ਕਬਿੱਤ ਛੰਦ ਵਿੱਚ ਲਿਖੀਆਂ ਆਪਣੀਆਂ ਕਵਿਤਾਵਾਂ-"ਸੰਖ ਨਾਦ" ਅਤੇ "ਸ਼ਬਦ" ਇੱਕ ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤੀਆਂ, ਜਿਹਨਾਂ ਵਿੱਚ ਸ਼ਬਦ ਚੋਣ, ਅਨੁਪ੍ਰਾਸ ਛੰਦ ਅਤੇ ਰਵਾਨੀ ਇੰਨੀ ਪਿਆਰੀ ਸੀ ਕਿ ਸਾਰੇ ਸਰੋਤੇ ਵਾਹ ਵਾਹ ਕਰ ਉੱਠੇ। ਸੋਹਣ ਸਿੰਘ ਭੁੱਚੋ ਨੇ "ਥਾਪੀ ਦੇ ਕੇ ਦਾਤੇ ਨੇ ਗਿੱਦੜਾਂ ਤੋਂ ਸ਼ੇਰ ਬਣਾਏ ਨੇ" ਤਰੰਨਮ ਵਿੱਚ ਸੁਣਾਈ। ਇਟਲੀ ਤੋਂ ਖ਼ੂਬਸੂਰਤ ਆਵਾਜ਼ ਦੇ ਮਾਲਕ, ਬਲਕਾਰ ਸਿੰਘ ਬੱਲ ਨੇ "ਕਲਗੀਧਰ ਦਸ਼ਮੇਸ਼ ਪਿਤਾ ਦੀ ਸਿਫਤ ਲਿਖੀ ਨਾ ਜਾਵੇ" ਬੁਲੰਦ ਆਵਾਜ਼ ਵਿੱਚ ਗਾ ਕੇ ਪੇਸ਼ ਕੀਤੀ। ਪ੍ਰਿੰ. ਚਰਨਦੀਪ ਕੌਰ ਕੈਲਗਰੀ ਨੇ ਆਪਣੀ ਕਵਿਤਾ ਬੇਦਾਵਾ ਰਾਹੀਂ ਟੁੱਟੀ ਗੰਢੀ ਦਿਵਸ ਨੂੰ ਯਾਦ ਕੀਤਾ। ਜਸਵਿੰਦਰ ਸਿੰਘ ਰੁਪਾਲ ਨੇ ਬੈਂਤ ਛੰਦ ਵਿੱਚ ਕਵਿਤਾ "ਗੁਰੂ ਗੋਬਿੰਦ ਆਗਮਨ ਤੇ" ਸਟੇਜੀ ਅੰਦਾਜ਼ ਵਿੱਚ ਸੁਣਾਈ। ਸੁਖਮਿੰਦਰ ਸਿੰਘ ਗਿੱਲ ਕੈਲਗਰੀ ਨੇ ਹਰਮੋਨੀਅਮ ਦੀ ਤਾਲ ਤੇ "ਧੰਨ ਗੁਰੂ ਬਾਜਾਂ ਵਾਲਿਆ, ਧੰਨ ਧੰਨ ਤੇਰੀ ਵੱਡੀ ਐ ਕਮਾਈ" ਗਾ ਕੇ ਪ੍ਰਸ਼ੰਸਾ ਖੱਟੀ। ਕਵੀ ਦਰਬਾਰ ਦੇ ਆਯੋਜਕ ਸ੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ ਨੇ ਕਬਿੱਤ ਛੰਦ ਵਿੱਚ ਲਿਖੀ ਆਪਣੀ ਕਵਿਤਾ 'ਬੇਦਾਵਾ' ਵਿੱਚ ਮੁਕਤਸਰ ਸਾਹਿਬ ਦਾ ਪੂਰਾ ਇਤਿਹਾਸ ਹੀ ਅੱਖਾਂ ਅੱਗੇ ਲੈ ਆਂਦਾ। ਪੰਥਕ ਸਟੇਜੀ ਕਵੀ ਸੁਜਾਨ ਸਿੰਘ ਸੁਜਾਨ ਜੀ ਟੋਰੰਟੋ ਵਾਲਿਆਂ ਨੇ "ਪਾੜ ਜਾ ਬੇਦਾਵਾ ਮਹਾਂ ਸਿੰਘ ਕਹਿ ਰਿਹਾ" ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤਾ। ਅਖੀਰ ਤੇ ਸੋਸਾਇਟੀ ਦੇ ਸੰਸਥਾਪਕ ਸ ਬਲਰਾਜ ਸਿੰਘ ਜੀ ਨੇ ਸਭ ਕਵੀਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਡਾਕਟਰ ਕਾਬਲ ਸਿੰਘ ਨੇ ਕਵੀਆਂ ਨੂੰ ਆਪਣੀਆਂ ਰਚਨਾਵਾਂ "ਸਾਂਝੀ ਵਿਰਾਸਤ" ਮੈਗਜ਼ੀਨ ਲਈ ਲਿਖਤੀ ਰੂਪ ਵਿੱਚ ਭੇਜਣ ਲਈ ਕਿਹਾ। ਸਟੇਜ ਸੰਚਾਲਨ ਦੀ ਸੇਵਾ ਸੁਜਾਨ ਸਿੰਘ ਸੁਜਾਨ ਜੀ ਨੇ ਬਾਖੂਬੀ ਨਿਭਾਈ। ਹਮੇਸ਼ਾ ਵਾਂਗ ਅਨੰਦ ਸਾਹਿਬ ਦੀਆਂ 5 ਪਉੜੀਆਂ ਅਰਦਾਸ ਅਤੇ ਹੁਕਮਨਾਮੇ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ- ਗੁਰਦੀਸ਼ ਕੌਰ ਗਰੇਵਾਲ ਕੈਲਗਰੀ +1 (403) 404-1450

# ਮਿਨੀਸੋਟਾ ਵਿੱਚ ਆਈਸ ਵਿਰੋਧੀ ਹੜਤਾਲ ਅਤੇ ਬੰਦ ਦੌਰਾਨ ਜ਼ਬਰਦਸਤ ਇਕੱਠ

ਲੇਖਕ: ਸਾਰਾ ਲਜ਼ਾਰੇ
ਅੰਗਰੇਜ਼ੀ ਤੋਂ ਅਨੁਵਾਦ:
ਸੁਖਵੰਤ ਹੁੰਦਲ



(ਇਹ ਰਿਪੋਰਟ ਪਹਿਲੀ ਵਾਰ ਇਨ ਦੀਜ਼ ਟਾਈਮਜ਼ ਦੇ ਸਾਈਟ 'ਤੇ 23 ਜਨਵਰੀ ਨੂੰ ਛਪੀ ਸੀ।)

ਮਿਨਸੋਟਾ ਦੇ ਦਹਿ ਹਜ਼ਾਰਾਂ ਨਿਵਾਸੀਆਂ ਨੇ "ਕੋਈ ਨਫ਼ਰਤ ਨਹੀਂ, ਕੋਈ ਡਰ ਨਹੀਂ, ਇਮੀਗ੍ਰੈਂਟਾਂ ਦਾ ਇੱਥੇ ਸਵਾਗਤ ਹੈ" ਦੇ ਨਾਅਰੇ ਲਗਾਉਂਦਿਆਂ ਸ਼ੁੱਕਰਵਾਰ, 23 ਜਨਵਰੀ ਨੂੰ, ਦੁਪਹਿਰੋਂ ਬਾਅਦ ਮਿਨੀਐਪਲਿਸ ਦੇ ਡਾਊਨਟਾਊਨ ਵਿੱਚ ਮਾਰਚ ਕੀਤਾ। ਉਹਨਾਂ ਦੀ ਮੰਗ ਸੀ ਕਿ ਆਈਸ (ਅਮਰੀਕਾ ਦੀ ਇੰਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਏਜੰਸੀ) ਸੂਬੇ ਤੋਂ ਬਾਹਰ ਜਾਵੇ।

ਸਬ-ਜ਼ੀਰੋ ਤਾਪਮਾਨ ਵਿੱਚ ਵੱਡਾ ਪ੍ਰਦਰਸ਼ਨ ਇੱਕ ਆਰਥਿਕ ਬੰਦ ਦਾ ਕੇਂਦਰੀ ਹਿੱਸਾ ਸੀ, ਜਿਸ ਵਿੱਚ ਹੜਤਾਲਾਂ, ਗ੍ਰਿਫਤਾਰੀਆਂ ਅਤੇ ਸਿਵਲ-ਨਾਫਰਮਾਨੀ, ਸੈਂਕੜੇ ਕਾਰੋਬਾਰਾਂ ਦਾ ਬੰਦ ਹੋਣਾ ਅਤੇ ਰੈਲੀਆਂ ਸ਼ਾਮਲ ਸਨ। ਲਗਭਗ 10 ਦਿਨ ਪਹਿਲਾਂ ਯੂਨੀਅਨਾਂ, ਧਾਰਮਿਕ ਸਮੂਹਾਂ ਅਤੇ ਕਮਿਊਨਿਟੀ ਸੰਸਥਾਂਵਾਂ ਦੀ ਕੁਲੀਸ਼ਨ ਨੇ ਜਨਤਕ ਤੌਰ 'ਤੇ ਅਪੀਲ ਕੀਤੀ ਸੀ: "ਕੋਈ ਕੰਮ ਨਹੀਂ, ਕੋਈ ਸਕੂਲ ਨਹੀਂ, ਕੋਈ ਖਰੀਦਦਾਰੀ ਨਹੀਂ"।

ਵਿਚਾਰ ਇਹ ਸੀ ਕਿ "ਆਮ ਕਾਰੋਬਾਰੀ ਵਿਵਸਥਾ ਨੂੰ ਸਥਾਗਤ ਕਰਕੇ" ਮਿਨੀਸੋਟਾ ਵਿੱਚ ਹਜ਼ਾਰਾਂ ਮਾਸਕ ਪਹਿਨੇ, ਹਥਿਆਰਬੰਦ ਫੈਡਰਲ ਏਜੰਟਾਂ ਦੀ ਅਣਮਿਸਾਲੀ (ਅਣਪਰੈਸੀਡੈਂਟਿਡ) ਤਾਇਨਾਤੀ ਦਾ ਵਿਰੋਧ ਕੀਤਾ ਜਾਵੇ।

ਇਸ ਬੰਦ ਅਤੇ ਹੜਤਾਲ ਨੂੰ ਜਥੇਬੰਦ ਕਰਨ ਵਾਲੇ ਲੋਕਾਂ ਦੇ ਅੰਦਾਜ਼ੇ ਅਨੁਸਾਰ ਘੱਟੋ-ਘੱਟ 50,000 ਲੋਕ ਇਸ ਵਿੱਚ ਸ਼ਾਮਲ ਹੋਏ, ਕਈਆਂ ਨੇ ਗਿਣਤੀ 100,000 ਦੇ ਕਰੀਬ ਦੱਸੀ। ਲੋਕਾਂ ਦੀ ਇੰਨੀ ਵੱਡੀ ਗਿਣਤੀ ਹੈਰਾਨ ਕਰਨ ਵਾਲੀ ਹੈ ਕਿਉਂਕਿ ਮਾਰਚ ਸ਼ੁਰੂ ਹੋਣ ਸਮੇਂ ਤਾਪਮਾਨ ਮਾਈਨਸ ਨੌਂ ਡਿਗਰੀ ਫਾਰਨਾਈਟ (-9%ਫ) ਭਾਵ ਮਾਈਨਸ 23 ਡਿਗਰੀ ਸੈਲੀਸੀਅਸ (-22.78%ਛ) ਸੀ, ਜੋ ਨੰਗੀ ਚਮੜੀ ਨੂੰ ਜਲਦੀ ਫ੍ਰੌਸਟਬਾਈਟ ਕਰ ਸਕਦਾ ਹੈ ਭਾਵ ਚਮੜੀ ਅਤੇ ਉਸ ਦੇ ਹੇਠਲੇ ਟਿਸ਼ੂ ਜੰਮ ਸਕਦੇ ਹਨ।

ਏਅਰਪੋਰਟ ਵਿਖੇ ਫੂਡ ਸਰਵਿਸ ਵਰਕਰ ਅਤੇ ਯੂਨਾਈਟ ਹਿਅਰ ਦੀ ਲੋਕਲ 17 ਦੀ ਸਟੀਵਰਡ ਫੇਬਨ ਗਿਲਾਗਾਬਰ ਨੇ ਕਿਹਾ "ਓ ਮੇਰਿਆ ਰੱਬਾ, ਅੱਜ ਅਦਭੁਤ, ਭਾਵੁਕ ਅਤੇ ਬਹੁਤ ਤਾਕਤਵਰ ਦਿਨ ਹੈ। ਇਹ ਮੇਰੀ ਉਮੀਦ ਤੋਂ ਵੱਧ ਸੀ, ਬਹੁਤ ਵੱਧ। ਮੈਂ ਮੌਸਮ ਬਾਰੇ ਚਿੰਤਤ ਸੀ, ਪਰ ਹਰ ਕੋਈ ਆ ਗਿਆ।"

ਗਿਲਾਗਾਬਰ ਅਨੁਸਾਰ, ਉਸ ਦੀ ਯੂਨੀਅਨ ਦੇ "ਬਹੁਤ ਸਾਰੇ" ਏਅਰਪੋਰਟ ਵਰਕਰ ਬੰਦ ਦਾ ਸਮਰਥਨ ਕਰਨ ਲਈ ਸ਼ੁੱਕਰਵਾਰ ਨੂੰ ਕੰਮ ਤੇ ਨਹੀਂ ਗਏ, ਉਹਨਾਂ ਵਿੱਚੋਂ ਬਹੁਤ ਸਾਰਿਆਂ ਨੇ ਕਾਲ ਕਰਕੇ ਕਿਹਾ ਕਿ ਉਹ ਬਿਮਾਰ ਹਨ।

ਪ੍ਰਬੰਧਕਾਂ ਨੇ ਇਸ ਦਿਨ ਨੂੰ "ਸੱਚ ਅਤੇ ਅਜ਼ਾਦੀ ਦਾ ਦਿਨ - ਡੇਅ ਆਫ ਟਰੁੱਥ ਐਂਡ ਫ੍ਰੀਡਮ" ਦਾ ਨਾਂ ਦਿੱਤਾ ਹੈ। ਅਜੇ ਇਹ ਹਿਸਾਬ ਲਾਉਣਾ ਮੁਸ਼ਕਿਲ ਹੈ ਕਿ ਇਸ ਐਕਸ਼ਨ ਦੇ ਦਿਨ ਕਿੰਨੇ ਵਰਕਰ ਆਪਣੇ ਕੰਮਾਂ 'ਤੇ ਨਹੀਂ ਗਏ। ਪਰ ਵਰਕਰ ਅਤੇ ਯੂਨੀਅਨਾਂ ਇਸ ਦਿਨ ਦੀਆਂ ਘਟਨਾਵਾਂ ਦੇ ਕੇਂਦਰ ਵਿੱਚ ਸਨ। ਇੱਕ ਕਮਰਸ਼ੀਅਲ ਇਲੈਕਟ੍ਰੀਸ਼ੀਅਨ ਅਤੇ ਆਈ ਬੀ ਈ ਡਬਲਿਊ ਲੋਕਲ 292 ਦੇ ਮੈਂਬਰ ਦੇ ਹੱਥ ਵਿੱਚ ਫੜ੍ਹੇ ਸਾਈਨ 'ਤੇ ਲਿਖਿਆ ਹੋਇਆ ਸੀ "ਆਮ ਹੜਤਾਲ ਇਨਸਾਫ ਨੂੰ ਜਾਣ ਵਾਲਾ ਰਸਤਾ ਹੈ -ਜਨਰਲ ਸਟਰਾਈਕ ਇਜ਼ ਏ ਪਾਥ ਟੂ ਜਸਟਿਸ"। ਮਾਰਚ ਦੌਰਾਨ ਉਸ ਨੇ ਮੈਨੂੰ ਦੱਸਿਆ ਕਿ ਉਹ "ਇਮੀਗ੍ਰੈਂਟਾਂ ਦ ਅਧਿਕਾਰਾਂ ਦਾ ਸਮਰਥਨ ਕਰਨ ਅਤੇ ਹਰ ਅਮਰੀਕਨ ਦਾ ਸਮਰਥਨ ਕਰਨ ਲਈ ਇੱਥੇ ਆਇਆ ਹੈ।"

ਉਸ ਨੇ ਅੱਗੇ ਕਿਹਾ, "ਆਈਸ ਤਾਂ ਬਿਲਕੁਲ ਨਿੰਦਣਯੋਗ ਹੈ। ਕੋਈ ਵੀ ਵਿਅਕਤੀ ਆਈਸ ਦੇ ਏਜੰਟਾਂ ਦੇ ਰਾਹ ਵਿੱਚ ਆ ਸਕਦਾ ਹੈ। ਇਹ ਤਾਂ ਸਾਡੇ ਆਪਣੇ ਨਾਗਰਿਕ ਅਧਿਕਾਰਾਂ ਤੇ ਹਮਲਾ ਹੈ।"

ਮਿਨੀਸੋਟਾ ਦੀ ਰਹਿਣ ਵਾਲੀ ਇਕ ਹੋਰ ਔਰਤ ਨੇ ਮੇਰੇ ਨਾਲ ਗੱਲ ਕਰਦਿਆਂ ਆਈਸ ਤੋਂ ਡਰਦਿਆਂ ਆਪਣਾ ਨਾਂ ਗੁਪਤ ਰੱਖਣ ਦੀ ਬੇਨਤੀ ਕੀਤੀ। ਉਸ ਨੇ ਕਿਹਾ, "ਮੈਂ ਅੱਜ ਇੱਥੇ ਸਭ ਲਈ ਖੜ੍ਹੀ ਹੋਈ ਹਾਂ, ਆਪਣੇ ਲਈ ਖੜ੍ਹੀ ਹੋਈ ਹਾਂ। ਮੈਂ ਇਸ ਤੋਂ ਪ੍ਰਭਾਵਿਤ ਹਾਂ। ਮੈਂ ਦੋ ਸਾਲ ਦੀ ਉਮਰ ਵਿੱਚ ਇੱਥੇ ਆਈ ਸੀ। ਮੇਰੇ ਮਾਪੇ ਮੈਨੂੰ ਮੈਕਸੀਕੋ ਤੋਂ ਲੈ ਕੇ ਇੱਥੇ ਆਏ ਸਨ। ਮੈਨੂੰ ਸਿਰਫ ਅਮਰੀਕਾ ਦਾ ਪਤਾ ਹੈ, ਇਸ ਲਈ ਜੋ ਕੁਝ ਵੀ ਹੋ ਰਿਹਾ ਹੈ, ਪਰਿਵਾਰਾਂ ਨੂੰ ਵੱਖ ਵੱਖ ਕੀਤੇ ਜਾਣਾ, ਬੱਚਿਆਂ ਦਾ ਖੋਹ ਲਏ ਜਾਣਾ, ਇੱਕ ਨਿਰਦੋਸ਼ ਔਰਤ ਨੂੰ ਸੱਚ ਲਈ ਖੜ੍ਹੇ ਹੋਣ ਕਰਕੇ ਗੋਲੀ ਮਾਰ ਦਿੱਤੇ ਜਾਣਾ- ਇਹ ਸਭ ਅਵਿਸ਼ਵਾਸ਼ਯੋਗ ਹੈ।"

29 ਸਾਲਾਂ ਦੀ ਇਸ ਔਰਤ ਨੇ ਅੱਗੇ ਕਿਹਾ, "ਮੈਂ ਉਨ੍ਹਾਂ ਲਈ ਬੋਲ ਰਹੀ ਹਾਂ ਜੋ ਅੱਜ ਇੱਥੇ ਨਹੀਂ ਆ ਸਕੇ। ਜੋ ਲੁਕੇ ਹੋਏ ਹਨ, ਜਿਨ੍ਹਾਂ ਦਾ ਦਿਲ ਦਰਵਾਜ਼ੇ ਦੀ ਘੰਟੀ ਵੱਜਣ ਨਾਲ ਰੁਕ ਜਾਂਦਾ ਹੈ।"

ਇਸ ਹੀ ਦਿਨ ਸਵੇਰ ਨੂੰ 100 ਦੇ ਕਰੀਬ ਧਾਰਮਿਕ ਆਗੂਆਂ ਨੇ ਮਿਨੀਐਪਲਿਸ-ਸੇਂਟ ਪੌਲ ਅੰਤਰਰਾਸ਼ਟਰੀ ਏਅਰਪੋਰਟ ਦੇ ਟਰਮੀਨਲ 1 ਦੇ ਡਿਪਾਰਚਰ ਦੇ ਏਰੀਏ ਦੇ ਬਾਹਰ ਆਈਸ ਵਿਰੁੱਧ ਸਿਵਲ ਨਾਫਰਮਾਨੀ ਦੇ ਅਮਲ ਵਜੋਂ ਇੱਕ ਮੁੱਖ ਸੜਕ ਨੂੰ ਰੋਕਿਆ।

ਉਹਨਾਂ ਦੇ ਪਿੱਛੇ ਹਜ਼ਾਰਾਂ ਸਮਰਥਕਾਂ ਸਨ। ਉਹ ਗਾ ਰਹੇ ਸਨ "ਇਸ ਮੁਹਿੰਮ ਦੇ ਫੇਲ ਹੋਣ ਤੋਂ ਪਹਿਲਾਂ ਅਸੀਂ ਸਾਰੇ ਜੇਲ੍ਹ ਜਾਵਾਂਗੇ - ਹਰੇਕ ਨੂੰ ਜੀਣ ਦਾ ਅਧਿਕਾਰ ਹੈ।" ਉਨ੍ਹਾਂ ਕੋਲ ਯੂਨਾਈਟ ਹਿਅਰ ਲੋਕਲ 17 ਦੇ ਅਗਵਾ ਕੀਤੇ ਮੈਂਬਰਾਂ ਵਾਲੇ ਸਾਈਨ ਸਨ।

ਲੋਕ- ਜਿਹਨਾਂ ਵਿੱਚ ਹੜਤਾਲ ਕਰ ਰਹੇ ਵਰਕਰ ਅਤੇ ਯੂਨੀਅਨ ਦੇ ਮੈਂਬਰ ਸ਼ਾਮਲ ਸਨ ਅਤੇ ਜਿਨ੍ਹਾਂ ਵਿੱਚੋਂ ਕੁਝ ਏਅਰਪੋਰਟ ਤੇ ਕੰਮ ਕਰਦੇ ਹਨ - ਜ਼ੀਰੋ ਤੋਂ ਘੱਟ ਤਾਪਮਾਨ ਵਿੱਚ ਬਾਹਰ ਰਹੇ ਅਤੇ ਉਹਨਾਂ ਨੇ ਸਿਵਲ ਨਾਫਰਮਾਨੀ ਦਾ ਸਮਰਥਨ ਕੀਤਾ। ਸਮਰਥਕਾਂ ਨੇ ਲੋਕਾਂ ਨੂੰ ਹੈਂਡ ਵਾਰਮਰ (ਹੱਥਾਂ ਨੂੰ ਗਰਮ ਰੱਖਣ ਵਾਲੀਆਂ ਚੀਜ਼ਾਂ) ਅਤੇ ਖਾਣ ਪੀਣ ਦੀਆਂ ਵਸਤਾਂ ਵੰਡੀਆਂ ਤਾਂ ਜੋ ਲੋਕ ਉੱਥੇ ਖੜ੍ਹੇ ਰਹਿ ਸਕਣ।

22 ਸਾਲਾ ਕੈਟਰੀਨਾ ਜ਼ੈਬਰਿਸਕੀ ਨੇ ਆਪਣੀ ਮਾਂ (ਮਿਨੇਸੋਟਾ ਦੀ ਚੈਪਲੇਨ) ਨੂੰ ਗ੍ਰਿਫਤਾਰ ਹੁੰਦੇ ਵੇਖਿਆ। ਉਸ ਨੇ ਮੈਨੂੰ ਦੱਸਿਆ,"ਇਹ ਬਹੁਤ ਭਾਵੁਕ ਸੀ। ਜਦੋਂ ਲੋਕਾਂ ਨੇ 'ਅਸੀਂ ਤੁਹਾਨੂੰ ਪਿਆਰ ਕਰਦੇ ਹਾਂ' ਦੇ ਨਾਅਰੇ ਲਗਾਏ ਤਾਂ ਮੈਂ ਰੋਣ ਲੱਗ ਪਈ। ਮੁੱਖ ਤੌਰ ਤੇ ਮੈਂ ਬਹੁਤ ਮਾਣ ਮਹਿਸੂਸ ਕਰ ਰਹੀ ਹਾਂ।" ਬਹੁਤ ਸਾਰੇ ਧਾਰਮਿਕ ਆਗੂ ਪੁਲੀਸ ਵਲੋਂ ਗ੍ਰਿਫਤਾਰੇ ਕੀਤੇ ਜਾਣ ਤੋਂ ਪਹਿਲਾਂ ਪ੍ਰਾਰਥਨਾ ਕਰ ਰਹੇ ਸਨ।

ਜ਼ੈਬਰਿਸਕੀ ਨੇ ਅਗਾਂਹ ਕਿਹਾ, "ਅਸੀਂ ਆਪਣੇ ਗੁਆਂਢੀਆਂ ਦੀ ਸੁਰੱਖਿਆ ਬਾਰੇ ਚਿੰਤਤ ਹਾਂ। ਅਸੀਂ ਮੰਨਦੇ ਹਾਂ ਕਿ ਲੋਕਾਂ ਨੂੰ ਘਰਾਂ ਤੋਂ ਫੜ੍ਹ ਕੇ ਡਿਪੋਰਟ ਕਰਨਾ, ਉਨ੍ਹਾਂ ਨੂੰ ਤਸੀਹੇ ਦੇਣਾ ਅਤੇ ਡਿਟੈਂਸ਼ਨ ਸੈਂਟਰਾਂ ਵਿੱਚ ਰੱਖਣਾ ਬਹੁਤ ਅਨਿਆਂ ਹੈ। ਇਹ ਨਹੀਂ ਹੋਣਾ ਚਾਹੀਦਾ।"

ਉਹ 100 ਦੇ ਕਰੀਬ ਧਾਰਮਿਕ ਲੋਕ ਐੱਮ ਐੱਨ ਕੁਲੀਸ਼ਨ ਨਾਲ ਸੰਬੰਧਿਤ ਸਨ। ਆਈਸ ਦੀ ਨਿਊਜ਼ ਰਿਲੀਜ਼ ਅਨੁਸਾਰ ਉਹਨਾਂ ਨੂੰ "ਸੂਬੇ ਭਰ ਵਿੱਚ ਆਈਸ ਆਊਟ ਆਫ ਮਿਨੀਸੋਟਾ: ਏ ਡੇਅ ਆਫ ਟਰੁੱਥ ਐਂਡ ਫ੍ਰੀਡਮ (ਆਈਸ ਸੂਬੇ ਤੋਂ ਬਾਹਰ ਜਾਉ: ਸੱਚ ਅਤੇ ਫ੍ਰੀਡਮ ਦਾ ਇਕ ਦਿਨ" ਵਿੱਚ ਹਿੱਸਾ ਲੈਣ ਲਈ ਗ੍ਰਿਫਤਾਰ ਕੀਤਾ ਗਿਆ ਸੀ। ਇਹਨਾਂ ਧਾਰਮਕ ਲੋਕਾਂ ਦੀਆਂ ਮੰਗਾਂ ਡੈਲਟਾ (ਏਅਰਲਾਈਨ) ਅਤੇ ਸਿਗਨੇਚਰ ਏਵੀਏਸ਼ਨ ਉੱਤੇ ਕੇਂਦਰਿਤ ਸਨ, ਜਿਨ੍ਹਾਂ ਨੂੰ ਉਹ ਮਿਨੀਸੋਟਾ ਵਾਸੀਆਂ ਦੀ ਡਿਪੋਰਟੇਸ਼ਨ ਵਿੱਚ ਸਹਿਯੋਗੀ ਅਤੇ ਸਹਾਇਕ ਦੱਸਦੇ ਹਨ।

ਧਾਰਮਿਕ ਆਗੂ ਚਾਹੁੰਦੇ ਹਨ ਕਿ ਡੈਲਟਾ ਅਤੇ ਸਿਗਨੇਚਰ ਏਵੀਏਸ਼ਨ ਜਨਤਕ ਤੌਰ 'ਤੇ ਮਿਨੀਸੋਟਾ ਵਿੱਚ ਆਈਸ ਦੇ 'ਵਾਧੇ' ਨੂੰ ਤੁਰੰਤ ਖਤਮ ਕਰਨ ਅਤੇ ਆਈਸ ਵਲੋਂ ਸੂਬੇ ਨੂੰ ਛੱਡ ਕੇ ਜਾਣ" ਦੀ ਮੰਗ ਕਰਨ। ਉਹ ਕੰਪਨੀਆਂ ਨੂੰ ਇਹ ਬੇਨਤੀ ਵੀ ਕਰ ਰਹੇ ਹਨ ਕਿ ਉਹ ਰੈਨੀ ਗੁੱਡ ਨੂੰ ਮਾਰਨ ਵਾਲੇ ਆਈਸ ਏਜੰਟ ਨੂੰ "ਕਾਨੂੰਨੀ ਜਵਾਬਦੇਹ" ਬਣਾਉਣ ਅਤੇ ਕਾਂਗਰਸ ਨੂੰ ਆਈਸ ਦੀ ਫੰਡਿੰਗ ਰੋਕਣ" ਲਈ ਅਪੀਲ ਕਰ ਰਹੇ "ਮਿਨੀਸੋਟਾ ਦੇ ਲੋਕਾਂ ਨਾਲ ਖੜ੍ਹਨ"।

ਗੁੱਡ, ਮਿਨੀਐਪਲਿਸ ਵਿੱਚ ਰਹਿਣ ਵਾਲੀ ਇੱਕ ਕਵੀਤਰੀ ਅਤੇ ਤਿੰਨ ਬੱਚਿਆਂ ਦੀ ਮਾਂ ਸੀ। ਉਸ ਨੂੰ 7 ਜਨਵਰੀ ਨੂੰ ਆਈਸ ਦੇ ਏਜੰਟ ਜੌਨਾਥਨ ਰੌਸ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਇਸ ਕਤਲ ਵਿਰੁੱਧ ਜਨਤਕ ਗੁੱਸੇ ਨੇ ਮਿਨੀਸੋਟਾ ਅਤੇ ਪੂਰੇ ਦੇਸ਼ ਵਿੱਚ ਜਥੇਬੰਦੀਆਂ ਅਤੇ ਲੋਕਾਂ ਨੂੰ ਊਰਜਾ ਦਿੱਤੀ ਅਤੇ (ਇਹ ਕਤਲ) ਦਿਨ ਭਰ ਰੈਲੀ ਦਾ ਨਾਅਰਾ ਰਿਹਾ।

ਏਅਰਪੋਰਟ ਤੇ ਸਿਵਲ ਨਾਫਰਮਾਨੀ ਮਹੱਤਵਪੂਰਨ ਸੀ ਕਿਉਂਕਿ ਇਹ ਥਾਂ ਮਿਨੀਸੋਟਾ ਉੱਤੇ ਫੈਡਰਲ ਹਮਲੇ ਦਾ ਫਲੈਸ਼ਪੁਆਇੰਟ ਬਣ ਗਈ ਹੈ।

ਆਈਸ ਮਿਨੀਸੋਟਾ ਤੋਂ ਬਾਹਰ ਜਾਵੇ ਨਾਂ ਦੀ ਕੁਲੀਸ਼ਨ (ਆਈਸ ਆਊਟ ਆਫ ਐੱਮ ਐੱਨ ਕੁਲੀਸ਼ਨ) ਨੇ ਧਾਰਮਕ ਵਿਅਕਤੀਆਂ ਦੀ ਗ੍ਰਿਫਤਾਰੀਆਂ ਤੋਂ ਬਾਅਦ ਬਿਆਨ ਵਿੱਚ ਕਿਹਾ, "ਡੈਲਟਾ ਮਿਨੀਐਪਲੈਸ ਦੇ ਸੇਂਟ ਪਾਲ ਏਅਰਪੋਰਟ ਨੂੰ ਮੁੱਖ ਹੱਬ (ਕੇਂਦਰ) ਵਜੋਂ ਵਰਤਦੀ ਹੈ ਅਤੇ ਸਿਗਨੇਚਰ ਏਵੀਏਸ਼ਨ ਆਈਸ ਦੇ ਓਪਰੇਸ਼ਨਾਂ ਲਈ ਲੌਜਿਸਟਿਕ ਸਹਾਇਤਾ ਦਿੰਦੀ ਹੈ। ਮਿਨੀਐਪਲੈਸ ਦਾ ਏਅਰਪੋਰਟ ਹਰ ਸਾਲ ਕਰੋੜਾਂ ਯਾਤਰੀਆਂ ਨੂੰ ਸੇਵਾ ਦਿੰਦਾ ਹੈ ਅਤੇ ਹੁਣ ਡੀ ਐੱਚ ਐੱਸ (ਡੀਪਾਰਟਮੈਂਟ ਆਫ ਹੋਮਲੈਂਡ ਸਿਕਿਉਰਟੀ) ਦੇ ਉਪਰੇਸ਼ਨਾਂ ਵਿੱਚ ਮੁੱਖ ਸਾਈਟ ਬਣ ਗਿਆ ਹੈ ਜਿੱਥੋਂ ਮਿਨੀਸੋਟਾ ਦੇ ਵਾਸੀਆਂ ਨੂੰ ਅਗਵਾ ਕਰਕੇ ਡਿਟੈਂਸ਼ਨ ਸੈਂਟਰਾਂ ਵਿੱਚ ਭੇਜਿਆ ਜਾਂਦਾ ਹੈ।" ਕੁਲੀਸ਼ਨ ਨੇ ਅੱਗੇ ਕਿਹਾ, "ਤਕਰੀਬਨ 2,000 ਲੋਕ ਮਿਨੀਐਪਲੈਸ ਦੇ ਇਸ ਏਅਰਪੋਰਟ ਰਾਹੀਂ ਡਿਪੋਰਟ ਕੀਤੇ ਗਏ ਹਨ, ਅਤੇ ਇਸ ਏਅਰਪੋਰਟ 'ਤੇ ਕੰਮ ਕਰਨ ਵਾਲੇ ਬਹੁਤ ਸਾਰੇ ਲੋਕ ਕੰਮ ਤੇ ਜਾਂ ਏਅਰਪੋਰਟ ਨੂੰ ਆਉਣ-ਜਾਣ ਦੌਰਾਨ ਆਈਸ ਵੱਲੋਂ ਅਗਵਾ ਕੀਤੇ ਗਏ ਹਨ।"

ਪਰ ਏਅਰਪੋਰਟ ਅਗਵਾ ਕਰਨ ਦੀ ਸਾਈਟ ਹੋਣ ਦੇ ਨਾਲ ਨਾਲ ਸੰਘਰਸ਼ ਦੀ ਵੀ ਸਾਈਟ ਹੈ। ਏਅਰਪੋਰਟ ਬਾਹਰ ਪ੍ਰਦਰਸ਼ਨਕਾਰੀ, ਵਰਕਰ ਅਤੇ ਧਾਰਮਿਕ ਆਗੂ ਇਹ ਨਾਹਰੇ ਲਾ ਰਹੇ ਸਨ, "ਅਸੀਂ ਵਰਕਰ ਹਾਂ, ਬਲਵਾਨ ਵਰਕਰ - ਵੀ ਆਰ ਵਰਕਰਜ਼, ਮਾਈਟੀ ਮਾਈਟੀ ਵਰਕਰਜ਼"। ਇੱਕ ਸਾਈਨ ਤੇ ਲਿਖਿਆ ਸੀ "ਅਸੀਂ ਲੋੜ ਤੋਂ ਘੱਟ ਪ੍ਰਤੀਕਰਮ ਕਰ ਰਹੇ ਹਾਂ- ਵੀ ਆਰ ਅੰਡਰ ਰਿਐਕਟਿੰਗ" ਅਤੇ ਇੱਕ ਵਿਅਕਤੀ ਨੇ ਬੁਲਹਾਰਨ ਰਾਹੀਂ ਜ਼ੋਰ ਨਾਲ ਕਿਹਾ: "ਅਸੀਂ ਇੱਥੇ ਕਾਰਪੋਰੇਸ਼ਨਾਂ ਨੂੰ ਇਹ ਦੱਸਣ ਆਏ ਹਾਂ ਕਿ ਉਹ ਆਈਸ ਨੂੰ ਸਹਿਯੋਗ ਦੇਣਾ ਬੰਦ ਕਰਨ।"

ਸ਼ੁੱਕਰਵਾਰ ਸਵੇਰੇ ਏਅਰਪੋਰਟ ਤੇ, ਇਕ ਗਰਾਸਰੂਟਸ ਅਤੇ ਨਾਨ-ਪਾਰਟੀਜ਼ਨ ਗਰੁੱਪ ਐੱਮ ਐੱਨ 50501 ਦੇ ਨਿੱਕ ਬੈਨਸਨ ਨੇ ਮੈਨੂੰ ਕਿਹਾ, "ਇਹ ਏਅਰਪੋਰਟ ਕੁੱਪੀ ਦਾ ਤੰਗ ਸਿਰਾ ਹੈ ਜਿੱਥੋਂ ਸਾਡੇ ਗੁਆਂਢੀਆਂ ਨੂੰ ਪਤਾ ਨਹੀਂ ਕਿੱਥੇ ਭੇਜਿਆ ਜਾ ਰਿਹਾ ਹੈ।"

ਸੂਬੇ ਭਰ ਵਿੱਚ ਹੜਤਾਲ ਅਤੇ ਐਕਸ਼ਨ - ਅਤੇ ਦੇਸ਼ ਭਰ ਵਿੱਚ ਸੌਲੀਡੈਰਿਟੀ ਐਕਸ਼ਨ - ਇਸ ਖੌਫਨਾਕ ਖਬਰ ਤੋਂ ਬਾਅਦ ਵਾਪਰਿਆ ਜਦੋਂ ਮੰਗਲਵਾਰ ਨੂੰ ਮਿਨੀਐਪਲਿਸ ਦੇ ਏਰੀਆ ਵਿੱਚ ਇੱਕ 5 ਸਾਲਾਂ ਦੇ ਬੱਚੇ ਨੂੰ ਆਈਸ ਦੇ ਏਜੰਟਾਂ ਨੇ ਘਰ ਦੇ ਡਰਾਈਵੇ ਤੋਂ ਚੁੱਕ ਲਿਆ। ਇਹ ਪ੍ਰੀਸਕੂਲਰ ਅਤੇ ਉਸ ਦਾ ਪਿਤਾ ਹੁਣ ਟੈਕਸਾਸ ਵਿੱਚ ਡਿਟੈਂਸ਼ਨ ਸੈਂਟਰ ਵਿੱਚ ਕੈਦ ਹਨ।

ਕਈ ਹਫ਼ਤਿਆਂ ਤੋਂ ਫੈਡਰਲ ਏਜੰਟ ਸਕੂਲਾਂ, ਡੇਅ-ਕੇਅਰਾਂ ਅਤੇ ਘਰਾਂ ਤੱਕ ਲੋਕਾਂ ਦਾ ਪਿੱਛਾ ਕਰ ਰਹੇ ਹਨ ਅਤੇ ਉਹਨਾਂ ਨੂੰ ਅਗਵਾ ਕਰ ਰਹੇ ਹਨ - ਅਤੇ ਆਪਣੇ ਗੁਆਂਢੀਆਂ ਦੀ ਰੱਖਿਆ ਕਰਨ ਵਾਲਿਆਂ ਤੇ ਹਿੰਸਾ ਕਰ ਰਹੇ ਹਨ। ਇਹ ਹਿੰਸਾ ਬਹੁਤ ਪਰਚੰਡ ਅਤੇ ਜਾਨਲੇਵਾ ਰਹੀ ਹੈ।

ਸ਼ੁੱਕਰਵਾਰ ਦੀ ਹੜਤਾਲ ਨੂੰ ਸੰਗਠਿਤ ਕਰਨ ਵਾਲੇ ਵੱਡੇ ਗਠਜੋੜ ਦੀਆਂ ਖਾਸ ਮੰਗਾਂ ਵਿੱਚ ਆਈਸ ਨੂੰ ਮਿਨੀਸੋਟਾ ਤੋਂ ਤੁਰੰਤ ਕੱਢਣਾ ਅਤੇ (ਬਾਕੀ ਹਿਸਾ ਸਫ਼ਾ 62 ਤੇ ਪੜ੍ਹੋ)

61 ਸਫੇ ਦੀ ਬਾਕੀ

ਜੌਨਾਥਨ ਰੌਸ (ਗੁੱਡ ਨੂੰ ਮਾਰਨ ਵਾਲੇ ਆਈਸ ਦੇ ਏਜੰਟ) ਨੂੰ "ਕਾਨੂੰਨੀ ਜਵਾਬਦੇਹ" ਬਣਾਉਣਾ ਸ਼ਾਮਲ ਹੈ। ਉਹ ਆਈਸ ਨੂੰ ਆਉਣ ਵਾਲੇ ਕਾਂਗਰਸ ਦੇ ਬਜਟ ਵਿੱਚ "ਕੋਈ ਵਾਧੂ ਫੰਡਿੰਗ ਨਾ ਦੇਣ ਅਤੇ ਆਈਸ ਵਲੋਂ ਅਮਰੀਕੀਆਂ ਅਤੇ ਉਹਨਾਂ ਦੇ ਗੁਆਂਢੀਆਂ ਦੇ ਮਨੁੱਖੀ ਅਤੇ ਸੰਵਿਧਾਨਕ ਹੱਕਾਂ ਦੀ ਉਲੰਘਣਾਂ ਕਰਨ ਲਈ ਜਾਂਚ ਕਰਨ ਦੀ ਵੀ ਮੰਗ ਕਰ ਰਹੇ ਹਨ।"

ਸ਼ੁੱਕਰਵਾਰ ਨੂੰ ਬੰਦ ਵਿੱਚ ਹਿੱਸਾ ਲੈਣ ਵਾਲਿਆਂ ਲਈ ਮੁੱਦੇ ਅਕਾਦਮਿਕ ਨਹੀਂ ਸਨ। ਸੂਬੇ ਵਿੱਚ 8,000 ਤੋਂ ਵੱਧ ਜੈਨੀਟਰਾਂ, ਵਿੰਡੋ ਕਲੀਨਰਾਂ ਅਤੇ ਹੋਰ ਪ੍ਰੌਪਰਟੀ ਸਰਵਿਸ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਸਰਵਿਸ ਇੰਪਲਾਈਜ਼ ਇੰਟਰਨੈਸ਼ਨਲ ਯੂਨੀਅਨ (ਐੱਸ ਈ ਆਈ ਯੂ) ਦੀ ਲੋਕਲ 26 ਦੇ ਪ੍ਰਧਾਨ ਗ੍ਰੈੱਗ ਨਾਮਾਚਰ ਨੇ 19 ਜਨਵਰੀ ਨੂੰ ਇਕ ਪ੍ਰੈੱਸ ਕਾਨਫਰੰਸ ਵਿੱਚ ਦੱਸਿੱਆ ਸੀ ਕਿ ਯੂਨੀਅਨ ਦੇ "20 ਤੋਂ ਵੱਧ ਮੈਂਬਰ ਫੈਡਰਲ ਏਜੰਟਾਂ ਵੱਲੋਂ ਬਿਨਾਂ ਕਿਸੇ ਚਿਤਾਵਨੀ ਅਤੇ ਬਿਨਾਂ ਕਿਸੇ ਡਿਊ ਪ੍ਰੋਸੈੱਸ (ਸਹੀ ਕਾਨੂੰਨੀ ਅਮਲ) ਦੇ ਅਗਵਾ ਕੀਤੇ ਗਏ ਹਨ।"

ਉਸ ਨੇ ਅਗਾਂਹਾ ਕਿਹਾ ਕਿ ਫੈਡਰਲ ਏਜੰਟਾਂ ਦੀ ਰਣਨੀਤੀ "ਪਰਿਵਾਰਾਂ ਨੂੰ ਤੋੜਨਾ, ਪਿਆਰਿਆਂ ਨੂੰ ਗੁੰਮ ਕਰਨਾ ਹੈ ਜਿਨ੍ਹਾਂ ਨੂੰ ਘੰਟਿਆਂ ਅਤੇ ਦਿਨਾਂ ਤੱਕ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਕਿੱਥੇ ਹਨ ਅਤੇ ਅਕਸਰ ਕਾਨੂੰਨੀ ਸਲਾਹ ਤੱਕ ਪਹੁੰਚ ਨਹੀਂ ਹੁੰਦੀ।" ਪਰ ਸਿਰਫ ਇਮੀਗ੍ਰੈਂਟ ਵਰਕਰ ਹੀ ਪ੍ਰਭਾਵਿਤ ਨਹੀਂ ਹੁੰਦੇ। ਨਾਮਾਚਰ ਨੇ ਜ਼ੋਰ ਦਿੰਦਿਆ ਕਿਹਾ , "ਜੇ ਘੋਸ਼ਿਤ ਉਦੇਸ਼ ਅਮਰੀਕਾ ਵਿੱਚ ਜਨਮੇ ਵਰਕਰਾਂ ਨੂੰ ਵੱਧ ਤਨਖਾਹ ਦੇਣਾ ਹੈ, ਜੋ ਕਈ ਵਾਰ ਸਾਨੂੰ ਦੱਸਿਆ ਜਾਂਦਾ ਹੈ, ਤਾਂ ਇਸ ਦਾ ਉਲਟ ਅਸਰ ਹੋਇਆ ਹੈ।"

ਨਾਮਾਚਰ ਨੇ ਹੋਰ ਦੱਸਿਆ ਕਿ ਇੱਕ ਵਿੰਡੋ ਕਲੀਨਰ ਜਿਸ ਨੇ ਚਾਰ ਸਾਲ ਪਹਿਲਾਂ ਨੌਕਰੀ ਉੱਤੇ ਸੁਰੱਖਿਆ ਵਿੱਚ ਸੁਧਾਰ ਲਈ ਹੜਤਾਲ ਦੀ ਅਗਵਾਈ ਕੀਤੀ ਸੀ, ਹਾਲ ਹੀ ਵਿੱਚ ਰੁਟੀਨ ਇਮੀਗ੍ਰੇਸ਼ਨ ਚੈੱਕ-ਇਨ ਤੇ ਫੜ੍ਹਿਆ ਗਿਅ ਸੀ। ਉਹ 30 ਸਾਲਾਂ ਤੋਂ ਯੂਨਾਈਟਿਡ ਸਟੇਟਸ ਅਮਰੀਕਾ ਵਿੱਚ ਰਹਿ ਰਿਹਾ ਸੀ, ਫਿਰ ਵੀ ਏਜੰਟਾਂ ਨੇ ਉਸ ਨੂੰ ਪਹਿਲਾਂ ਹੀ ਉਸ ਦੇ ਪਰਿਵਾਰ ਤੋਂ ਦੂਰ ਮੈਕਸੀਕੋ ਡਿਪੋਰਟ ਕਰ ਦਿੱਤਾ ਹੈ।

ਨਾਮਾਚਾਰ ਨੇ ਕਿਹਾ ਕਿ "ਉਸ ਦੀ ਕੁਰਬਾਨੀ ਨੇ ਟਵਿਨ ਸਿਟੀਜ਼ ਦੇ ਸਾਰੇ ਵਿੰਡੋ ਕਲੀਨਰਾਂ ਨੂੰ ਸੁਰੱਖਿਅਤ ਬਣਾਇਆ, ਭਾਵੇਂ ਉਹ ਕਿਤੇ ਵੀ ਜਨਮੇ ਹੋਣ, ਭਾਵੇਂ ਉਨ੍ਹਾਂ ਦੀ ਨਾਗਰਿਕਤਾ ਕੋਈ ਵੀ ਹੋਵੇ।"

ਯੂਨਾਈਟ ਹਿਅਰ ਦੀ ਲੋਕਲ 17 (ਜੋ ਟਵਿਨ ਸਿਟੀਜ਼ ਦੇ ਮੈਟਰੋ ਏਰੀਆ ਵਿੱਚ 6,000 ਤੋਂ ਵੱਧ ਹੌਸਪਿਟੈਲਿਟੀ ਵਰਕਰਾਂ ਦੀ ਨੁਮਾਇੰਦਗੀ ਕਰਦੀ ਹੈ) ਦੇ ਲਗਭਗ 16 ਮੈਂਬਰ ਅਗਵਾ ਕੀਤੇ ਗਏ ਹਨ, ਅਤੇ ਮਿਨੀਐਪਲਿਸ ਦਾ ਸੇਂਟ ਪੌਲ ਅੰਤਰਰਾਸ਼ਟਰੀ ਏਅਰਪੋਰਟ ਯੂਨੀਅਨ ਅਤੇ ਨਾਨ ਯੂਨੀਅਨ ਵਰਕਰਾਂ ਦੇ ਵਾਰ ਵਾਰ ਕੀਤੇ ਜਾਣ ਵਾਲੇ ਅਗਵਾਵਾਂ ਦੀ ਸਾਈਟ ਬਣ ਗਿਆ ਹੈ।

ਲੋਕਲ 17 ਦੀ ਸਕੱਤਰ-ਖਜ਼ਾਨਚੀ ਸ਼ੇਘ ਫ੍ਰੀਬਰਗ ਨੇ 9 ਜਨਵਰੀ ਨੂੰ ਟਰਮੀਨਲ 1 ਅੰਦਰ ਇਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ, "ਉਬਰ ਡਰਾਈਵਰਾਂ ਨੂੰ ਲਗਾਤਾਰ ਹੈਰਾਨ ਕੀਤਾ ਜਾਂਦਾ ਹੈ ਅਤੇ ਚੁੱਕ ਲਿਆ ਜਾਂਦਾ ਹੈ, ਉਨ੍ਹਾਂ ਦੀਆਂ ਗੱਡੀਆਂ ਨੂੰ ਪਿੱਛੇ ਸੜਕ 'ਤੇ ਖੜ੍ਹਾ ਰਹਿਣ ਦਿੱਤਾ ਜਾਂਦਾ ਹੈ ਅਤੇ ਪਰਿਵਾਰਾਂ ਨੂੰ ਪਤਾ ਨਹੀਂ ਹੁੰਦਾ ਕਿ ਉਹ ਕਿੱਥੇ ਹਨ। ਯੂਨਾਈਟ ਹਿਅਰ ਲੋਕਲ 17 ਦੇ ਏਅਰਪੋਰਟ ਤੇ ਕੰਮ ਕਰਨ ਵਾਲੇ ਮੈਂਬਰਾਂ ਨੂੰ ਟੀ ਐੱਸ ਏ ਦੇ ਪਿੱਛੇ ਲਿਜਾਇਆ ਗਿਆ ਹੈ ਅਤੇ ਆਈਸ ਦੀਆਂ ਫਲਾਈਟਾਂ ਵਧ ਗਈਆਂ ਹਨ - ਕਈ ਵਾਰ ਦਿਨ ਵਿੱਚ ਦੋ ਵਾਰ।"

ਬੰਦ ਦੀ ਅਪੀਲ ਜਾਣ ਤੋਂ ਬਾਅਦ, ਇਸ ਯਤਨ ਵਿੱਚ ਸ਼ਾਮਲ ਹੋਣ ਵਾਲੀਆਂ ਯੂਨੀਅਨਾਂ, ਕਮਿਊਨਿਟੀ ਅਤੇ ਧਾਰਮਿਕ ਸੰਗਠਨਾਂ ਦੀ ਸੂਚੀ ਵਿੱਚ ਵੱਡਾ ਵਾਧਾ ਹੋਇਆ। ਸਰਵਿਸ ਇੰਪਲਾਈਜ਼ ਇੰਟਰਨੈਸ਼ਨਲ ਦੀ ਲੋਕਲ 26 ਅਤੇ ਯੂਨਾਈਟ ਹਿਅਰ ਦੀ ਲੋਕਲ 17 ਤੋਂ ਇਲਾਵਾ ਮਿਨੀਸੋਟਾ ਦੀਆਂ ਨਰਸਾਂ ਦੀ ਐਸੋਸੀਏਸ਼ਨ (ਇੱਕ ਹੋਰ ਮਜ਼ਬੂਤ ਯੂਨੀਅਨ) ਵੀ ਇਸ ਵਿੱਚ ਸ਼ਾਮਲ ਹੋ ਗਈ।

ਲੋਕਲ ਅਤੇ ਰੀਜਨਲ ਲੇਬਰ ਕੌਂਸਲਾਂ ਵੀ ਸ਼ਾਮਲ ਹੋਈਆਂ ਅਤੇ 20 ਜਨਵਰੀ ਨੂੰ ਮਿਨੀਸੋਟਾ ਦੇ 300,000 ਤੋਂ ਵੱਧ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਮਿਨੀਸੋਟਾ ਦੀ ਏ ਐੱਫ ਐੱਲ -ਸੀ ਆਈ ਓ ਦੇ ਐਗਜ਼ੀਕਿਊਟਿਵ ਬੋਰਡ ਨੇ ਸ਼ੁੱਕਰਵਾਰ ਦੀ ਵਰਕ ਸਟੌਪੇਜ ਦੀ ਹਿਮਾਇਤ ਕਰਨ ਲਈ ਵੋਟ ਪਾਈ।

ਯੂਨੀਅਨਾਂ ਦੀ ਲਾਮਬੰਦੀ ਸਿਰ.ਫ ਸ਼ਹਿਰੀ ਮੈਟਰੋ ਇਲਾਕਿਆਂ ਤੱਕ ਸੀਮਤ ਨਹੀਂ ਰਹੀ। ਉਦਾਹਰਨ ਲਈ ਸੂਬੇ ਭਰ ਵਿੱਚ ਪਬਲਿਕ ਸਰਵਿਸਿਜ਼, ਨਾਨਪ੍ਰੌਫਿਟ ਅਤੇ ਹੈਲਥਕੇਅਰ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਏ ਐੱਫ ਐੱਸ ਸੀ ਐੱਮ ਈ ਕੌਂਸਲ-65 (ਮਿਨੀਸੋਟਾ, ਨੌਰਥ ਡਕੋਟਾ ਅਤੇ ਸਾਊਥ ਡਕੋਟਾ) ਨੇ ਕੁਲੀਸ਼ਨ ਦੀ ਹਿਮਾਇਤ ਕਰਨ ਬਾਰੇ ਬਿਆਨ ਜਾਰੀ ਕੀਤਾ, ਭਾਵੇਂ ਕਿ ਉਹਨੇ ਕੰਮ ਨਾ ਕਰਨ ਤੱਕ ਦੀ ਗੱਲ ਨਹੀਂ ਕਹੀ।

ਮੈਸੇਚੂਸੈਟਸ ਤੋਂ ਨਿਊਯਾਰਕ, ਸ਼ਿਕਾਗੋ ਤੱਕ ਪੂਰੇ ਦੇਸ਼ ਭਰ ਵਿੱਚ ਸੌਲੀਡੈਰਿਟੀ ਐਕਸ਼ਨ ਹੋਏ। ਕੁਝ ਲੇਬਰ ਅਤੇ ਕਮਿਊਨਿਟੀ ਲੀਡਰ, ਆਰਗੇਨਾਈਜ਼ਰ ਅਤੇ ਸਮਰਥਕ ਵੀ ਇਸ ਬੰਦ ਲਈ ਮਿਨੀਸੋਟਾ ਆਏ, ਜਿਨ੍ਹਾਂ ਵਿੱਚ ਰੈਬਾਈਜ਼ ਫਾਰ ਸੀਜ਼ ਫਾਈਰ, ਜਿਹੜੇ ਧਾਰਮਕ ਲੋਕਾਂ ਵਿੱਚ ਸ਼ਾਮਲ ਹੋਏ ਅਤੇ ਸ਼ਿਕਾਗੋ ਦੀ ਟੀਚਰਜ਼ ਯੂਨੀਅਨ ਦੀ ਪ੍ਰੈਜ਼ੀਡੈਂਟ ਸਟੇਸੀ ਡੇਵਿਸ ਗੇਟਸ ਸ਼ਾਮਲ ਸਨ।

ਇਕ ਇੰਟਰਵਿਊ ਦੌਰਾਨ ਗੇਟਸ ਨੇ ਕਿਹਾ, "ਮੈਂ ਅੱਥਰੂ ਪੂੰਝ ਪੂੰਝ ਥੱਕ ਗਈ ਹਾਂ, ਲੋਕਾਂ ਨੂੰ ਗਲ ਲਾ ਲਾ ਥੱਕ ਗਈ ਹਾਂ, ਮੈਂ ਇਹ ਕਹਿ ਕਹਿ ਥੱਕ ਗਈ ਹਾਂ ਕਿ ਮੈਂ ਸੌਰੀ ਹਾਂ। ਅੱਜ ਅਸੀਂ ਉਨ੍ਹਾਂ ਲੋਕਾਂ ਨੂੰ ਵੇਖਿਆ ਜੋ ਇਹ ਕਰ ਕਰ ਤੋਂ ਥੱਕ ਗਏ ਹਨ। ਮੈਂ ਸੋਚਦੀ ਹਾਂ ਇਹ ਸ਼ਾਨਦਾਰ ਸੀ, ਅਤੇ ਮੈਂ ਸੋਚਦੀ ਹਾਂ ਕਿ ਹਰੇਕ ਨੂੰ ਇਹ ਕਰਨਾ ਪਵੇਗਾ - ਅਤੇ ਇੱਕੋ ਸਮੇਂ।"

ਗੇਟਸ ਨੇ ਅੱਗੇ ਕਿਹਾ, "ਹਰ ਵਾਰ ਜਦੋਂ ਇਸ ਦੇਸ਼ ਵਿੱਚ ਸਾਡੀ ਡੈਮੋਕਰੇਸੀ ਦੀ ਸਲਾਮਤੀ ਅਤੇ ਵਾਧੇ ਬਾਰੇ ਬਹਿਸ ਹੋਈ ਹੈ, ਵਰਕਰਾਂ ਨੇ ਉਹ ਬਹਿਸ ਸੈਟਲ ਕੀਤੀ ਹੈ, ਅਤੇ ਮੈਂ ਇਸ ਵਾਰ ਵੀ ਵਰਕਰਾਂ ਤੋਂ ਇਹੀ ਉਮੀਦ ਕਰ ਰਹੀ ਹਾਂ।"

## ਇੰਗਲੈਂਡ ਦੇ ਮੈਨਚੈਸਟਰ ਸ਼ਹਿਰ ਵਿੱਚ ਗੋਲੀਕਾਂਡ, ਇਕ ਜ਼ਖ਼ਮੀ, ਛੇ ਕਾਬੂ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਉੱਤਰੀ ਇੰਗਲੈਂਡ ਦੇ ਮੈਨਚੈਸਟਰ ਸ਼ਹਿਰ ਦੇ ਕੇਂਦਰੀ ਇਲਾਕੇ ਵਿੱਚ ਹੋਏ ਗੋਲੀਕਾਂਡ ਦੌਰਾਨ ਇਕ ਵਿਅਕਤੀ ਦੇ ਜ਼ਖ਼ਮੀ ਹੋਣ ਅਤੇ ਛੇ ਵਿਅਕਤੀਆਂ ਨੂੰ ਕਾਬੂ ਕੀਤੇ ਜਾਣ ਦੀ ਖ਼ਬਰ ਹੈ। ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਲੋਕਾਂ ਵਿੱਚ ਡਰ ਦੇ ਹਾਲਾਤ ਪੈਦਾ ਹੋ ਗਏ। ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਵਾਕਿਆ ਦਿਨ ਦਿਹਾੜੇ ਸ਼ਹਿਰ ਦੇ ਭੀੜਭਾੜ ਵਾਲੇ ਹਿੱਸੇ ਵਿੱਚ ਵਾਪਰਿਆ, ਜਿੱਥੇ ਅਚਾਨਕ ਗੋਲੀਆਂ ਚਲਣ ਦੀ ਆਵਾਜ਼ ਸੁਣੀ ਗਈ। ਗੋਲੀ ਲੱਗਣ ਕਾਰਨ ਇਕ ਵਿਅਕਤੀ ਜ਼ਖ਼ਮੀ ਹੋ ਗਿਆ, ਜਿਸ ਨੂੰ ਤੁਰੰਤ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ। ਡਾਕਟਰੀ ਸੂਤਰਾਂ ਮੁਤਾਬਕ ਜ਼ਖ਼ਮੀ ਦੀ ਹਾਲਤ ਗੰਭੀਰ ਨਹੀਂ ਦੱਸੀ ਜਾ ਰਹੀ ਅਤੇ ਉਹ ਖ਼ਤਰੇ ਤੋਂ ਬਾਹਰ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਇਲਾਕੇ ਨੂੰ ਘੇਰ ਲਿਆ ਗਿਆ। ਪੁਲਿਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਛੇ ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰ ਲਿਆ ਗਿਆ, ਜਿਨ੍ਹਾਂ ਨਾਲ ਪੁੱਛਗਿੱਛ ਜਾਰੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਢਲੀ ਜਾਂਚ ਦੌਰਾਨ ਘਟਨਾ ਪਿੱਛੇ ਆਪਸੀ ਰੰਜਿਸ਼ ਜਾਂ ਅਪਰਾਧਕ ਤੱਤਾਂ ਦੀ ਭੂਮਿਕਾ ਹੋ ਸਕਦੀ ਹੈ, ਹਾਲਾਂਕਿ ਅਜੇ ਤੱਕ ਕੋਈ ਅੰਤਿਮ ਨਤੀਜਾ ਸਾਹਮਣੇ ਨਹੀਂ ਆਇਆ।

ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਇਸ ਗੋਲੀਕਾਂਡ ਸਬੰਧੀ ਕੋਈ ਜਾਣਕਾਰੀ ਜਾਂ ਦ੍ਰਿਸ਼ਟਾਵਲੀ ਹੋਵੇ ਤਾਂ ਉਹ ਅੱਗੇ ਆ ਕੇ ਜਾਂਚ ਵਿੱਚ ਸਹਿਯੋਗ ਦੇਣ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਸ਼ਹਿਰ ਦੀ ਸੁਰੱਖਿਆ ਲਈ ਵਾਧੂ ਪੁਲਿਸ ਦਲ ਤਾਇਨਾਤ ਕਰ ਦਿੱਤੇ ਗਏ ਹਨ, ਤਾਂ ਜੋ ਅਮਨ-ਕਾਨੂੰਨ ਦੀ ਸਥਿਤੀ ਕਾਇਮ ਰਹੇ। ਇਸ ਵਾਕਏ ਤੋਂ ਬਾਅਦ ਸਥਾਨਕ ਲੋਕਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ ਅਤੇ ਲੋਕਾਂ ਵੱਲੋਂ ਸ਼ਹਿਰ ਵਿੱਚ ਵਧ ਰਹੀਆਂ ਹਿੰਸਕ ਘਟਨਾਵਾਂ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਜਾ ਰਹੀ ਹੈ।


ਘਟਨਾ ਸਥਾਨ ਤੇ ਪੁੱਜੀਆਂ ਹਥਿਆਰਬੰਦ ਪੁਲਿਸ ਦੀਆਂ ਟੀਮਾਂ।

ਪੁਲਿਸ ਦਾ ਦਾਅਵਾ ਹੈ ਕਿ ਮਾਮਲੇ ਦੀ ਪੂਰੀ ਅਤੇ ਨਿਰਪੱਖ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿੱਤੀ ਜਾਵੇਗੀ।

## SIKHS ACROSS THE WORLD OPPOSE GOI MOVE TO MERGE PUNJAB & SIND BANK

**— Gurmit Singh**



**Ludhiana-**Gurmit Singh, former Honorary Secretary, Sri Akal Takhat Sahib, Sri Amritsar, and Founder President & Director (Overseas), Guru Gobind Singh Study Circle (GGSSC), in a press statement issued here, said that Sikhs across the world have strongly opposed the move of the Government of India to merge Punjab & Sind Bank with another public sector bank. He said that the Government is reported to be bringing a Bill in this regard in the forthcoming session of Parliament. He stated that Punjab & Sind Bank was founded in 1908, after Ardas at Sri Darbar Sahib, Sri Amritsar, by eminent Sikhs including Dr. Bhai Vir Singh Ji and other visionaries. The bank was conceived as an institution of the Sikhs, by the Sikhs and for the Sikhs, with the objective of economic upliftment, ethical banking, and service to society.

Gurmit Singh pointed out that prior to nationalisation in 1980, all Chairmen and Board Members of the bank belonged to the Sikh community. Even at the time of nationalisation, it was mutually agreed between the Government of India and Sikh representatives that the distinct identity of Punjab & Sind Bank would be preserved, including continued Sikh representation on its Board and in the Chairmanship. He expressed concern that this understanding has been steadily diluted. The last full-fledged Chairman from the Sikh community was Shri Jatinderbir Singh, IAS (2014–2017). Thereafter, Dr. Charan Singh served as Non-Executive Chairman till 2024. At present, the bank is headed by Shri Swarup Kumar Sahu, MD & CEO, with Shri Ravi Mehra and Shri Ranjeeva as Executive Directors. All seven Board Members, including the MDs and EDs, are non-Sikh, while Sikh representation among employees has become negligible, despite the bank having a network of over 1,600 branches.

He emphasised that Punjab & Sind Bank is not just another bank, but an institution born out of faith, cultural pride, and a mission of service. Any move to merge or dilute its identity would amount to erasing a historic legacy of trust and community-oriented banking.He apples SGPC , DSGMC , Chief Khalsa Diwan and other Sikh institutions to take up this matter with G O I.


Calling for serious introspection by policymakers, Gurmit Singh said that instead of merging the bank, the Government should consider steps to restore its original character, including exploring denationalisation or ensuring meaningful participation of the Sikh community in its governance, from which the institution drew strength and direction for decades. Other who were present were S Jaspal Singh Pinki , S Varinder Jit Singh virk , S Paramjit Singh suchintan , S K B Singh all retired executives of the banks.

**Co ordinator 9872645433**

# ‘ਅਲਜ਼ਾਈਮਰ’ ਦੀ ਵੱਧ ਰਹੀ ਚਿੰਤਾ ਬਣੀ ਵਿਸ਼ਵ ਲਈ ਖਤਰਾ


**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

“ਅਲਜ਼ਾਈਮਰ ਯਾਨਿ ਯਾਦਾਸ਼ਤ ਦਾ ਨੁਕਸਾਨ; ਖਾਸ ਤੌਰ ’ਤੇ ਹਾਲੀਆ ਘਟਨਾਵਾਂ, ਗੱਲਬਾਤ ਜਾਂ ਕੁੱਝ ਮਾਮਲਿਆਂ ’ਚ, ਦੋਸਤ-ਮਿੱਤਰਾਂ ਨੂੰ ਭੁੱਲਣਾ, ਵਗੈਰਾ ਦੇਖੇ ਜਾ ਰਹੇ ਹਨ। ਬੋਧਾਤਮਕ ਮੁਸ਼ਕਲਾਂ, ਪਲਾਨਿੰਗ, ਪ੍ਰਬੰਧ, ਮਲਟੀਟਾਸਕਿੰਗ ਅਤੇ ਸਮੱਸਿਆ ਹੱਲ ਕਰਨ ਵਿਚ ਦਿੱਕਤ, ਭਟਕਣਾ, ਯਾਨਿ ਜਾਣੂ ਰਸਤੇ ਭੁੱਲ ਜਾਣਾ ਜਾਂ ਗੁੱਮ ਹੋ ਜਾਣਾ ਆਮ ਹੋ ਜਾਂਦਾ ਹੈ”- ਡਾ ਅਨਿਲ ਧੀਰ. ਕਾਲਮਨਿਸਟ. ਪੀਐਚਏ ਕੈਨੇਡੀਅਨ ਰੈੱਡ ਕਰਾਸ. ਲੇਖਕ “ਹੈਲਥ ਅਲਰਟ ਸੀਰੀਜ਼” ਅਤੇ “ਸੈਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ”

ਹੈਲਥ ਮੀਡੀਆ ਕੈਨੇਡਾ : ਵਿਸ਼ਵ ਭਰ ’ਚ ਜਨਵਰੀ 2026 ਦਾ ਮਹੀਨਾ ਆਮ ਬਿਮਾਰੀ ਅਲਜ਼ਾਈਮਰ ਪ੍ਰਤੀ ਜਾਗਰੁੱਕਤਾ ਲਈ ਰਾਸ਼ਟਰੀ-ਅੰਤਰਾਸ਼ਟਰੀ ਪੱਧਰ ’ਤੇ ਲੋਕਾਂ ਨੂੰ ਜਾਗਰੁੱਕ ਕਰ ਕੇ ਮਨਾਇਆ ਜਾ ਰਿਹਾ ਹੈ। ਪਹਿਲਾਂ ਕੀ ਸੀ ਕਿ ਬਿਮਾਰੀ ਦੇ ਲੱਛਣ 65 ਸਾਲ ਤੋਂ ਬਾਅਦ ਵਿਚ ਦੇਖੇ ਜਾਂਦੇ ਸਨ ਲੇਕਿਨ ਅੱਜ ਸਟ੍ਰੈੱਸ ਦੇ ਚੱਲਦੇ ਹੋਏ ਉਮਰ ਦੇ ਅੰਦਾਜ਼ੇ ਵੀ ਬਦਲਦੇ ਜਾ ਰਹੇ ਹਨ।

ਸ਼ਾਲ 2025 ਵਿਚ ਅੰਦਾਜ਼ਨ 56 ਤੋਂ 99 ਮਿਲੀਅਨ ਤੋਂ ਵੱਧ ਲੋਕ ਵਿਸ਼ਵ ਭਰ ਵਿਚ ਡਿਮੇਂਸ਼ੀਆ ਨਾਲ ਜੀ ਰਹੇ ਹਨ, ਜਿਨਾਂ ਵਿੱਚੋਂ 60-70% ਕੇਸ ਅਲਜ਼ਾਈਮਰ ਰੋਗ ਦਾ ਕਾਰਨ ਬਣੇ ਹਨ। ਹਰ ਇੱਕ ਸੈਕਿੰਡ ਵਿਚ 3, ਯਾਨਿ ਲੱਗਭਗ 10 ਮਿਲੀਅਨ ਨਵੇਂ ਕੇਸ ਆ ਰਹੇ ਹਨ। ਪੂਰੀ ਦੁਨੀਆ ’ਤੇ ਅੰਦਾਜ਼ਨ ਲਾਗਤ 1.3 ਟ੍ਰਿਲੀਅਨ ਅਮਰੀਕੀ ਡਾਲਰ ਤੋਂ ਵੱਧ ਹੋਣ ਦਾ ਅਨੁਮਾਨ ਹੈ। ਔਰਤਾਂ ਦਾ ਅੰਕੜਾ ਜ਼ਿਆਦਾ ਦੇਖਣ ਨੂੰ ਮਿਲ ਰਿਹਾ ਹੈ।

ਅਲਜ਼ਾਈਮਰ ਰੋਗ ਇੱਕ ਪ੍ਰਗਤੀਸ਼ੀਲ, ਅਟਲ ਨਿਊਰੋਡੀਜਨਰੇਟਿਵ ਵਿਕਾਰ ਹੈ ਜੋ



ਦਿਮਾਗ ਦੇ ਸ਼ੇਲ੍ਹਾ ਨੂੰ ਖਤਮ ਕਰ ਦਿੰਦਾ ਹੈ। ਜੋ ਕਿ ਡਿਮੇਂਸ਼ੀਆ ਦੇ 60-80% ਲਈ ਜਿੰਮੇਵਾਰ ਹੈ। ਇਹ ਗੰਭੀਰ ਬੋਧਾਤਮਕ ਗਿਰਾਵਟ ਦਾ ਕਾਰਨ ਬਣਦਾ ਹੈ। ਜਿਸ ਵਿਚ ਯਾਦਾਸ਼ਤ ਦਾ ਨੁਕਸਾਨ, ਉਲਝਣ ਅਤੇ ਵਿਵਹਾਰਕ ਤਬਦੀਲੀਆਂ ਸ਼ਾਮਲਹਨ- ਐਮੀਲੋਇਡ ਪਲੇਕਸ ਅਤੇ ਟਾਉ ਟੈਂਗਲਜ਼ ਦੇ ਇੱਕਠੇ ਹੋਣ ਦੇ ਨਤੀਜੇ ਵੱਜੋਂ ਦੇਖਿਆ ਜਾਂਦਾ ਹੈ। ਅੱਜ ਕੋਈ ਪੱਕਾ ਇਲਾਜ਼ ਨਹੀਂ ਹੈ ਲੇਕਿਨ ਲੱਛਣਾਂਦੇ ਅਧਾਰ ’ਤੇ ਕੋਸ਼ਿਸ਼ ਕੀਤੀ ਜਾਂਦੀ ਹੈ।

ਸ਼ੁਰੂਆਤੀ ਲੱਛਣਾਂ ਵਿਚ ਯਾਦਾਸ਼ਤ ਦਾ ਨੁਕਸਾਨ; ਖਾਸ ਤੌਰ ’ਤੇ ਹਾਲੀਆ ਘਟਨਾਵਾਂ, ਗੱਲਬਾਤ ਜਾਂ ਕੁੱਝ ਮਾਮਲਿਆਂ ਵਿਚ ਦੋਸਤ-ਮਿੱਤਰਾਂ ਨੂੰ ਭੁੱਲਣਾ, ਵਗੈਰਾ ਦੇਖੇ ਜਾ ਰਹੇ ਹਨ। ਬੋਧਾਤਮਕ ਮੁਸ਼ਕਲਾਂ, ਪਲਾਨਿੰਗ, ਪ੍ਰਬੰਧ, ਮਲਟੀਟਾਸਕਿੰਗ ਅਤੇ ਸਮੱਸਿਆ ਹੱਲ ਕਰਨ ਵਿਚ ਦਿੱਕਤ, ਭਟਕਣਾ, ਯਾਨਿ ਜਾਣੂ ਰਸਤੇ ਭੁੱਲ ਜਾਣਾ ਜਾਂ ਗੁੱਮ ਹੋ ਜਾਣਾ ਆਮ ਹੋ ਜਾਂਦਾ ਹੈ। ਵਿਵਹਾਰਕ ਤਬਦੀਲੀਆਂ’ ਸਟ੍ਰੈੱਸ ਦਾ ਵੱਧ ਜਾਣਾ, ਚਿੰਤਾ, ਉਦਾਸੀ, ਅਤੇ ਲੋਕ ਸਾਮਾਜਿਕ ਗਤੀਵਿਧੀਆਂ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੰਦਾ ਹੈ। ਗੱਲਬਾਤ ਦੌਰਾਣ ਸਹੀ ਸ਼ਬਦਾਂ ਦੀ ਚੋਣ ਕਰਨੀ ਔਖੀ ਹੋ ਜਾਂਦੀ ਹੈ।

ਆਮ ਅਤੇ ਜੋਖਮ ਕਾਰਨ: ਦਿਮਾਗ ’ਚ ਤਬਦੀਲੀ: ਇਹ ਰੋਗ ਜ਼ਹਿਰੀਲੇ ਪ੍ਰੋਟੀਨ ਦੇ ਇੱਕਠੇ ਹੋਣ ਕਾਰਨ ਐਮੀਲੋਇਡ ਪਲੇਕਸ (ਸ਼ੈੱਲ੍ਹਾ ਦੇ ਬਾਹਰ) ਅਤੇ ਟੈਂਗਲਜ਼ (ਸ਼ੈੱਲਾਂ ਦੇ ਅੰਦਰ) ਦੇਖੀ ਜਾਂਦੀ ਹੈ। ਜੋਖਮ ਕਾਰਨ ਯਾਨਿ ਆਮਤੌਰ ’ਤੇ 65 ਸਾਲ ਦੀ ਉਮਰ ਤੋਂ ਬਾਅਦ ਖਤਰਾ ਅਤੇ ਤੁਹਾਡੇ ਲਾਈਫ ਸਟਾਈਲ, ਦਿੱਲ ਦੀ ਸਿਹਤ ਅਤੇ ਜੈਨੇਟਿਕ ਕਾਰਨਾਂ ਨੂੰ ਜਿੰਵਾਰ ਮੰਨਿਆ ਜਾਂਦਾ ਹੈ।

ਅਲਜ਼ਾਈਮਰ ਦੇ ਪੜਾਅ: ਸ਼ੁਰੂਆਤ ਵਿਚ ਕੰਮ ਕਰਨ ਦੀ ਯੋਗਤਾ ਘੱਟ ਜਾਣਾ, ਪੈਸੇ ਦੇ ਲੇਣ-ਦੇਣ ਵਿਚ ਮੁਸ਼ਕਲਾਂ ਦੇ ਨਾਲ ਹਾਲੀਆ ਘਟਨਾਵਾਂ ਨੂੰ ਯਾਦ ਰੱਖਣਾ ਮੁਸ਼ਕਲ ਹੋ ਜਾਂਦਾ ਹੈ।

ਦਰਮਿਆਨੇ ਲੱਛਣਾਂ ਵਿਚ ਡੇਲੀ ਦੇ ਕੰਮਾਂ ਨੂੰ ਕਰਨ ਵਿਚ ਲੋੜ ਪੈ ਜਾਂਦੀ ਹੈ। ਸੰਭਾਵੀ ਸ਼ਖਸੀਅਤ ਵਿਚ ਤਬਦੀਲੀ ਆਮ ਦੇਖੀ ਜਾਂਦੀ ਹੈ। ਦੇਰ ਬਾਅਦ ਯਾਨਿ ਆਖਰੀ ਪੜਾਅ ਵਿਚ ਗੰਭੀਰ ਹਾਲਤ ਪੈਦਾ ਹੋ ਜਾਂਦੀ ਹੈ। ਕੰਟਰੋਲ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਅਲਜ਼ਾਈਮਰ ਦੀ ਸ਼ੁਰੂਆਤ ਵਿਚ ਜਾਂਚ ਲਈ ਇੱਕ ਬੋਧਾਤਮਕ ਟੂਲ ਵਰਤਿਆ ਜਾਂਦਾ ਹੈ। ਜਿਸ ਵਿਚ ਵਿਅਕਤੀ ਨੂੰ ਇੱਕ ਖਾਸ ਕ੍ਰਮ ਵਿਚ 5 ਸ਼ਬਦ ਦਿੱਤੇ ਜਾਂਦੇ ਹਨ, ਅਤੇ ਕੁੱਝ ਮਿੰਟਾਂ, ਉਹਨਾਂ ਨੂੰ ਉਸੇ ਕ੍ਰਮ ਵਿਚ ਯਾਦ ਕਰਨ ਲਈ ਕਿਹਾ ਜਾਂਦਾ ਹੈ। ਹੈਲਥ ਕੇਅਰ ਟੇਕਰ ਦੁਆਰਾ ਯਾਦਾਸ਼ਤ ਅਤੇ ਥੋੜੇ ਸਮੇਂ ਦੀ ਯਾਦਾਸ਼ਤ ਨੂੰ ਜਾਂਚ ਕਰਨ ਲਈ ਕੀਤੀ ਜਾਂਦੀ ਹੈ।

ਖਤਰਾ ਘਟਾਓ : ਸਰੀਰਕ ਐਕਟੀਵਿਟੀ ’ਚ ਡੇਲੀ ਵਰਕਆਉਟ, ਯੋਗਾ, ਸੈਰ, ਬ੍ਰੇਨ ਗੇਮਸ, ਦੁਆਰਾ ਸਰੀਰ ਦਾ ਬਲੱਡ ਸਰਕੂਲੇਸ਼ਨ ਠਕਿ ਰਹਿਣ ਨਾਲ ਦਿਲ ਦੇ ਦੌਰੇ ਦਾ ਖਤਰਾ ਘੱਟ ਹੋ ਸਕਦਾ ਹੈ।

ਦਿਮਾਗ ਨੂੰ ਐਕਟਿਵ ਰੱਖਣ ਲਈ ਲਿੱਖਣਾ-ਪੜਨਾ ਜਾਰੀ ਰੱਖੋ। ਪਹੇਲੀਆਂ ਦਾ ਹੱਲ ਫਾਇਦਾ ਦੇ ਸਕਦਾ ਹੈ।

ਹਾਈ ਬਲੱਡ-ਪ੍ਰੈਸ਼ਰ, ਸ਼ੁਗਰ, ਅਤੇ ਵੱਧ ਕੋਲੇਸਟ੍ਰੋਲ ਵਾਲੇ ਲੋਕ ਆਪਣਾ ਖਾਸ ਖਿਆਲ ਰੱਖਣ। ਆਪਣੀਆਂ ਦਵਾਈਆਂ ਸਮੇਂ ਤੇ ਲੈਂਦੇ ਰਹੋ।

ਦਿਮਾਗੀ ਸੱਟਾਂ ਨੂੰ ਰੋਕਣ ਲਈ ਡਰਾਈਵਿੰਗ ਦੌਰਾਣ ਹਮੇਸ਼ਾ ਸੀਟ ਅਤੇ ਹੈਲਮੇਟ ਦੀ ਵਰਤੋਂ ਕਰੋ।

ਆਪਣੀ 8 ਘੰਟੇ ਦੀ ਨੀਂਦ ਪੂਰੀ ਲਵੋ। ਹੈਲਦੀ ਖੁਰਾਕ ਵਿਚ ਮੈਡੀਟੇਰੀਅਨ ਡਾਇਟ, ਪੌਸ਼ਟਿਕ ਤੱਤਾਂ ਨਾਲ ਭਰਪੂਰ, ਪੌਦਿਆਂ -ਆਧਾਰਿਤ ਭੋਜਨ, ਨੂੰ ਤਰਜ਼ੀਹ ਦੇਣ ਦੀ ਲੋੜ ਹੈ ਨਾਕਿ ਚੀਨੀ ’ਤੇ ਪ੍ਰੋਸੈਸਡ ਖੁਰਾਕ। ਹਰੀ ਪੱਤੇਦਾਰ ਸਬਜ਼ੀਆਂ, ਬੇਰੀਆਂ, ਨੱਟਸ, ਬਾਦਾਮ, ਅਖਰੋਟ, ਹੋਲ-ਗ੍ਰੇਨਜ਼, ਆਲਿਵ-ਆਇਲ ਅਤੇ ਮੱਛੀ ਦੀ ਵਰਤੋਂ ਨਾਲ ਬ੍ਰੇਨ ਅੰਦਰ ਸੋਜਸ਼ ਅਤੇ ਅਲਜ਼ਾਈਮਰ ਦਾ ਖਤਰਾ ਘੱਟ ਕੀਤਾ ਜਾ ਸਕਦਾ ਹੈ।

○○○





## ਹਿਰਾਸਤ ਦੌਰਾਨ ਨੌਜਵਾਨ ਦੀ ਮੌਤ, ਜਾਂਚ ਦੇ ਹੁਕਮ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਦੱਖਣ ਪੱਛਮੀ ਇੰਗਲੈਂਡ ਦੇ ਟੋਰਕੀ ਸ਼ਹਿਰ ਵਿੱਚ ਪੁਲਿਸ ਹਿਰਾਸਤ ਦੌਰਾਨ ਇਕ 28 ਸਾਲਾ ਨੌਜਵਾਨ ਦੀ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਚਰਚਾ ਦਾ ਮਾਹੌਲ ਬਣ ਗਿਆ ਹੈ ਅਤੇ ਹਿਰਾਸਤ ਦੌਰਾਨ ਹੋਣ ਵਾਲੀਆਂ ਮੌਤਾਂ ਨੂੰ ਲੈ ਕੇ ਇੱਕ ਵਾਰ ਫਿਰ ਗੰਭੀਰ ਸਵਾਲ ਖੜੇ ਹੋ ਗਏ ਹਨ।

ਪੁਲਿਸ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਨੌਜਵਾਨ ਨੂੰ 15 ਜਨਵਰੀ ਨੂੰ ਟੋਰਕੀ ਵਿੱਚ ਇਕ ਮਾਮਲੇ ਸਬੰਧੀ ਹਿਰਾਸਤ ਵਿੱਚ ਲਿਆ ਗਿਆ ਸੀ। ਹਿਰਾਸਤ ਦੌਰਾਨ ਉਹ ਅਚਾਨਕ ਬੀਮਾਰ ਹੋ ਗਿਆ। ਜਦੋਂ ਉਸ ਦੀ ਸਿਹਤ ਹਾਲਤ ਵਿਗੜੀ ਤਾਂ ਤੁਰੰਤ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ ਗਿਆ ਅਤੇ ਨੌਜਵਾਨ ਨੂੰ ਹਸਪਤਾਲ ਪਹੁੰਚਾਇਆ ਗਿਆ, ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਿਰਾਸਤ ਸਮੇਂ ਨੌਜਵਾਨ ਨਾਲ ਨਿਯਮਾਂ ਅਨੁਸਾਰ ਹੀ ਕਾਰਵਾਈ ਕੀਤੀ ਗਈ ਅਤੇ ਉਸ ਦੀ ਸਿਹਤ ਬਾਰੇ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਸੀ। ਮੌਤ ਦੀ ਸੂਚਨਾ ਮਿਲਦੇ ਹੀ ਮਾਮਲੇ ਦੀ ਜਾਣਕਾਰੀ ਸੰਬੰਧਿਤ ਨਿਗਰਾਨ ਅਧਿਕਾਰੀਆਂ ਨੂੰ ਦੇ ਦਿੱਤੀ ਗਈ ਹੈ, ਤਾਂ ਜੋ ਘਟਨਾ ਦੀ ਨਿਰਪੱਖ ਜਾਂਚ ਕੀਤੀ ਜਾ ਸਕੇ। ਦੱਸਿਆ ਗਿਆ ਹੈ ਕਿ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਪੂਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਦੇ ਨਾਲ ਹੀ ਅੰਦਰੂਨੀ ਪੱਧਰ ’ਤੇ ਵੀ ਕਾਰਵਾਈ ਕੀਤੀ ਜਾ ਰਹੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਿਰਾਸਤ ਦੌਰਾਨ ਸਾਰੇ ਨਿਯਮਾਂ ਦੀ ਪਾਲਣਾ ਹੋਈ ਹੈ ਜਾਂ ਨਹੀਂ।

ਨੌਜਵਾਨ ਦੇ ਪਰਿਵਾਰ ਨੂੰ ਘਟਨਾ ਬਾਰੇ ਜਾਣਕਾਰੀ ਦੇ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ ਗਿਆ ਹੈ। ਇਸ ਘਟਨਾ ਤੋਂ ਬਾਅਦ ਸਥਾਨਕ ਲੋਕਾਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਮਾਮਲੇ ਦੀ ਪਾਰਦਰਸ਼ੀ ਅਤੇ ਨਿਰਪੱਖ ਜਾਂਚ ਕਰਕੇ ਸੱਚ ਸਾਹਮਣੇ ਲਿਆਂਦਾ ਜਾਵੇ।

TAIL PIECE

# ONLY PARLIAMENT SHALL GIVE US SUCCESS REACHING OUR TARGETS

**Dalip Singh Wasan, Advocate**
Email: dalipsinghwassan@yahoo.co.in

As per provisions of our Constitution, we could establish Parliament as House of the People whyo are represewed here through their own elected members and they are owners of this country and this house has become the owner the country and all directions are now issued from this house. We have now estimated that we shall be a fully developed country by 2047 and our people shall stand in line with developed countries. The estimates are good and we wish we reach the targets successfully.

The House of the People, our Parliament which had been giving directions shall have to see whether all th directins given and adopted had fully been implemented and if they note that some directions are still half way, directions must be issued to implemented and if there had been some delaayes thyose must be ooked into ad directions pending be completed by amending and modifying and if required some new directions be issued. We had a competent Bureaucracy and well qalfied and trained spporting staff to carry out and if need be we should immediately go ahead in forming Bills, Projects, Schemes and Policies and take all these items in the House of the People and both the contesting groups having position in the House must work jointly only and only for the welfare of the people and this country and for the time being they must forget to continue fights which they initiated just to win. The people have given their verdict and that may be accepted. People are not happy in working of the contesting groups and that had been the reason the percentage of votes had been very low in this big democracy.

Because of our efforts till date we could established a nation and could bring better materials and all if reach all, we can stand in line with developed countrire and we note that only income of the people is on lower sde. All are ot earning and number of dependants has increased and still increasing. We shall have to ensure employment to all and must see that monthly income of each family must be sufficient to ensure proper life to all in the family health, education, training, job and monthly income. All items are available in the country, but because of low purchasing power turned most of us poor. We are a rich country, but people are poor and this tagedy could be removed by our Houe of the people by considering Bill, Projects, Schemes and Policies and that can be possible oly when our House of the People works jointly and the present system of opposition to each other had been defective and must be removed by passing some suitable law on the point.

Let us start ow because the days of just oppositions must go and end and our Parliamewnt shall remain the House of the People and not House of two opposing groups.

### MAN RULE CALLED GOVERNMENT OF THE EOPLE_DEMOCRACY

Democrcy had been defined as Government of the people, bythe people and for the people and todamy mst of the countries havedelared themselves as the best form of democracy. None has gonethrough and could make real investigatons upto which level they couldreach and could establish real democracy in the ounry. In all the democracies of today electons are held and thesemembers are called representatives of the people and when they sit inthe house, they become House of the people and the government theyform is alled government of the peple . The elections are held and candidates are selected by thecontesting groups and the group which omes up with higher numbersforms the government and when they sit in the Parliament they aredivided into two groups, one is the governing side and the other isthe oppositions and each roup is gthe governing meber one each fromeach side. All others are just to follow the leader and PM from oneside nd Leader of the opposition from the other side. The membersunder each are ound to support and follow the leader and does notremain independent to follow his own onscience, will, wisdom anddiscretion and this is the resul of exercises under the democraticsystem reach one_man show. A deep study annot establish that it isdemocracy and even simple study shows that when members areindependent to work as per their conscience, will, wisdom anddiscretion and are bond to work as directons only, they lose thestatus they got through eletion and even their own oath tken under theConstituton. So let the competent people may study the situations and mustdeclare specifically whether all these points go in favour ofdemocracy or tey shall stay democracy is still half way. We are just out of the old ruling system where some onewas raja,maharaja, badshah or eh monarch and whowoeer this one_man PM or theleader of opposition is one man and not as head of democracy whofunctions here as per approvals by the house where each member is freeto work as per his will conscience, wisdom, knowledge and sisretion. But still all this our own creatons is going on and workingwell. We cannot collect all in the House, we formed this electionsystem and for shortlisting the people, we brought these contestingroups this short listing the andidates system and are going on well.There is no hope of electing real representatives of the people in thevery near future and only othtaking ceremony could turn these ebers ofthe House as representatives, would toois a far cry beaue the leaders-designates from ech side are not in a mood to leave their srtatus. Let our experts in the line of Political Science may come upand tell us what is the4 stage of democracy we have reached and whatmore is required to bring real democracy in the contry. Let they tellus the stage and let they give this present system a new definition

### India gave The Best Constitution to the world

After centuries India could get independence and thety could get time to write thisa Constitution of India and assured to themselves that they shall follow this Constitututon in governing this country and shall keep in mind only and oly welfare of the people and they are proud of turning the slaes of yesterday as mast4ers, owners and lords of today ad for all the times come and the lords, mastwers elected ad appointed as Public Servants and named as Public Servans. The first line beginning he Constitution of India says, We the People of India give to ourselves this Consrtitution means none has given us this Constituton, but we gave to ourselves. We means all the peple in India irrespective of religions, castes, rich ad poor are the masters of this country.

And we are proud o the facts that we had been working under this Constitution throughout except or some period when Emergency had been imposed and that too did not disturbed the the provisions of Constitution of India harming any right of owners , people of this country. The commanding force remained in hands of contesting groups throughout but since they too had been bound under the Constitution of India they could not become ownerw and rulers of this counry and all they could do update, tey were bound to keep welfae of thye people in mind and had een doing all showing that they had been serving the people.

And because of directions given by the Constitution much had been doe for the development of the country and thyough slow, we had been going ahead and are expecting complete development by completing one century of independence and we are proud of the fact we could bring this written Constitution which had been written after due consideration by a Council of Experts and because of the best form and completion, it had been giving us right directions.

Our Constitution could gety its own position and we gave to us a modern Democracy and a model for other countries.

There are certain follow up system are likely to be looked into and we shall be having only and only Representatives of the people in the House of the people and we shall stop having two fighting groups in the House because this presence of contesting groups in the House disturbs the character of the House from representatives of the people to the representatives of the contesting groups. The matters coming to the ouse are considered and decided ot as per will, wsdom of the representatives of the people but as per directons of heaes of ruling group and the head of oppositions. In spitwe of this disturbance, nothing could be done by the ruling group which is against the welfare of the people of this country.

Advocate dalip singh wasan,